PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

18th - 25th September 2025 • Issue No. 3098

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## 11ਵੀਂ ਯੂ ਕੇ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਕਾਰਡਿਫ ਵਿਖੇ ਹੋਈ ਸਮਾਪਤ - ਗੱਤਕਾ ਅਖਾੜਿਆਂ ਨੂੰ ਗੱਤਕਾ ਫੈਡਰੇਸ਼ਨ ਯੂ ਕੇ ਵੱਲੋਂ ਹਜ਼ਾਰ-ਹਜ਼ਾਰ ਪੌਂਡ ਦੀ ਸਹਾਇਤਾ ਰਾਸ਼ੀ - ਰੂਪ ਕੌਰ, ਨਵਜੋਤ ਸਿੰਘ ਤੇ ਗੁਰਦੀਪ ਸਿੰਘ ਨੇ ਜਿੱਤਿਆ ਪਹਿਲਾ ਸਥਾਨ

## ਵੇਲਜ਼ ਵਿੱਚ ਪਹਿਲੀ ਵਾਰ ਗਤਕਾ ਚੈਂਪੀਅਨਸ਼ਿੱਪ ਆਯੋਜਿਤ : ਤਨਮਨਜੀਤ ਸਿੰਘ ਢੇਸੀ ਐਮ ਪੀ



# ਕੰਗਨਾ ਰਣੌਤ ਨੂੰ ਬਠਿੰਡਾ ਕੋਰਟ ਵੱਲੋਂ ਮੁੜ ਸੰਮਨ ਜਾਰੀ, 29 ਸਤੰਬਰ ਨੂੰ ਹੋਵੇਗੀ ਸੁਣਵਾਈ




ਹਿਮਾਚਲ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਅਤੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੂੰ ਬਠਿੰਡਾ ਸੈਸ਼ਨ ਅਦਾਲਤ ਨੇ ਇੱਕ ਵਾਰ ਫਿਰ ਸੰਮਨ ਜਾਰੀ ਕੀਤੇ ਹਨ। ਮਾਮਲਾ ਬੇਬੇ ਮਹਿੰਦਰ ਕੌਰ ਤੇ ਟਿੱਪਣੀ ਦਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 29 ਸਤੰਬਰ ਨੂੰ ਹੋਵੇਗੀ। ਕੰਗਨਾ ਨੂੰ ਇਸ ਸੁਣਵਾਈ ਵਿੱਚ ਪੇਸ਼ ਹੋਣਾ ਜ਼ਰੂਰੀ ਹੈ। ਕੰਗਨਾ ਨੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਉਸ ਦੀਆਂ ਟਿੱਪਣੀਆਂ ਲਈ ਆਪਣੇ ਵਿਰੁੱਧ ਦਾਇਰ ਮਾਣਹਾਨੀ ਦੇ ਮਾਮਲੇ ਨੂੰ ਰੱਦ ਕਰਨ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।ਇਹ ਮਾਮਲਾ 2021 ਦਾ ਹੈ, ਜਦੋਂ ਕਿਸਾਨਾਂ ਦਾ ਵਿਰੋਧ ਚੱਲ ਰਿਹਾ ਸੀ। ਉਸ ਸਮੇਂ ਦੌਰਾਨ, ਕੰਗਨਾ ਨੇ ਟਵੀਟ ਕਰਕੇ ਬਠਿੰਡਾ ਦੇ ਬਹਾਦਰਗੜ੍ਹ ਜੰਡੀਆ ਪਿੰਡ ਦੀ ਰਹਿਣ ਵਾਲੀ 87 ਸਾਲਾ ਬਜ਼ੁਰਗ ਮਹਿਲਾ ਕਿਸਾਨ ਮਹਿੰਦਰ ਕੌਰ ਨੂੰ 100–100 ਰੁਪਏ ਲੈ ਕੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਵਾਲੀ ਮਹਿਲਾ ਦੱਸਿਆ ਸੀ। ਮਹਿੰਦਰ ਕੌਰ ਨੇ ਇਸ ਵਿਰੁੱਧ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ।ਇਸ ਤੇ ਕੰਗਨਾ ਨੇ ਕਿਹਾ ਸੀ ਕਿ ਉਸਨੇ ਸਿਰਫ ਇੱਕ ਵਕੀਲ ਦੀ ਪੋਸਟ ਦੁਬਾਰਾ ਪੋਸਟ ਕੀਤੀ ਸੀ। ਦੂਜੇ ਪਾਸੇ, ਇਸ ਮਾਮਲੇ ਵਿੱਚ, ਬਜ਼ੁਰਗ ਮਹਿਲਾ ਮਹਿੰਦਰ ਕੌਰ ਨੇ ਕਿਹਾ ਕਿ ਜੇਕਰ ਕੰਗਨਾ ਰਣੌਤ ਉਸ ਤੋਂ ਮੁਆਫ਼ੀ ਮੰਗਦੀ ਹੈ, ਤਾਂ ਉਹ ਉਸਨੂੰ ਮਾਫ਼ ਕਰ ਦੇਵੇਗੀ ਕਿਉਂਕਿ ਉਸਦੀ ਉਸ ਨਾਲ ਕੋਈ ਦੁਸ਼ਮਣੀ ਨਹੀਂ ਹੈ


**Elite varifocal lenses and frames** from £170

**By far (and near)** our best ever varifocal deal

**One pair customised for you with:**

- Near, middle and distance prescription
- Smooth, wide field of vision
- Scratch-resistant lenses
- And a single pair of frames from our £70 range



Book an eye test at specsavers.co.uk

Specsavers

Stated price includes frames from £70 range and Specsavers Elite, scratch-resistant varifocal prescription lenses. Higher priced frames and/or varifocal lenses available at additional cost. Offer only applies when you buy a single pair of glasses. Additional charge for extra lens options. Cannot be used with any other offers. Subject to suitability. Excludes SuperDigital, SuperDrive varifocals and safety eyewear.

# ਲੰਡਨ ਵਿੱਚ ਪਰਵਾਸ ਵਿਰੋਧੀ ਵੱਡਾ ਮੁਜ਼ਾਹਰਾ ਹੋਇਆ, ਹਿੰਸਾ ਨੇ ਵਧਾਇਆ ਤਣਾਅ

## ✪ ਝੜਪਾਂ ਦੌਰਾਨ 26 ਪੁਲਿਸ ਵਾਲੇ ਜ਼ਖ਼ਮੀ ਅਤੇ 9 ਤੋਂ ਵੱਧ ਲੋਕ ਗ੍ਰਿਫਤਾਰ ✪ ਟੌਮੀ ਰੌਬਿਨਸਨ ਇੰਗਲਿਸ਼ ਡਿਫੈਂਸ ਲੀਗ ਦਾ ਸੰਸਥਾਪਕ ਅਤੇ ਵਿਵਾਦਤ ਚਿਹਰਾ ✪ ਈਲੋਨ ਮਸਕ ਦੀ ਸ਼ਮੂਲੀਅਤ, ਸਰਕਾਰ ਬਦਲਣ ਦੀ ਮੰਗ ਨੇ ਮਚਾਇਆ ਹੜਕੰਪ

• ਨਿਊਜ਼ ਵਿਸ਼ਲੇਸ਼ਣ •

ਸਦੀਆਂ ਤੋਂ ਦੁਨੀਆ ਦੇ ਕਈ ਹਿੱਸਿਆਂ ’ਤੇ ਰਾਜ ਕਰਨ ਵਾਲਾ ਬ੍ਰਿਟੇਨ ਅੱਜ ਬਦਲਾਅ ਅਤੇ ਡਰ ਦੇ ਇੱਕ ਨਵੇਂ ਪੜਾਅ ਵਿੱਚੋਂ ਲੰਘ ਰਿਹਾ ਹੈ। ਹਾਲ ਹੀ ਵਿੱਚ ਲੱਖਾਂ ਲੋਕਾਂ ਨੇ ਲੰਡਨ ਦੀਆਂ ਸੜਕਾਂ ’ਤੇ ‘ਯੂਨਾਈਟ ਦ ਕਿੰਗਡਮ’ ਨਾਮਕ ਇੱਕ ਰੈਲੀ ਕੱਢੀ ਅਤੇ ਪ੍ਰਵਾਸੀਆਂ ਵਿਰੁੱਧ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਵਧਦੀ ਪ੍ਰਵਾਸੀ ਆਬਾਦੀ ਉਨ੍ਹਾਂ ਦੀ ਆਜ਼ਾਦੀ ਅਤੇ ਪਛਾਣ ਨੂੰ ਖਤਰੇ ਵਿੱਚ ਪਾ ਰਹੀ ਹੈ। ਇਹ ਵਿਰੋਧ ਪ੍ਰਦਰਸ਼ਨ ਵੈਸਟਮਿੰਸਟਰ ਬ੍ਰਿਜ ਤੋਂ ਸ਼ੁਰੂ ਹੋਇਆ ਅਤੇ ਬ੍ਰਿਟੇਨ ਦੀਆਂ ਸੜਕਾਂ ’ਤੇ ਫੈਲ ਗਿਆ। ਪ੍ਰਬੰਧਕਾਂ ਦਾ ਦਾਅਵਾ ਹੈ ਕਿ ਇਸ ਪ੍ਰਦਰਸ਼ਨ ਵਿੱਚ ਲਗਭਗ 10 ਲੱਖ ਲੋਕਾਂ ਨੇ ਹਿੱਸਾ ਲਿਆ। ਪ੍ਰਦਰਸ਼ਨਕਾਰੀਆਂ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਕਿਹਾ ਕਿ ਉਹ ਆਪਣਾ ਦੇਸ਼ ਵਾਪਸ ਚਾਹੁੰਦੇ ਹਨ ਅਤੇ ਪ੍ਰਵਾਸੀਆਂ ਨੂੰ ਵਾਪਸ ਭੇਜਿਆ ਜਾਣਾ ਚਾਹੀਦਾ ਹੈ। ਪਰ ਸ਼ੁਰੂ ਵਿੱਚ ਸ਼ਾਂਤਮਈ ਜਾਪਣ ਵਾਲਾ ਇਹ ਮਾਰਚ ਬਾਅਦ ਵਿੱਚ ਹਿੰਸਕ ਹੋ ਗਿਆ, ਜਿਸ ਵਿੱਚ ਪੁਲਿਸ ਨਾਲ ਝੜਪਾਂ ਹੋਈਆਂ, 26 ਪੁਲਿਸ ਵਾਲੇ ਜ਼ਖ਼ਮੀ ਹੋਏ ਅਤੇ 9 ਤੋਂ ਵੱਧ ਲੋਕ ਗ੍ਰਿਫਤਾਰ ਕੀਤੇ ਗਏ।

ਮਾਰਚ ਦਾ ਮੰਜ਼ਰ ਅਤੇ ਨਾਅਰੇ ਮੈਟਰੋਪੋਲੀਟਨ ਪੁਲਿਸ ਮੁਤਾਬਕ, ਇਹ ਮਾਰਚ ਵਾਟਰਲੂ ਬ੍ਰਿਜ ਤੋਂ ਸ਼ੁਰੂ ਹੋ ਕੇ ਵ੍ਹਾਈਟਹਾਲ ਤੱਕ ਪਹੁੰਚਿਆ। ਪ੍ਰਦਰਸ਼ਨਕਾਰੀਆਂ ਨੇ ਯੂਨੀਅਨ ਜੈਕ, ਸੇਂਟ ਜਾਰਜ ਦੇ ਝੰਡੇ ਅਤੇ ਲੱਕੜ ਦੇ ਕਰਾਸ ਲਹਿਰਾਉਂਦੇ ਹੋਏ ‘ ‘ਗੈਰ-ਕਾਨੂੰਨੀ ਪਰਵਾਸ ਰੋਕੋ’ ਵਰਗੇ ਨਾਅਰੇ ਲਗਾਏ। ਟੌਮੀ ਰੌਬਿਨਸਨ ਨੇ ਵੀਡੀਓ ਲਿੰਕ ਰਾਹੀਂ ਭੀੜ ਨੂੰ ਸੰਬੋਧਨ ਕੀਤਾ ਅਤੇ ਦਾਅਵਾ ਕੀਤਾ ਕਿ ‘ਪਰਵਾਸੀਆਂ ਨੂੰ ਬਰਤਾਨਵੀ ਨਾਗਰਿਕਾਂ ਨਾਲੋਂ ਵੱਧ ਅਧਿਕਾਰ ਮਿਲ ਰਹੇ ਹਨ।’ ਪੁਲਿਸ ਨੇ ਅੰਦਾਜ਼ਾ ਲਾਇਆ ਕਿ ਭੀੜ ਲਗਭਗ 1.10 ਲੱਖ ਦੀ ਸੀ, ਪਰ ਸੋਸ਼ਲ ਮੀਡੀਆ ’ਤੇ ਵਾਇਰਲ ਤਸਵੀਰਾਂ ਅਤੇ ਹਵਾਈ ਦ੍ਰਿਸ਼ਾਂ ਤੋਂ ਲੱਗਦਾ ਹੈ ਕਿ ਅਸਲ ਗਿਣਤੀ ਇਸ ਨਾਲੋਂ ਕਿਤੇ ਵੱਧ ਸੀ।



ਇਥੇ ਜ਼ਿਕਰਯੋਗ ਹੈ ਕਿ ਬ੍ਰਿਟੇਨ ਦੀ ਆਬਾਦੀ ਵਿੱਚ ਮੂਲ ਬ੍ਰਿਟਿਸ਼ ਨਾਗਰਿਕਾਂ ਦਾ ਹਿੱਸਾ ਲਗਾਤਾਰ ਘਟ ਰਿਹਾ ਹੈ। ਰਿਪੋਰਟਾਂ ਅਨੁਸਾਰ ਇਸ ਵੇਲੇ ਯੂਕੇ ਦੀ ਆਬਾਦੀ ਦਾ ਲਗਭਗ 73% ਮੂਲ ਨਿਵਾਸੀ ਹਨ, ਜੋ ਕਿ 2050 ਤੱਕ ਘੱਟ ਕੇ 57% ਅਤੇ 2063 ਤੱਕ 50% ਤੋਂ ਘੱਟ ਹੋ ਜਾਵੇਗਾ। 2075 ਤੱਕ ਇਹ ਘੱਟ ਕੇ 44% ਅਤੇ ਸਦੀ ਦੇ ਅੰਤ ਤੱਕ ਸਿਰਫ 33% ਹੋ ਸਕਦਾ ਹੈ। ਇਸ ਬਦਲਾਅ ਨੂੰ ਲੈ ਕੇ ਬ੍ਰਿਟੇਨ ਦੇ ਮੂਲ ਨਾਗਰਿਕਾਂ ਵਿੱਚ ਡੂੰਘੀ ਚਿੰਤਾ ਅਤੇ ਡਰ ਹੈ ਕਿ ਉਹ ਆਪਣੇ ਦੇਸ਼ ਵਿੱਚ ਘੱਟ ਗਿਣਤੀ ਬਣ ਸਕਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਬ੍ਰਿਟੇਨ ਵਿੱਚ ਪ੍ਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। 2022 ਵਿੱਚ ਲਗਭਗ 7 ਲੱਖ 64 ਹਜ਼ਾਰ ਪ੍ਰਵਾਸੀ ਪਹੁੰਚੇ, ਜਦੋਂਕਿ 2023 ਵਿੱਚ ਇਹ ਗਿਣਤੀ ਲਗਭਗ 6 ਲੱਖ 85 ਹਜ਼ਾਰ ਸੀ। ਇਸ ਸਾਲ ਜੂਨ ਤੱਕ ਇੱਕ ਲੱਖ ਤੋਂ ਵੱਧ ਲੋਕਾਂ ਨੇ ਸ਼ਰਣ ਲਈ ਅਰਜ਼ੀ ਦਿੱਤੀ ਹੈ। ਪ੍ਰਵਾਸੀਆਂ ਦੀ ਇਸ ਤੇਜ਼ੀ ਨਾਲ ਵਧਦੀ ਗਿਣਤੀ ਨੇ ਬ੍ਰਿਟਿਸ਼ ਜਨਤਾ ਵਿੱਚ ਆਰਥਿਕ ਮੌਕਿਆਂ ਅਤੇ ਸੱਭਿਆਚਾਰਕ ਪਛਾਣ ਪ੍ਰਤੀ ਅਸੁਰੱਖਿਆ ਦੀ ਭਾਵਨਾ ਨੂੰ ਵਧਾ ਦਿੱਤਾ ਹੈ।

ਬ੍ਰਿਟੇਨ ਵਿੱਚ ਮੁਸਲਿਮ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। 2001 ਵਿੱਚ ਇੱਥੇ ਲਗਭਗ 1.6 ਮਿਲੀਅਨ ਮੁਸਲਮਾਨ ਸਨ, ਜੋ ਕਿ ਕੁੱਲ ਆਬਾਦੀ ਦਾ ਸਿਰਫ 3% ਸੀ। ਹੁਣ ਉਨ੍ਹਾਂ ਦੀ ਗਿਣਤੀ ਵੱਧ ਕੇ ਲਗਭਗ 4 ਮਿਲੀਅਨ (6.5%) ਹੋ ਗਈ ਹੈ। ਅੰਦਾਜ਼ਾ ਲਗਾਇਆ ਗਿਆ ਹੈ ਕਿ 2050 ਤੱਕ ਮੁਸਲਿਮ ਆਬਾਦੀ 14 ਮਿਲੀਅਨ ਤੱਕ ਪਹੁੰਚ ਸਕਦੀ ਹੈ, ਜੋ ਕਿ ਕੁੱਲ ਆਬਾਦੀ ਦਾ 17.2% ਹੋਵੇਗੀ। ਇਸ ਵਾਧੇ ਨੇ ਬਹੁਤ ਸਾਰੇ ਲੋਕਾਂ ਵਿੱਚ ਡਰ ਅਤੇ ਚਿੰਤਾ ਪੈਦਾ ਕੀਤੀ ਹੈ। ਬ੍ਰਿਟੇਨ ਵਿੱਚ ਲਗਭਗ 85 ਸ਼ਰੀਆ ਅਦਾਲਤਾਂ ਵੀ ਕੰਮ ਕਰ ਰਹੀਆਂ ਹਨ, ਜੋ ਕਿ ਪੱਛਮੀ ਦੇਸ਼ਾਂ ਵਿੱਚ ਸਭ ਤੋਂ ਵੱਧ ਹੈ। 2024 ਵਿੱਚ ਮੁਸਲਿਮ ਵਿਰੋਧੀ ਨਫ਼ਰਤ ਦੇ ਲਗਭਗ 6,300 ਮਾਮਲੇ ਦਰਜ ਕੀਤੇ ਗਏ ਸਨ, ਜੋ ਕਿ ਪਿਛਲੇ ਸਾਲ ਨਾਲੋਂ 43% ਵੱਧ ਹਨ। ਲੰਡਨ, ਬਰਮਿੰਘਮ ਵਰਗੇ ਵੱਡੇ ਸ਼ਹਿਰਾਂ ਵਿੱਚ ਮੁਸਲਿਮ ਆਬਾਦੀ 15 ਤੋਂ 20 ਪ੍ਰਤੀਸ਼ਤ ਦੇ ਵਿਚਕਾਰ ਪਹੁੰਚ ਗਈ ਹੈ।

ਟੌਮੀ ਰੌਬਿਨਸਨ ਕੌਣ ਹੈ ?-ਟੌਮੀ ਰੌਬਿਨਸਨ ਦਾ ਅਸਲ ਨਾਮ ਸਟੀਵਨ ਯੈਕਸਲੇ-ਲੈਨਿਨ ਹੈ। ਉਹ ਇੰਗਲਿਸ਼ ਡਿਫੈਂਸ ਲੀਗ (ਈਡੀਐਲ) ਦਾ ਸੰਸਥਾਪਕ ਹੈ ਅਤੇ ਲੰਬੇ ਸਮੇਂ ਤੋਂ ਇਸਲਾਮ-ਵਿਰੋਧੀ ਅਤੇ ਪਰਵਾਸ-ਵਿਰੋਧੀ ਵਿਚਾਰਾਂ ਕਰਕੇ ਚਰਚਾ ਵਿੱਚ ਰਹੇ ਹਨ। ਉਸ ਵਿਰੁੱਧ ਅਦਾਲਤੀ ਹੁਕਮਾਂ ਦੀ ਉਲੰਘਣਾ, ਹਮਲੇ ਅਤੇ ਹੋਰ ਅਪਰਾਧਾਂ ਦੇ ਕਈ ਮੁਕੱਦਮੇ ਦਰਜ ਹਨ। ਮਈ 2025 ਵਿੱਚ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਉਸ ਨੇ ਇਸ ‘ਫ੍ਰੀ ਸਪੀਚ ਫੈਸਟੀਵਲ’ ਦਾ ਆਯੋਜਨ ਕੀਤਾ, ਜੋ ਪਿਛਲੇ ਸਾਲ ਅਕਤੂਬਰ ਵਿੱਚ ਹੋਣ ਵਾਲਾ ਸੀ ਪਰ ਕਾਨੂੰਨੀ ਮਸਲਿਆਂ ਕਰਕੇ ਟਲ ਗਿਆ। 42 ਸਾਲਾ ਰੌਬਿਨਸਨ ਨੂੰ ਇੱਕ ਸੀਰੀਆਈ ਸ਼ਰਨਾਰਥੀ ਬਾਰੇ ਝੂਠੇ ਦਾਅਵੇ ਕਰਨ ਕਰਕੇ ਜੇਲ੍ਹ ਵੀ ਜਾਣਾ ਪਿਆ ਸੀ, ਜਿਸ ਨੇ ਉਸ ਵਿਰੁੱਧ ਮਾਣਹਾਨੀ ਦਾ ਕੇਸ ਜਿੱਤਿਆ।

ਹਿੰਸਾ ਅਤੇ ਪੁਲਿਸ ਕਾਰਵਾਈ ਮਾਰਚ ਸ਼ੁਰੂ ਵਿੱਚ ਸ਼ਾਂਤਮਈ ਸੀ, ਪਰ ਦੁਪਹਿਰ ਤੱਕ ਹਾਲਾਤ ਬਦਲ ਗਏ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ’ਤੇ ਬੋਤਲਾਂ ਅਤੇ ਹੋਰ ਸਮਾਨ ਸੁੱਟਿਆ, ਜਿਸ ਕਾਰਨ ਝੜਪਾਂ ਸ਼ੁਰੂ ਹੋਈਆਂ। ਮੈਟਰੋਪੋਲੀਟਨ ਪੁਲਿਸ ਨੇ 1600 ਤੋਂ ਵੱਧ ਅਫਸਰ ਤਾਇਨਾਤ ਕੀਤੇ ਸਨ, ਜਿਨ੍ਹਾਂ ਵਿੱਚੋਂ ਕਈ ’ਤੇ ਹਮਲੇ ਹੋਏ। ਚਾਰ ਪੁਲਿਸ ਵਾਲਿਆਂ ਨੂੰ ਗੰਭੀਰ ਸੱਟਾਂ ਲੱਗੀਆਂ। ਸੈਂਟਰਲ ਲੰਡਨ ਵਿੱਚ ਕਈ ਥਾਵਾਂ ’ਤੇ ਤਣਾਅ ਵਧਿਆ, ਖਾਸਕਰ ਜਦੋਂ ਪ੍ਰਦਰਸ਼ਨਕਾਰੀ ‘ਸਟੈਂਡ ਅੱਪ ਟੂ ਰੇਸਿਜ਼ਮ’ ਵਾਲੇ ਵਿਰੋਧੀ ਮੁਜ਼ਾਹਰੇ ਵੱਲ ਵਧੇ। ਪੁਲਿਸ ਨੇ ਦੋਵੇਂ ਗਰੁੱਪਾਂ ਨੂੰ ਵੱਖ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਕੁਝ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੀ ਘੇਰਾਬੰਦੀ ਤੋੜਨ ਦੀ ਕੋਸ਼ਿਸ਼ ਕੀਤੀ। ਸ਼ਾਮ 6 ਵਜੇ ਤੱਕ 9 ਲੋਕ ਗ੍ਰਿਫਤਾਰ ਹੋ ਚੁੱਕੇ ਸਨ, ਅਤੇ ਪੁਲਿਸ ਨੇ ਹੋਰ ਕਾਰਵਾਈ ਦੀ ਚੇਤਾਵਨੀ ਦਿੱਤੀ।

ਵਿਰੋਧੀ ਮੁਜ਼ਾਹਰਾ ਅਤੇ ਸਿਆਸੀ ਮਾਹੌਲ-ਇਸ ਦੇ ਨਾਲ ਹੀ, ‘ਸਟੈਂਡ ਅੱਪ ਟੂ ਰੇਸਿਜ਼ਮ’ ਨਾਮਕ ਸਮੂਹ ਨੇ ਰਸਲ ਸਕੁਏਅਰ ਤੋਂ ਵ੍ਹਾਈਟਹਾਲ ਤੱਕ ਮਾਰਚ ਕੀਤਾ, ਜਿਸ ਵਿੱਚ ਲਗਭਗ 5,000 ਲੋਕ ਸ਼ਾਮਲ ਹੋਏ। ਇਸ ਵਿੱਚ ਲੇਬਰ ਪਾਰਟੀ ਦੀਆਂ ਸੰਸਦ ਮੈਂਬਰ ਜਰਾਹ ਸੁਲਤਾਨਾ ਅਤੇ ਡਾਇਨ ਐਬੋਟ ਵੀ ਸ਼ਾਮਲ ਸਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ‘ਸ਼ਰਨਾਰਥੀਆਂ ਦਾ ਸਵਾਗਤ ਹੈ’ ਅਤੇ ‘ਟੌਮੀ ਰੌਬਿਨਸਨ ਦਾ ਵਿਰੋਧ’ ਵਰਗੇ ਨਾਅਰੇ ਲਗਾਏ। ਇੱਕ ਪ੍ਰਦਰਸ਼ਨਕਾਰੀ ਨੇ ਕਿਹਾ, “ਇਹ ਫਾਸੀਵਾਦ ਵਿਰੁੱਧ ਲੜਾਈ ਹੈ।” ਦੋਵੇਂ ਮੁਜ਼ਾਹਰਿਆਂ ਦਰਮਿਆਨ ਤਣਾਅ ਚਰਮ ’ਤੇ ਸੀ, ਪਰ ਪੁਲਿਸ ਨੇ ਵੱਡੇ ਸੰਘਰਸ਼ ਨੂੰ ਰੋਕ ਲਿਆ।

ਈਲੋਨ ਮਸਕ ਦੀ ਸ਼ਮੂਲੀਅਤ-ਹੈਰਾਨੀ ਵਾਲੀ ਗੱਲ ਇਹ ਸੀ ਕਿ ਅਰਬਪਤੀ ਈਲੋਨ ਮਸਕ ਵੀ ਵੀਡੀਓ ਲਿੰਕ ਰਾਹੀਂ ਇਸ ਮੁਜ਼ਾਹਰੇ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਭੀੜ ਨੂੰ ਸੰਬੋਧਣ ਕਰਦਿਆਂ ਕਿਹਾ, “ਚਾਹੇ ਤੁਸੀਂ ਹਿੰਸਾ ਚੁਣੋ ਜਾਂ ਨਾ, ਹਿੰਸਾ ਤੁਹਾਡੇ ਵੱਲ ਆਉਣ ਵਾਲੀ ਹੈ। ਜਾਂ ਤਾਂ ਤੁਸੀਂ ਵਾਪਸੀ ਕਰੋ ਜਾਂ ਮਰ ਜਾਓ।” ਮਸਕ ਨੇ ‘ਬੇਕਾਬੂ ਪਰਵਾਸ’ ’ਤੇ ਚਿੰਤਾ ਜ਼ਾਹਰ ਕੀਤੀ ਅਤੇ ਸਰਕਾਰ ਬਦਲਣ ਦੀ ਮੰਗ ਕੀਤੀ।

ਬਰਤਾਨੀਆ ਦਾ ਸਿਆਸੀ ਮਾਹੌਲ ਇਹ ਮੁਜ਼ਾਹਰਾ ਬਰਤਾਨੀਆ ਵਿੱਚ ਵਧ ਰਹੇ ਪਰਵਾਸ ਵਿਰੋਧੀ ਮਾਹੌਲ ਦਾ ਹਿੱਸਾ ਸੀ। ਨਿਗੇਲ ਫਰਾਜ ਦੀ ਰਿਫਾਰਮ ਯੂਕੇ ਪਾਰਟੀ ਨੂੰ ਹਾਲ ਹੀ ਦੀਆਂ ਚੋਣਾਂ ਵਿੱਚ ਵੱਡੀ ਸਫਲਤਾ ਮਿਲੀ ਸੀ।

## ਕੈਨੇਡਾ ਵਿੱਚ ਵੀ ਪਰਵਾਸ ਵਿਰੋਧੀ ਮੁਜ਼ਾਹਰੇ

ਇਸੇ ਦੌਰਾਨ, ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਵੀ ਪਰਵਾਸ ਵਿਰੁੱਧ ‘ਕੈਨੇਡਾ ਫਰਸਟ’ ਰੈਲੀ ਹੋਈ, ਜਿਸ ਵਿੱਚ ਕੁਝ ਦਰਜਨ ਲੋਕ ਸ਼ਾਮਲ ਹੋਏ। ਉਨ੍ਹਾਂ ਨੇ ਸਰਕਾਰ ਦੀਆਂ ਪਰਵਾਸ ਨੀਤੀਆਂ ਖਿਲਾਫ ਨਾਅਰੇ ਲਗਾਏ ਅਤੇ ਪਰਵਾਸੀਆਂ ਨੂੰ ਵਾਪਸ ਭੇਜਣ ਦੀ ਮੰਗ ਕੀਤੀ। ਪਰ ਸਮਾਨਾਂਤਰ ਹੋਏ ਪ੍ਰੋ-ਇਮੀਗ੍ਰੈਂਟ ਮੁਜ਼ਾਹਰੇ ਵਿੱਚ ਵੱਧ ਲੋਕ ਸ਼ਾਮਲ ਸਨ, ਜਿਨ੍ਹਾਂ ਨੇ ਪਰਵਾਸੀਆਂ ਦੇ ਹੱਕ ਵਿੱਚ ਅਤੇ ਨਸਲੀ ਵਿਤਕਰੇ ਖਿਲਾਫ ਨਾਅਰੇ ਲਗਾਏ। ਝੜਪਾਂ ਦੌਰਾਨ ਪੁਲਿਸ ਨੇ 10 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ।

## ਪਰਵਾਸੀਆਂ ਵਿਰੋਧੀ ਮੁਹਿੰਮ ਕਾਰਣ ਸਰਕਾਰ ’ਤੇ ਵਧਿਆ ਦਬਾਅ

ਇਹ ਪ੍ਰਦਰਸ਼ਨ ਬਰਤਾਨੀਆ ਦੀ ਬਦਲਦੀ ਸਿਆਸੀ ਸਥਿਤੀ ਦਾ ਸੰਕੇਤ ਹਨ। ਰਿਫਾਰਮ ਯੂਕੇ ਪਾਰਟੀ ਦੇ ਵਧਦੇ ਸਮਰਥਨ ਦੇ ਨਾਲ, ਰੌਬਿਨਸਨ ਦਾ ਅੰਦੋਲਨ ਮੁੱਖਧਾਰਾ ਵਿੱਚ ਜਗ੍ਹਾ ਬਣਾ ਰਿਹਾ ਹੈ। ਪਰ ਉਸ ਦਾ ਅਪਰਾਧਕ ਇਤਿਹਾਸ ਉਸ ਨੂੰ ਇਸ ਪਾਰਟੀ ਤੋਂ ਵੱਖ ਰੱਖਦਾ ਹੈ। ਇਸ ਦੌਰਾਨ, ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਲੇਬਰ ਸਰਕਾਰ ’ਤੇ ਦਬਾਅ ਵਧ ਗਿਆ ਹੈ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਹਿੰਸਾ ਦੀ ਸਖ਼ਤ ਨਿਖੇਧੀ ਕੀਤੀ ਅਤੇ ਕਿਹਾ, “ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।” ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਸਥਿਤੀ ’ਤੇ ਕਿਹਾ ਕਿ ਉਹ ਹਿੰਸਾ ਅਤੇ ਵੰਡ ਫੈਲਾਉਣ ਵਾਲਿਆਂ ਅੱਗੇ ਨਹੀਂ ਝੁਕਣਗੇ। ਦੂਜੇ ਪਾਸੇ, ਟੌਮੀ ਰੌਬਿਨਸਨ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਅਮਰੀਕੀ ਕਾਰੋਬਾਰੀ ਐਲੋਨ ਮਸਕ ਦਾ ਸਮਰਥਨ ਵੀ ਮਿਲਿਆ ਹੈ। ਮਸਕ ਨੇ ਕਿਹਾ ਕਿ ਯੂਰਪ ਕੋਲ ਹੁਣ ਕੋਈ ਬਦਲ ਨਹੀਂ ਬਚਿਆ ਹੈ, ਉਨ੍ਹਾਂ ਨੂੰ ‘ਲੜੋ ਜਾਂ ਮਰੋ’ ਵਾਲੀ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ। ਇਹ ਮੁਜ਼ਾਹਰੇ ਪੱਛਮੀ ਦੇਸ਼ਾਂ ਵਿੱਚ ਪਰਵਾਸੀਆਂ ਵਿਰੁੱਧ ਵਧ ਰਹੇ ਤਣਾਅ ਦੀ ਤਸਵੀਰ ਪੇਸ਼ ਕਰਦੇ ਹਨ, ਜਿੱਥੇ ਸਥਾਨਕ ਲੋਕਾਂ ਅਤੇ ਪਰਵਾਸੀਆਂ ਦੇ ਹੱਕਾਂ ਦੀ ਚਰਚਾ ਤੇਜ਼ ਹੋ ਰਹੀ ਹੈ।

# ਕੈਨੇਡਾ ਅਦਾਲਤ ਵਲੋਂ ਖਾਲਿਸਤਾਨ ਨਾਮ 'ਤੇ ਸ਼ਰਨ ਦੀਆਂ 30 ਅਪੀਲਾਂ ਖਾਰਜ

## ✪ ਸੰਘੀ ਅਦਾਲਤ ਨੇ ਵਿਖਾਇਆ ਸਖਤ ਰੁਖ: ਦਾਅਵਿਆਂ ਨੂੰ ਨਕਾਰਿਆ

ਓਟਾਵਾ-ਕੈਨੇਡਾ ਦੀ ਸੰਘੀ ਅਦਾਲਤ ਨੇ ਇਸ ਸਾਲ ਖਾਲਿਸਤਾਨ ਨਾਲ ਜੁੜੇ ਘੱਟੋ-ਘੱਟ 30 ਵਿਅਕਤੀਆਂ ਦੀਆਂ ਅਪੀਲਾਂ ਨੂੰ ਖਾਰਜ ਕਰ ਦਿੱਤਾ। ਇਹ ਲੋਕ ਭਾਰਤ ਮੋੜੇ ਜਾਣ ਦੇ ਡਰੋਂ ਕੈਨੇਡਾ ਵਿੱਚ ਸ਼ਰਨ ਮੰਗ ਰਹੇ ਸਨ, ਪਰ ਅਦਾਲਤ ਨੇ ਉਹਨਾਂ ਦੇ ਦਾਅਵਿਆਂ ਨੂੰ ਸੱਚ ਨਾ ਮੰਨਿਆ। ਅਖਬਾਰੀ ਰਿਪੋਰਟਾਂ ਮੁਤਾਬਕ, ਇਹਨਾਂ ਵਿੱਚੋਂ ਬਹੁਤੇ ਲੋਕਾਂ ਨੇ ਸਿੱਖਸ ਫਾਰ ਜਸਟਿਸ (ਐੱਸਐੱਫਜੇ) ਨਾਮਕ ਜਥੇ ਨਾਲ ਸਬੰਧ ਜਾਂ ਖਾਲਿਸਤਾਨ ਸੰਬੰਧੀ ਮਤਦਾਨ ਵਿੱਚ ਹਿੱਸਾ ਲੈਣ ਦਾ ਹਵਾਲਾ ਦਿੱਤਾ ਸੀ।

ਸੰਘੀ ਅਦਾਲਤ ਦੇ 2025 ਦੇ ਰਿਕਾਰਡ ਦੱਸਦੇ ਹਨ ਕਿ ਇਹਨਾਂ ਵਿਅਕਤੀਆਂ ਨੇ ਸਰਕਾਰ ਵੱਲੋਂ ਦੇਸ਼-ਨਿਕਾਲੇ ਜਾਂ ਸ਼ਰਨ ਨਾ ਦੇਣ ਦੇ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਮਿਸਾਲ ਵਜੋਂ, ਅਗਸਤ 2025 ਵਿੱਚ ਮਾਂਟਰੀਅਲ ਦੀ ਅਦਾਲਤ ਨੇ ਅਮਨਦੀਪ ਸਿੰਘ ਅਤੇ ਕਨਵਲਦੀਪ ਕੌਰ ਨਾਮਕ ਜੋੜੇ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਉਹਨਾਂ ਨੇ ਕੈਨੇਡਾ ਆਉਣ ਮਗਰੋਂ ਖਾਲਿਸਤਾਨ ਨੂੰ ਸਮਰਥਨ ਦਿੱਤਾ ਅਤੇ ਵਾਪਸ ਜਾਣ 'ਤੇ ਕਨੂੰਨੀ ਸ਼ਿਕੰਜੇ ਦਾ ਡਰ ਜਤਾਇਆ। ਜੱਜ ਬੈਨੋਇਟ ਐੱਮ ਡੂਸ਼ੈਨ ਨੇ ਇਹਨਾਂ ਦਾਅਵਿਆਂ ਨੂੰ 'ਝੂਠਾ' ਅਤੇ 'ਗਲਤ ਇਰਾਦੇ' ਵਾਲਾ ਕਿਹਾ। ਸ਼ਰਨ ਬੋਰਡ ਅਤੇ ਅਪੀਲ ਸੰਗਠਨ ਨੇ ਵੀ ਇਸ ਨੂੰ ਰੱਦ ਕੀਤਾ ਸੀ।

ਇਸੇ ਤਰ੍ਹਾਂ, ਸਤੰਬਰ 2025 ਵਿੱਚ ਵੈਨਕੂਵਰ ਅਦਾਲਤ ਨੇ ਕਨਵਲਜੀਤ ਕੌਰ ਦੀ ਅਪੀਲ ਨੂੰ ਨਕਾਰ ਦਿੱਤਾ। ਉਹ 2018 ਵਿੱਚ ਕੈਨੇਡਾ ਆਈ ਸੀ ਅਤੇ 2019 ਵਿੱਚ ਸ਼ਰਨ ਮੰਗੀ ਸੀ। ਉਸ ਨੇ ਐੱਸਐੱਫਜੇ ਨਾਲ ਸਬੰਧ ਅਤੇ ਮਤਦਾਨ ਸਿਰਨਾਮੇ ਦਾ ਜ਼ਿਕਰ ਕੀਤਾ, ਪਰ ਜੱਜ ਗਾਈ ਰੈਜ਼ੀਮਬਾਲਡ ਨੇ ਕਿਹਾ ਕਿ ਇਹ ਦਾਅਵੇ 'ਅਟਕਲਬਾਜ਼ੀ' 'ਤੇ ਆਧਾਰਿਤ ਹਨ ਅਤੇ ਉਹ ਭਾਰਤੀ ਅਧਿਕਾਰੀਆਂ ਲਈ ਕੋਈ ਵੱਡਾ ਖ਼ਤਰਾ ਨਹੀਂ। ਟੋਰਾਂਟੋ ਵਿੱਚ ਜੱਜ ਐਂਵੀ ਯਾਓ-ਯਾਓ ਗੋ ਨੇ ਪਰਦੀਪ ਸਿੰਘ ਦੀ ਅਪੀਲ ਵੀ ਰੱਦ ਕੀਤੀ, ਜਿਸ ਨੇ ਸਾਮਾਜਿਕ ਮੀਡੀਆ 'ਤੇ ਲਿਖਤਾਂ ਅਤੇ ਪਰਿਵਾਰਕ ਹਲਫ਼ਨਾਮੇ ਪੇਸ਼ ਕੀਤੇ। ਅਧਿਕਾਰੀਆਂ ਨੇ ਉਸ ਦੀਆਂ ਖਾਲਿਸਤਾਨੀ ਮੁਜ਼ਾਹਰਿਆਂ ਵਿੱਚ ਸ਼ਮੂਲੀਅਤ ਨੂੰ ਉਜਾਗਰ ਕੀਤਾ ਅਤੇ ਅਪੀਲ ਨੂੰ ਅਯੋਗ ਕਰਾਰ ਦਿੱਤਾ। ਸਿਰਫ਼ ਚਾਰ ਅਪੀਲਾਂ ਨੂੰ ਅਦਾਲਤ ਨੇ ਜਾਰੀ ਰੱਖਣ ਦੀ ਮਨਜ਼ੂਰੀ ਦਿੱਤੀ, ਜਿਸ ਨਾਲ ਸਪੱਸ਼ਟ ਹੁੰਦਾ ਹੈ ਕਿ ਖਾਲਿਸਤਾਨ ਨਾਲ ਜੁੜੇ ਦਾਅਵਿਆਂ ਨੂੰ ਗੰਭੀਰ ਨਹੀਂ ਲਿਆ ਗਿਆ।




ਕੈਨੇਡਾ ਦੀ ਸ਼ਰਨ ਪ੍ਰਣਾਲੀ ਵਿੱਚ 'ਤਸੀਹਿਆਂ ਦਾ ਡਰ' ਸਾਬਤ ਕਰਨਾ ਜ਼ਰੂਰੀ ਹੈ, ਪਰ ਇਹਨਾਂ ਮਾਮਲਿਆਂ ਵਿੱਚ ਤਸਵੀਰਾਂ, ਵੋਟਰ ਸਿਰਨਾਮੇ ਜਾਂ ਸਮਾਜਿਕ ਮੀਡੀਆ ਦੀਆਂ ਲਿਖਤਾਂ ਨੂੰ ਕਾਫ਼ੀ ਨਹੀਂ ਮੰਨਿਆ ਗਿਆ। ਅਦਾਲਤ ਨੇ ਕਿਹਾ ਕਿ ਇਹ ਸਾਰੀਆਂ ਗਤੀਵਿਧੀਆਂ ਭਾਰਤ ਵਿੱਚ ਕਾਨੂੰਨੀ ਹਨ ਅਤੇ ਖਾਲਿਸਤਾਨ ਦਾ ਸਮਰਥਨ ਕਰਨ ਨਾਲ ਹੀ ਵੱਡੀ ਪਰੇਸ਼ਾਨੀ ਨਹੀਂ ਹੁੰਦੀ। ਜ਼ਿਆਦਾਤਰ ਲੋਕ ਸੈਲਾਨੀ ਵੀਜ਼ਿਆਂ 'ਤੇ ਆਏ ਅਤੇ ਕੰਮ ਦੀ ਮਿਆਦ ਖਤਮ ਹੋਣ 'ਤੇ ਸ਼ਰਨ ਮੰਗੀ, ਜਿਸ ਨੂੰ ਅਦਾਲਤ ਨੇ ਨਾਮਨਜ਼ੂਰ ਕੀਤਾ।

### ਕੈਨੇਡਾ ਸਰਕਾਰ ਦੀ ਮਨਸ਼ਾ ਕੀ ਹੈ?

ਪਿਛਲੇ ਸਮੇਂ ਵਿੱਚ ਕੈਨੇਡਾ ਨੇ ਖਾਲਿਸਤਾਨ ਮੁੱਦੇ 'ਤੇ ਨਰਮ ਰੁਖ ਅਪਣਾਇਆ ਸੀ, ਜਿਸ ਨਾਲ ਭਾਰਤ ਨਾਲ ਸਬੰਧ ਤਣਾਅਪੂਰਨ ਹੋਏ ਸਨ। ਜਸਟਿਨ ਟਰੂਡੋ ਦੀ ਸਰਕਾਰ ਸਮੇਂ ਸਿੱਖ ਵੋਟਾਂ ਲਈ ਕੁਝ ਜਥਿਆਂ ਨੂੰ ਨਰਮੀ ਵਿਖਾਈ ਗਈ ਸੀ, ਪਰ 2025 ਵਿੱਚ ਮਾਰਕ ਕਾਰਨੀ ਦੀ ਅਗਵਾਈ ਵਿੱਚ ਸਰਕਾਰ ਨੇ ਸਖ਼ਤੀ ਵਰਤੀ ਸੀ। ਸਰਕਾਰ ਦੀ '2025 ਅਸੈਸਮੈਂਟ ਆਫ਼ ਮਨੀ ਲੌਂਡਰਿੰਗ ਐਂਡ ਟੈਰਰਿਸਟ ਫਾਈਨੈਂਸਿੰਗ ਰਿਸਕਸ' ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਬੱਬਰ ਖਾਲਸਾ ਅਤੇ ਸਿੱਖ ਯੂਥ ਫੈਡਰੇਸ਼ਨ ਵਰਗੇ ਜਥੇ ਕੈਨੇਡਾ ਵਿੱਚੋਂ ਫੰਡ ਇਕੱਠੇ ਕਰਦੇ ਹਨ ਅਤੇ ਹਿੰਸਕ ਗਤੀਵਿਧੀਆਂ ਨੂੰ ਉਤਸ਼ਾਹ ਦਿੰਦੇ ਹਨ। ਕੈਨੇਡੀਅਨ ਸੁਰੱਖਿਆ ਜਾਣਕਾਰੀ ਸੇਵਾ ਨੇ 2024 ਵਿੱਚ ਵੀ ਖਾਲਿਸਤਾਨੀ ਖਾੜਕੂ ਵਾਦ ਨੂੰ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਦੱਸਿਆ ਸੀ। ਇਸ ਕਰਕੇ ਸਰਕਾਰ ਨੇ ਅਜਿਹੇ ਜਥਿਆਂ ਦੀ ਫੰਡਿੰਗ ਅਤੇ ਗਤੀਵਿਧੀਆਂ 'ਤੇ ਰੋਕ ਲਾਉਣ ਦੀ ਨੀਤੀ ਅਪਣਾਈ ਸੀ। ਸ਼ਰਨ ਅਰਜ਼ੀਆਂ ਨੂੰ ਰੱਦ ਕਰਕੇ ਸਰਕਾਰ ਨੇ ਸੰਕੇਤ ਦਿੱਤਾ ਕਿ ਉਹ ਬੋਲਣ ਦੀ ਆਜ਼ਾਦੀ ਦਾ ਸਤਿਕਾਰ ਕਰਦੀ ਹੈ, ਪਰ ਹਿੰਸਕ ਗਤੀਵਿਧੀਆਂ ਨੂੰ ਸਹਿਣ ਨਹੀਂ ਕਰੇਗੀ।


### ਕੀ ਕੈਨੇਡਾ ਨੇ ਖਾਲਿਸਤਾਨ ਦਾ ਸਮਰਥਨ ਬੰਦ ਕਰ ਦਿੱਤਾ?

ਹਾਂ, ਇਹਨਾਂ ਫੈਸਲਿਆਂ ਅਤੇ ਰਿਪੋਰਟਾਂ ਨਾਲ ਸਪੱਸ਼ਟ ਹੁੰਦਾ ਹੈ ਕਿ ਕੈਨੇਡਾ ਹੁਣ ਅਜਿਹੀਆਂ ਗਤੀਵਿਧੀਆਂ ਨੂੰ ਹੱਲਾਸ਼ੇਰੀ ਨਹੀਂ ਦਿੰਦਾ। ਪਹਿਲਾਂ ਕੈਨੇਡਾ ਨੂੰ ਖਾਲਿਸਤਾਨੀਆਂ ਦਾ ਸੁਰੱਖਿਅਤ ਟਿਕਾਣਾ ਮੰਨਿਆ ਜਾਂਦਾ ਸੀ, ਪਰ ਹੁਣ ਸੁਰੱਖਿਆ ਅਤੇ ਖਾੜਕੂ ਫੰਡਿੰਗ ਨੂੰ ਰੋਕਣ 'ਤੇ ਜ਼ੋਰ ਹੈ। ਸਿਆਸੀ ਪਾਰਟੀਆਂ ਦੀ ਵੋਟ ਬੈਂਕ 'ਤੇ ਨਿਰਭਰਤਾ ਘਟਣ ਨਾਲ ਵੀ ਇਹ ਬਦਲਾਅ ਆਇਆ। ਭਾਰਤ ਨੇ ਇਸ ਰੁਖ ਦਾ ਸਵਾਗਤ ਕੀਤਾ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਵਧਣ ਦੀ ਉਮੀਦ ਹੈ।

# ਐਕਸੀਡੈਂਟ ਕਾਰਣ ਕੇ.ਪੀ. ਦੇ ਪੁੱਤਰ ਦੀ ਹੋਈ ਮੌਤ

## ✪ ਵੱਖ-ਵੱਖ ਆਗੂਆਂ ਵਲੋਂ ਪਰਿਵਾਰ ਨਾਲ ਦੁੱਖ ਸਾਂਝਾ

ਜਲੰਧਰ-ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇ. ਪੀ. ਦੇ ਇਕਲੌਤੇ ਪੁੱਤਰ ਰਿਚੀ ਕੇ. ਪੀ. ਦੀ ਸਨਿਚਰਵਾਰ ਦੇਰ ਰਾਤ ਨੂੰ ਇਕ ਸੜਕ ਹਾਦਸੇ ਵਿਚ ਹੋਈ ਬੇਵਕਤ ਮੌਤ ਨਾਲ ਜਿਥੇ ਪਰਿਵਾਰ 'ਤੇ ਦੁੱਖਾਂ ਦਾ ਕਹਿਰ ਟੁੱਟ ਪਿਆ, ਉਥੇ ਸਮੁੱਚਾ ਸ਼ਹਿਰ ਵੀ ਐਤਵਾਰ ਨੂੰ ਸੋਗ ਵਿਚ ਡੁੱਬਾ ਰਿਹਾ। ਮਹਿਜ਼ 36 ਸਾਲ ਦੇ ਬੇਟੇ ਦੀ ਦੁਖਦਾਈ ਮੌਤ ਨੇ ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇ.ਪੀ. ਤੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਰਿਚੀ ਕੇ.ਪੀ. ਫਾਰਚੂਨਰ ਗੱਡੀ ਵਿਚ ਸਵਾਰ ਹੋ ਕੇ ਕਿਤੇ ਜਾ ਰਹੇ ਸੀ ਅਤੇ ਅਜੇ ਘਰ ਤੋਂ ਕੁਝ ਦੂਰ ਹੀ ਸਥਿਤ ਮਾਤਾ ਰਾਣੀ ਚੌਕ ਦੇ ਕੋਲ ਪੁੱਜਾ ਤਾਂ ਇਕ ਤੇਜ਼ ਰਫ਼ਤਾਰ ਕਰੇਟਾ ਕਾਰ ਵਲੋਂ ਉਨ੍ਹਾਂ ਦੀ ਗੱਡੀ ਸਮੇਤ ਹੋਰਨਾਂ ਗੱਡੀਆਂ ਨੂੰ ਵੀ ਟੱਕਰ ਮਾਰ ਦਿੱਤੀ ਗਈ। ਟੱਕਰ ਏਨੀ ਜ਼ਬਰਦਸਤ ਸੀ ਕਿ ਫਾਰਚੂਨਰ ਗੱਡੀ ਦਾ ਅਗਲਾ ਅਤੇ ਪਿਛਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਇਸ ਦੌਰਾਨ ਗੱਡੀ ਦੇ ਏਅਰ ਬੈਗ ਤੱਕ ਵੀ ਖੁੱਲ੍ਹ ਗਏ ਪਰ ਫਿਰ ਵੀ ਰਿਚੀ ਕੇ. ਪੀ. ਦੀ ਜਾਨ ਨਹੀਂ ਬਚ ਸਕੀ। ਦੱਸਿਆ ਜਾ ਰਿਹਾ ਹੈ ਕਿ ਟੱਕਰ ਏਨੀ ਜ਼ੋਰਦਾਰ ਸੀ ਕਿ ਲੱਗੇ ਝਟਕੇ ਕਾਰਨ ਉਨ੍ਹਾਂ ਦੇ ਗਲ ਦੇ ਮਣਕੇ ਟੁੱਟ ਗਏ ਅਤੇ ਉਸ ਦੀ ਹਸਪਤਾਲ ਪਹੁੰਚ ਕੇ ਮੌਤ ਹੋ ਗਈ।



ਇਥੇ ਦੱਸਣਯੋਗ ਹੈ ਕਿ ਮਹਿੰਦਰ ਸਿੰਘ ਕੇ. ਪੀ. ਦੀ ਪਤਨੀ ਸੁਮਨ ਕੇ. ਪੀ. ਦੀ ਅਜੇ ਪਿਛਲੇ ਸਾਲ ਹੀ ਇਕ ਨਾਮੁਰਾਦ ਬਿਮਾਰੀ ਨਾਲ ਮੌਤ ਹੋ ਗਈ ਸੀ ਅਤੇ ਹੁਣ ਰਿਚੀ ਕੇ. ਪੀ. ਦੀ ਮੌਤ ਨਾਲ ਪਰਿਵਾਰ 'ਚ ਪਿੱਛੇ ਦੋ ਬੇਟੀਆਂ ਹੀ ਰਹਿ ਗਈਆਂ ਹਨ। ਇਕ ਬੇਟੀ ਅਮਰੀਕਾ 'ਚ ਰਹਿ ਰਹੀ ਹੈ, ਜਦਕਿ ਦੂਜੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਮਨਮੋਹਨ ਸਿੰਘ ਦੇ ਬੇਟੇ ਨਾਲ ਵਿਆਹੀ ਹੋਈ ਹੈ। ਰਿਚੀ ਕੇ. ਪੀ. ਦਾ ਅਜੇ ਵਿਆਹ ਨਹੀਂ ਸੀ ਹੋਇਆ ਸੀ। ਰਿਚੀ ਕੇ. ਪੀ. ਦੀ ਮੌਤ ਦੀ ਖਬਰ ਸੁਣਦੇ ਹੀ ਵੱਡੀ ਗਿਣਤੀ ਵਿਚ ਸਖਸ਼ੀਅਤਾਂ ਸ੍ਰੀ ਮਹਿੰਦਰ ਸਿੰਘ ਕੇ. ਪੀ. ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਪੁੱਜੇ ਤੇ ਸ਼ਾਮ ਤੱਕ ਅਫਸੋਸ ਪ੍ਰਗਟ ਕਰਨ ਵਾਲਿਆਂ ਦਾ ਉਨ੍ਹਾਂ ਦੇ ਘਰ ਤਾਂਤਾ ਲੱਗਾ ਰਿਹਾ। ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਸਾਬਕਾ ਉਪ ਰਾਜਪਾਲ ਡਾ. ਇਕਬਾਲ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕੈਬਨਿਟ ਮੰਤਰੀ ਮਹਿੰਦਰ ਭਗਤ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ, ਸਾਬਕਾ ਸੰਸਦ ਮੈਂਬਰ ਸ਼ੁਸ਼ੀਲ ਰਿੰਕੂ, ਵਿਧਾਇਕ ਬਾਵਾ ਹੈਨਰੀ, ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਸਾਬਕਾ ਵਿਧਾਇਕ ਡਾ. ਰਾਜ ਕੁਮਾਰ ਵੇਰਕਾ, ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ, ਸਾਬਕਾ ਵਿਧਾਇਕ ਪਵਨ ਟੀਨੂੰ, ਸਾਬਕਾ ਵਿਧਾਇਕ ਰਜਿੰਦਰ ਬੇਰੀ, ਸਾਬਕਾ ਸੰਸਦ ਮੈਂਬਰ ਹੰਸ ਰਾਜ ਹੰਸ, ਸਾਬਕਾ ਵਿਧਾਇਕ ਕੇ. ਡੀ. ਭੰਡਾਰੀ, ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਆਦਿ ਸ਼ਾਮਿਲ ਹਨ। ਪੁਲਿਸ ਨੇ ਇਸ ਹਾਦਸੇ 'ਚ ਸੀ. ਸੀ. ਟੀ. ਵੀ. ਫੁਟੇਜ ਦੇ ਆਧਾਰ 'ਤੇ ਕਰੇਟਾ ਤੇ ਗ੍ਰੈਂਡ ਵਿਟਾਰਾ ਕਾਰ ਚਾਲਕਾਂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਰਾਹੁਲ ਗਾਂਧੀ ਨੂੰ ਰਾਮਦਾਸ ਦੇ ਗੁਰਦੁਆਰੇ ਵਿਚ ਸਿਰੋਪਾ ਦੇਣ ਦੇ ਮਾਮਲੇ 'ਤੇ ਵਿਵਾਦ ਛਿੜਿਆ

## ✪ ਸ਼੍ਰੋਮਣੀ ਕਮੇਟੀ ਕਰੇਗੀ ਪੜਤਾਲ, ਦੋਸ਼ੀ ਪਾਏ ਜਾਣ 'ਤੇ ਸਖਤ ਕਾਰਵਾਈ ਕਰਾਂਗੇ: ਐਡਵੋਕੇਟ ਧਾਮੀ

ਅੰਮ੍ਰਿਤਸਰ-ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਹੜ੍ਹ ਪ੍ਰਭਾਵਿਤ ਖੇਤਰ ਦੇ ਦੌਰੇ ਸਮੇਂ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਸਿਰੋਪਾ ਦੇਣ ਦਾ ਮਾਮਲਾ ਚਰਚਾ ਵਿਚ ਆਇਆ ਹੈ ਜਿਸ ਦਾ ਸਖਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੰਦਿਆਂ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਕਿਹਾ ਹੈ।



ਰਾਹੁਲ ਗਾਂਧੀ ਨੂੰ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਸਿਰੋਪਾ ਦੇਣ ਦੇ ਮਾਮਲੇ ਵਿਚ ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਬੀਤੇ ਵਿਚ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਮੁਤਾਬਕ ਗੁਰਦੁਆਰੇ ਦੇ ਦਰਬਾਰ ਸਾਹਿਬ ਅੰਦਰ ਸਿਆਸੀ ਸ਼ਖ਼ਸੀਅਤਾਂ ਨੂੰ ਸਿਰੋਪਾ ਦੇਣ ਉੱਤੇ ਪਾਬੰਦੀ ਹੈ। ਗੁਰੂ ਦਰਬਾਰ ਵਿਚ ਕੇਵਲ ਧਾਰਮਿਕ ਸ਼ਖ਼ਸੀਅਤਾਂ, ਰਾਗੀ ਸਿੰਘਾਂ ਤੇ ਸਿੱਖ ਮਹਾਂਪੁਰਖਾਂ ਨੂੰ ਇਹ ਸਨਮਾਨ ਦੇਣ ਤੱਕ ਹੀ ਸੀਮਤ ਕੀਤਾ ਹੋਇਆ ਹੈ। ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਦੀ ਘਟਨਾ ਸਬੰਧੀ ਪੜਤਾਲ ਕਰਵਾਈ ਜਾ ਰਹੀ ਹੈ। ਇਸ ਦੀ ਮੁਕੰਮਲ ਰਿਪੋਰਟ ਲਈ ਜਾਵੇਗੀ। ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਕਾਰਵਾਈ ਜ਼ਰੂਰ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਨਸਲਕੁਸ਼ੀ ਦੀ ਦੋਸ਼ੀ ਕਾਂਗਰਸ ਦੇ ਆਗੂ ਅਤੇ ਗਾਂਧੀ ਪਰਿਵਾਰ ਦੇ ਮੈਂਬਰ ਰਾਹੁਲ ਗਾਂਧੀ ਨੂੰ ਗੁਰਦੁਆਰੇ ਤੋਂ ਸਿਰੋਪਾ ਦੇਣਾ ਤਾਂ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਭਾਈ ਮਨਜੀਤ ਸਿੰਘ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਮਲਕੀਤ ਸਿੰਘ ਚੰਗਾਲ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸ੍ਰੀ ਸਮਾਧ ਬਾਬਾ ਬੁੱਢਾ ਜੀ ਸਾਹਿਬ ਰਮਦਾਸ ਵਿਖੇ ਰਾਹੁਲ ਗਾਂਧੀ ਨੂੰ ਸਿਰਪਾਓ ਦੇ ਕੇ ਸਿੱਖਾਂ ਦੇ ਅੱਲੇ ਜ਼ਖ਼ਮਾਂ 'ਤੇ ਨਮਕ ਛਿੜਕਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਗਾਂਧੀ ਪਰਿਵਾਰ ਨੇ ਆਪਣੇ ਸੱਤਾ ਦੇ ਨਸ਼ੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕੀਤਾ। ਦਿੱਲੀ ਵਿੱਚ ਸਿੱਖ ਨਸਲਕੁਸ਼ੀ ਦੇ ਜ਼ਿੰਮੇਵਾਰ ਗਾਂਧੀ ਪਰਿਵਾਰ ਦੇ ਫਰਜ਼ੰਦ ਰਾਹੁਲ ਗਾਂਧੀ ਨੂੰ ਸਿਰਪਾਓ ਦਿੱਤਾ ਗਿਆ ਤੇ ਉਹ ਵੀ ਐਸਜੀਪੀਸੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬ ਵਿੱਚ, ਇਸ ਤੋਂ ਵੱਧ ਸਿੱਖ ਕੌਮ ਲਈ ਸ਼ਰਮਨਾਕ ਗੱਲ ਕੋਈ ਹੋਰ ਹੋ ਹੀ ਨਹੀਂ ਸਕਦੀ।

ਲੋਕਾਂ ਵਿਚ ਚਰਚਾ ਸੀ ਕਿ ਸਰਨਾਂ ਭਰਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਨੇੜੇ ਲਿਆਉਣ ਦਾ ਬੀੜਾ ਚੁੱਕਿਆ ਹੈ। ਉਸੇ ਕੜੀ ਤਹਿਤ ਗਾਂਧੀ ਪਰਿਵਾਰ ਨੂੰ ਮੁਆਫ਼ੀ ਦਿਵਾਉਣ ਦੀ ਸਾਜ਼ਿਸ਼ ਸ਼ਾਮਲ ਹੈ ਅਤੇ ਉਸੇ ਕੜੀ ਤਹਿਤ ਅੱਜ ਸਿੱਖ ਸੰਗਤਾਂ ਦਾ ਗੁੱਸਾ ਜਾਂਚਣ ਲਈ ਪਹਿਲਾਂ ਅੱਜ ਸ਼੍ਰੋਮਣੀ ਕਮੇਟੀ ਦੇ ਗੁਰਦੁਆਰੇ ਵਿੱਚ ਰਾਹੁਲ ਗਾਂਧੀ ਨੂੰ ਸਿਰੋਪਾ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਸਪਸ਼ਟ ਕੀਤਾ ਜਾਵੇ ਕਿ ਇਹ ਸਿਰੋਪਾਉ ਕਿਸ ਦੇ ਹੁਕਮਾਂ ਤੇ ਦਿੱਤਾ ਗਿਆ।

# ਭਈਏ ਵੱਲੋਂ 5 ਸਾਲ ਦੀ ਬੱਚੀ ਨਾਲ ਬਲਾਤਕਾਰ ਦੀ ਕੋਸ਼ਿਸ਼, ਲੋਕਾਂ ਨੇ ਫੜ ਕੇ ਕੀਤੀ ਕੁੱਟਮਾਰ

ਜਲੰਧਰ-ਕੁਝ ਦਿਨ ਪਹਿਲਾਂ ਹੁਸ਼ਿਆਰਪੁਰ 'ਚ 4 ਸਾਲ ਦੇ ਬੱਚੇ ਨਾਲ ਹੋਈ ਸਨਸਨੀਖੇਜ਼ ਘਟਨਾ ਤੋਂ ਬਾਅਦ ਇਕ ਪਾਸੇ ਪੂਰੇ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਦਾ ਵਿਰੋਧ ਹੋ ਰਿਹਾ ਹੈ, ਉੱਧਰ ਜਲੰਧਰ ਵਿਚ ਸੋਢਲ ਦੇ ਨਾਲ ਲੱਗਦੀ ਬਸਤੀ ਭੂਰੇ ਖਾਂ 'ਚ ਇਕ ਸ਼ਰਾਬੀ ਪ੍ਰਵਾਸੀ ਨੌਜਵਾਨ ਨੇ 5 ਸਾਲ ਦੀ ਬੱਚੀ ਨੂੰ ਅਗਵਾ ਕਰ ਲਿਆ ਤੇ ਉਸ ਨੂੰ ਆਪਣੇ ਕੁਆਰਟਰ ਵਿਚ ਲੈ ਜਾ ਕੇ ਉਸ ਨਾਲ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ ਪਰ ਬੱਚੀ ਦੀ ਮਾਂ ਮੌਕੇ 'ਤੇ ਪਹੁੰਚੀ। ਇਸ ਤੋਂ ਬਾਅਦ ਸਥਾਨਕ ਲੋਕਾਂ ਨੇ ਇਸ ਪ੍ਰਵਾਸੀ ਮਜ਼ਦੂਰ ਦੀ ਕੁੱਟਮਾਰ ਕੀਤੀ ਤੇ ਉਸਨੂੰ ਇਕ ਦਰੱਖਤ ਨਾਲ ਬੰਨ੍ਹ ਦਿੱਤਾ। ਥਾਣਾ 8 ਦੀ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਤੇ



ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਪ੍ਰਵਾਸੀ ਮਜ਼ਦੂਰ ਦੀ ਹਿੰਮਤ ਇੰਨੀ ਬੁਲੰਦ ਸੀ ਕਿ ਉਹ ਖੁੱਲ੍ਹੇਆਮ ਕਹਿ ਰਿਹਾ ਸੀ ਕਿ ਉਹ 1 ਘੰਟੇ ਦੇ ਅੰਦਰ ਬਾਹਰ ਆ ਕੇ ਦੁਬਾਰਾ ਅਪਰਾਧ ਕਰੇਗਾ।

ਇੰਸਪੈਕਟਰ ਰਾਣਾ ਨੇ ਦੱਸਿਆ ਕਿ ਗ੍ਰਿਫਤਾਰ ਪ੍ਰਵਾਸੀ ਮਜ਼ਦੂਰ ਦੀ ਪਛਾਣ ਵਿਜੇ ਕੁਮਾਰ ਵਾਸੀ ਉੱਤਰ ਪ੍ਰਦੇਸ਼ ਵਜੋਂ ਹੋਈ ਹੈ। ਉਹ ਪਿਛਲੇ 10 ਸਾਲਾਂ ਤੋਂ ਇਸ ਇਲਾਕੇ 'ਚ ਰਹਿ ਰਿਹਾ ਹੈ ਤੇ ਮਿਸਤਰੀ ਦਾ ਕੰਮ ਕਰਦਾ ਹੈ। ਉਸ ਵਿਰੁੱਧ ਥਾਣਾ 8 'ਚ ਜਬਰ ਜਨਾਹ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ 'ਚ ਉਸਦਾ ਅਪਰਾਧਿਕ ਰਿਕਾਰਡ ਵੀ ਚੈੱਕ ਕੀਤਾ ਜਾ ਰਿਹਾ ਹੈ।

# ਖਹਿਰਾ ਨੇ ਕੀਤੀ ਮੰਗ ਪਰਵਾਸੀਆਂ ਖ਼ਿਲਾਫ਼ ਇਸ ਬਿੱਲ 'ਤੇ ਵਿਧਾਨ ਸਭਾ ਵਿਚ ਬਹਿਸ ਕਰਵਾਓ

ਜਲੰਧਰ-ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਫਗਵਾੜੇ ਨੇੜੇ ਪਿੰਡ ਭੰਗੂਆਣਾ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਪੰਜ ਸਾਲ ਦੇ ਬੱਚੇ ਅਮਨਦੀਪ ਸਿੰਘ ਨਾਲ ਦੁਰਵਿਵਹਾਰ ਅਤੇ ਬੇਰਹਮੀ ਨਾਲ ਕਤਲ ਦੀ ਘਟਨਾ ਦੀ ਸਖ਼ਤ ਨਿਖੇਧੀ ਕੀਤੀ। ਖਹਿਰਾ ਨੇ ਪ੍ਰਵਾਸੀ ਮਜ਼ਦੂਰਾਂ ਦੇ ਮੁੱਦੇ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੇ 2023 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮਿਲ ਕੇ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰਨ ਦੀ ਮੰਗ ਕੀਤੀ ਸੀ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਦੇ 1972 ਦੇ ਕਾਨੂੰਨ ਦਾ ਹਵਾਲਾ ਦਿੱਤਾ ਗਿਆ।

ਇਸ ਕਾਨੂੰਨ ਅਨੁਸਾਰ ਪ੍ਰਵਾਸੀਆਂ ਦੀ ਰਜਿਸਟ੍ਰੇਸ਼ਨ ਅਤੇ ਨਿਗਰਾਨੀ ਜ਼ਰੂਰੀ ਹੈ। ਖਹਿਰਾ ਨੇ ਕਿਹਾ ਕਿ ਪੰਜਾਬ ਵਿੱਚ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਵਰਗੇ ਸ਼ਹਿਰਾਂ ਵਿੱਚ ਵੱਡੀ ਗਿਣਤੀ ਵਿੱਚ ਪ੍ਰਵਾਸੀ ਵਸ ਚੁੱਕੇ ਹਨ, ਪਰ ਸਰਕਾਰ ਕੋਲ ਉਨ੍ਹਾਂ ਦੀ ਗਿਣਤੀ ਜਾਂ ਰਿਕਾਰਡ ਦਾ ਕੋਈ ਪ੍ਰਬੰਧ ਨਹੀਂ।

ਉਨ੍ਹਾਂ ਨੇ ਸਵਾਲ ਉਠਾਇਆ ਕਿ ਅਜਿਹੀਆਂ ਘਟਨਾਵਾਂ ਪਹਿਲਾਂ ਵੀ ਵਾਪਰੀਆਂ ਹੋ ਸਕਦੀਆਂ ਹਨ, ਜਿਨ੍ਹਾਂ ਦਾ ਪਤਾ ਨਹੀਂ ਚੱਲ ਸਕਿਆ। ਖਹਿਰਾ ਨੇ ਆਪਣੇ ਹਲਕੇ ਦੇ ਪਿੰਡ ਖਾਨਪੁਰ ਦੀ ਇੱਕ ਹੋਰ ਘਟਨਾ ਦਾ ਜ਼ਿਕਰ ਕੀਤਾ, ਜਿੱਥੇ ਇੱਕ ਪ੍ਰਵਾਸੀ ਮਜ਼ਦੂਰ ਨੇ ਇੱਕ ਕਿਸਾਨ ਦੇ ਸਿਰ 'ਤੇ ਲੋਹੇ ਦੀਆਂ ਨਾੜਾਂ ਨਾਲ ਹਮਲਾ ਕੀਤਾ। ਉਸ ਨੂੰ ਨੇਪਾਲ ਸਰਹੱਦ ਤੋਂ ਗ੍ਰਿਫਤਾਰ ਕੀਤਾ ਗਿਆ, ਪਰ ਸਰਕਾਰ ਕੋਲ ਅਜਿਹੇ ਪ੍ਰਵਾਸੀਆਂ ਦਾ ਕੋਈ ਰਿਕਾਰਡ ਨਹੀਂ।



ਖਹਿਰਾ ਨੇ ਭਗਵੰਤ ਮਾਨ ਸਰਕਾਰ ਅਤੇ ਅਰਵਿੰਦ ਕੇਜਰੀਵਾਲ ਨੂੰ ਕਈ ਵਾਰ ਇਸ ਮੁੱਦੇ 'ਤੇ ਗੱਲਬਾਤ ਕਰਨ ਦੀ ਅਪੀਲ ਕੀਤੀ, ਪਰ ਕੋਈ ਕਾਰਵਾਈ ਨਹੀਂ ਹੋਈ। ਖਹਿਰਾ ਨੇ ਮੰਗ ਕੀਤੀ ਕਿ ਉੱਤਰਾਖੰਡ, ਹਿਮਾਚਲ ਅਤੇ ਗੁਜਰਾਤ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਪ੍ਰਵਾਸੀਆਂ ਲਈ ਸਖ਼ਤ ਕਾਨੂੰਨ ਬਣਾਇਆ ਜਾਵੇ, ਜਿਸ ਅਨੁਸਾਰ ਪੰਜਾਬ ਵਿੱਚ ਪੱਕੇ ਤੌਰ 'ਤੇ ਵਸਣ ਵਾਲਿਆਂ ਨੂੰ ਰਜਿਸਟ੍ਰੇਸ਼ਨ ਅਤੇ ਨਿਯਮਾਂ ਦੀ ਪਾਲਣਾ ਕਰਨੀ ਹੋਵੇ। ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਕਿ ਪੰਜਾਬ ਵਿੱਚ ਸਰਕਾਰੀ ਨੌਕਰੀਆਂ 'ਤੇ ਗੈਰ-ਪੰਜਾਬੀਆਂ ਦਾ ਕਬਜ਼ਾ ਹੋ ਰਿਹਾ ਹੈ। ਖਹਿਰਾ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਪ੍ਰਾਈਵੇਟ ਮੈਂਬਰ ਬਿੱਲ 'ਤੇ ਬਹਿਸ ਕਰਨੀ ਚਾਹੀਦੀ ਹੈ, ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਐੱਨਆਰਆਈ ਮਹਿਲਾ ਦਾ ਕਤਲ: ਵਿਆਹ ਦੇ ਝੂਠੇ ਵਾਅਦੇ ਨੇ ਲਈ ਜਾਨ

# ਪੰਜਾਬ ਵਿੱਚ ਚਰਨਜੀਤ ਸਿੰਘ ਗਰੇਵਾਲ ਨੇ ਰਚੀ ਸਾਜ਼ਿਸ਼: 50 ਲੱਖ ਦੀ ਹੋਈ ਡੀਲ

## *ਸੁਖਜੀਤ ਸਿੰਘ ਸੋਨੂੰ ਦੀ ਹੋਈ ਗ੍ਰਿਫਤਾਰੀ, ਪੁਲੀਸ ਨੇ ਬਰਾਮਦ ਕੀਤੇ ਪਿੰਜਰ ਦੇ ਹਿੱਸੇ

## *ਪੈਸੇ ਦੇ ਲਾਲਚ ਵਿੱਚ ਹੋਇਆ ਕਤਲ: ਰੁਪਿੰਦਰ ਕੌਰ ਦੀ ਮੌਤ ਦੀ ਪੂਰੀ ਕਹਾਣੀ ਪੜ੍ਹੋ

### ਕਰਾਈਮ ਸਟੋਰੀ

ਲੁਧਿਆਣਾ - ਅਮਰੀਕਾ ਦੇ ਸੀਆਟਲ ਸ਼ਹਿਰ ਵਿੱਚ ਰਹਿੰਦੀ 72 ਸਾਲਾ ਐੱਨ ਆਰ ਆਈ ਮਹਿਲਾ ਰੁਪਿੰਦਰ ਕੌਰ ਪੰਧੇਰ ਦਾ ਕਤਲ ਮਾਮਲਾ ਪੰਜਾਬ ਪੁਲੀਸ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਇਹ ਨਾ ਸਿਰਫ਼ ਇੱਕ ਕਤਲ ਦੀ ਕਹਾਣੀ ਹੈ, ਬਲਕਿ ਵਿਆਹ ਦੇ ਝੂਠੇ ਵਾਅਦੇ ਤਹਿਤ ਲਾਲਚ ਅਤੇ ਧੋਖੇ ਦੀ ਡੂੰਘੀ ਸਾਜ਼ਿਸ਼ ਨੂੰ ਉਜਾਗਰ ਕਰਦਾ ਹੈ। ਰੁਪਿੰਦਰ ਕੌਰ, ਜੋ ਆਪਣੇ ਬੁਢਾਪੇ ਵਿੱਚ ਇੱਕ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੇ ਸੁਪਨੇ ਨਾਲ ਭਾਰਤ ਆਈ ਸੀ, ਨੂੰ ਉਸ ਦੇ ਹੋਣ ਵਾਲੇ ਲਾੜੇ ਨੇ ਹੀ ਮੌਤ ਦੇ ਘਾਟ ਉਤਾਰ ਦਿੱਤਾ। ਇਸ ਮਾਮਲੇ ਵਿੱਚ ਮੁੱਖ ਮੁਲਜ਼ਮ ਇੰਗਲੈਂਡ ਵੱਸਦੇ ਐੱਨ ਆਰ ਆਈ ਚਰਨਜੀਤ ਸਿੰਘ ਗਰੇਵਾਲ ਅਤੇ ਉਸ ਦੇ ਸਾਥੀ ਸੁਖਜੀਤ ਸਿੰਘ ਸੋਨੂੰ ਹਨ, ਜਿਨ੍ਹਾਂ ਨੇ ਪੈਸੇ ਦੇ ਲਾਲਚ ਵਿੱਚ ਇਸ ਘਿਨੌਣੇ ਅਪਰਾਧ ਨੂੰ ਅੰਜਾਮ ਦਿੱਤਾ। ਪੁਲੀਸ ਨੇ ਹਾਲ ਹੀ ਵਿੱਚ ਮ੍ਰਿਤਕ ਦੇ ਪਿੰਜਰ ਦੇ ਹਿੱਸੇ ਬਰਾਮਦ ਕੀਤੇ ਹਨ।

ਇਸ ਕਹਾਣੀ ਦੀ ਸ਼ੁਰੂਆਤ ਅਮਰੀਕਾ ਦੇ ਸੀਆਟਲ ਤੋਂ ਹੁੰਦੀ ਹੈ, ਜਿੱਥੇ ਰੁਪਿੰਦਰ ਕੌਰ ਪੰਧੇਰ ਇੱਕ ਆਪਣੀ ਜ਼ਿੰਦਗੀ ਜੀਅ ਰਹੀ ਸੀ। ਉਹ ਤਲਾਕਸ਼ੁਦਾ ਸੀ ਅਤੇ ਆਪਣੇ ਬੁਢਾਪੇ ਵਿੱਚ ਇੱਕ ਸਾਥੀ ਦੀ ਭਾਲ ਵਿੱਚ ਸੀ। ਇਸੇ ਦੌਰਾਨ ਉਸ ਨੂੰ ਚਰਨਜੀਤ ਸਿੰਘ ਗਰੇਵਾਲ ਨਾਲ ਜਾਣ-ਪਛਾਣ ਹੋਈ, ਜੋ ਆਪਣੇ ਆਪ ਨੂੰ ਇੰਗਲੈਂਡ ਵਿੱਚ ਵੱਸਦਾ ਐੱਨ ਆਰ ਆਈ ਦੱਸਦਾ ਸੀ। ਗਰੇਵਾਲ ਦਾ ਅਸਲ ਪਿੰਡ ਮਹਿਮਾ ਸਿੰਘ ਵਾਲਾ ਹੈ, ਪਰ ਉਹ ਲੰਬੇ ਸਮੇਂ ਤੋਂ ਵਿਦੇਸ਼ ਵਿੱਚ ਰਹਿ ਰਿਹਾ ਹੈ। ਉਸ ਨੇ ਰੁਪਿੰਦਰ ਕੌਰ ਨੂੰ ਵਿਆਹ ਦਾ ਵਾਅਦਾ ਕੀਤਾ ਅਤੇ ਉਸ ਨੂੰ ਪੰਜਾਬ ਬੁਲਾਇਆ। ਰੁਪਿੰਦਰ ਕੌਰ, ਜੋ 71-72 ਸਾਲ ਦੀ ਉਮਰ ਵਿੱਚ ਵੀ ਜ਼ਿੰਦਗੀ ਨੂੰ ਨਵਾਂ ਮੌਕਾ ਦੇਣਾ ਚਾਹੁੰਦੀ ਸੀ, ਜੁਲਾਈ ਮਹੀਨੇ ਵਿੱਚ ਭਾਰਤ ਆ ਗਈ। ਉਹ ਲੁਧਿਆਣਾ ਨੇੜੇ ਪਿੰਡ ਕਿਲਾ ਰਾਏਪੁਰ ਵਿੱਚ ਰਹਿਣ ਲੱਗੀ, ਜਿੱਥੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ।

ਪੁਲੀਸ ਜਾਂਚ ਅਨੁਸਾਰ, ਚਰਨਜੀਤ ਸਿੰਘ ਗਰੇਵਾਲ ਨੇ ਰੁਪਿੰਦਰ ਕੌਰ ਨੂੰ ਵਿਆਹ ਦੇ ਬਹਾਨੇ ਨਾਲ ਭਾਰਤ ਬੁਲਾਕੇ ਉਸ ਨੂੰ ਮਾਰਨ ਦੀ ਯੋਜਨਾ ਬਣਾ ਲਈ ਸੀ। ਉਸ ਨੇ ਆਪਣੇ ਸਾਥੀ ਸੁਖਜੀਤ ਸਿੰਘ ਸੋਨੂੰ, ਜੋ ਕਿਲਾ ਰਾਏਪੁਰ ਦੇ ਮੱਲਾ ਪੱਤੀ ਵਿੱਚ ਰਹਿੰਦਾ ਹੈ, ਨੂੰ ਇਸ ਕੰਮ ਲਈ ਰੱਖਿਆ। ਸੋਨੂੰ ਨੂੰ ਕਤਲ ਕਰਨ ਲਈ 50 ਲੱਖ ਰੁਪਏ ਨਗਦ ਅਦਾ ਕੀਤੇ ਜਾਣੇ ਸਨ। ਇਹ ਰਕਮ ਰੁਪਿੰਦਰ ਕੌਰ ਦੀ ਜਾਇਦਾਦ ਅਤੇ ਬੈਂਕ ਟ੍ਰਾਂਸਫਰਾਂ ਤੋਂ ਹੀ ਆਉਣ ਵਾਲੀ ਸੀ। ਰੁਪਿੰਦਰ ਕੌਰ ਨੇ ਵਿਆਹ ਦੇ ਨਾਂ 'ਤੇ ਗਰੇਵਾਲ ਅਤੇ ਸੋਨੂੰ ਦੇ ਭਰਾ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਵੱਡੀਆਂ ਰਕਮਾਂ ਟ੍ਰਾਂਸਫਰ ਕੀਤੀਆਂ ਸਨ। ਪੁਲੀਸ ਨੂੰ ਲੱਗਦਾ ਹੈ ਕਿ ਇਹੀ ਪੈਸਾ ਕਤਲ ਦਾ ਮੁੱਖ ਮਕਸਦ ਸੀ। ਗਰੇਵਾਲ ਨੇ ਰੁਪਿੰਦਰ ਨੂੰ ਧੋਖੇ ਨਾਲ ਫਸਾਇਆ ਅਤੇ ਉਸ ਨੂੰ ਮੌਤ ਦੇ ਮੂੰਹ ਵਿੱਚ ਧੱਕ ਦਿੱਤਾ।





ਕਤਲ ਦੀ ਵਾਰਦਾਤ 12 ਅਤੇ 13 ਜੁਲਾਈ ਦੀ ਦਰਮਿਆਨੀ ਰਾਤ ਨੂੰ ਵਾਪਰੀ। ਸੋਨੂੰ ਨੇ ਪੁਲੀਸ ਨੂੰ ਕਬੂਲ ਕੀਤਾ ਕਿ ਉਸ ਨੇ ਰੁਪਿੰਦਰ ਕੌਰ ਨੂੰ ਆਪਣੇ ਘਰ ਵਿੱਚ ਗਲਾ ਘੁੱਟ ਕੇ ਮਾਰ ਦਿੱਤਾ। ਫਿਰ ਲਾਸ਼ ਨੂੰ ਨਸ਼ਟ ਕਰਨ ਲਈ ਉਸ ਨੇ ਆਪਣੇ ਘਰ ਦੇ ਸਟੋਰ ਰੂਮ ਵਿੱਚ ਡੀਜ਼ਲ ਨਾਲ ਸਾੜ ਦਿੱਤਾ। ਸਾਰੀ ਰਾਤ ਉਸ ਨੇ ਅਸਥੀਆਂ ਨੂੰ ਪਾਣੀ ਛਿੜਕ ਕੇ ਠੰਡਾ ਕੀਤਾ ਅਤੇ ਫਿਰ ਨੇੜਲੇ ਪਿੰਡ ਲਹਿਰਾ ਦੇ ਇੱਕ ਨਾਲੇ ਵਿੱਚ ਸੁਆਹ ਅਤੇ ਪਿੰਜਰ ਦੇ ਹਿੱਸੇ ਸੁੱਟ ਦਿੱਤੇ। ਇਹ ਵਾਰਦਾਤ ਇੰਨੀ ਭਿਆਨਕ ਸੀ ਕਿ ਪਿੰਡ ਵਾਸੀਆਂ ਨੂੰ ਵੀ ਇਸ ਬਾਰੇ ਕੋਈ ਭਿਣਕ ਨਹੀਂ ਲੱਗੀ। ਸੋਨੂੰ ਨੇ ਇਹ ਸਭ ਗਰੇਵਾਲ ਦੇ ਕਹਿਣ 'ਤੇ ਕੀਤਾ, ਜੋ ਇੰਗਲੈਂਡ ਤੋਂ ਇਸ ਕਤਲ ਦਾ ਸਾਜ਼ਿਸ਼ਕਰਤਾ ਨੂੰ ਸੀ।

ਇਹ ਮਾਮਲਾ ਸਾਹਮਣੇ ਉਦੋਂ ਆਇਆ ਜਦੋਂ ਰੁਪਿੰਦਰ ਕੌਰ ਦੀ ਭੈਣ ਕਮਲ ਕੌਰ ਖਹਿਰਾ ਨੂੰ ਉਸ ਨਾਲ ਸੰਪਰਕ ਨਾ ਹੋਣ ਕਾਰਨ ਚਿੰਤਾ ਹੋਈ। 24 ਜੁਲਾਈ ਨੂੰ ਰੁਪਿੰਦਰ ਦਾ ਫੋਨ ਬੰਦ ਹੋ ਗਿਆ ਅਤੇ ਉਸ ਤੋਂ ਬਾਅਦ ਕੋਈ ਖਬਰ ਨਹੀਂ ਮਿਲੀ। 28 ਜੁਲਾਈ ਨੂੰ ਕਮਲ ਕੌਰ ਨੇ ਅਮਰੀਕੀ ਅੰਬੈਸੀ ਨੂੰ ਇਸ ਬਾਰੇ ਸੂਚਿਤ ਕੀਤਾ। ਅੰਬੈਸੀ ਨੇ ਭਾਰਤੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਡੇਹਲੋਂ ਪੁਲੀਸ ਨੂੰ ਜਾਂਚ ਸ਼ੁਰੂ ਕਰਨ ਲਈ ਕਿਹਾ। ਸ਼ੁਰੂ ਵਿੱਚ ਸੋਨੂੰ ਨੇ ਆਪ ਪੁਲੀਸ ਕੋਲ ਜਾ ਕੇ ਰੁਪਿੰਦਰ ਨੂੰ ਲਾਪਤਾ ਦੱਸ ਕੇ ਰਿਪੋਰਟ ਦਰਜ ਕਰਵਾਈ, ਪਰ ਜਾਂਚ ਵਿੱਚ ਉਸ ਨੂੰ ਹੀ ਸ਼ੱਕੀ ਪਾਇਆ ਗਿਆ। ਪਿਛਲੇ ਹਫ਼ਤੇ ਪੁਲੀਸ ਨੇ ਸੋਨੂੰ ਨੂੰ ਹਿਰਾਸਤ ਵਿੱਚ ਲਿਆ ਅਤੇ ਉਸ ਨੇ ਕਤਲ ਦੀ ਗੱਲ ਕਬੂਲ ਲਈ।



ਚਰਨਜੀਤ ਸਿੰਘ ਗਰੇਵਾਲ ਤੇ ਰੁਪਿੰਦਰ ਕੌਰ

ਪੁਲੀਸ ਨੇ ਤੇਜ਼ੀ ਨਾਲ ਕਾਰਵਾਈ ਕੀਤੀ। ਏਸੀਪੀ ਹਰਜਿੰਦਰ ਸਿੰਘ ਗਿੱਲ ਅਤੇ ਐੱਸਐੱਚਓ ਸੁਖਜਿੰਦਰ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਸੋਨੂੰ ਦੇ ਘਰ ਤੋਂ ਸਬੂਤ ਇਕੱਠੇ ਕੀਤੇ। ਬੁੱਧਵਾਰ ਨੂੰ ਪੁਲੀਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਨਾਲੇ ਵਿੱਚੋਂ ਪਿੰਜਰ ਦੇ ਕੁਝ ਹਿੱਸੇ ਅਤੇ ਅਸਥੀਆਂ ਬਰਾਮਦ ਕੀਤੀਆਂ ਹਨ। ਇਹ ਹਿੱਸੇ ਫੋਰੈਂਸਿਕ ਜਾਂਚ ਲਈ ਭੇਜੇ ਗਏ ਹਨ, ਜਿਨ੍ਹਾਂ ਨਾਲ ਮ੍ਰਿਤਕ ਦੀ ਪਛਾਣ ਸਥਾਪਤ ਕੀਤੀ ਜਾਵੇਗੀ। ਪੁਲੀਸ ਨੇ ਬੈਂਕ ਰਿਕ-ਾਰਡ ਵੀ ਚੈੱਕ ਕੀਤੇ ਹਨ, ਜਿਨ੍ਹਾਂ ਵਿੱਚ ਰੁਪਿੰਦਰ ਕੌਰ ਵੱਲੋਂ ਟ੍ਰਾਂਸਫਰ ਕੀਤੀਆਂ ਰਕਮਾਂ ਦੀ ਪੁਸ਼ਟੀ ਹੋਈ ਹੈ। ਗਰੇਵਾਲ ਨੂੰ ਮੁੱਖ ਸਾਜ਼ਿਸ਼ਕਾਰ ਮੰਨਿਆ ਜਾ ਰਿਹਾ ਹੈ ਅਤੇ ਉਹ ਇਸ ਵੇਲੇ ਯੂਕੇ ਵਿੱਚ ਫਰਾਰ ਹੈ। ਪੁਲੀਸ ਇੰਟਰਨੈਸ਼ਨਲ ਪੱਧਰ 'ਤੇ ਸਹਿਯੋਗ ਲੈ ਕੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਤਿਆਰੀ ਕਰ ਰਹੀ ਹੈ। ਡੇਹਲੋਂ ਐੱਸਐੱਚਓ ਨੇ ਆਪਣੀ ਸਟੇਟਸ ਰਿਪੋਰਟ ਵਿੱਚ ਵੀ ਇਸ ਸਾਜ਼ਿਸ਼ ਦੀ ਪੁਸ਼ਟੀ ਕੀਤੀ ਹੈ।

ਰੁਪਿੰਦਰ ਕੌਰ ਦੀ ਭੈਣ ਕਮਲ ਕੌਰ ਖਹਿਰਾ ਨੇ ਮੀਡੀਆ ਨਾਲ ਗੱਲਬਾਤ ਵਿੱਚ ਕਿਹਾ ਕਿ ਉਸ ਨੂੰ ਆਪਣੀ ਭੈਣ ਨਾਲ ਹੋਏ ਧੋਖੇ ਦਾ ਬਹੁਤ ਅਫ਼ਸੋਸ ਹੈ। "ਮੇਰੀ ਭੈਣ ਵਿਆਹ ਕਰਨ ਆਈ ਸੀ, ਪਰ ਉਸ ਨੂੰ ਮੌਤ ਮਿਲੀ। ਗਰੇਵਾਲ ਅਤੇ ਸੋਨੂੰ ਨੇ ਪੈਸੇ ਲਈ ਉਸ ਨੂੰ ਮਾਰ ਦਿੱਤਾ। ਅਸੀਂ ਪੂਰੀ ਜਾਂਚ ਚਾਹੁੰਦੇ ਹਾਂ ਅਤੇ ਨਿਆਂ ਚਾਹੁੰਦੇ ਹਾਂ," ਉਸ ਨੇ ਕਿਹਾ। ਪਰਿਵਾਰ ਨੇ ਅਮਰੀਕੀ ਅੰਬੈਸੀ ਨੂੰ ਵੀ ਇਸ ਮਾਮਲੇ ਵਿੱਚ ਵਧੇਰੇ ਦਖਲ ਦੇਣ ਲਈ ਅਪੀਲ ਕੀਤੀ ਹੈ। ਇਸ ਮਾਮਲੇ ਨੇ ਐੱਨ ਆਰ ਆਈ ਭਾਈਚਾਰੇ ਵਿੱਚ ਡਰ ਪੈਦਾ ਕਰ ਦਿੱਤਾ ਹੈ, ਕਿਉਂਕਿ ਅਜਿਹੇ ਮਾਮਲੇ ਵਧ ਰਹੇ ਹਨ ਜਿੱਥੇ ਵਿਦੇਸ਼ ਵੱਸਦੇ ਭਾਰਤੀਆਂ ਨੂੰ ਜਾਇਦਾਦ ਜਾਂ ਪੈਸੇ ਲਈ ਨਿਸ਼ਾਨਾ ਬਣਾਇਆ ਜਾਂਦਾ ਹੈ।

**ਇੰਗਲੈਂਡ ਵਸਦੇ ਚਰਨਜੀਤ ਸਿੰਘ ਗਰੇਵਾਲ ਦਾ ਸਾਡੇ ਕੋਲ ਕੋਈ ਸੰਪਰਕ ਨਹੀਂ ਹੈ। ਇਹ ਖ਼ਬਰ ਪੁਲੀਸ ਦੀ ਰਿਪੋਰਟ 'ਤੇ ਅਧਾਰਿਤ ਹੈ। ਸ: ਗਰੇਵਾਲ ਸਾਡੇ ਨਾਲ ਸੰਪਰਕ ਕਰਕੇ ਇਸ ਖ਼ਬਰ ਦੀ ਸਚਾਈ ਬਾਰੇ ਪੂਰੀ ਜਾਣਕਾਰੀ ਦੇ ਸਕਦੇ ਹਨ।**

ਪੰਜਾਬ ਟਾਈਮਜ ਅਨੁਸਾਰ ਪੰਜਾਬ ਵਿੱਚ ਅਜਿਹੇ ਕਤਲਾਂ ਦੀ ਵਧਦੀ ਗਿਣਤੀ ਚਿੰਤਾ ਦਾ ਵਿਸ਼ਾ ਹੈ। ਪਿਛਲੇ ਕੁਝ ਸਾਲਾਂ ਵਿੱਚ ਕਈ ਐੱਨ ਆਰ ਆਈ ਮਹਿਲਾਵਾਂ ਅਤੇ ਮਰਦਾਂ ਨੂੰ ਜਾਇਦਾਦ ਵਿਵਾਦਾਂ ਜਾਂ ਧੋਖੇਬਾਜ਼ ਵਿਆਹਾਂ ਵਿੱਚ ਮਾਰਿਆ ਗਿਆ ਹੈ। ਉਦਾਹਰਨ ਵਜੋਂ, ਹਾਲ ਹੀ ਵਿੱਚ ਲੁਧਿਆਣਾ ਵਿੱਚ ਹੀ ਇੱਕ ਹੋਰ ਐੱਨ ਆਰ ਆਈ ਔਰਤ ਨੂੰ ਅੱਗ ਲਾ ਕੇ ਮਾਰਨ ਦਾ ਮਾਮਲਾ ਸਾਹਮਣੇ ਆਇਆ ਸੀ, ਜਿੱਥੇ ਇੱਕ ਨਾਬਾਲਗ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਮਾਮਲੇ ਦਰਸਾਉਂਦੇ ਹਨ ਕਿ ਵਿਦੇਸ਼ ਵੱਸਦੇ ਭਾਰਤੀਆਂ ਨੂੰ ਆਪਣੇ ਵਤਨ ਆਉਂਦੇ ਸਮੇਂ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਉਹ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਨਵੇਂ ਕਦਮ ਚੁੱਕ ਰਹੇ ਹਨ, ਜਿਵੇਂ ਕਿ ਵਿਦੇਸ਼ੀ ਨਾਗਰਿਕਾਂ ਦੀ ਸੁਰੱਖਿਆ ਲਈ ਵਿਸ਼ੇਸ਼ ਸੈੱਲ ਬਣਾਉਣਾ।

ਇਸ ਕੇਸ ਵਿੱਚ ਅਜੇ ਵੀ ਕਈ ਪਹਿਲੂ ਜਾਂਚ ਅਧੀਨ ਹਨ। ਪੁਲੀਸ ਵਿੱਤੀ ਰਿਕਾਰਡਾਂ ਨੂੰ ਖੰਗਾਲ ਰਹੀ ਹੈ ਅਤੇ ਫੋਰੈਂਸਿਕ ਰਿਪੋਰਟਾਂ ਦੀ ਉਡੀਕ ਕਰ ਰਹੀ ਹੈ। ਗਰੇਵਾਲ ਨੂੰ ਗ੍ਰਿਫ਼ਤਾਰ ਕਰਨ ਲਈ ਇੰਟਰਪੋਲ ਨੂੰ ਵੀ ਸੂਚਿਤ ਕੀਤਾ ਜਾ ਰਿਹਾ ਹੈ। ਰੁਪਿੰਦਰ ਕੌਰ ਦੀ ਮੌਤ ਨੇ ਨਾ ਸਿਰਫ਼ ਉਸ ਦੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਬਲਕਿ ਪੂਰੇ ਐੱਨ ਆਰ ਆਈ ਭਾਈਚਾਰੇ ਨੂੰ ਚੇਤੰਨ ਕੀਤਾ ਹੈ ਕਿ ਵਿਆਹ ਜਾਂ ਵਪਾਰ ਵਰਗੇ ਮੌਕਿਆਂ ਵਿੱਚ ਧੋਖੇ ਦਾ ਸ਼ਿਕਾਰ ਨਾ ਹੋ ਜਾਣ।

# ਪਟਿਆਲਾ ਜੇਲ੍ਹ ਵਿੱਚ ਸਿੱਖ ਨੌਜਵਾਨ ਸੰਦੀਪ ਸਿੰਘ ਸੰਨੀ ਉੱਤੇ ਭਿਆਨਕ ਤਸ਼ੱਦਦ

## ✪ ਅਦਾਲਤ ਵਿੱਚ ਖੜ੍ਹੇ ਲੋਕ ਰੋ ਪਏ, ਅਕਾਲ ਤਖ਼ਤ ਨੇ ਲਿਆ ਨੋਟਿਸ







ਪਟਿਆਲਾ-ਪੰਜਾਬ ਦੇ ਪਟਿਆਲਾ ਜੇਲ੍ਹ ਵਿੱਚ ਬੰਦ ਸਿੱਖ ਨੌਜਵਾਨ ਭਾਈ ਸੰਦੀਪ ਸਿੰਘ ਸੰਨੀ (ਅੰਮ੍ਰਿਤਸਰ ਵਾਲੇ) ਉੱਤੇ ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਵੱਲੋਂ ਕੀਤੇ ਗਏ ਭਿਆਨਕ ਤਸ਼ੱਦਦ ਨੇ ਪਟਿਆਲਾ ਜ਼ਿਲ੍ਹਾ ਅਦਾਲਤ ਵਿੱਚ ਇੱਕ ਭਾਵੁਕ ਮਾਹੌਲ ਪੈਦਾ ਕਰ ਦਿੱਤਾ। ਅਦਾਲਤੀ ਪੇਸ਼ੀ ਦੌਰਾਨ ਜਦੋਂ ਜੱਜ ਸਾਹਿਬ ਨੇ ਸੰਦੀਪ ਨੂੰ ਆਪਣੇ ਸਰੀਰ ਤੇ ਹੋਏ ਨੁਕਸਾਨ ਨੂੰ ਵਿਖਾਉਣ ਲਈ ਕੱਪੜੇ ਉਤਾਰਨ ਲਈ ਕਿਹਾ, ਤਾਂ ਅਦਾਲਤ ਵਿੱਚ ਖੜ੍ਹੇ ਸਾਰੇ ਲੋਕ ਰੋਣ ਲੱਗ ਪਏ। ਉਨ੍ਹਾਂ ਦੇ ਲੱਕ ਤੋਂ ਹੇਠਾਂ ਸਾਰਾ ਸਰੀਰ ਬੁਰੀ ਤਰ੍ਹਾਂ ਫਿਸਿਆ ਪਿਆ ਸੀ ਅਤੇ ਤਿੰਨ ਕੱਛਹਿਰੇ ਖੂਨ ਨਾਲ ਭਿੱਜੇ ਹੋਏ ਸਨ। ਇਹ ਨਜ਼ਾਰਾ ਵੇਖ ਕੇ ਵਕੀਲ ਘੁੰਮਣ ਭਰਾ ਭਾਵੁਕ ਹੋ ਗਏ ਅਤੇ ਨੇ ਕਿਹਾ ਕਿ ਉਹ ਇਸ ਕੇਸ ਵਿੱਚ ਆਪਣੀ ਜਾਨ ਵੀ ਲਗਾ ਦੇਣਗੇ।

ਇਹ ਮਾਮਲਾ ਹੁਣ ਪੰਜਾਬ ਸਰਕਾਰ ਅਤੇ ਜੇਲ੍ਹ ਪ੍ਰਸ਼ਾਸਨ ਲਈ ਚੁਣੌਤੀ ਬਣ ਗਿਆ ਹੈ, ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀ ਸਖ਼ਤ ਨੋਟਿਸ ਲਿਆ ਹੈ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਪਰਿਵਾਰ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਪੰਥਕ ਮੁੱਦੇ ਵਿੱਚ ਇੱਕਜੁਟ ਹੋ ਹੋਣ।

### ਘਟਨਾ ਦਾ ਵੇਰਵਾ: ਜੇਲ੍ਹ ਵਿੱਚ ਹਮਲਾ ਅਤੇ ਬਾਅਦ ਵਿੱਚ ਤਸ਼ੱਦਦ

ਭਾਈ ਸੰਦੀਪ ਸਿੰਘ ਸੰਨੀ 2016 ਵਿੱਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਗੋਲੀਕਾਂਡ ਮਾਮਲੇ ਵਿੱਚ ਨਜ਼ਰਬੰਦ ਹਨ ਅਤੇ ਪਟਿਆਲਾ ਜੇਲ੍ਹ ਵਿੱਚ ਬੰਦ ਹਨ। ਬੀਤੇ ਕੁਝ ਦਿਨਾਂ ਪਹਿਲਾਂ ਜੇਲ੍ਹ ਵਿੱਚ ਇੱਕ ਭਿਆਨਕ ਘਟਨਾ ਵਾਪਰੀ, ਜਿੱਥੇ ਸੰਦੀਪ ਨੇ ਉਸੇ ਜੇਲ੍ਹ ਵਿੱਚ ਬੰਦ ਤਿੰਨ ਸਾਬਕਾ ਪੁਲਿਸ ਅਧਿਕਾਰੀਆਂ - ਡੀ.ਐੱਸ.ਪੀ. ਗੁਰਬਚਨ ਸਿੰਘ, ਇੰਸਪੈਕਟਰ ਸੂਬਾ ਸਿੰਘ (ਜਿਸ ਨੂੰ 'ਸੂਬਾ ਸਰਹੰਦ' ਵੀ ਕਿਹਾ ਜਾਂਦਾ ਹੈ) ਅਤੇ ਡਰੱਗ ਤਸਕਰੀ ਮਾਮਲੇ ਵਿੱਚ ਬੰਦ ਇੰਸਪੈਕਟਰ ਇੰਦਰਜੀਤ ਸਿੰਘ - ਉੱਤੇ ਹਮਲਾ ਕੀਤਾ। ਇਹ ਅਧਿਕਾਰੀ 1984 ਅਤੇ ਬਾਅਦ ਵਾਲੇ ਸਮੇਂ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਪੰਜਾਬ ਨੌਜਵਾਨਾਂ ਨੂੰ ਮਾਰਨ ਵਾਲੇ ਦੋਸ਼ੀ ਮੰਨੇ ਜਾਂਦੇ ਹਨ। ਹਮਲੇ ਵਿੱਚ ਤਿੰਨੇ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਪਟਿਆਲਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਪਰਿਵਾਰ ਅਤੇ ਵਕੀਲ ਅਨੁਸਾਰ, ਇਹ ਪੂਰੀ ਘਟਨਾ ਭਾਈ ਸੰਦੀਪ ਵਿਰੁੱਧ ਇੱਕ ਗਹਿਰੀ ਸਾਜ਼ਿਸ਼ ਸੀ। ਇਹ ਅਧਿਕਾਰੀ ਜਾਣ ਬੁੱਝ ਕੇ ਸੰਦੀਪ ਨਾਲ ਉਲਝੇ, ਜਿਸ ਨਾਲ ਉਹ ਆਪਣੇ ਬਚਾਅ ਵਿੱਚ ਹਮਲਾ ਕਰਨ ਲਈ ਮਜਬੂਰ ਹੋ ਗਏ। ਹਮਲੇ ਤੋਂ ਬਾਅਦ ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਨੇ ਸੰਦੀਪ ਉੱਤੇ ਅਣਮਨੁੱਖੀ ਤਸ਼ੱਦਦ ਕੀਤਾ - ਉਨ੍ਹਾਂ ਦੇ ਤਿੰਨ ਵਾਰ ਕੱਛਹਿਰੇ ਬਦਲੇ, ਗਿੱਟੇ ਤੋੜੇ, ਦੋਵੇਂ ਅੱਖਾਂ ਨੂੰ ਨੁਕਸਾਨ ਪਹੁੰਚਾਇਆ, ਦਾੜ੍ਹੀ-ਕੇਸਾਂ ਦੀ ਬੇਅਦਬੀ ਕੀਤੀ ਅਤੇ ਅਧਮੋਇਆ ਕਰ ਦਿੱਤਾ। ਉਨ੍ਹਾਂ ਨੂੰ ਇਕੱਲੇ ਕੋਠੜੀ ਵਿੱਚ ਬੰਦ ਕਰਕੇ ਰੱਖਿਆ ਗਿਆ, ਜਿੱਥੇ ਚੱਕਰ ਆਉਣ ਅਤੇ ਸਰੀਰ ਵਿੱਚ ਭਿਆਨਕ ਦਰਦ ਹੋਣ ਤੇ ਵੀ ਮੈਡੀਕਲ ਨਹੀਂ ਦਿੱਤਾ। ਫੋਨ ਰਾਹੀਂ ਪਰਿਵਾਰ ਨਾਲ ਗੱਲ ਕਰਕੇ ਸੰਦੀਪ ਨੇ ਆਪਣੀ ਹਾਲਤ ਦੀ ਪੁਸ਼ਟੀ ਕੀਤੀ, ਜਿਸ ਦੀ ਰਿਕਾਰਡਿੰਗ ਵੀ ਅਦਾਲਤ ਵਿੱਚ ਪੇਸ਼ ਕੀਤੀ ਗਈ।

ਪਰਿਵਾਰ ਨੇ ਦੱਸਿਆ ਕਿ ਅਦਾਲਤ ਨੇ 15 ਸਤੰਬਰ ਨੂੰ ਮੈਡੀਕਲ ਜਾਂਚ ਦੇ ਹੁਕਮ ਦਿੱਤੇ ਸਨ, ਪਰ ਪੁਲਿਸ ਨੇ ਇਹ ਨਹੀਂ ਕਰਵਾਏ ਅਤੇ ਸੰਦੀਪ ਨੂੰ ਪਟਿਆਲਾ ਤੋਂ ਸੰਗਰੂਰ ਜੇਲ੍ਹ ਵਿੱਚ ਤਬਾਦਲਾ ਕਰ ਦਿੱਤਾ, ਜੋ ਤਸ਼ੱਦਦ ਨੂੰ ਲੁਕਾਉਣ ਦੀ ਕੋਸ਼ਿਸ਼ ਵਜੋਂ ਵੇਖਿਆ ਜਾ ਰਿਹਾ ਹੈ। ਪਰਿਵਾਰ ਨੇ ਜੇਲ੍ਹ ਸਾਹਮਣੇ ਲਗਾਤਾਰ ਧਰਨਾ ਲਗਾਇਆ ਹੈ, ਪਰ ਸਿੱਖ ਕੌਮ ਅਤੇ ਜਥੇਬੰਦੀਆਂ ਵੱਲੋਂ ਪੂਰਾ ਸਮਰਥਨ ਨਾ ਮਿਲਣ ਉੱਤੇ ਗਹਿਰਾ ਰੋਸ ਜ਼ਾਹਰ ਕੀਤਾ ਹੈ। ਭਰਾ ਅਮਰਜੀਤ ਸਿੰਘ ਨੇ ਕਿਹਾ, "ਪਿਛਲੇ ਕਈ ਦਿਨਾਂ ਤੋਂ ਧਰਨੇ ਵਿੱਚ ਸੰਗਤ ਦੀ ਹਾਜ਼ਰੀ ਘੱਟ ਹੈ ਅਤੇ ਜਥੇਬੰਦੀਆਂ ਆਪਣਾ ਫਰਜ਼ ਨਹੀਂ ਨਿਭਾ ਰਹੀਆਂ। ਇਸ ਮੌਕੇ ਸੰਦੀਪ ਦੇ ਭਰਾ ਭਾਈ ਅਮਰਜੀਤ ਸਿੰਘ ਬੜਗੁਜਰਾਂ ਤੇ ਵਕੀਲ ਘੁੰਮਣ ਨੇ ਚੇਤਾਵਨੀ ਦਿੱਤੀ ਕਿ ਜੇ ਕਾਰਵਾਈ ਨਾ ਹੋਈ ਤਾਂ ਸਿੱਖ ਜਥੇਬੰਦੀਆਂ ਨੂੰ ਸੰਘਰਸ਼ ਦਾ ਰਾਹ ਅਪਨਾਉਣਾ ਪਵੇਗਾ। ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਦੋਸ਼ੀ ਅਧਿਕਾਰੀਆਂ ਦੀ ਬੈਰਕ ਬਦਲੀ ਜਾਵੇ ਅਤੇ ਸੰਦੀਪ ਨੂੰ ਸਹੂਲਤਾਂ ਦਿੱਤੀਆਂ ਜਾਣ, ਨਹੀਂ ਤਾਂ ਪੰਜਾਬ ਦਾ ਮਹੌਲ ਵਿਗੜ ਸਕਦਾ ਹੈ। ਪਰਿਵਾਰ ਨੇ ਦੇਸ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਭਾਈ ਸੰਦੀਪ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇ ਅਤੇ ਪੰਜਾਬ ਵਿੱਚ ਸਿੱਖ ਜਥੇਬੰਦੀਆਂ ਉੱਤੇ ਦਬਾਅ ਪਾਇਆ ਜਾਵੇ ਕਿ ਉਹ ਪਰਿਵਾਰ ਦਾ ਸਾਥ ਦੇਣ। ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਪੰਥਕ ਮੁੱਦੇ ਨੂੰ ਹਲ ਨਾ ਕੀਤਾ ਤਾਂ ਵੱਡਾ ਅੰਦੋਲਨ ਖੜ੍ਹਾ ਹੋ ਸਕਦਾ ਹੈ।

### ਅਕਾਲ ਤਖ਼ਤ ਅਤੇ ਪੰਥਕ ਨੇਤਾਵਾਂ ਦਾ ਸਟੈਂਡ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਅਦਾਲਤੀ ਹੁਕਮਾਂ ਦੀ ਅਣਦੇਖੀ ਅਤੇ ਤਬਾਦਲਾ ਤਸ਼ੱਦਦ ਦੀ ਪੁਸ਼ਟੀ ਕਰਦਾ ਹੈ। ਜਥੇਦਾਰ ਨੇ ਜੇਲ੍ਹ ਪ੍ਰਸ਼ਾਸਨ ਨੂੰ ਤੁਰੰਤ ਮੈਡੀਕਲ ਜਾਂਚ ਕਰਵਾਉਣ ਅਤੇ ਰਿਪੋਰਟ ਅਦਾਲਤ ਵਿੱਚ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਜੇ ਤਸ਼ੱਦਦ ਪੁਸ਼ਟੀ ਹੋਈ ਤਾਂ ਦੋਸ਼ੀ ਅਧਿਕਾਰੀਆਂ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਮੁਅੱਤਲ ਕਰਨ ਅਤੇ ਸਜ਼ਾ ਦੇਣ ਦੀ ਮੰਗ ਕੀਤੀ। ਉਨ੍ਹਾਂ ਨੇ ਪੰਜਾਬ ਜੇਲ੍ਹ ਮੰਤਰੀ ਨੂੰ ਉੱਚ ਪੱਧਰੀ ਨਿਰਪੱਖ ਜਾਂਚ ਅਤੇ ਸਖ਼ਤ ਕਾਰਵਾਈ ਦੀ ਅਪੀਲ ਕੀਤੀ। ਜਥੇਦਾਰ ਨੇ ਚਿੰਤਾ ਜ਼ਾਹਰ ਕੀਤੀ ਕਿ ਜੇਲ੍ਹ ਵਿੱਚ ਹੀ ਕੈਦੀਆਂ ਉੱਤੇ ਤਸ਼ੱਦਦ ਹੋਣਾ ਪ੍ਰਸ਼ਾਸਨ ਦੀ ਨਾਕਾਮੀ ਨੂੰ ਉਜਾਗਰ ਕਰਦਾ ਹੈ ਅਤੇ ਜੇ ਬੈਰਕ ਪਹਿਲਾਂ ਬਦਲੀ ਜਾਂਦੀ ਤਾਂ ਇਹ ਘਟਨਾ ਨਾ ਵਾਪਰਦੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਹੋਰ ਪੰਥਕ ਨੇਤਾਵਾਂ ਨੇ ਵੀ ਜੇਲ੍ਹ ਪ੍ਰਸ਼ਾਸਨ ਦੇ ਵਿਵਹਾਰ ਨੂੰ ਦੁਖਦਾਈ ਅਤੇ ਬੇਇਨਸਾਫ਼ੀ ਵਾਲਾ ਕਿਹਾ ਹੈ। ਇਹ ਮਾਮਲਾ ਸਿੱਖ ਕੈਦੀਆਂ ਦੀ ਸੁਰੱਖਿਆ ਤੇ ਜੇਲ੍ਹ ਪ੍ਰਸ਼ਾਸਨ ਦੀ ਜਵਾਬਦੇਹੀ ਉੱਤੇ ਗੰਭੀਰ ਸਵਾਲ ਉਠਾਉਂਦਾ ਹੈ। ਇਹ ਘਟਨਾ ਪੰਜਾਬ ਦੇ ਜੇਲ੍ਹ ਸਿਸਟਮ ਅਤੇ ਕੈਦੀਆਂ ਦੇ ਅਧਿਕਾਰਾਂ ਬਾਰੇ ਗੰਭੀਰ ਚਿੰਤਾ ਪੈਦਾ ਕਰਦੀ ਹੈ। ਸਰਕਾਰ ਨੂੰ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਇਨਸਾਫ਼ ਮਿਲ ਸਕੇ ਅਤੇ ਮਹੌਲ ਸ਼ਾਂਤ ਰਹੇ।

# ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦਾ ਪੁੱਤ ਕਬੀਰ ਕੁੱਸਾ ਕਬੀਲਦਾਰ ਬਣਿਆ

## ✪ ਪੰਜਾਬੀ ਫਿਲਮ ਇੰਡਸਟਰੀ ਅਤੇ ਸ਼ੁਭਚਿੰਤਕਾਂ ਨੇ ਵਧਾਈਆਂ ਦੇ ਅੰਬਾਰ ਲਾਏ



ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-ਲੇਖਕ ਜਾਂ ਕਲਮਕਾਰ ਕਿਸੇ ਇੱਕ ਪਰਿਵਾਰ ਦੇ ਨਾ ਹੋ ਕੇ ਪੂਰੇ ਜਗਤ ਦੇ ਹੋ ਜਾਂਦੇ ਹਨ। ਪਾਠਕ ਵਰਗ ਉਹਨਾਂ ਦਾ ਆਪਣਾ ਪਰਿਵਾਰ ਬਣ ਜਾਂਦਾ ਹੈ। ਜਦੋਂ ਲੇਖਕਾਂ ਜਾਂ ਕਲਮਕਾਰਾਂ ਦੇ ਪਰਿਵਾਰਾਂ ਵਿੱਚ ਕਿਸੇ ਵੇਲੇ ਖੁਸ਼ੀ ਦਾ ਮਾਹੌਲ ਬਣਦਾ ਹੈ ਤਾਂ ਉਸ ਖੁਸ਼ੀ ਦੇ ਵਿੱਚ ਉਹਨਾਂ ਦੇ ਪਾਠਕ ਵੀ ਸ਼ਾਮਿਲ ਹੁੰਦੇ ਹਨ। ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਪੁੱਤਰ ਕਬੀਰ ਕੁੱਸਾ ਦਾ ਵਿਆਹ ਬਨੀਤਾ ਖੁਣਖੁਣ ਨਾਲ ਹੋਇਆ ਤਾਂ ਦੇਸ਼ ਵਿਦੇਸ਼ ਵਿੱਚ ਵੱਸਦੇ ਸ਼ਿਵਚਰਨ ਜੱਗੀ ਕੁੱਸਾ ਦੇ ਪਾਠਕਾਂ ਵੱਲੋਂ ਵੀ ਖੁਸ਼ੀ ਮਨਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਬੀਰ ਕੁੱਸਾ ਦਾ ਬੀਤੇ ਦਿਨੀਂ ਵਿਆਹ ਹੋਇਆ ਤਾਂ ਬਹੁਤ ਸਾਰੇ ਮਿੱਤਰ ਪਿਆਰਿਆਂ ਨੇ ਇਸ ਸਮਾਗਮ ਵਿੱਚ ਪਹੁੰਚ ਕੇ ਨਵ-ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ। ਇਸ ਖੁਸ਼ੀ ਵਿੱਚ ਸ਼ਾਮਲ ਹੁੰਦਿਆਂ ਵਿਸ਼ਵ ਪ੍ਰਸਿੱਧ ਰੰਗਮੰਚ ਨਿਰਦੇਸ਼ਕ ਨਿਰਮਲ ਜੌੜਾ, ਪੰਜ ਦਰਿਆ ਅਖ਼ਬਾਰ ਦੇ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ, ਪ੍ਰਸਿੱਧ ਲੇਖਕ ਗੁਰਚਰਨ ਸੱਗੂ, ਲਹਿੰਦੇ ਪੰਜਾਬ ਦੀ ਮਾਣਮੱਤੀ ਲੇਖਿਕਾ ਸ਼ਗੁਫਤਾ ਗਿੰਮੀ ਲੋਧੀ, ਕੌਂਸਲਰ ਰਾਜਿੰਦਰ ਸਿੰਘ ਅਟਵਾਲ, ਹਰਜਿੰਦਰ ਸਿੰਘ ਅਟਵਾਲ, ਲੇਖਿਕਾ ਤੇ ਰੇਡੀਓ ਪੇਸ਼ਕਾਰਾ ਭਿੰਦਰ ਜਲਾਲਾਬਾਦੀ, ਸ਼ਾਇਰਾ ਮਨਜੀਤ ਕੌਰ ਪੱਡਾ, ਗਾਇਕਾ ਤੇ ਸ਼ਾਇਰਾ ਗੁਰਮੇਲ ਕੌਰ ਸੰਘਾ, ਕਵਿੱਤਰੀ ਕਿੱਟੀ ਬੱਲ, ਸ਼ਾਇਰ ਅਜੀਮ ਸ਼ੇਖਰ, ਲੇਖਕ ਜੱਸੀ ਢੱਟ, ਸ਼ਿਵਦੀਪ ਕੌਰ ਢੇਸੀ, ਵਰਿੰਦਰ ਖੁਰਮੀ, ਨਵਦੀਪ ਸਿੰਘ ਦਿਓਲ ਆਦਿ ਸਮੇਤ ਭਾਰੀ ਗਿਣਤੀ ਵਿੱਚ ਸਨੇਹੀਆਂ ਨੇ ਪਹੁੰਚ ਕੇ ਜੱਗੀ ਕੁੱਸਾ ਨੂੰ ਮੁਬਾਰਕਬਾਦ ਆਖੀ। ਮੈਂਬਰ ਪਾਰਲੀਮੈਂਟ ਸ਼੍ਰੀ ਵਰਿੰਦਰ ਸ਼ਰਮਾ, ਮੋਤਾ ਸਿੰਘ ਸਰਾਏ, ਫਿਲਮ ਡਾਇਰੈਕਟਰ ਸਿਮਰਜੀਤ ਸਿੰਘ, ਲਵਲੀ ਸ਼ਰਮਾ, ਸੁਖਮਿੰਦਰ ਧੰਜਲ, ਰਵਿੰਦਰ ਰਵੀ, ਪੱਤਰਕਾਰ ਮਨਪ੍ਰੀਤ ਸਿੰਘ ਬੱਧਨੀ ਕਲਾਂ, ਪੰਜਾਬ ਟਾਈਮਜ਼ ਦੇ ਮੁੱਖ ਸੰਪਾਦਕ ਰਾਜਿੰਦਰ ਸਿੰਘ ਪੁਰੇਵਾਲ ਅਤੇ ਹਰਜਿੰਦਰ ਸਿੰਘ ਮੰਡੇਰ ਨੇ ਫੋਨ 'ਤੇ ਵਧਾਈਆਂ ਦਿੰਦਿਆਂ ਜੋੜੀ ਨੂੰ ਸ਼ੁਭ ਕਾਮਨਾਵਾਂ ਅਰਪਨ ਕੀਤੀਆਂ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :– ਨਫਰਤ ਨੂੰ ਪਿਆਰ ਨਾਲ ਅਤੇ ਬਦੀ ਨੂੰ ਨੇਕੀ ਦੀ ਢਾਲ ਨਾਲ ਸਿੱਧੇ ਰਸਤੇ ਲਿਆਇਆ ਜਾ ਸਕਦਾ ਹੈ ।**

# ਸਿੱਖਾਂ ਦੀ ਆਸਥਾ ਨਾਲ ਖਿਲਵਾੜ: ਮੋਦੀ ਸਰਕਾਰ ਦੇ ਦੋਹਰੇ ਮਾਪਦੰਡ

ਭਾਰਤ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਤੋਂ ਰੋਕਣ ਦਾ ਫੈਸਲਾ ਨਾ ਸਿਰਫ਼ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ, ਸਗੋਂ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਦੋਹਰੇ ਮਾਪਦੰਡਾਂ ਨੂੰ ਵੀ ਸਾਹਮਣੇ ਲਿਆਉਂਦਾ ਹੈ। 12 ਸਤੰਬਰ 2025 ਦੀ ਕੇਂਦਰੀ ਗ੍ਰਹਿ ਮੰਤਰਾਲੇ ਦੀ ਐਡਵਾਈਜ਼ਰੀ, ਜਿਸ ਵਿੱਚ ਸੁਰੱਖਿਆ ਚਿੰਤਾਵਾਂ ਅਤੇ ਭਾਰਤ-ਪਾਕਿਸਤਾਨ ਸਬੰਧਾਂ ਵਿੱਚ ਤਣਾਅ ਦਾ ਹਵਾਲਾ ਦਿੱਤਾ ਗਿਆ, ਸਿੱਖ ਸੰਗਤਾਂ ਨੂੰ ਪਵਿੱਤਰ ਸਥਾਨਾਂ ਤੋਂ ਵਾਂਝਿਆਂ ਕਰਨ ਦਾ ਬਹਾਨਾ ਬਣਾਇਆ ਗਿਆ। ਇਸ ਦੇ ਉਲਟ, ਭਾਰਤ ਅਤੇ ਪਾਕਿਸਤਾਨ ਵਿਚਕਾਰ ਕ੍ਰਿਕਟ ਮੈਚ, ਜਿਵੇਂ ਕਿ 14 ਸਤੰਬਰ 2025 ਨੂੰ ਦੁਬਈ ਵਿੱਚ ਹੋਇਆ ਏਸ਼ੀਆ ਕੱਪ ਮੈਚ, ਨੂੰ ਹਰੀ ਝੰਡੀ ਦਿੱਤੀ ਗਈ। ਇਹ ਸਪੱਸ਼ਟ ਕਰਦਾ ਹੈ ਕਿ ਸਰਕਾਰ ਲਈ ਖੇਡਾਂ ਦੀ ਅਹਿਮੀਅਤ ਸਿੱਖਾਂ ਦੀ ਧਾਰਮਿਕ ਆਸਥਾ ਨਾਲੋਂ ਵੱਧ ਹੈ।

ਸਿੱਖ ਪੰਥ ਲਈ ਗੁਰਧਾਮਾਂ ਦੇ ਦਰਸ਼ਨ ਸਿਰਫ਼ ਯਾਤਰਾ ਨਹੀਂ, ਸਗੋਂ ਆਸਥਾ ਅਤੇ ਸ਼ਰਧਾ ਦਾ ਪ੍ਰਤੀਕ ਹਨ। 1947 ਦੀ ਵੰਡ ਨੇ ਸਿੱਖਾਂ ਨੂੰ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਵਰਗੇ ਪਵਿੱਤਰ ਅਸਥਾਨਾਂ ਤੋਂ ਵਿਛੋੜ ਦਿੱਤਾ। 1950 ਦੇ ਨਹਿਰੂ-ਲਿਆਕਤ ਸਮਝੌਤੇ ਨੇ ਸਿੱਖਾਂ ਨੂੰ ਇਨ੍ਹਾਂ ਗੁਰਧਾਮਾਂ ਦੇ ਦਰਸ਼ਨਾਂ ਦੀ ਇਜਾਜ਼ਤ ਦਿੱਤੀ ਸੀ, ਪਰ ਮੋਦੀ ਸਰਕਾਰ ਦੀਆਂ ਵਾਰ-ਵਾਰ ਪਾਬੰਦੀਆਂ ਨੇ ਇਸ ਸਮਝੌਤੇ ਦੀ ਭਾਵਨਾ ਨੂੰ ਠੇਸ ਪਹੁੰਚਾਈ ਹੈ। ਜੂਨ 2019, ਮਾਰਚ 2020, ਮਈ 2025 ਅਤੇ ਜੂਨ 2025 ਵਿੱਚ ਵੀ ਸਿੱਖ ਜਥਿਆਂ ਨੂੰ ਰੋਕਿਆ ਗਿਆ। ਇਹ ਪੈਟਰਨ ਸਰਕਾਰ ਦੀ ਸਿੱਖ ਵਿਰੋਧੀ ਨੀਤੀ ਨੂੰ ਸਾਹਮਣੇ ਲਿਆਉਂਦਾ ਹੈ। ਸੁਰੱਖਿਆ ਦਾ ਬਹਾਨਾ ਬਣਾਉਣਾ ਸਰਕਾਰ ਦੀ ਨੀਅਤ 'ਤੇ ਸਵਾਲ ਖੜ੍ਹੇ ਕਰਦਾ ਹੈ। ਜੇ ਅਮਰਨਾਥ ਯਾਤਰਾ ਅੱਤਵਾਦੀ ਖਤਰਿਆਂ ਦੇ ਬਾਵਜੂਦ ਜਾਰੀ ਰਹਿ ਸਕਦੀ ਹੈ, ਤਾਂ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਵਿੱਚ ਉੱਚ ਪੱਧਰੀ ਸੁਰੱਖਿਆ ਮਿਲਣ ਦੇ ਬਾਵਜੂਦ ਕਿਉਂ ਰੋਕਿਆ ਜਾ ਰਿਹਾ ਹੈ ?

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਹੀ ਸਵਾਲ ਉਠਾਇਆ ਕਿ ਸੁਰੱਖਿਆ ਯਕੀਨੀ ਕਰਨਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਜੇ ਸਰਕਾਰ ਨੂੰ ਸੁਰੱਖਿਆ ਸੰਬੰਧੀ ਜਾਣਕਾਰੀ ਹੈ, ਤਾਂ ਵਿਦੇਸ਼ ਮੰਤਰਾਲੇ ਰਾਹੀਂ ਪਾਕਿਸਤਾਨ ਨਾਲ ਗੱਲਬਾਤ ਕਰਕੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਕਿਉਂ ਨਹੀਂ ਬਣਾਇਆ ਜਾ ਰਿਹਾ ? ਇਸ ਦੀ ਬਜਾਏ, ਸਿੱਖ ਸੰਗਤਾਂ ਨੂੰ ਪੂਰੀ ਤਰ੍ਹਾਂ ਰੋਕਣਾ ਨਾ ਸਿਰਫ਼ ਅਨੁਚਿਤ ਹੈ, ਸਗੋਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਹੈ।

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਰਤਾਰਪੁਰ ਸਾਹਿਬ ਲਾਂਘੇ ਨੇੜੇ ਅਰਦਾਸ ਕਰਕੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਿੱਖ ਸੰਗਤ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਦੀ ਤਾਂਘ ਰੱਖਦੀ ਹੈ, ਪਰ ਸਰਕਾਰ ਦੀਆਂ ਪਾਬੰਦੀਆਂ ਨੇ ਇਸ ਨੂੰ ਅਸੰਭਵ ਬਣਾ ਦਿੱਤਾ। ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ, ਪਰਮਜੀਤ ਸਿੰਘ ਸਰਨਾ ਨੇ ਵੀ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਪਾਬੰਦੀ ਸਿੱਖਾਂ ਦੀ ਆਸਥਾ ਨਾਲ ਖਿਲਵਾੜ ਹੈ।

ਸਾਡਾ ਮੰਨਣਾ ਹੈ ਕਿ ਮੋਦੀ ਸਰਕਾਰ ਦਾ ਇਹ ਫੈਸਲਾ ਸਿੱਖਾਂ ਦੇ ਵਿਸ਼ਵਾਸ ਨੂੰ ਡੋਲਣ ਵਾਲਾ ਹੈ। ਜਦੋਂ ਸਰਕਾਰ ਕ੍ਰਿਕਟ ਵਰਗੀਆਂ ਗਤੀਵਿਧੀਆਂ ਨੂੰ ਇਜਾਜ਼ਤ ਦਿੰਦੀ ਹੈ, ਪਰ ਧਾਰਮਿਕ ਯਾਤਰਾਵਾਂ 'ਤੇ ਪਾਬੰਦੀ ਲਗਾਉਂਦੀ ਹੈ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਨਾਲ ਸਿੱਖ ਭਾਈਚਾਰੇ ਵਿੱਚ ਸਰਕਾਰ ਪ੍ਰਤੀ ਬੇਭਰੋਸਗੀ ਵਧੇਗੀ। ਪੰਥਕ ਜਥੇਬੰਦੀਆਂ ਦੀ ਮੰਗ ਸਹੀ ਹੈ ਕਿ ਸਰਕਾਰ ਨੂੰ ਇਸ ਪਾਬੰਦੀ ਨੂੰ ਤੁਰੰਤ ਹਟਾਉਣਾ ਚਾਹੀਦਾ ਅਤੇ ਸ਼ਰਧਾਲੂਆਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਦੀ ਇਜਾਜ਼ਤ ਦੇਣੀ ਚਾਹੀਦੀ।

ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖ ਸੰਗਤਾਂ ਦੀ ਆਸਥਾ ਦਾ ਸਤਿਕਾਰ ਕਰੇ ਅਤੇ ਪਾਕਿਸਤਾਨ ਨਾਲ ਕੂਟਨੀਤਕ ਪੱਧਰ 'ਤੇ ਗੱਲਬਾਤ ਕਰਕੇ ਸ਼ਰਧਾਲੂਆਂ ਦੀ ਸੁਰੱਖਿਆ ਯਕੀਨੀ ਬਣਾਏ। ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਨੂੰ ਪੂਰਾ ਕਰਨਾ ਵੀ ਜ਼ਰੂਰੀ ਹੈ, ਜਿਸ ਨਾਲ ਸਿੱਖ ਸੰਗਤ ਨੂੰ ਆਪਣੇ ਗੁਰੂ ਸਾਹਿਬ ਨਾਲ ਜੁੜਨ ਦਾ ਮੌਕਾ ਮਿਲ ਸਕੇ। ਪਾਕਿਸਤਾਨ ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਸਕਾਰਾਤਮਕ ਰਵੱਈਆ ਅਪਣਾਉਣਾ ਚਾਹੀਦਾ। ਪਾਕਿਸਤਾਨ ਨੇ ਹਮੇਸ਼ਾ ਸਿੱਖ ਸ਼ਰਧਾਲੂਆਂ ਨੂੰ ਉੱਚ ਪੱਧਰੀ ਸੁਰੱਖਿਆ ਅਤੇ ਸਤਿਕਾਰ ਦਿੱਤਾ ਹੈ। ਉਸ ਨੂੰ ਭਾਰਤ ਨਾਲ ਗੱਲਬਾਤ ਕਰਕੇ ਇਹ ਯਕੀਨੀ ਬਣਾਉਣਾ ਚਾਹੀਦਾ ਕਿ ਮੋਦੀ ਸਰਕਾਰ ਨੂੰ ਤੁਰੰਤ ਆਪਣਾ ਫੈਸਲਾ ਵਾਪਸ ਲੈਣਾ ਚਾਹੀਦਾ ਅਤੇ ਸਿੱਖ ਸੰਗਤਾਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਦੀ ਇਜਾਜ਼ਤ ਦੇਣੀ ਚਾਹੀਦੀ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# Indian Caste System Will Always Block Social and Political Progress


Gurmukh Singh O B E

The Hindu caste system refers to the division of society according to hereditary classes. It is based on degrees of ritual *purity* and of social status. As a result, with the Brahmins on the top, the few in the higher classes exploit the vast majority in the *perceived lower* classes.

For thousands of years, the Brahmin class has used the authority of the Vedas, which the *lower* classes are prepared to accept as their lot, their *karma*, the result of their deeds in previous lives! Dalits, the so called *untouchables* at the bottom, suffer atrocious cruelties and degrading insults. Such a system is a form of slavery and a major obstacle in the way of human progress towards a just society. Such a social system should be anathema to any civilized society today.

Mahatma Gandhi and Dr B. R. Ambedkar are the most revered figures in modern India. However, they fundamentally disagreed about the caste system. Sadly, at a crucial time, Gandhi blocked abolition of the system to keep the so-called *lower* castes in the broad Hindu fold. In effect, he stood in the way of socio-economic and political liberation of millions of Dalits. He believed that the caste system could be *reformed* by fighting from within the Hindu religion. *In 1932, he went on a fast unto death to oppose separate electorates for the depressed classes, arguing that the upliftment of Dalits was a duty of caste Hindus.* That meant leaving the progress of these social classes to the mercy of the higher caste Hindus!

Ambedkar, himself from the *untouchable* community, viewed the four-fold varna (caste) system as the very foundation of social injustice. He argued that *true social equality required its destruction, not its reform.* He believed that *the Hindu religion itself was corrupt and could not be reformed to provide equality for Dalits.* His own conversion to Buddhism in 1956 led to mass conversion of many of his followers. However, due mainly to opposition by Gandhi, Ambedkar never achieved his objective, the total abolition of the caste system.

Indian Manuvadi social divisions, based on the *Manava Dharamasastra* meaning the Laws of Svayambhuva Manu, are hardwired into collective Indian psyche by Brahmin priests. Today, they are enforced by majority community rule turning a blind eye to Hindutva forces. Stuck in time, it is a worldview of an Indian society of about 2,000 years ago when it would have been regarded as an acceptable system for division of labour conveniently enforced by the *karma* ideology. In theory, these laws for individuals and society cover *dharma (righteous duty), social order, rituals, and the system of government.* Needless to say, the caste system runs counter to the principles of equality and human rights as understood today.

In India, discrimination based on the caste system is illegal under the Constitution Article 17, which abolished *untouchability* and guarantees the right to equality. However, caste discrimination, denial of access to public amenities, separation of living areas in villages and towns, and violence against lower-caste individuals continues. A level playing field and equal opportunities are not there. The reservation policy as a form of *positive* discrimination, by requiring people to identify their caste to receive benefits, reinforces the very identity politics it aims to dismantle.

The debate is not about whether caste *discrimination* should be outlawed, but whether the *caste system itself, as a social identity and practice*, should be legally banned in India and internationally.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਅਪਰਾਧੀ ਭਈਏ ਵਲੋਂ ਪੰਜਾਬੀ ਬੱਚਾ ਅਗਵਾ ਕਰਕੇ ਕੀਤੀ ਬਦਫੈਲੀ, ਕੀਤਾ ਕਤਲ

## ✪ ਪੂਰੇ ਪੰਜਾਬ ਵਿਚ ਫੈਲਿਆ ਸਖਤ ਰੋਸ ਤੇ ਗੁੱਸਾ ✪ ਹੁਸ਼ਿਆਰਪੁਰ ਵਿੱਚ ਭਈਆਂ ਬਾਰੇ ਸਰਪੰਚਾਂ ਨੇ ਬਾਈਕਾਟ ਦਾ ਕੀਤਾ ਫੈਸਲਾ





### ਸਪੈਸ਼ਲ ਕਰਾਈਮ ਰਿਪੋਰਟ

ਪਿਛਲੇ ਦਿਨੀ ਪੰਜਾਬ ਦੇ ਜਿਲ੍ਹਾ ਹੁਸ਼ਿਆਰਪੁਰ ਵਿਚ ਵਾਪਰੀ ਵਹਿਸ਼ੀ ਘਟਨਾ ਨੇ ਸਾਰੇ ਪੰਜਾਬ ਨੂੰ ਹਿਲਾ ਕੇ ਰੱਖ ਦਿਤਾ ਤੇ ਨਾਲ ਹੀ ਇਸ ਦਰਿੰਦਗੀ ਭਰੀ ਘਟਨਾ ਕਰਕੇ ਪੰਜਾਬੀਆਂ ਵਿਚ ਯੂਪੀ ਤੇ ਬਿਹਾਰ ਦੇ ਭਈਆਂ ਪ੍ਰਤੀ ਨਫਰਤ ਅਤੇ ਗੁੱਸਾ ਵੀ ਵੱਧ ਗਿਆ। ਹੁਸ਼ਿਆਰਪੁਰ ਦੇ ਨਿਊ ਦੀਪ ਨਗਰ ਇਲਾਕੇ ਵਿਚ ਰਹਿਣ ਵਾਲੇ ਮਸੂਮ ਬੱਚੇ ਦਾ ਯੂਪੀ ਦੇ ਭਈਏ ਵਲੋਂ ਕਿਡਨੇਪ ਤੇ ਬਦਫੈਲੀ ਤੋਂ ਬਾਅਦ ਕਤਲ ਕਰ ਦਿਤਾ ਗਿਆ ਬੱਚੇ ਦਾ ਨਾਮ ਹਰਬੀਰ ਬਿੱਲਾ ਉਮਰ ਪੰਜ ਸਾਲ ਸੀ, ਜਿਸਦਾ ਪਰਿਵਾਰ ਦੋ ਮਹੀਨੇ ਪਹਿਲਾ ਫਗਵਾੜੇ ਤੋਂ ਹੁਸ਼ਿਆਰਪੁਰ ਆਇਆ ਸੀ ਜੋਂ ਨਿਊ ਦੀਪ ਨਗਰ ਰਹਿਣ ਲਗ ਪਏ ਸਨ। ਹਰਬੀਰ ਜਦੋਂ ਸ਼ਾਮ ਨੂੰ ਘਰੋਂ ਖੇਡਣ ਗਿਆ ਤਾਂ ਯੂਪੀ ਦੇ ਰਹਿਣ ਵਾਲੇ ਮਨਕੇ ਯਾਦਵ ਨਾਮ ਦੇ ਭਈਏ ਵਲੋਂ ਕਿਡਨੈਪ ਤੇ ਬਦਫੈਲੀ ਕਰਨ ਤੋਂ ਬਾਅਦ ਕਤਲ ਕਰ ਦਿਤਾ ਗਿਆ। ਮਨਕੇ ਯਾਦਵ ਨੂੰ ਪੁਲਸ ਵਲੋਂ ਜਦੋਂ ਅਰੈਸਟ ਕੀਤਾ ਗਿਆ ਤਾਂ ਉਹ ਸ਼ਰਾਬ ਦੇ ਨਸ਼ੇ ਵਿਚ ਸੀ ਤੇ ਬੱਚੇ ਦੀ ਬਾਡੀ ਨੂੰ ਸ਼ਮਸ਼ਾਨ ਘਾਟ ਤੋਂ ਬਰਾਮਦ ਕੀਤਾ ਗਿਆ ਤਾਂ ਬੱਚੇ ਦੇ ਸਰੀਰ ਅਤੇ ਮੂੰਹ ਉਪਰ ਬਹੁਤ ਜਿਆਦਾ ਨਿਸ਼ਾਨ ਸਨ, ਜਿਸ ਤੋਂ ਸਾਫ ਪਤਾ ਚਲਦਾ ਸੀ ਕੇ ਬੱਚੇ ਦਾ ਬੁਰੀ ਤਰ੍ਹਾਂ ਕਤਲ ਕੀਤਾ ਗਿਆ। ਸਰੀਰ ਤੇ ਅਤੇ ਅੰਗਾਂ ਉਪਰ ਪਏ ਨਿਸ਼ਾਨ ਤੋਂ ਇਹ ਵੀ ਸ਼ੱਕ ਹੈ ਕੇ ਬਚੇ ਨਾਲ ਬਦਫੈਲੀ ਵੀ ਹੋਈ ਹੈ। ਕਾਤਲ ਪਰਵਾਸੀ ਭਈਆ ਜੋ ਪੰਜਾਬ ਵਿਚ ਆਉਣ ਤੋਂ ਪਹਿਲਾਂ ਕਈ ਅਪਰਾਧ ਕਰ ਚੁੱਕਾ ਸੀ।

ਬੱਚੇ ਦੇ ਮਾਪਿਆਂ ਅਤੇ ਬੱਚੇ ਦੀ ਮਸੂਮ ਭੈਣ ਦੇ ਰੋਂਦੇ-ਵਿਲਾਪ ਵਾਲੇ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਗਏ, ਜਿਸ ਨਾਲ ਖੇਤਰ ਵਿੱਚ ਗੁੱਸਾ ਹੋਰ ਵਧ ਗਿਆ। ਬੱਚੇ ਦੇ ਅੰਤਿਮ ਸਸਕਾਰ ਤੋਂ ਬਾਅਦ 11 ਸਤੰਬਰ ਨੂੰ ਹੁਸ਼ਿਆਰਪੁਰ ਸ਼ਹਿਰ ਵਿੱਚ ਵੱਡਾ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਵਿੱਚ ਸੜਕਾਂ ਬਲਾਕ ਕਰਕੇ ਨਿਆਂ ਦੀ ਮੰਗ ਕੀਤੀ ਗਈ ਸੀ।

ਸ਼ਹਿਰ ਦੋ ਦਿਨ ਬੰਦ ਰਿਹਾ ਸੀ। ਹੁਸ਼ਿਆਰਪੁਰ ਦੇ ਨਾਲ ਲਗਦੇ ਪਿੰਡਾਂ ਵਿਚ ਭਈਆਂ ਖਿਲਾਫ ਮਤੇ ਪੈਣੇ ਸ਼ੁਰੂ ਹੋ ਗਏ ਸ਼ਹਿਰ ਦੀਆਂ ਕਈ ਮਾਰਕੀਟਾਂ ਵਿਚ ਭਈਆਂ ਦੇ ਬਾਈਕਾਟ ਕਰਨ ਦਾ ਐਲਾਨ ਹੋ ਗਿਆ। ਭਈਆਂ ਦੇ ਖੋਖੇ, ਦੁਕਾਨਾਂ, ਰੇੜੀਆਂ ਖਾਲੀ ਕਰਾ ਦਿੱਤੀਆਂ ਗਈਆਂ ਹਨ। ਸ਼ਹਿਰ ਦੇ ਕਈ ਏਰੀਏ ਵਿਚ ਕਿਰਾਏਦਾਰ ਭਈਏ ਨਾ ਰੱਖਣ ਦੇ ਐਲਾਨ ਵੀ ਕੀਤੇ ਗਏ ਹਨ।

### ਪਿੰਡਾਂ ਦੇ ਸਰਪੰਚਾਂ ਦਾ ਫੈਸਲਾ

ਇਸ ਵਹਿਸ਼ੀ ਘਟਨਾ ਤੋਂ ਬਾਅਦ ਲਗਭਗ 20 ਪਿੰਡਾਂ ਦੇ ਸਰਪੰਚਾਂ ਨੇ ਇੱਕ ਗੰਭੀਰ ਫੈਸਲਾ ਲਿਆ ਹੈ - ਉਹ ਭਈਆਂ (ਮਾਈਗ੍ਰੈਂਟ ਵਰਕਰਾਂ) ਨੂੰ ਰੈਜ਼ੀਡੈਂਸ ਸਰਟੀਫਿਕੇਟ (ਨਿਵਾਸ ਪ੍ਰਮਾਣ ਪੱਤਰ) ਨਹੀਂ ਜਾਰੀ ਕਰਨਗੇ ਅਤੇ ਬਿਨਾਂ ਪੰਜਾਬ ਸਰਕਾਰ ਵੱਲੋਂ ਜਾਰੀ ਅਧਿਕਾਰਕ ਦਸਤਾਵੇਜ਼ਾਂ ਵਾਲੇ ਕਿਸੇ ਵੀ ਭਈਏ ਨੂੰ ਪਿੰਡ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ। ਸਰਪੰਚਾਂ ਨੇ ਕਿਹਾ ਕਿ ਇਹ ਫੈਸਲਾ ਨਾ ਸਿਰਫ਼ ਹੁਸ਼ਿਆਰਪੁਰ ਦੇ ਇਸ ਕਤਲ ਕਾਰਨ ਲਿਆ ਗਿਆ ਹੈ, ਸਗੋਂ ਪੰਜਾਬ ਵਿੱਚ ਭਈਆਂ ਵੱਲੋਂ ਹੋ ਰਹੇ ਹੋਰ ਅਪਰਾਧਾਂ ਨੂੰ ਵੀ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਉਹਨਾਂ ਨੇ ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ ।

ਬਜਵਾੜਾ ਪਿੰਡ ਦੇ ਸਰਪੰਚ ਰਾਜੇਸ਼ ਕੁਮਾਰ 'ਬੌਬੀ' ਮਹੇ ਨੇ ਕਿਹਾ, "ਇਹ ਗੱਲ ਪਹਿਲਾਂ ਹੀ ਆਪਣੀ ਪੰਚਾਇਤ ਵਿੱਚ ਚੱਲ ਰਹੀ ਸੀ। ਆਪਣੇ ਪਿੰਡ ਵਿੱਚ ਭਈਆਂ ਪਰਿਵਾਰ ਪੰਚਾਇਤੀ ਜ਼ਮੀਨ ਤੇ ਕਬਜ਼ਾ ਕਰ ਰਹੇ ਹਨ ਅਤੇ ਅਸੀਂ ਉਹਨਾਂ ਨੂੰ ਖਾਲੀ ਕਰਵਾਂਵਾਗੇ। ਹੁਸ਼ਿਆਰਪੁਰ ਵਿੱਚ ਵਾਪਰੀ ਇਹ ਭਿਆਨਕ ਘਟਨਾ ਨੇ ਸਾਨੂੰ ਹਿਲਾ ਦਿੱਤਾ ਹੈ। ਹੁਣ ਤੋਂ ਅਸੀਂ ਭਈਆਂ ਨੂੰ ਨਿਵਾਸ ਪੱਤਰ ਨਹੀਂ ਜਾਰੀ ਕਰਾਂਗੇ ਅਤੇ ਬਿਨਾਂ ਪੰਜਾਬ ਸਰਕਾਰੀ ਦਸਤਾਵੇਜ਼ ਵਾਲੇ ਨੂੰ ਪਿੰਡ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ। ਆਪਣੀ ਪੰਚਾਇਤ ਨੇ 10 ਸਤੰਬਰ ਨੂੰ ਇਹ ਰੈਜ਼ੋਲੂਸ਼ਨ ਪਾਸ ਕਰ ਲਿਆ ਹੈ ਅਤੇ ਜ਼ਿਆਦਾਤਰ ਪੰਚਾਇਤਾਂ ਵੀ ਅਜਿਹਾ ਹੀ ਕਰਨਗੀਆਂ।"

ਕਿਲਾ ਬਾਰੂੰ ਪਿੰਡ ਦੇ ਸਰਪੰਚ ਕੁਲਦੀਪ ਕੁਮਾਰ ਨੇ ਦੱਸਿਆ, "ਜ਼ਿਆਦਾਤਰ ਪੰਚਾਇਤਾਂ ਨੇ ਗੁਰੂਵਾਰ ਅਤੇ ਸ਼ੁੱਕਰਵਾਰ ਨੂੰ ਇਹ ਰੈਜ਼ੋਲੂਸ਼ਨ ਪਾਸ ਕਰ ਲਏ ਹਨ। ਪੰਜਾਬ ਵਿੱਚ ਭਈਆਂ ਦੀ ਆਬਾਦੀ ਵਧ ਰਹੀ ਹੈ ਅਤੇ ਉਹਨਾਂ ਵੱਲੋਂ ਅਪਰਾਧਾਂ ਵਿੱਚ ਵਧਦੀ ਸ਼ਮੂਲੀਅਤ ਚਿੰਤਾ ਦਾ ਵਿਸ਼ਾ ਹੈ। ਕਈ ਭਈਆਂ ਨੇ ਪੰਜਾਬ ਵਿੱਚ ਆਧਾਰ ਕਾਰਡ ਬਣਾ ਲਏ ਹਨ ਅਤੇ ਵੋਟਰ ਲਿਸਟ ਵਿੱਚ ਵੀ ਨਾਮ ਲਿਖਵਾ ਲਏ ਹਨ, ਪਰ ਹੁਣ ਅਸੀਂ ਨਵੇਂ ਨਿਵਾਸ ਪੱਤਰ ਜਾਰੀ ਕਰਨ ਤੇ ਪਾਬੰਦੀ ਲਗਾ ਰਹੇ ਹਾਂ। ਇਹ ਫੈਸਲਾ ਇਸ ਲਈ ਹੈ ਕਿ ਹੁਸ਼ਿਆਰਪੁਰ ਵਰਗੀ ਘਟਨਾ ਕਿਸੇ ਨਾਲ ਵੀ ਨਾ ਵਾਪਰੇ।"

## ਪਾਪਾ ਨਾ ਰੋਵੋ, ਅੱਖਾਂ ਸਾਫ਼ ਕਰ ਲਓ



ਬੱਚੇ ਦੇ ਪੋਸਟਮਾਰਟਮ ਦੌਰਾਨ ਮਾਹੌਲ ਉਸ ਸਮੇਂ ਪੂਰੀ ਤਰਾਂ ਨਾਲ ਗਮਗੀਨ ਹੋ ਗਿਆ ਜਦੋਂ ਪੋਸਟਮਾਰਟਮ ਦੇ ਖ਼ਤਮ ਹੋਣ ਦਾ ਇੰਤਜ਼ਾਰ ਰਹੇ ਲੋਕਾਂ ਅਤੇ ਪਰਿਵਾਰਕ ਮੈਂਬਰਾਂ ਦੌਰਾਨ ਬੱਚੇ ਦਾ ਪਿਤਾ, ਮਾਤਾ ਅਤੇ ਹੋਰ ਲੋਕ ਫ਼ੁੱਟ ਫ਼ੁੱਟ ਕੇ ਰੋ ਰਹੇ ਸਨ। ਹਰ ਅੱਖ ਉਸ ਵੇਲੇ ਨਮ ਹੋ ਗਈ ਜਦੋਂ ਮ੍ਰਿਤਕ ਹਰਵੀਰ ਦੀ ਵੱਡੀ ਸੱਤ ਸਾਲਾ ਮਸੂਮ ਭੈਣ ਜੈਸਮੀਨ ਨੇ ਆਪਣੇ ਰੋਂਦੇ ਹੋਏ ਪਿਤਾ ਦੀਆਂ ਅੱਖਾਂ ਪੂੰਝਦੇ ਹੋਏ ਕਿਹਾ ਕਿ ਕਿ ਪਾਪਾ ਨਾ ਰੋਵੋ, ਅੱਖਾਂ ਸਾਫ਼ ਕਰ ਲਓ। ਮ੍ਰਿਤਕ ਦੀ ਮਾਂ ਕੁਲਵਿੰਦਰ ਕੌਰ ਨੇ ਪੁਲਿਸ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਕਿ ਵਾਰ ਦੋਸ਼ੀ ਨੂੰ ਉਸ ਦੇ ਸਾਹਮਣੇ ਲੈ ਆਉਣ। ਉਹ ਸਿਰਫ਼ ਆਪਣੇ ਬੱਚੇ ਦਾ ਕਸੂਰ ਪੁੱਛਣਾ ਚਾਹੁੰਦੀ ਹੈ। ਉਸ ਨੇ ਕਿਹਾ ਕਿ ਆਪਣੇ ਅਤੇ ਆਪਣੇ ਬੱਚੇ ਦੇ ਚੰਗੇ ਭਵਿੱਖ ਲਈ ਉਹ ਸ਼ਹਿਰ ਬਦਲ ਕੇ ਇੱਥੇ ਆਏ ਸਨ ਪਰੰਤੂ ਹੁਣ ਉਹ ਇੱਥੇ ਨਹੀਂ ਰਹਿਣਾ ਚਾਹੁੰਦੇ।

## ਕੀ ਕਹਿੰਦੇ ਹਨ ਡੀ ਐਸ ਪੀ

ਮੌਕੇ 'ਤੇ ਮੌਜੂਦ ਡੀਐੱਸਪੀ ਦੇਵ ਦੱਤ ਸ਼ਰਮਾ ਨੇ ਕਿਹਾ ਕਿ ਉਹ ਇਸ ਕੇਸ ਦਾ ਦਸ ਦਿਨ੍ਹਾਂ ਅੰਦਰ ਚਲਾਨ ਪੇਸ਼ ਕਰਕੇ ਇਸ ਕੇਸ ਨੂੰ ਫਾਸਟ ਟਰੈਕ ਅਦਾਲਤ ਵਿਚ ਭੇਜਿਆ ਜਾਵੇਗਾ ਤਾਂ ਜੋ ਦੋਸ਼ੀ ਨੂੰ ਜਲਦ ਹੀ ਸਜ਼ਾ ਦਿਲਾਈ ਜਾ ਸਕੇ

## ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਵਲੋਂ ਮ੍ਰਿਤਕ ਬੱਚੇ ਦੇ ਪਰਿਵਾਰ ਨਾਲ ਵੀਡੀਓ ਕਾਲ 'ਤੇ ਕੀਤੀ ਗੱਲ



ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਪੀੜਤ ਪਰਿਵਾਰ ਨਾਲ ਵੀਡੀਓ ਕਾਲ ਉੱਤੇ ਗੱਲਬਾਤ ਕੀਤੀ ਹੈ। ਮਹਿਰੋਂ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਨਸਾਫ਼ ਜ਼ਰੂਰ ਦਿਵਾ ਕੇ ਰਹੇਗਾ। ਉਨ੍ਹਾਂ ਨੇ ਵੀਡੀਓ ਕਾਲ ਉੱਤੇ ਕਿਹਾ ਹੈ ਕਿ ਜੇਕਰ ਤੁਹਾਨੂੰ ਇਨਸਾਫ਼ ਨਹੀਂ ਮਿਲਿਆ ਤਾਂ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਿਹਾ ਹੈ ਕਿ ਪੁਲਿਸ ਦੀ ਕਾਰਵਾਈ ਉੱਤੇ ਭਰੋਸਾ ਰੱਖੋ ਜੇ ਠੋਸ ਕਾਰਵਾਈ ਨਾ ਹੋਈ ਤਾਂ ਅਸੀਂ ਆਪਣੇ ਹਿਸਾਬ ਨਾਲ ਇਨਸਾਫ਼ ਦੇਵਾਂਗੇ। ਉਨ੍ਹਾਂ ਨੇ ਕਿਹਾ ਹੈ ਕਿ ਪੁਲਿਸ ਇਮਾਨਦਾਰੀ ਮੁਲਜ਼ਮ ਉੱਤੇ ਬਣਦੀ ਕਾਰਵਾਈ ਕਰੇ ਨਹੀਂ ਤਾਂ ਅਸੀਂ ਆਪ ਹੀ ਦੋਸ਼ੀ ਨੂੰ ਦੇਖ ਲਵਾਂਗੇ।

# ਫਲੋਰੀਡਾ ਹਾਦਸੇ ਨੇ ਪੰਜਾਬੀ ਸਿੱਖ ਡਰਾਈਵਰਾਂ ’ਤੇ ਵਧਾਇਆ ਸੰਕਟ

## ✪ ਅਮਰੀਕਾ ਵਿੱਚ ਪੰਜਾਬੀ ਟਰੱਕਰਾਂ ਦੀਆਂ ਮੁਸੀਬਤਾਂ ਵਧੀਆਂ ✪ ਸੰਕਟ ਦਾ ਹੱਲ: ਸਿੱਖ ਕਮਿਊਨਿਟੀ ਲਈ ਅਗਲੇ ਕਦਮ ਕੀ ਹੋਣ

### ਨਿਊਜ਼ ਵਿਸ਼ਲੇਸ਼ਣ

ਅਮਰੀਕਾ ਵਿੱਚ ਪੰਜਾਬੀ ਸਿੱਖ ਟਰੱਕ ਡਰਾਈਵਰਾਂ ਨੂੰ ਇੱਕ ਘਾਤਕ ਹਾਦਸੇ ਕਾਰਨ ਵਧ ਰਹੀ ਨਜ਼ਰ ਅਤੇ ਹਰਾਸਮੈਂਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਲੋਰੀਡਾ ਵਿੱਚ ਹੋਏ ਇੱਕ ਟਰੱਕ ਹਾਦਸੇ ਨੇ ਪੂਰੀ ਕਮਿਊਨਿਟੀ ਨੂੰ ਨਿਸ਼ਾਨਾ ਬਣਾ ਦਿੱਤਾ ਹੈ, ਜਿਸ ਕਾਰਨ ਡਰਾਈਵਰ ਰਾਹਤੇ ’ਤੇ ਨਿਕਲਣ ਤੋਂ ਡਰ ਰਹੇ ਹਨ। ਇਸ ਹਾਦਸੇ ਵਿੱਚ ਇੱਕ ਭਾਰਤੀ ਟਰੱਕ ਡਰਾਈਵਰ ਹਰਜਿੰਦਰ ਸਿੰਘ ’ਤੇ ਤਿੰਨ ਲੋਕਾਂ ਦੀ ਮੌਤ ਦਾ ਦੋਸ਼ ਲੱਗਾ ਹੈ, ਜਿਸ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਡਰਾਈਵਿੰਗ ਲਾਇਸੈਂਸਾਂ ਨੂੰ ਲੈ ਕੇ ਸਿਆਸੀ ਬਹਿਸ ਛੇੜ ਦਿੱਤੀ ਹੈ। ਅਮਰੀਕਾ ਦੀ ਡਿਪਾਰਟਮੈਂਟ ਆਫ ਹੋਮਲੈਂਡ ਸੈਕਿਊਰਿਟੀ (ਡੀਐਚਐਸ) ਨੇ ਕੈਲੀਫੋਰਨੀਆ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਕਿਉਂਕਿ ਹਰਜਿੰਦਰ ਨੇ ਉੱਥੇ ਹੀ ਆਪਣਾ ਕਮਰਸੀਅਲ ਡਰਾਈਵਿੰਗ ਲਾਇਸੈਂਸ (ਸੀਡੀਐਲ) ਅਤੇ ਵਰਕ ਪਰਮਿਟ ਹਾਸਲ ਕੀਤਾ ਸੀ। ਇਸ ਘਟਨਾ ਨੇ ਪੰਜਾਬੀ ਡਰਾਈਵਰਾਂ ਵਿੱਚ ਡਰ ਪੈਦਾ ਕਰ ਦਿੱਤਾ ਹੈ, ਜੋ ਅਮਰੀਕੀ ਵਪਾਰ ਦੀ ਰੀੜ੍ਹ ਦੀ ਹੱਡੀ ਹਨ। ਲਗਭਗ 7 ਲੱਖ ਪੰਜਾਬੀ ਸਿੱਖ ਅਮਰੀਕਾ ਵਿੱਚ ਰਹਿੰਦੇ ਹਨ, ਜਿਨ੍ਹਾਂ ਵਿੱਚੋਂ 1.5 ਲੱਖ ਟਰੱਕਿੰਗ ਇੰਡਸਟਰੀ ਵਿੱਚ ਕੰਮ ਕਰਦੇ ਹਨ, ਜ਼ਿਆਦਾਤਰ ਪੱਛਮੀ ਕੰਢੇ ਤੇ।

#### ਅਮਰੀਕਾ ਵਿੱਚ ਟਰੱਕ ਡਰਾਈਵਰਾਂ ਦੀ ਸਮੱਸਿਆ ਅਤੇ ਸੰਕਟ ਕੀ ਹੈ ?

ਅਮਰੀਕੀ ਟਰੱਕਿੰਗ ਇੰਡਸਟਰੀ ਵਿੱਚ ਪੰਜਾਬੀ ਸਿੱਖ ਡਰਾਈਵਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਲਾਸ ਐਂਜਲਸ ਪੋਰਟਾਂ ਤੋਂ ਭਾਰੀ ਭੇਜੂਮਲਾਂ ਨੂੰ ਪੂਰੇ ਦੇਸ਼ ਵਿੱਚ ਪਹੁੰਚਾਉਂਦੇ ਹਨ, ਜੋ ਵਾਲਮਾਰਟ, ਅਮੇਜ਼ਨ ਵਰਗੀਆਂ ਵੱਡੀਆਂ ਕੰਪਨੀਆਂ ਲਈ ਜ਼ਰੂਰੀ ਹੈ। ਪਰ ਫਲੋਰੀਡਾ ਹਾਦਸੇ ਤੋਂ ਬਾਅਦ ਉਹਨਾਂ ਨੂੰ ਵਧੀਆ ਨਿਗਰਾਨੀ ਅਤੇ ਹਰਾਸਮੈਂਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਮਿਤ ਸਿੰਘ ਵਰਗੇ ਡਰਾਈਵਰ, ਜੋ 15 ਸਾਲਾਂ ਤੋਂ ਇਸ ਵਪਾਰ ਵਿੱਚ ਹਨ, ਹੁਣ ਰਾਜ ਛੱਡਣ ਤੋਂ ਡਰਦੇ ਹਨ। ਉਹਨਾਂ ਦੇ ਵਟਸਐਪ ਗਰੁੱਪਾਂ ਵਿੱਚ ਹਰ ਰੋਜ਼ ਨਵੀਆਂ ਧਮਕੀਆਂ ਆ ਰਹੀਆਂ ਹਨ - ਤਿੰਨ ਸਹਿਯੋਗੀਆਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਫੜਿਆ ਹੈ। ਰਾਮਨ ਧੀਲੋਂ, ਨੌਰਥ ਅਮਰੀਕਾ ਪੰਜਾਬੀ ਟਰੱਕਿੰਗ ਐਸੋਸੀਏਸ਼ਨ ਦੇ ਸੀਈਓ, ਨੇ ਦੱਸਿਆ ਕਿ ਗੋਰੇ ਟਰੱਕਾਂ ’ਤੇ ਪਾਣੀ ਦੀਆਂ ਬੋਤਲਾਂ ਅਤੇ ਅੰਡੇ ਸੁਟ ਰਹੇ ਹਨ। ਬਲਦੇਵ ਖੰਗ, ਕਾਰਗੋ ਸੋਲੂਸ਼ਨਜ਼ ਐਕਸਪ੍ਰੈੱਸ ਦੇ ਡਾਇਰੈਕਟਰ, ਨੇ ਕਿਹਾ ਕਿ ਉਹਨਾਂ ਦੀ ਕੰਪਨੀ ਵਿੱਚ ਪੰਚ ਪੰਜਾਬੀ ਡਰਾਈਵਰਾਂ ਨੇ ਡਰ ਕਾਰਨ ਨੌਕਰੀ ਛੱਡ ਦਿੱਤੀ। ਇਹ ਸੰਕਟ ਸਿਰਫ਼ ਸਿੱਖਾਂ ਤੱਕ ਸੀਮਿਤ ਨਹੀਂ, ਸੋਮਾਲੀ ਅਤੇ ਮੈਕਸੀਕਨ ਡਰਾਈਵਰ ਵੀ ਡਰੇ ਹੋਏ ਹਨ। ਇੰਡਸਟਰੀ ਪਹਿਲਾਂ ਹੀ ਟੈਰਿਫ ਤੇ ਮੰਦੀ ਕਾਰਨ ਸੁਸਤ ਹੋ



ਚੁੱਕੀ ਹੈ, ਅਤੇ ਹੁਣ ਇਹ ਨਵਾਂ ਚੁਣੌਤੀ ਨੇ ਬਿਜ਼ਨਸ ਨੂੰ ਹੋਰ ਨੁਕਸਾਨ ਪਹੁੰਚਾਇਆ ਹੈ। ਡਰਾਈਵਰ ਇੰਟਰਸਟੇਟ ਰੂਟਾਂ ਤੋਂ ਬਚ ਰਹੇ ਹਨ ਅਤੇ ਲੋਕਲ ਨੌਕਰੀਆਂ ਨੂੰ ਤਰਜੀਹ ਦੇ ਰਹੇ ਹਨ। ਇਸ ਨਾਲ ਲੌਜਿਸਟਿਕਸ ਚੇਨ ਵਿੱਚ ਵਿਘਨ ਪੈ ਰਿਹਾ ਹੈ, ਅਤੇ ਪੰਜਾਬੀ ਟਰੱਕਿੰਗ ਕਲਚਰ - ਜੋ ਭਾਰਤ ਅਤੇ ਉੱਤਰ ਅਮਰੀਕਾ ਵਿੱਚ ਡਰਾਈਵਰਾਂ ਦੀ ਜ਼ਿੰਦਗੀ ’ਤੇ ਅਧਾਰਤ ਪੰਜਾਬੀ ਗੀਤਾਂ ਤੱਕ ਫੈਲਿਆ ਹੈ - ਖ਼ਤਰੇ ਵਿੱਚ ਹੈ।

#### ਅਮਰੀਕਾ ਪਾਬੰਦੀਆਂ ਕਿਉਂ ਲਗਾ ਰਿਹਾ ਹੈ ਅਤੇ ਕੀ-ਕੀ ਪਾਬੰਦੀਆਂ ਲਗਾਈਆਂ ?

ਫਲੋਰੀਡਾ ਹਾਦਸਾ 12 ਅਗਸਤ 2025 ਨੂੰ ਵਾਪਰਿਆ, ਜਦੋਂ ਹਰਜਿੰਦਰ ਸਿੰਘ ਨੇ ਫਲੋਰੀਡਾ ਟਰਨਪਾਈਕ ’ਤੇ ਗੈਰ-ਕਾਨੂੰਨੀ ਯੂ-ਟਰਨ ਲਿਆ, ਜਿਸ ਨਾਲ ਉਸ ਦੇ ਟਰੱਕ ਦਾ ਟ੍ਰੇਲਰ ਰਾਹ ਵਿੱਚ ਆ ਗਿਆ ਅਤੇ ਇੱਕ ਮਿਨੀਵੈਨ ਨਾਲ ਟਕਰਾਅ ਹੋ ਗਿਆ। ਇਸ ਵਿੱਚ ਤਿੰਨ ਲੋਕ ਮਾਰੇ ਗਏ - ਇੱਕ 37 ਸਾਲ ਦੀ ਔਰਤ, 54 ਸਾਲ ਦਾ ਮਰਦ ਅਤੇ 30 ਸਾਲ ਦਾ ਡਰਾਈਵਰ। ਹਰਜਿੰਦਰ, ਜੋ 2018 ਵਿੱਚ ਮੈਕਸੀਕੋ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਆਇਆ ਸੀ, ਨੂੰ ਵੈਹਿਕੂਲਰ ਹੋਮੀਸਾਈਡ ਅਤੇ ਮੈਨਸਲਾਟਰ ਵਰਗੇ ਛੇ ਫੈਲਨੀ ਅਪਰਾਧਾਂ ਦੇ ਚਾਰਜਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਉਸ ਨੂੰ ਜਮਾਨਤ ਨਹੀਂ ਮਿਲੀ ਅਤੇ ਉਹ ਸੇਂਟ ਲੂਸੀ ਕਾਉਂਟੀ ਜੇਲ ਵਿੱਚ ਹੈ, ਜਿੱਥੇ ਉਸ ਨੂੰ 45 ਸਾਲ ਦੀ ਕੈਦ ਹੋ ਸਕਦੀ ਹੈ। ਡੀਐਚਐਸ ਨੇ ਖੁਲਾਸਾ ਕੀਤਾ ਕਿ ਉਸ ਨੇ ਵਾਸ਼ਿੰਗਟਨ ਅਤੇ ਕੈਲੀਫੋਰਨੀਆ ਵਿੱਚ ਸੀਡੀਐਲ ਹਾਸਲ ਕੀਤੇ, ਪਰ ਉਹ ਅੰਗਰੇਜ਼ੀ ਫਲੂਐਂਸੀ ਟੈਸਟ ਵਿੱਚ ਫੇਲ ਹੋ ਗਿਆ ਸੀ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਸੁਰੱਖਿਆ ਨਾਲ ਜੋੜ ਕੇ ਪਾਬੰਦੀਆਂ ਲਗਾਈਆਂ। ਅਪ੍ਰੈਲ 2025 ਵਿੱਚ ਟਰੰਪ ਨੇ ਐਗਜ਼ੀਕਿਊਟਿਵ ਆਰਡਰ ਜਾਰੀ ਕੀਤਾ ਕਿ ਅੰਗਰੇਜ਼ੀ ਨਾ ਬੋਲਣ ਵਾਲੇ ਟਰੱਕਰ ਅਯੋਗ ਹਨ, ਕਿਉਂਕਿ ਉਹ ਟ੍ਰੈਫਿਕ ਸਾਈਨਾਂ ਨੂੰ ਨਾ ਸਮਝਣ ਕਾਰਨ ਖ਼ਤਰਨਾਕ ਹਨ। ਹਾਦਸੇ ਤੋਂ ਬਾਅਦ ਸੈਕ੍ਰੇਟਰੀ ਆਫ ਸਟੇਟ ਮਾਰਕੋ ਰੂਬੀਓ ਨੇ ਵਿਦੇਸ਼ੀ ਵਰਕਰ ਵੀਜ਼ੇ ਫ੍ਰੀਜ਼ ਕਰ ਦਿੱਤੇ, ਜਿਸ ਨਾਲ ਕਮਰਸ਼ੀਅਲ ਟਰੱਕ ਡਰਾਈਵਰਾਂ ਲਈ ਨਵੇਂ ਵੀਜ਼ੇ ਰੁਕ ਗਏ।

#### ਇਸ ਸੰਕਟ ਦਾ ਹੱਲ ਕੀ ਹੈ ?

ਇਸ ਸੰਕਟ ਨੂੰ ਹੱਲ ਕਰਨ ਲਈ ਕਈ ਕਦਮ ਚੁੱਕਣੇ ਪੈਣਗੇ। ਪਹਿਲਾਂ ਤਾਂ ਸਿੱਖ ਅਡਵੋਕੇਸੀ ਗਰੁੱਪਾਂ ਜਿਵੇਂ ਸਿੱਖ ਕੋਲੀਸ਼ਨ ਅਤੇ ਨੌਰਥ ਅਮਰੀਕਾ ਪੰਜਾਬੀ ਟਰੱਕਿੰਗ ਐਸੋਸੀਏਸ਼ਨ ਨੂੰ ਅਮਰੀਕੀ ਹਕੂਮਤ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਹ ਕਹਿ ਰਹੇ ਹਨ ਕਿ ਇੱਕ ਵਿਅਕਤੀ ਦੀ ਗਲਤੀ ਨੂੰ ਪੂਰੀ ਕਮਿਊਨਿਟੀ ’ਤੇ ਨਹੀਂ ਥੋਪਿਆ ਜਾਣਾ ਚਾਹੀਦਾ। ਹਰਜਿੰਦਰ ਦੇ ਕੇਸ ਵਿੱਚ ਚੇਂਜ਼.ਆਰਗ ਵਰਗੇ ਪਲੇਟਫਾਰਮਾਂ ’ਤੇ 2.7 ਮਿਲੀਅਨ ਤੋਂ ਵੱਧ ਲੋਕਾਂ ਨੇ ਪਟੀਸ਼ਨ ਸਾਈਨ ਕੀਤੀ ਹੈ, ਜੋ ਦਿਖਾਉਂਦੀ ਹੈ ਕਿ ਕਮਿਊਨਿਟੀ ਇਕੱਠੀ ਹੋ ਰਹੀ ਹੈ। ਭਾਰਤ ਸਰਕਾਰ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ - ਸ਼੍ਰੋਮਣੀ ਅਕਾਲੀ ਦਲ ਦੀ ਐੱਮਪੀ ਹਰਸਿਮਰਤ ਕੌਰ ਬਾਦਲ ਨੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਚਿੱਠੀ ਲਿਖੀ ਹੈ ਕਿ ਹਰਜਿੰਦਰ ਨੂੰ ਕੌਂਸਲਰ ਐਕਸੈੱਸ ਮਿਲੇ ਅਤੇ ਵੀਜ਼ਾ ਫ੍ਰੀਜ਼ ਨੂੰ ਵਾਪਸ ਲਿਆ ਜਾਵੇ। ਇੰਡੀਅਨ ਅਧਿਕਾਰੀਆਂ ਨੂੰ ਕੈਲੀਫੋਰਨੀਆ ਨਾਲ ਮਿਲ ਕੇ ਲਾਇਸੈਂਸਿੰਗ ਪ੍ਰੋਸੈੱਸ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਤਾਂ ਜੋ ਅੰਗਰੇਜ਼ੀ ਅਤੇ ਸੁਰੱਖਿਆ ਟੈਸਟਾਂ ਨੂੰ ਸਖ਼ਤ ਬਣਾਇਆ ਜਾਵੇ। ਡਰਾਈਵਰਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਵਕੀਲਾਂ ਨਾਲ ਜੁੜਨ ਵਾਲੀਆਂ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਵੇ। ਲੰਮੇ ਸਮੇਂ ਵਿੱਚ, ਅਮਰੀਕੀ ਹਕੂਮਤ ਨੂੰ ਇਮੀਗ੍ਰੇਂਟ ਵਰਕਰਾਂ ਲਈ ਫੇਅਰ ਵੀਜ਼ਾ ਪਾਲਿਸੀ ਬਣਾਉਣੀ ਚਾਹੀਦੀ ਹੈ, ਜੋ ਉਹਨਾਂ ਦੇ ਯੋਗਤਾ ਨੂੰ ਮਾਨਤਾ ਦੇਵੇ।

ਸਿੱਖ ਕਮਿਊਨਿਟੀ ਨੂੰ ਆਪਣੇ ਟਰੱਕਿੰਗ ਨੈੱਟਵਰਕ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਜਿਸ ਵਿੱਚ ਟਰੱਕ ਸਟੌਪ ਰੈਸਟੋਰੈਂਟਸ ਤੋਂ ਲੈ ਕੇ ਲੌਜਿਸਟਿਕਸ ਕੰਪਨੀਆਂ ਤੱਕ ਸ਼ਾਮਲ ਹਨ। ਇਹ ਸੰਕਟ ਤਕਨੀਕੀ ਤਰੱਕੀ ਨਾਲ ਵੀ ਹੱਲ ਹੋ ਸਕਦਾ ਹੈ, ਜਿਵੇਂ ਬਿਹਤਰ ਡੈਸ਼ਕੈਮ ਅਤੇ ਟ੍ਰੇਨਿੰਗ ਪ੍ਰੋਗਰਾਮ। ਜੇਕਰ ਇਹਨਾਂ ਕਦਮਾਂ ਨੂੰ ਅਪਨਾਇਆ ਗਿਆ ਤਾਂ ਪੰਜਾਬੀ ਡਰਾਈਵਰ ਫਿਰੋਂ ਸੁਰੱਖਿਅਤ ਅਤੇ ਗਰਵ ਨਾਲ ਰਾਹਾਂ ’ਤੇ ਵਾਪਸ ਆ ਸਕਣਗੇ।

# ਪੰਥ ਦੇ ਉਘੇ ਪ੍ਰਚਾਰਕ ਭਾਈ ਗੁਰਭੇਜ ਸਿੰਘ ਦਾ ਸਿੰਘ ਸਭਾ ਡਰਬੀ ਵਿਖੇ ਸਨਮਾਨ



ਗਿਆਨੀ ਗੁਰਭੇਜ ਸਿੰਘ ਨੂੰ ਸਿਰੋਪਾਓ ਅਤੇ ਕਿਤਾਬਾਂ ਦੇ ਕੇ ਸਨਮਾਨ ਕਰਦੇ ਹੋਏ ਸ: ਰਾਜਿੰਦਰ ਸਿੰਘ ਪੁਰੇਵਾਲ, ਗਿਆਨੀ ਪਿਆਰਾ ਸਿੰਘ ਅਤੇ ਭਾਈ ਲਖਵੀਰ ਸਿੰਘ

ਡਰਬੀ (ਪੰਜਾਬ ਟਾਈਮਜ਼) – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਬੀਤੇ ਦਿਨੀਂ ਭਾਈ ਗੁਰਭੇਜ ਸਿੰਘ ਨੇ ਸ਼ੁੱਕਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਤਿੰਨ ਦਿਨ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਭਾਈ ਸਾਹਿਬ ਦਾ ਗੁਰਮਤਿ ਪ੍ਰਚਾਰ ਸੰਗਤਾਂ ਲਈ ਬਾਕੀ ਪ੍ਰਚਾਰਕਾਂ ਨਾਲੋਂ ਬਹੁਤ ਅਲੱਗ ਸੀ। ਬਹੁਤ ਹੀ ਸਰਲ ਤੇ ਆਸਾਨ ਗੁਰਮੁਖੀ, ਗੁਰਬਾਣੀ ਵਿੱਚੋਂ ਅਨੇਕਾਂ ਸ਼ਬਦਾਂ ਦੀ ਉਹਨਾਂ ਨੇ ਵਿਆਖਿਆ ਕੀਤੀ। ਸਟੇਜ ਤੋਂ ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਜੋ ਭਾਈ ਗੁਰਭੇਜ ਸਿੰਘ ਜੀ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਹਨ, ਉਹਨਾਂ ਤੋਂ ਬਹੁਤ ਕੁੱਝ ਸਿੱਖਣ ਲਈ ਮਿਲਦਾ ਹੈ । ਪੰਥਕ ਆਗੂਆਂ ਤੇ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਉਹਨਾਂ ਵੱਲੋਂ ਦਿੱਤੇ ਸੁਨੇਹੇ ਨੂੰ ਹਿਰਦੇ ਵਿੱਚ ਵਸਾਉਣਾ ਚਾਹੀਦਾ ਹੈ। ਅਸੀਂ ਸਾਰੇ ਸੁਖੀ ਵੀ ਹੋਵਾਂਗੇ, ਸਾਡਾ ਸਮਾਜ ਸੋਹਣਾ ਬਣੇਗਾ । ਆਪਸੀ ਦੂਰੀਆਂ ਵੀ ਖਤਮ ਹੋ ਸਕਦੀਆਂ ਹਨ । ਗੁਰੂ ਘਰ ਵੱਲੋਂ ਭਾਈ ਸਾਹਿਬ ਨੂੰ ਸਿਰੋਪਾਓ ਦਿੱਤਾ ਗਿਆ ਅਤੇ ਕੁੱਝ ਧਾਰਮਿਕ ਕਿਤਾਬਾਂ ਵੀ ਉਹਨਾਂ ਨੂੰ ਭੇਟ ਕੀਤੀਆਂ ਗਈਆਂ ।

# ਸ਼੍ਰੋਮਣੀ ਕਮੇਟੀ ਵਿਚ ਹੜ ਪੀੜਤਾਂ ਦੀ ਸਹਾਇਤਾ ਨੂੰ ਲੈਕੇ ਡੀਜ਼ਲ ਵੰਡ ਵਿਵਾਦ ਪੈਦਾ ਹੋਇਆ

## ✪ ਬਾਦਲ ਦਲ ਉਪਰ ਨਵੇਂ ਅਕਾਲੀ ਦਲ ਨੇ ਸਿਆਸੀ ਲਾਭ ਲੈਣ ਦੇ ਲਗਾਏ ਦੋਸ਼

## ✪ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲ ਦਲ ਦੇ ਸਿਆਸੀ ਹਿਤ ਵਿਚ ਨਾ ਵਰਤੋਂ

ਪੰਜਾਬ ਵਿੱਚ ਹਾਲੀਆ ਹੜ੍ਹਾਂ ਵਿਚ ਪੀੜਤਾਂ ਦੀ ਸਹਾਇਤਾ ਨੂੰ ਲੈਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਨਵੇਂ ਅਕਾਲੀ ਦਲ ਵਲੋਂ ਗੰਭੀਰ ਦੋਸ਼ ਲਗਾਏ ਜਾ ਰਹੇ ਹਨ ਕਿ ਬਾਦਲ ਅਕਾਲੀ ਦਲ ਨੂੰ ਰਾਜਸੀ ਲਾਭ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਗੋਲਕ ਦੀ ਦੁਰਵਰਤੋਂ ਕਰ ਰਹੀ ਹੈ। ਮਕਰੋੜ ਸਾਹਿਬ ਅਤੇ ਮੂਨਕ ਵਿੱਚ ਵੰਡੇ ਗਏ ਡੀਜ਼ਲ ਨੂੰ ਲੈ ਕੇ ਵੱਡਾ ਵਿਵਾਦ ਹੋ ਗਿਆ ਹੈ, ਜਿੱਥੇ ਬਾਦਲ ਅਕਾਲੀ ਦਲ ਵਿਰੋਧੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਗੁਰੂ ਦੀ ਗੋਲਕ ਨੂੰ ਰਾਜਸੀ ਖੇਡ ਦੇ ਹਿੱਤ ਵਿਚ ਵਰਤਣਾ' ਦੱਸਿਆ ਹੈ।

ਇਸ ਕਾਰਣ ਪੰਥਕ ਹਲਕਿਆਂ ਵਿੱਚ ਵਿਵਾਦ ਪੈਦਾ ਹੋ ਗਿਆ ਹੈ, ਜਦਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਝੂਠਾ ਪ੍ਰਚਾਰ ਕਰਾਰ ਦਿੰਦਿਆਂ ਪਾਰਦਰਸ਼ਤਾ ਦਾ ਦਾਅਵਾ ਕੀਤਾ ਹੈ।

ਹੜ੍ਹਾਂ ਦੌਰਾਨ ਸ਼੍ਰੋਮਣੀ ਕਮੇਟੀ ਨੇ ਰਾਹਤ ਕੰਮਾਂ ਲਈ 2 ਕਰੋੜ ਰੁਪਏ ਦਾ ਫੰਡ ਘੋਸ਼ਿਤ ਕੀਤਾ ਸੀ, ਜਿਸ ਵਿੱਚੋਂ ਪਹਿਲੀ ਕਿਸ਼ਤ ਵਜੋਂ 1 ਕਰੋੜ ਰੁਪਏ ਰਿਲੀਜ਼ ਕੀਤੇ ਗਏ ਹਨ। ਲੰਗਰ, ਰਾਸ਼ਨ, ਦਵਾਈਆਂ ਅਤੇ ਬੰਨ੍ਹਾਂ ਮਜ਼ਬੂਤ ਕਰਨ ਲਈ ਡੀਜ਼ਲ ਵੰਡ ਵਰਗੇ ਕੰਮ ਚੱਲ ਰਹੇ ਹਨ। ਪਰ ਇਸੇ ਡੀਜ਼ਲ ਵੰਡ ਨੂੰ ਲੈ ਕੇ ਬਾਦਲ ਦਲ ਵਿਰੋਧੀ ਪੰਥਕ ਧਿਰ ਨੇ ਸ਼੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਇਆ ਹੈ। ਚੰਡੀਗੜ੍ਹ ਵਿਖੇ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਜੀਪੀਸੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ, ਜਥੇਦਾਰ ਸਤਵਿੰਦਰ ਸਿੰਘ ਟੌਹੜਾ, ਜਥੇਦਾਰ ਮਲਕੀਤ ਸਿੰਘ ਚੰਗਾਲ ਅਤੇ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਸਾਂਝੇ ਤੌਰ ਤੇ ਇਹ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ



ਦਾ ਪੈਸਾ ਪੰਥਕ ਹਿਤਾਂ ਲਈ ਹੀ ਵਰਤੋਂ ਹੋਣਾ ਚਾਹੀਦਾ ਹੈ, ਨਾ ਕਿ ਬਾਦਲ ਪਰਿਵਾਰ ਦੇ ਰਾਜਸੀ ਖੇਡਾਂ ਵਿੱਚ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਬਾਦਲ ਅਕਾਲੀ ਦਲ ਨੂੰ ਰਾਜਸੀ ਲਾਭ ਪਹੁੰਚਾਉਣ ਲਈ ਸਕੇ ਥਾਂ ਰਾਸ਼ਨ ਤੇ ਸਮਗਰੀ ਪਹੁੰਚਾ ਰਹੇ ਹਨ ,ਜਿਥੇ ਹੜ ਨਹੀਂ ਆਏ।

ਬੀਬੀ ਲਾਂਡਰਾਂ ਨੇ ਖਾਸ ਤੌਰ ਤੇ ਮਕਰੋੜ ਸਾਹਿਬ ਅਤੇ ਮੂਨਕ ਵਿੱਚ ਵੰਡੇ ਗਏ ਡੀਜ਼ਲ ਨੂੰ ਲੈ ਕੇ ਸਬੂਤ ਪੇਸ਼ ਕੀਤੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਡੀਜ਼ਲ ਪਾਕਿਸਤਾਨ ਵਿਖੇ ਗੁਰਦੁਆਰਾ ਨਾਨਕਿਆਣਾ ਸਾਹਿਬ ਤੋਂ ਹਾਸਲ ਕੀਤਾ ਗਿਆ ਸੀ ਅਤੇ ਇਸ ਨੂੰ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਰਾਜਸੀ ਪ੍ਰਚਾਰ ਲਈ ਵਰਤਿਆ। ਇਸ ਨਾਲ ਪੰਥਕ ਚਿੰਤਾ ਵਧ ਗਈ ਹੈ ਅਤੇ ਸੰਗਤ ਵਿੱਚ ਗੁੱਸਾ ਪੈਦਾ ਹੋ ਰਿਹਾ ਹੈ।ਪੰਜਾਬ ਵਿੱਚ ਹੜ੍ਹਾਂ ਨੇ 30 ਤੋਂ ਵੱਧ ਪਿੰਡਾਂ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਐੱਸਜੀਪੀਸੀ ਨੇ 77 ਲੱਖ ਰੁਪਏ ਤੋਂ ਵੱਧ ਖਰਚ ਕੀਤੇ ਹਨ, ਪਰ ਵੇਰਵੇ ਨਾ ਦੇਣ ਨਾਲ ਸ਼ੱਕ ਵਧ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੇ ਅੰਤਰਿਮ ਕਮੇਟੀ ਮੈਂਬਰ ਜਸਵੰਤ ਸਿੰਘ ਪੁੜੈਣ ਨੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਮੰਗ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੁਣ ਤੱਕ ਕੀਤੇ ਖਰਚੇ ਦੇ ਵੇਰਵੇ ਅਤੇ ਡੀਜ਼ਲ ਵੰਡ ਦੀ ਸੂਚੀ ਸਾਂਝੀ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਬਾਦਲ ਪਖੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵਸੀਲੇ ਦਿੱਤੇ ਜਾ ਰਹੇ ਹਨ ,ਪਰ ਵਿਰੋਧੀਆਂ ਨੂੰ ਨਹੀਂ।ਉਨ੍ਹਾਂ ਕਿਹਾ ਕਿ ਬਾਦਲ ਪਖੀ ਸ਼੍ਰੋਮਣੀ ਕਮੇਟੀ ਮੈਂਬਰ ਹੜ੍ਹ ਪੀੜਤਾਂ ਦੀ ਸਹਾਇਤਾ ਕਰਦੇ ਹੋਏ ਬਾਦਲ ਦਲ ਦਾ ਰਾਜਨੀਤਕ ਪ੍ਰਚਾਰ ਕਰ ਰਹੇ ਹਨ। ਜਦ ਕਿ ਸ਼੍ਰੋਮਣੀ ਕਮੇਟੀ ਪੰਥ ਦੀ ਸਾਂਝੀ ਹੈ, ਪਰ ਇਸ ਨੂੰ ਬਾਦਲ ਪੱਖੀ ਬਣਾ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਰੋਧੀ ਧਿਰ ਨਾਲ ਜੁੜੇ ਮੈਂਬਰਾਂ ਵੱਲੋਂ ਲਗਾਏ ਆਰੋਪਾਂ ਨੂੰ ਝੂਠਾ ਪ੍ਰਚਾਰ ਕਰਾਰ ਦਿੱਤਾ ਹੈ। ਅੰਮ੍ਰਿਤਸਰ ਵਿੱਚ ਪ੍ਰੈੱਸ ਕਾਨਫਰੰਸ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਹੜ੍ਹ ਪੀੜਤਾਂ ਨਾਲ ਖੜ੍ਹਨ ਦੀ ਥਾਂ ਇਹ ਲੋਕ ਸਿਆਸੀ ਬਿਆਨਬਾਜ਼ੀ ਵਿੱਚ ਉਲਝੇ ਹੋਏ ਹਨ। ਧਾਮੀ ਨੇ ਵਿਰੋਧੀਆਂ ਨੂੰ ਠੋਕ ਕੇ ਜਵਾਬ ਦਿੰਦਿਆਂ ਕਿਹਾ ਕਿ ਸੜ ਨਾ ਰੀਸ ਕਰ ਕਹਾਵਤ ਤੁਹਾਡੇ ਤੇ ਢੁੱਕਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਰਾਹਤ ਸੇਵਾਵਾਂ ਪੂਰੀ ਤਰ੍ਹਾਂ ਪਾਰਦਰਸ਼ੀ ਹਨ ਅਤੇ 10 ਸਤੰਬਰ ਤੱਕ 77 ਲੱਖ ਤੋਂ ਵੱਧ ਰੁਪਏ ਖਰਚ ਕੀਤੇ ਗਏ ਹਨ, ਜਿਸ ਵਿੱਚ ਲੰਗਰ, ਰਸਦਾਂ, ਸਾਮਾਨ ਅਤੇ ਡੀਜ਼ਲ ਸ਼ਾਮਲ ਹੈ।

ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਰ ਪੈਸੇ ਦਾ ਹਿਸਾਬ ਰੱਖਦੀ ਹੈ ਅਤੇ ਅਗਾਮੀ 20 ਕਰੋੜ ਰੁਪਏ ਖਰਚਣ ਵੇਲੇ ਵੀ ਇੱਕ-ਇੱਕ ਪੈਸੇ ਦਾ ਵੇਰਵਾ ਹੋਵੇਗਾ। ਉਨ੍ਹਾਂ ਨੇ ਜਸਵੰਤ ਸਿੰਘ ਪੁੜੈਣ ਨੂੰ ਸੰਬੋਧਨ ਕਰਦਿਆਂ ਕਿਹਾ ਕਿ "ਹਰ ਖਰਚੇ ਲਈ ਅੰਤਰਿਮ ਕਮੇਟੀ ਦੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ ਅਤੇ ਸ਼੍ਰੋਮਣੀ ਕਮੇਟੀ ਨਾਲ ਸ਼੍ਰੋਮਣੀ ਅਕਾਲੀ ਦਲ ਵੀ ਰਾਹਤ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਸੇਵਾ ਕਰ ਰਹੇ ਹਨ, ਤਾਂ ਤੁਸੀਂ ਵੀ ਕਰੋ , ਅੜਚਨਾਂ ਪੈਦਾ ਨਾ ਕਰੋ।" ਧਾਮੀ ਨੇ ਹੋਰ ਕਿਹਾ ਕਿ ਵਿਰੋਧੀਆਂ ਵੱਲੋਂ ਕੀਤੇ ਜਾ ਰਹੇ ਆਰੋਪ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਅੜਚਨ ਪੈਦਾ ਕਰਦੇ ਹਨ। ਉਨ੍ਹਾਂ ਨੇ ਸਰਕਾਰ ਨੂੰ ਵੀ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

ਇਸ ਖਿਚਾਧੂਹੀ ਨੇ ਸ਼੍ਰੋਮਣੀ ਕਮੇਟੀ ਅੰਦਰ ਵੰਡ ਪੈਦਾ ਕਰ ਦਿੱਤੀ ਹੈ, ਜਿੱਥੇ ਵਿਰੋਧੀ ਮੈਂਬਰ ਪੂਰਨ ਤੌਰ ਤੇ ਵੇਰਵੇ ਮੰਗ ਰਹੇ ਹਨ ਅਤੇ ਧਾਮੀ ਪਾਰਦਰਸ਼ਤਾ ਦਾ ਦਾਅਵਾ ਕਰ ਰਹੇ ਹਨ। ਇਹ ਵਿਵਾਦ ਹੜ੍ਹ ਰਾਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ, ਸਿਮਰਨਜੀਤ ਸਿੰਘ ਮਾਨ, ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਦੇ ਕੋਲੋਂ ਬਚਾਉਣਾ ਜ਼ਰੂਰੀ ਹੈ, ਨਹੀਂ ਤਾਂ ਗੁਰੂ ਗੋਲਕ ਦੀ ਲੁੱਟ ਜਾਰੀ ਰਹੇਗੀ। ਉਨ੍ਹਾਂ ਨੇ ਡੀਜ਼ਲ ਵੰਡ ਨੂੰ ਰਾਜਸੀ ਧੱਕੇ ਨਾਲ ਜੋੜਿਆ ਅਤੇ ਪੂਰਨ ਜਾਂਚ ਦੀ ਮੰਗ ਕੀਤੀ।

ਆਮ ਸਿੱਖ ਸ਼੍ਰੋਮਣੀ ਕਮੇਟੀ ਉਪਰ ਸੁਆਲ ਉਠਾ ਰਹੇ ਹਨ ਕਿ ਖਾਲਸਾ ਏਡ, ਯੂਨਾਈਟਿਡ ਸਿੱਖਸ, ਗਲੋਬਲ ਸਿੱਖਸ ਅਤੇ ਹੋਰ ਪੰਥਕ ਧਿਰਾਂ ਨਾਲ ਮਿਲ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਨੈਟਵਰਕ ਕਿਉਂ ਨਹੀਂ ਬਣਾਇਆ? ਅਜੇ ਤੱਕ ਵੇਅਰ ਹਾਉਸ ਕਿਉਂ ਨਹੀਂ ਖੋਲ੍ਹੇ ਅਤੇ ਨੈਟਵਰਕ ਕਿਉਂ ਕਮਜ਼ੋਰ ਹੈ? ਪੰਥਕ ਧਿਰਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਨੈਟਵਰਕ ਕਮਜ਼ੋਰ ਹੋਣ ਕਾਰਨ ਰਾਹਤ ਕੰਮਾਂ ਵਿੱਚ ਦੇਰੀ ਹੋ ਰਿਹਾ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਗਲੋਬਲ ਸਿੱਖ ਅਰਗੇਨਾਈਜ਼ੇਸ਼ਨਾਂ ਨਾਲ ਜੁੜ ਕੇ ਵੱਡਾ ਨੈਟਵਰਕ ਬਣਾਇਆ ਜਾਵੇ, ਜਿਸ ਨਾਲ ਰਾਹਤ ਸਮੱਗਰੀ ਤੇਜ਼ੀ ਨਾਲ ਪਹੁੰਚੇ।

ਸ਼੍ਰੋਮਣੀ ਕਮੇਟੀ ਨੇ ਰਾਸ਼ਨ ਅਤੇ ਡੀਜ਼ਲ ਵੰਡਿਆ ਹੈ, ਪਰ ਵੇਅਰਹਾਉਸ ਨਾ ਖੋਲ੍ਹਣ ਨਾਲ ਸਟੋਰੇਜ ਦੀ ਕਮੀ ਹੈ। ਇਸੇ ਕਾਰਨ ਰਾਹਿਤ ਕਾਰਜਾਂ ਦਾ ਕੰਮ ਠੀਕ ਨਹੀਂ ਚਲ ਰਿਹਾ।

# ਹੜ੍ਹ ਪ੍ਰਭਾਵਿਤ ਲੋਕਾਂ ਦੀ ਰਾਜਸਥਾਨ ਭਾਈਚਾਰੇ ਨੇ ਕੀਤੀ ਮੱਦਦ

## ✪ ਗਰੀਬ ਪਰਿਵਾਰ ਦੀ ਲੜਕੀ ਨੂੰ 11000 ਹਜ਼ਾਰ ਰੁਪਏ ਸ਼ਗਨ ਵਜੋਂ ਦਿੱਤੇ



ਜਲੰਧਰ-ਬੀਤੇ ਦਿਨੀਂ ਰਾਜਸਥਾਨ ਨੇ ਪੰਜਾਬ ਦੇ ਭਾਈਚਾਰੇ ਨਾਲ ਆਪਣੀ ਸਾਂਝ ਨੂੰ ਹੋਰ ਪੱਕਾ ਕਰਦਿਆਂ ਹੜ੍ਹਾਂ ਦੇ ਕਹਿਰ ਨਾਲ ਜੂਝ ਰਹੇ ਲੋਕਾਂ ਨਾਲ ਆਪਣੀ ਇਕਜੁੱਟਤਾ ਪ੍ਰਗਟ ਕੀਤੀ ਹੈ। ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡ ਸੰਘੇੜਾ ਵਿਖੇ ਰਾਜਸਥਾਨ ਭਾਈਚਾਰੇ ਦੇ ਲੋਕਾਂ ਨੇ ਪੁੱਜ ਕੇ ਰਾਹਤ ਸਮੱਗਰੀ ਵੰਡਣ ਦੇ ਨਾਲ ਨਾਲ ਸਮਾਜਿਕ ਰਿਸ਼ਤੇ ਨੂੰ ਵੀ ਮਜ਼ਬੂਤ ਬਣਾ ਦਿੱਤਾ। ਰਾਜਸਥਾਨ ਦੇ ਰਾਮਗੜ੍ਹ ਤੋਂ ਪਿੰਡ ਦੀ ਸੇਵਾ ਸੰਮਤੀ ਅਤੇ ਅਖਿਲ ਭਾਰਤੀ ਕਿਸਾਨ ਸਭਾ ਦੇ ਮੈਂਬਰਾਂ ਦਾਰਾ ਸਿੰਘ ਸ਼ਰਮਾ, ਰਾਕੇਸ਼ ਗੰਦਾਰਾ, ਦਲੀਪ ਭੰਬੂ, ਦਯਾ ਰਾਮ ਪੱਤਰਕਾਰ ਅਤੇ ਬਲਿੰਦਰਾ ਸਿੰਘ ਭੰਬੂ ਸਾਬਕਾ ਫੌਜੀ ਨੇ ਪਿੰਡ ਸੰਘੇੜਾ ਅਤੇ ਆਸਪਾਸ ਦੀਆਂ ਢਾਣੀਆਂ ਦੇ 99 ਘਰਾਂ ਦੇ ਲੋਕਾਂ ਨੂੰ ਕ੍ਰਮਵਾਰ ਦੋ-ਦੋ ਹਜ਼ਾਰ ਰੁਪਏ ਅਤੇ 12 ਘਰਾਂ ਨੂੰ ਪੰਚੀ -ਪੰਚੀ ਸੌ ਰੁਪਏ ਦੀ ਨਗਦ ਰਾਸ਼ੀ ਵੰਡੀ। ਇਸ ਤੋਂ ਇਲਾਵਾ ਸਾਰੇ ਘਰਾਂ ਨੂੰ ਘਰੇਲੂ ਰਾਸ਼ਨ ਦੀਆਂ ਕਿੱਟਾਂ ਦਿੱਤੀਆਂ ਗਈਆਂ। ਉਨ੍ਹਾਂ ਨੇ ਪਿੰਡ ਦੀ ਇੱਕ ਗਰੀਬ ਪਰਿਵਾਰ ਦੀ ਲੜਕੀ ਜਿਸਦੇ ਵਿਆਹ ਦੀ ਤਰੀਕ ਨੇੜੇ ਹੈ ਉਸਨੂੰ ਗਿਆਰਾਂ ਹਜ਼ਾਰ ਰੁਪਏ ਸ਼ਗਨ ਵਜੋਂ ਦੇਕੇ ਆਪਣੀ ਸਮਾਜਿਕ ਸਾਂਝ ਨੂੰ ਵੀ ਮਜ਼ਬੂਤ ਕੀਤਾ।

# ਡਾ: ਧਨਵੰਤ ਕੌਰ ਤੇ ਡਾ: ਜਸਵਿੰਦਰ ਸਿੰਘ ਨਾਲ ਲੰਡਨ ਵਿੱਚ ਪੰਜਾਬੀ ਸਾਹਿਤਕਾਰਾਂ ਦੀ ਮਿਲਣੀ



ਡਾ: ਧਨਵੰਤ ਕੌਰ ਤੇ ਡਾ: ਜਸਵਿੰਦਰ ਸਿੰਘ ਦੇ ਨਾਲ ਲੰਡਨ ਦੇ ਪੰਜਾਬੀ ਸਾਹਿਤਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਅਦਾਰਾ ਸ਼ਬਦ' ਵਲੋਂ ਹਰਜੀਤ ਅਟਵਾਲ, ਸੁਰਿੰਦਰ ਸੀਹਰਾ ਅਤੇ ਦਰਸ਼ਨ ਬੁਲੰਦਵੀ ਦੇ ਯਤਨਾਂ ਸਦਕਾ ਡਾ: ਧਨਵੰਤ ਕੌਰ ਤੇ ਡਾ: ਜਸਵਿੰਦਰ ਸਿੰਘ ਦੇ ਸਨਮਾਨ ਵਿਚ, ਪਿੰਕ ਸਿਟੀ ਰੈਸਟੋਰੈਂਟ, ਹੇਜ਼ ਵਿਚ ਇਕ ਸਾਹਿਤਕ ਮਿਲਣੀ ਸਮਾਗਮ ਰੱਖਿਆ ਗਿਆ। ਜਿਸ ਦੀ ਮੇਜ਼ਬਾਨੀ ਹਰਦੇਸ਼ ਬਸਰਾ ਨੇ ਕੀਤੀ। ਜਿਸ ਵਿਚ ਲੰਡਨ ਭਰ ਤੋਂ ਪੰਜਾਬੀ ਲੇਖਕ ਸ਼ਾਮਲ ਹੋਏ। ਇਸ ਮੌਕੇ 'ਤੇ ਪ੍ਰੋ: ਹਰਭਜਨ ਸਿੰਘ ਦੀ ਜੀਵਨੀ, 'ਸੁਰਖ ਰਾਹਾਂ ਦੀਆਂ ਸਿਮ੍ਰਤੀਆਂ' ਰਿਲੀਜ਼ ਕੀਤੀ ਗਈ। ਕਿਤਾਬ ਉਪਰ ਬੋਲਦਿਆਂ ਡਾ: ਧਨਵੰਤ ਕੌਰ ਨੇ ਲੇਖਕ ਦੀ ਹਾਂ-ਮੁਖੀ ਸੋਚ ਬਾਰੇ ਗੱਲ ਕੀਤੀ, ਡਾ: ਜਸਵਿੰਦਰ ਸਿੰਘ ਨੇ ਸਾਹਿਤ ਕਾਰਨ ਪ੍ਰੋ: ਹਰਭਜਨ ਸਿੰਘ ਦੀ ਜ਼ਿੰਦਗੀ ਵਿਚ ਆਈ ਤਬਦੀਲੀ ਦਾ ਜ਼ਿਕਰ ਕੀਤਾ। ਕੁਝ ਹੋਰ ਹਾਜ਼ਰ ਲੇਖਕਾਂ ਨੇ ਵੀ ਪ੍ਰੋ: ਸਾਹਿਬ ਦੇ ਜੀਵਨ ਅਤੇ ਸਾਹਿਤ ਬਾਰੇ ਚਰਚਾ ਕੀਤੀ। ਇਸੇ ਮੌਕੇ 'ਤੇ 'ਮਹਾਨ ਕੋਸ਼' ਬਾਰੇ ਚਲਦੇ ਵਾਦ-ਵਿਵਾਦ ਬਾਰੇ ਵੀ ਡਾ: ਧਨਵੰਤ ਕੌਰ ਤੇ ਡਾ: ਜਸਵਿੰਦਰ ਸਿੰਘ ਨੇ ਵਿਸਥਾਰ ਨਾਲ ਗੱਲਬਾਤ ਕੀਤੀ। ਇਸੇ ਵਿਸ਼ੇ ਬਾਰੇ ਰਣਜੀਤ ਧੀਰ, ਹਰਜੀਤ ਅਟਵਾਲ ਤੇ ਸੁਰਿੰਦਰ ਸੀਹਰਾ ਵਲੋਂ ਕੁਝ ਸਵਾਲ ਵੀ ਉਠਾਏ ਗਏ ਜਿਹਨਾਂ ਦੇ ਜਵਾਬ ਡਾ ਜਸਵਿੰਦਰ ਸਿੰਘ ਨੇ ਬਹੁਤ ਸ਼ਾਂਤ ਲਹਿਜੇ ਵਿਚ ਦਿਤੇ। ਇਸ ਸਮਾਗਮ ਵਿਚ ਹਰਦੇਸ਼ ਬਸਰਾ, ਵਰਿੰਦਰ ਸ਼ਰਮਾ (ਸਾਬਕਾ ਐਮ.ਪੀ), ਮਹਿੰਦਰਪਾਲ ਧਾਲੀਵਾਲ, ਗੁਰਨਾਮ ਗਰੇਵਾਲ, ਅਜ਼ੀਮ ਸ਼ੇਖਰ, ਰੂਪ ਢਿਲੋਂ, ਗੁਰਮੇਲ ਕੌਰ ਸੰਘਾ, ਭਿੰਦਰ ਜਲਾਲਾਵਾਦੀ, ਕੁਲਵੰਤ ਕੌਰ ਢਿਲੋਂ, ਮਨਜੀਤ ਕੌਰ ਪੱਡਾ, ਚਰਨਜੀਤ ਕੌਰ ਬੁਲੰਦਵੀ, ਸ਼ਿਵਦੀਪ ਕੌਰ ਢੇਸੀ ਆਦਿ ਨੇ ਭਾਗ ਲਿਆ।

# ਸਿੱਖ ਮਹਿਲਾ ਨਾਲ ਜਬਰਜਨਾਹ ਨੂੰ ਲੈ ਕੇ ਸਿੱਖ ਭਾਈਚਾਰੇ ਵਿਚ ਰੋਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਵਿਚ ਸਿੱਖ ਬੱਚੀ ਨਾਲ ਹੋਏ ਜਬਰਜਨਾਹ ਅਤੇ ਨਸਲੀ ਹਮਲੇ ਨੂੰ ਲੈ ਕੇ ਸਮੁੱਚੇ ਸਿੱਖ ਭਾਈਚਾਰੇ ਅੰਦਰ ਰੋਸ ਦੀ ਲਹਿਰ ਹੈ। ਉਕਤ ਘਟਨਾਂ ਲਈ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਅਤੇ ਸ਼ੇਰ ਗਰੁੱਪ ਦੇ ਆਗੂ ਸ: ਗੁਰਮੇਲ ਸਿੰਘ ਮੱਲੀ ਨੇ ਸਖ਼ਤ ਨਿੰਦਾ ਕੀਤੀ ਹੈ। ਉਹਨਾਂ ਗੱਲ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ, ਪੁਲਿਸ ਪ੍ਰਸ਼ਾਸ਼ਣ ਨੂੰ ਦੋਸ਼ੀਆਂ ਦੀ ਭਾਲ ਲਈ ਯਤਨ ਹੋਰ ਤੇਜ਼ ਕਰਨੇ ਚਾਹੀਦੇ ਹਨ। ਉਹਨਾਂ ਇਹ ਵੀ ਕਿਹਾ ਕਿ ਅਜੇਹੇ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ।



ਗੁਰਮੇਲ ਸਿੰਘ ਮੱਲੀ

# ਬ੍ਰਮਿੰਘਮ ਜਬਰਜਨਾਹ ਦੀ ਪੀੜਤਾ ਵੱਲੋਂ ਮੀਡੀਆ ਨੂੰ ਜਾਰੀ ਕੀਤਾ ਬਿਆਨ ਅਜੇ ਤੱਕ ਦੋਸ਼ੀਆਂ ਦੀ ਭਾਲ ਨਹੀਂ ਕਰ ਸਕੀ ਬ੍ਰਮਿੰਘਮ ਪੁਲਿਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਓਲਡਬਰੀ ਇਲਾਕੇ ਵਿਚ ਸਿੱਖ ਬੱਚੀ ਤੇ ਕੀਤੇ ਨਸਲੀ ਹਮਲੇ ਅਤੇ ਜਬਰਜਨਾਹ ਦੇ ਸਬੰਧ ਵਿੱਚ ਅਜੇ ਤੱਕ ਪੁਲਿਸ ਦੋਸ਼ੀਆਂ ਤੱਕ ਨਹੀਂ ਪਹੁੰਚ ਸਕੀ। ਪ੍ਰਾਪਤ ਜਾਣਕਾਰੀ ਅਨੁਸਾਰ ਟੇਮ ਰੋਡ ਤੇ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ 20 ਸਾਲਾ ਸਿੱਖ ਮਹਿਲਾ ਕੰਮ ਤੇ ਜਾ ਰਹੀ ਸੀ। ਦੋ ਗੋਰੇ ਲੋਕਾਂ ਨੇ ਉਸ ਨਾਲ ਜਬਰਜਨਾਹ ਕੀਤਾ ਅਤੇ ਉਸ ਦੀ ਕੁੱਟ ਮਾਰ ਕਰਦਿਆਂ ਨਸਲੀ ਟਿੱਪਣੀਆਂ ਕੀਤੀਆਂ।

ਪੀੜਤ ਮਹਿਲਾ ਨੇ ਪਹਿਲੀ ਵਾਰ ਮੀਡੀਆ ਸਾਹਮਣੇ ਆਪਣਾ ਬਿਆਨ ਜਾਰੀ ਕਰਦਿਆਂ ਭਾਈਚਾਰੇ ਦਾ ਧੰਨਵਾਦ ਕੀਤਾ ਹੈ। ਪੀੜਤਾ ਨੇ ਕਿਹਾ ਕਿ ਇਹ ਉਸ ਲਈ ਉਸ ਦੇ ਪ੍ਰੀਵਾਰ ਲਈ ਬਹੁਤ ਹੀ ਮੁਸ਼ਕਿਲ ਸਮਾਂ ਸੀ, ਪਰ ਭਾਈਚਾਰੇ ਦੇ ਲੋਕ ਅਤੇ ਚੰਗੇ ਲੋਕ ਮੇਰੀ ਅਵਾਜ਼ ਬਣੇ। ਪੀੜਤਾ ਨੇ ਕਿਹਾ ਕਿ ਕੋਈ ਵੀ ਅਜੇਹੀ ਪੀੜਾ ਵਿੱਚੋਂ ਨਾ ਗੁਜ਼ਰੇ। ਮੈਂ ਕੰਮ ਤੇ ਜਾ ਰਹੀ ਸੀ, ਜਦੋਂ ਇਹ ਹੋਇਆ ਜਿਸ ਨੇ ਮੈਨੂੰ ਅਤੇ ਮੇਰੇ ਪ੍ਰੀਵਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪਰ ਇਸ ਦੁੱਖ ਦੀ ਘੜੀ ਵਿੱਚ ਮੇਰਾ ਪ੍ਰੀਵਾਰ ਅਤੇ ਮੇਰਾ ਭਾਈਚਾਰਾ ਮੇਰੇ ਨਾਲ ਚਟਾਨ ਵਾਂਗ ਖੜ੍ਹਾ ਰਿਹਾ ਹੈ। ਪੁਲਿਸ ਦੋਸ਼ੀਆਂ ਦੀ ਭਾਲ ਕਰ ਰਹੀ ਹੈ, ਉਮੀਦ ਹੈ ਉਹ ਫੜ੍ਹੇ ਜਾਣਗੇ ਤਾਂ ਜੋ ਇਹ ਕਿਸੇ ਹੋਰ ਨਾਲ ਇਸ ਤਰ੍ਹਾਂ ਨਾ ਵਾਪਰੇ। ਪੀੜਤਾ ਨੇ ਸਿੱਖ ਯੂਥ ਯੂ ਕੇ ਅਤੇ ਸਥਾਨਿਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਠਨਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ।

# ਸਿੱਖ ਬੀਬੀ ਤੇ ਜਿਣਸੀ ਨਸਲੀ ਹਮਲੇ ਵਿਰੁੱਧ ਬ੍ਰਮਿੰਘਮ ਵਿਖੇ ਸਿੱਖਾਂ ਵੱਲੋਂ ਰੋਸ ਪ੍ਰਦਰਸ਼ਨ




ਬ੍ਰਮਿੰਘਮ ਵਿੱਚ ਨਸਲੀ ਹਮਲੇ ਵਿਰੁੱਧ ਰੋਸ ਪ੍ਰਦਰਸ਼ਨ ਕਰਦੇ ਸਿੱਖ ਭਾਈਚਾਰੇ ਦੇ ਲੋਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਵਿੱਚ ਸਿੱਖਾਂ ਵੱਲੋਂ ਬੀਤੇ ਦਿਨੀ ਸਿੱਖ ਬੀਬੀ ਤੇ ਜਿਣਸੀ ਨਸਲੀ ਹਮਲੇ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਵੱਲੋਂ ਕੱਢੇ ਗਏ ਇਸ ਰੋਸ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਲੋਕ ਸ਼ਾਮਲ ਸਨ। ਗੁਰੂ ਨਾਨਕ ਗੁਰਦੁਆਰਾ ਸਾਹਿਬ ਤੋਂ ਘਟਨਾ ਸਥਾਨ ਤੱਕ ਭਾਰੀ ਮੀਂਹ ਦੌਰਾਨ ਵੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ "ਸਾਡੀ ਭੈਣ 'ਤੇ ਇਹ ਹਮਲਾ ਸ਼ਰਮਨਾਕ ਹੈ। ਸਾਡੀਆਂ ਧੀਆਂ, ਭੈਣਾਂ ਅਤੇ ਮਾਵਾਂ ਸੁਰੱਖਿਅਤ ਰਹਿਣ ਦੀਆਂ ਹੱਕਦਾਰ ਹਨ, ਭਾਵੇਂ ਉਹ ਕਿਸੇ ਵੀ ਰੰਗ ਜਾਂ ਕਿਸੇ ਵੀ ਧਰਮ ਨਾਲ ਸਬੰਧਤ ਹੋਣ। ਉਨ੍ਹਾਂ ਔਰਤਾਂ ਦਾ ਅਪਮਾਨ ਕਿਉਂ ਕਰੀਏ ਜੋ ਰਾਜਿਆਂ ਨੂੰ ਜਨਮ ਦਿੰਦੀਆਂ ਹਨ? ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਸਾਨੂੰ ਔਰਤਾਂ ਦੀ ਇੱਜ਼ਤ ਅਤੇ ਸਮਾਨਤਾ ਸਿਖਾਈ। ਕੁੜੀਆਂ ਅਤੇ ਔਰਤਾਂ ਸਾਡੇ ਸਮਾਜ ਵਿੱਚ ਸੁਰੱਖਿਅਤ ਮਹਿਸੂਸ ਕਰਨ। ਪਰ ਸਾਡੇ ਸਿਆਸਤਦਾਨ ਇਸ ਨੂੰ ਲੈ ਕੇ ਅਸਫਲ ਹਨ। ਉਹ ਲੋਕਾਂ ਵਿੱਚ ਪੁਲ ਬਣਨ ਦੀ ਬਜਾਏ ਵੰਡ ਪੈਦਾ ਕਰ ਰਹੇ ਹਨ। ਬੁਲਾਰਿਆਂ ਨੇ ਕਿਹਾ ਸਥਾਨਕ ਸਿਆਸਤਦਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਸਾਡੇ ਭਾਈਚਾਰਿਆਂ ਦੀ ਰੱਖਿਆ ਅਤੇ ਏਕਤਾ ਲਈ ਹੋਰ ਯਤਨ ਕਰਨੇ ਚਾਹੀਦੇ ਹਨ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਜਤਿੰਦਰ ਸਿੰਘ ਬਾਸੀ, ਸਾਬਕਾ ਪ੍ਰਧਾਨ ਕੁਲਦੀਪ ਸਿੰਘ ਦਿਓਲ, ਨਰਿੰਦਰਜੀਤ ਸਿੰਘ, ਸੰਗਤ ਸਿੰਘ ਆਦਿ ਨੇ ਕਿਹਾ ਕਿ ਇਹ ਨਸਲੀ ਨਫ਼ਰਤ ਅਤੇ ਜਿਨਸੀ ਹਿੰਸਾ ਇੱਕ ਘਿਨਾਉਣਾ ਕੰਮ ਸੀ। ਸਿੱਖ ਹਮੇਸ਼ਾਂ ਬਰਤਾਨੀਆਂ ਲਈ ਖੜ੍ਹੇ ਹੋਏ ਹਨ, ਸਾਰਾਗੜ੍ਹੀ ਤੋਂ ਲੈ ਕੇ ਵਿਸ਼ਵ ਯੁੱਧਾਂ ਤੱਕ ਵੱਡਾ ਯੋਗਦਾਨ ਹੈ । ਪਰ 20 ਸਾਲਾ ਸਿੱਖ ਬੀਬੀ ਨਾਲ ਵਾਪਰੀ ਘਟਨਾ ਨੇ ਸਿੱਖਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪਰ ਅਫ਼ਸੋਸ ਕਿ ਪੁਲਿਸ ਦੋਸ਼ੀਆਂ ਨੂੰ ਫੜਨ ਵਿੱਚ ਅਜੇ ਤੱਕ ਕਾਮਯਾਬ ਨਹੀਂ ਹੋਈ।

# ਪੋਠੋਹਾਰ ਐਸੋਸੀਏਸ਼ਨ ਯੂ ਕੇ ਵੱਲੋਂ ਸ: ਤਰਲੋਚਨ ਸਿੰਘ ਦਾ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਨਾਲ ਸਨਮਾਨ



ਤਰਲੋਚਨ ਸਿੰਘ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ "ਪੋਠੋਹਾਰ ਦਾ ਮਾਣ" ਨਾਲ ਸਨਮਾਨਿਤ ਕਰਦੇ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੋਠੋਹਾਰ ਐਸੋਸੀਏਸ਼ਨ ਯੂ ਕੇ ਵੱਲੋਂ ਲੰਡਨ ਵਿੱਚ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ: ਤਰਲੋਚਨ ਸਿੰਘ ਦਾ ਸਨਮਾਨ ਕੀਤਾ ਗਿਆ। ਪੋਠੋਹਾਰ ਐਸੋਸੀਏਸ਼ਨ ਉਹਨਾਂ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ ਜੋ ਰਾਵਲਪਿੰਡੀ, ਜੇਹਲਮ ਅਤੇ ਕਮਾਲਪੁਰ ਅਟਕ ਆਦਿ ਹੁਣ ਦੇ ਲਹਿੰਦੇ ਪੰਜਾਬ ਦੇ ਖਿੱਤਿਆਂ ਤੋਂ ਬਟਵਾਰੇ ਮੌਕੇ ਭਾਰਤ ਆ ਗਏ ਸਨ। ਸ: ਤਰਲੋਚਨ ਸਿੰਘ ਨੇ ਕਿਹਾ ਕਿ ਪੋਠੋਹਾਰ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀਆਂ ਇੰਦਰ ਕੁਮਾਰ ਗੁਜ਼ਰਾਲ ਅਤੇ ਡਾ: ਮਨਮੋਹਨ ਸਿੰਘ ਤੋਂ ਇਲ-ਾਵਾ ਮਲਿਕ ਹਰਦਿੱਤ ਸਿੰਘ ਮਲਿਕ ਤੇਜਾ ਸਿੰਘ, ਜਨਰਲ ਜਗਜੀਤ ਸਿੰਘ, ਮਾਸਟਰ ਤਾਰਾ ਸਿੰਘ, ਸ: ਗੁਰਮੁੱਖ ਸਿੰਘ ਮੁਸਾਫ਼ਰ, ਡਾ: ਜੋਧ ਸਿੰਘ, ਕਵੀ ਮੋਹਨ ਸਿੰਘ ਆਦਿ ਦੀ ਜਨਮ ਭੂਮੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਪੋਠੋਹਾਰ ਐਸੋਸੀਏਸ਼ਨ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਯਤਨਸ਼ੀਲ ਹੈ। ਸਮਾਗਮ ਦੇ ਮੁੱਖ ਪ੍ਰਬੰਧਕਾਂ ਪ੍ਰਧਾਨ ਸ: ਭੁਪਿੰਦਰ ਸਿੰਘ ਬਸੀਨ, ਜਨਰਲ ਸਕੱਤਰ ਪੀਟਰ ਸਿੰਘ ਅਤੇ ਮਿਸਜ਼ ਚੰਚਲ ਚੌਧਰੀ ਨੇ ਸ: ਤਰਲੋਚਨ ਸਿੰਘ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ "ਪੋਠੋਹਾਰ ਦਾ ਮਾਣ" ਨਾਲ ਸਨਮਾਨਿਤ ਕੀਤਾ ਗਿਆ।

# ਨੇਪਾਲ ਵਿੱਚ ਜੈਨ-ਜ਼ੀ ਅੰਦੋਲਨ ਕਾਰਣ ਤਖਤਾ ਪਲਟਿਆ

**✪ ਸੰਸਦ ਤੋਂ ਸੁਪਰੀਮ ਕੋਰਟ ਤੱਕ, ਨੇਪਾਲ ਵਿੱਚ ਉਥਲ-ਪੁਥਲ ਹੋਈ ✪ ਸੁਸ਼ੀਲਾ ਕਾਰਕੀ ਦੀ ਅੰਤਰਿਮ ਸਰਕਾਰ ਬਣੀ: ਨੇਪਾਲ ਵਿੱਚ ਸ਼ਾਂਤੀ ਅਤੇ ਸਥਿਰਤਾ ਦੀ ਉਮੀਦ ✪ ਕੀ ਨੇਪਾਲੀ ਅੰਦੋਲਨ ਦਾ ਭਾਰਤ 'ਤੇ ਪ੍ਰਭਾਵ ਪਵੇਗਾ?**

## ਨਿਊਜ਼ ਵਿਸ਼ਲੇਸ਼ਣ





ਨੇਪਾਲੀ ਅੰਦੋਲਨ 8 ਸਤੰਬਰ ਨੂੰ ਕਾਠਮੰਡੂ ਵਿੱਚ ਸ਼ੁਰੂ ਹੋਇਆ ਸੀ, ਜਿੱਥੇ ਹਜ਼ਾਰਾਂ ਵਿਦਿਆਰਥੀਆਂ ਨੇ ਸੰਸਦ ਭਵਨ ਵੱਲ ਮਾਰਚ ਕੀਤਾ ਸੀ। ਪੁਲਿਸ ਨੇ ਟੀਅਰ ਗੈਸ, ਰਬੜ ਗੋਲੀਆਂ ਅਤੇ ਅਸਲ ਗੋਲੀਆਂ ਨਾਲ ਜਵਾਬ ਦਿੱਤਾ, ਜਿਸ ਨਾਲ ਪਹਿਲੇ ਹੀ ਦਿਨ 19 ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖ਼ਮੀ ਹੋਏ ਸਨ। ਅੰਦੋਲਨ ਤੇਜ਼ੀ ਨਾਲ ਪੂਰੇ ਨੇਪਾਲ ਵਿੱਚ ਫੈਲ ਗਿਆ ਸੀ, ਜਿੱਥੇ ਨੌਜਵਾਨਾਂ ਨੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਅਸਮਾਨਤਾ ਵਿਰੁੱਧ ਨਾਅਰੇ ਲਗਾਏ।

9 ਸਤੰਬਰ ਨੂੰ ਹਿੰਸਾ ਫੈਲ ਗਈ, ਜਦੋਂ ਪ੍ਰਦਰਸ਼ਕਾਰੀਆਂ ਨੇ ਸੰਸਦ ਭਵਨ, ਸੁਪਰੀਮ ਕੋਰਟ, ਸਿੰਘ ਦੁਰਬਾਰ (ਸਰਕਾਰੀ ਦਫਤਰਾਂ ਦਾ ਕੰਪਲੈਕਸ) ਅਤੇ ਰਾਜਨੀਤਿਕ ਆਗੂਆਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ। ਨੇਪਾਲੀ ਕਾਂਗਰਸ ਅਤੇ ਯੂਐੱਮਐੱਲ ਪਾਰਟੀ ਦੇ ਦਫਤਰ ਵੀ ਨਿਸ਼ਾਨਾ ਬਣੇ ਸਨ। ਹੋਟਲ ਹਿਲਟਨ ਅਤੇ ਹੋਰ ਵਪਾਰਕ ਸਥਾਨਾਂ ਨੂੰ ਨੁਕਸਾਨ ਹੋਇਆ, ਜਿਸ ਨਾਲ ਟੂਰਿਜ਼ਮ ਉਦਯੋਗ ਨੂੰ ਭਾਰੀ ਝਟਕਾ ਲੱਗਾ ਅੰਦੋਲਨ ਦੌਰਾਨ 7 ਰਾਜਾਂ (ਪ੍ਰਦੇਸ਼ਾਂ) ਵਿੱਚ ਕਰਫਿਊ ਲੱਗਾ - ਬਾਗਮਤੀ, ਕੋਸੀ, ਕਰਨਾਲੀ, ਸੁਦੂਰ ਪੱਛਮੀ, ਗੰਡਕੀ ਅਤੇ ਹੋਰ। ਕਾਠਮੰਡੂ ਵੈਲੀ ਵਿੱਚ ਸਖ਼ਤ ਪਾਬੰਦੀਆਂ ਲੱਗੀਆਂ, ਜਿੱਥੇ 5 ਵਿਅਕਤੀਆਂ ਤੋਂ ਵੱਧ ਇਕੱਠੇ ਹੋਣਾ ਮਨ੍ਹਾ ਸੀ। ਇਸ ਹਿੰਸਾ ਨੇ ਨੇਪਾਲ ਨੂੰ ਆਰਥਿਕ ਤੌਰ ਉੱਤੇ ਵੀ ਨੁਕਸਾਨ ਪਹੁੰਚਾਇਆ, ਜਿਵੇਂ ਏਅਰਪੋਰਟ ਬੰਦ ਹੋਣ ਨਾਲ ਅਰਬਾਂ ਰੁਪਏ ਦਾ ਘਾਟਾ ਹੋਇਆ। ਹਿੰਸਾ ਵਿੱਚ ਕੁੱਲ 51 ਲੋਕ ਮਾਰੇ ਗਏ, ਜਿਨ੍ਹਾਂ ਵਿੱਚ 21 ਪ੍ਰਦਰਸ਼ਕਾਰੀ, 9 ਕੈਦੀ, 3 ਪੁਲਿਸ ਅਧਿਕਾਰੀ ਅਤੇ 18 ਹੋਰ ਸ਼ਾਮਲ ਹਨ। 1300 ਤੋਂ ਵੱਧ ਲੋਕ ਜ਼ਖ਼ਮੀ ਹੋਏ। ਸੰਸਦ ਭਵਨ ਅਤੇ ਸੁਪਰੀਮ ਕੋਰਟ ਨੂੰ ਅੱਗ ਲੱਗੀ, ਜਿਸ ਨਾਲ ਲੱਖਾਂ ਡਾਲਰ ਦਾ ਨੁਕਸਾਨ ਹੋਇਆ। ਜੇਲ੍ਹਾਂ ਤੋਂ ਭੱਜੇ ਕੈਦੀਆਂ ਨੇ ਸੁਰੱਖਿਆ ਨੂੰ ਹੋਰ ਖ਼ਤਰਨਾਕ ਬਣਾ ਦਿੱਤਾ।

ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੇ ਇਸ ਅੰਦੋਲਨ ਨੂੰ ਭਾਰਤ ਅਤੇ ਅਮਰੀਕੀ ਸੀਆਈਏ ਦੀ ਸਾਜ਼ਿਸ਼ ਕਿਹਾ ਸੀ, ਪਰ ਇਸ ਦਾ ਕੋਈ ਅਸਰ ਨਹੀਂ ਹੋਇਆ।

ਰਾਜਨੀਤਿਕ ਤੌਰ ਉੱਤੇ ਵੱਡੀ ਘਟਨਾ 10 ਸਤੰਬਰ ਨੂੰ ਵਾਪਰੀ ਜਦੋਂ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਅਸਤੀਫਾ ਦੇਣਾ ਪਿਆ ਅਤੇ ਦੇਸ਼ ਛੱਡ ਗਿਆ। ਅੰਦੋਲਨ ਨੇ ਪੁਰਾਣੀ ਸਰਕਾਰ ਨੂੰ ਡੇਗ ਦਿੱਤਾ ਅਤੇ ਫੌਜ ਨੂੰ ਸ਼ਹਿਰਾਂ ਵਿੱਚ ਤਾਇਨਾਤ ਕਰਨਾ ਪਿਆ। ਜਦਕਿ ਰਾਸ਼ਟਰਪਤੀ ਰਾਮ ਚੰਦਰ ਪਾਉਡੇਲ ਨੇ ਅੰਤਰਿਮ ਸਰਕਾਰ ਬਣਾਉਣ ਲਈ ਗੱਲਬਾਤ ਸ਼ੁਰੂ ਕੀਤੀ। ਓਲੀ ਵਰਗੇ ਛੇ ਪੁਰਾਣੇ ਪੀਐੱਮ - ਜਿਵੇਂ ਪੁਸ਼ਪ ਕਮਲ ਦਹਲ ਪ੍ਰਚੰਡ ਅਤੇ ਸ਼ੇਰ ਬਹਾਦੁਰ ਦੇਉਬਾ - ਨੂੰ ਹੁਣ ਰਿਟਾਇਰ ਕਰਨ ਦੀ ਤਿਆਰੀ ਚੱਲ ਰਹੀ ਹੈ, ਕਿਉਂਕਿ ਨੌਜਵਾਨ ਉਨ੍ਹਾਂ ਨੂੰ ਭ੍ਰਿਸ਼ਟ ਮੰਨਦੇ ਹਨ। ਰਾਸ਼ਟਰਪਤੀ ਪਾਉਡੇਲ ਨੇ ਫੌਜ ਨਾਲ ਮਿਲ ਕੇ ਸਥਿਤੀ ਨੂੰ ਕੰਟਰੋਲ ਕੀਤਾ ਅਤੇ 12 ਸਤੰਬਰ ਨੂੰ ਸੁਸ਼ੀਲਾ ਕਾਰਕੀ ਨੂੰ ਅੰਤਰਿਮ ਪੀਐੱਮ ਨਿਯੁਕਤ ਕੀਤਾ। 73 ਸਾਲ ਦੀ ਕਾਰਕੀ, ਭੂਤਪੂਰਵ ਚੀਫ ਜਸਟਿਸ, ਭ੍ਰਿਸ਼ਟਾਚਾਰ ਵਿਰੋਧੀ ਵਜੋਂ ਜਾਣੀ ਜਾਂਦੀ ਹੈ ਅਤੇ ਨੌਜਵਾਨਾਂ ਦੀ ਪਸੰਦ ਸੀ। ਨਵੀਂ ਸਰਕਾਰ ਵਿੱਚ ਬਲਾਨੰਦਾ ਸ਼ਰਮਾ ਪਾਉਡੇਲ (ਹੋਮ ਮੰਤਰੀ) ਅਤੇ ਕੁਲਮਾਨ ਘਿਸਿੰਗ (ਵਾਟਰ ਰਿਸੋਰਸੇਜ਼ ਮੰਤਰੀ) ਸ਼ਾਮਲ ਹਨ। ਚੋਣਾਂ 5 ਮਾਰਚ 2026 ਤੱਕ ਕਰਵਾਉਣ ਦਾ ਵਾਅਦਾ ਕੀਤਾ ਗਿਆ ਹੈ।

ਕਾਰਕੀ ਨੇ ਭ੍ਰਿਸ਼ਟਾਚਾਰ ਦੀ ਜਾਂਚ ਅਤੇ ਮਾਰੇ ਗਏ ਨੌਜਵਾਨਾਂ ਦੇ ਪਰਿਵਾਰਾਂ ਨੂੰ ਨਿਆਂ ਦੇਣ ਦਾ ਵਾਅਦਾ ਕੀਤਾ ਹੈ। ਫੌਜ ਅਤੇ ਪੁਲਿਸ ਨਿਗਰਾਨੀ ਕਰ ਰਹੇ ਹਨ ਤਾਂ ਜੋ ਨਵੀਂ ਹਿੰਸਾ ਨਾ ਹੋਵੇ। ਹੁਣ ਨੇਪਾਲ ਦੀ ਸਥਿਤੀ ਬਿਹਤਰ ਹੋ ਰਹੀ ਹੈ ਅਤੇ ਡਰ ਅਤੇ ਅਨਿਸ਼ਚਿਤਤਾ ਘੱਟ ਰਹੀ ਹੈ।

### ਨੇਪਾਲੀ ਅੰਦੋਲਨ ਦਾ ਭਾਰਤ ਉੱਤੇ ਕੀ ਪ੍ਰਭਾਵ ਪਵੇਗਾ?

ਨੇਪਾਲ ਅੰਦੋਲਨ ਨੇ ਭਾਰਤ ਵਿੱਚ ਵੀ ਗੂੰਜ ਪਾਈ ਹੈ। ਭਾਰਤ ਵਿੱਚ ਨੌਜਵਾਨ ਬੇਰੁਜ਼ਗਾਰੀ (20-24 ਸਾਲਾਂ ਵਿੱਚ 40 ਫੀਸਦੀ ਤੋਂ ਵੱਧ) ਅਤੇ ਅਸਮਾਨਤਾ ਨਾਲ ਜੂਝ ਰਹੇ ਹਨ, ਜੋ ਨੇਪਾਲ ਵਰਗੀ ਹੈ। ਇਹ ਅੰਦੋਲਨ ਭਾਰਤ ਵਿੱਚ ਵੀ ਨੌਜਵਾਨੀ ਅੰਦੋਲਨਾਂ ਨੂੰ ਭੜਕਾ ਸਕਦਾ ਹੈ, ਕਿਉਂਕਿ 140 ਕਰੋੜ ਆਬਾਦੀ ਅਤੇ ਵਿਭਿੰਨਤਾ ਕਾਰਨ ਹਾਲਾਤ ਭਿਆਨਕ ਹੋ ਸਕਦੇ ਹਨ। ਭਾਰਤੀ ਰਾਜਨੀਤਕ ਲੋਕਾਂ ਨੇ ਚੇਤਾਵਨੀ ਦਿੱਤੀ ਕਿ ਨੌਜਵਾਨਾਂ ਦਾ ਗੁੱਸਾ ਵਧ ਰਿਹਾ ਹੈ। ਭਾਰਤ ਸਰਕਾਰ ਨੇ ਨੇਪਾਲੀ ਅੰਦੋਲਨ ਉੱਤੇ ਤਿੱਖੀ ਨਜ਼ਰ ਰੱਖੀ ਅਤੇ ਭਾਰਤੀ ਨਾਗਰਿਕਾਂ ਨੂੰ ਨੇਪਾਲ ਨਾ ਜਾਣ ਦੀ ਸਲਾਹ ਦਿੱਤੀ ਸੀ। ਐੱਮਈਏ ਨੇ ਯੂਪੀ, ਬਿਹਾਰ ਅਤੇ ਉੱਤਰਾਖੰਡ ਵਿੱਚ ਸਰਹੱਦਾਂ ਉੱਤੇ ਸੁਰੱਖਿਆ ਵਧਾਈ ਹੈ। ਪੀਐੱਮ ਨਰਿੰਦਰ ਮੋਦੀ ਨੇ ਨਵੀਂ ਸਰਕਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਭਾਰਤ ਨੇਪਾਲ ਦੀ ਸ਼ਾਂਤੀ ਲਈ ਵਚਨਬੱਧ ਹੈ। ਇਹ ਅੰਦੋਲਨ ਦੱਸਦਾ ਹੈ ਕਿ ਡਿਜੀਟਲ ਯੁੱਗ ਵਿੱਚ ਨੌਜਵਾਨ ਤੇਜ਼ ਬਦਲਾਅ ਚਾਹੁੰਦੇ ਹਨ ਅਤੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਸੁਣੇ।

# ਨੌਜਵਾਨ ਤੋਂ ਤੰਗ ਆਕੇ ਲੜਕੀ ਨੇ ਮਾਰੀ ਕੈਮੀਕਲ ਟੈਂਕ ਵਿਚ ਛਾਲ, ਮਾਰ ਕੇ ਕੀਤੀ ਆਤਮ ਹੱਤਿਆ

## ✪ ਦੋਸ਼ੀ ਨੌਜਵਾਨ ਵਿਆਹ ਕਰਵਾਉਣ ਲਈ ਕਰਦਾ ਸੀ ਮਜਬੂਰ

ਲੁਧਿਆਣਾ-ਢੰਡਾਰੀ ਖੁਰਦ ਜਸਵੀਰ ਕਾਲੋਨੀ ਵਿਚ ਬੀਤੇ ਦਿਨੀਂ ਇਕ ਨੌਜਵਾਨ ਦੀਆਂ ਹਰਕਤਾਂ ਤੋਂ ਪਰੇਸ਼ਾਨ ਹੋ ਕੇ ਇਕ ਲੜਕੀ ਨੇ ਫੈਕਟਰੀ ਦੇ ਕੰਪਲੈਕਸ ਵਿਚ ਬਣੇ ਕੈਮੀਕਲ ਟੈਂਕ ਵਿਚ ਛਾਲ ਮਾਰ ਕੇ ਆਪਣੀ ਜ਼ਿੰਦਗੀ ਖਤਮ ਕਰ ਲਈ। ਮ੍ਰਿਤਕਾ ਦੀ ਪਛਾਣ ਕਾਜਲ ਕੁਮਾਰੀ (20) ਵਜੋਂ ਹੋਈ ਹੈ। ਉਸ ਦਾ ਪਰਿਵਾਰ ਮੂਲ ਰੂਪ ਵਿਚ ਬਿਹਾਰ ਦੇ ਜ਼ਿਲ੍ਹਾ ਸੀਤਾਮੜੀ ਦੇ ਪਿੰਡ ਗਿਦਦਾ ਫੁਲਵਾਰੀਆ ਦਾ ਰਹਿਣ ਵਾਲਾ ਹੈ ਪਰ ਉਹ ਪਿਛਲੇ 9 ਸਾਲਾਂ ਤੋਂ ਲੁਧਿਆਣਾ ਵਿਚ ਰਹਿੰਦੀ ਸੀ। ਲੋਕਾਂ ਨੇ ਇਸ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ, ਜਿਸ ਤੋਂ ਬਾਅਦ ਫੋਕਲ ਪੁਆਇੰਟ ਪੁਲਿਸ ਮੌਕੇ 'ਤੇ ਪਹੁੰਚੀ ਤੇ ਲਾਸ਼ ਨੂੰ ਸਿਵਲ ਹਸਪਤਾਲ ਭੇਜ ਕੇ ਜਾਂਚ ਸ਼ੁਰੂ ਕੀਤੀ। ਪਰਿਵਾਰ ਦਾ ਦੋਸ਼ ਹੈ ਕਿ ਇਕ ਨੌਜਵਾਨ ਉਨ੍ਹਾਂ ਦੀ ਧੀ 'ਤੇ ਵਿਆਹ ਲਈ ਦਬਾਅ ਬਣਾ ਰਿਹਾ ਸੀ, ਜਿਸ ਕਾਰਨ ਉਸ ਨੇ ਖੁਦਕੁਸ਼ੀ ਕੀਤੀ ਹੈ। ਕਾਜਲ ਦੇ ਪਿਤਾ ਸੰਜੇ ਮਹਿਤੋ ਨੇ ਦੱਸਿਆ ਕਿ ਉਹ ਪ੍ਰੈੱਸ ਮਸ਼ੀਨ ਚਲਾਉਣ ਦਾ ਕੰਮ ਕਰਦੇ ਹਨ। ਉਨ੍ਹਾਂ ਦਾ ਇਕ ਪੁੱਤਰ ਤੇ ਇਕ ਧੀ ਸੀ। 12ਵੀਂ ਤੱਕ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕਾਜਲ ਘਰ ਵਿਚ ਹੀ ਰਹਿੰਦੀ ਸੀ।



ਸ਼ੁੱਕਰਵਾਰ ਸਵੇਰੇ ਲਗਪਗ 10 ਵਜੇ ਉਹ ਘਰ ਤੋਂ ਨਿਕਲੀ ਤੇ ਘਰ ਦੇ ਸਾਹਮਣੇ ਬਣੇ ਇਕ ਕਮਰੇ ਦੀ ਛੱਤ 'ਤੇ ਚੜ੍ਹ ਗਈ। ਇੱਥੋਂ ਉਸ ਨੇ ਕੈਮੀਕਲ ਫੈਕਟਰੀ ਦੀ ਕੰਧ ਨੂੰ ਟੱਪਿਆ ਪਰ ਇੱਥੇ ਉਸ ਦਾ ਦੁਪੱਟਾ ਤਾਰਾਂ ਵਿਚ ਫਸ ਗਿਆ। ਇਸ ਤੋਂ ਬਾਅਦ ਉਹ ਪੌੜੀ ਦੀ ਮਦਦ ਨਾਲ ਬੁਆਇਲਰ ਤੱਕ ਪਹੁੰਚ ਗਈ। ਇੱਥੋਂ ਚੜ੍ਹ ਕੇ ਉਹ ਕੈਮੀਕਲ ਦੇ ਟੈਂਕ ਤੱਕ ਗਈ ਤੇ ਉਸ 'ਚ ਛਾਲ ਮਾਰ ਦਿੱਤੀ। ਲੜਕੀ ਨੂੰ ਟੈਂਕ ਵਿਚ ਛਾਲ ਮਾਰਦੇ ਹੋਏ ਲੋਕਾਂ ਨੇ ਦੇਖ ਲਿਆ ਤੇ ਪਰਿਵਾਰ ਨੂੰ ਸੂਚਿਤ ਕੀਤਾ। ਲੋਕਾਂ ਨੇ ਮਿਲ ਕੇ ਟੈਂਕ 'ਚੋਂ ਲੜਕੀ ਨੂੰ ਬਾਹਰ ਕੱਢਿਆ ਪਰ ਉਸ ਦੀ ਮੌਤ ਹੋ ਚੁੱਕੀ ਸੀ।

ਮੁਲਜ਼ਮ ਵਿਆਹਿਆ ਹੋਣ ਦੇ ਬਾਵਜੂਦ ਵਿਆਹ ਦਾ ਦਬਾਅ ਬਣਾਉਂਦਾ ਰਿਹਾ-ਮ੍ਰਿਤਕਾ ਦੇ ਪਿਤਾ ਸੰਜੇ ਮਹਿਤੋ ਨੇ ਦੋਸ਼ ਲਾਇਆ ਕਿ ਇਲਾਕੇ ਦਾ ਇਕ ਨੌਜਵਾਨ ਕਾਜਲ 'ਤੇ ਵਿਆਹ ਦਾ ਦਬਾਅ ਬਣਾ ਰਿਹਾ ਸੀ, ਜਦਕਿ ਉਸ ਦਾ ਪਹਿਲਾਂ ਹੀ ਵਿਆਹ ਹੋ ਚੁੱਕਾ ਸੀ। ਕਈ ਵਾਰ ਸਮਝਾਉਣ ਦੇ ਬਾਵਜੂਦ ਉਹ ਉਸ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਦਾ ਰਿਹਾ। ਦੋਸ਼ ਹੈ ਕਿ ਉਕਤ ਲੜਕੇ ਤੋਂ ਪਰੇਸ਼ਾਨ ਹੋ ਕੇ ਧੀ ਨੇ ਖੁਦਕੁਸ਼ੀ ਕੀਤੀ ਹੈ। ਉਨ੍ਹਾਂ ਪੁਲਿਸ ਤੋਂ ਇਸ ਮਾਮਲੇ 'ਚ ਦੋਸ਼ੀ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਦੂਜੇ ਪਾਸੇ ਮ੍ਰਿਤਕਾ ਦੀ ਮਾਂ ਦਾ ਰੋ-ਰੋ ਕੇ ਬੁਰਾ ਹਾਲ ਹੈ।

*'ਅਜੇ ਲੜਕੇ ਪੱਖ ਨੇ ਬਿਆਨ ਦਰਜ ਨਹੀਂ ਕਰਵਾਇਆ ਹੈ। ਲੜਕੇ ਵੱਲੋਂ ਦਬਾਅ ਬਣਾਉਣ ਦਾ ਦੋਸ਼ ਲੜਕੀ ਪੱਖ ਵੱਲੋਂ ਲਾਇਆ ਜਾ ਰਿਹਾ ਹੈ ਪਰ ਅਜੇ ਤੱਕ ਕੁਝ ਸਾਫ ਨਹੀਂ ਹੈ। ਲੜਕੀ ਨੇ ਖੁਦਕੁਸ਼ੀ ਕਿਉਂ ਕੀਤੀ? ਇਹ ਜਾਂਚ ਤੋਂ ਬਾਅਦ ਸਾਫ ਹੋਵੇਗਾ।'*

**- ਬਲਬੀਰ ਸਿੰਘ, ਏਐੱਸਆਈ ਫੋਕਲ ਪੁਆਇੰਟ ਪੁਲਿਸ ਸਟੇਸ਼ਨ**

# ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਜਾਣ ਵਾਲੇ ਜਥੇ 'ਤੇ ਪਾਬੰਦੀ ਭਾਜਪਾ ਸਰਕਾਰ ਦਾ ਸਿੱਖਾਂ 'ਤੇ ਸਿੱਧਾ ਹਮਲਾ

## ਵਰਲਡ ਸਿੱਖ ਪਾਰਲੀਮੈਂਟ ਵੱਲੋਂ ਭਾਰਤੀ ਹਕੂਮਤ ਦੇ ਤਾਨਾਸ਼ਾਹੀ ਫੈਸਲੇ ਦੀ ਸਖ਼ਤ ਨਿਖੇਧੀ

ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਜਤਿੰਦਰ ਸਿੰਘ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਮਨਬੀਰ ਸਿੰਘ ਸੰਧੂ ਭਾਈ ਭਗਤ ਸਿੰਘ ਕਨੇਡਾ, ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ, ਜਸਵਿੰਦਰ ਸਿੰਘ ਹਾਲੈਂਡ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਤੋਂ ਰੋਕਣ ਦੇ ਘਿਨਾਉਣੇ ਅਤੇ ਪੱਖਪਾਤੀ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਹਿੰਦੂਵਾਦੀ ਸੋਚ ਦੀ ਧਾਰਨੀ ਭਾਜਪਾ ਸਰਕਾਰ ਦਾ ਇਹ ਫੈਸਲਾ ਸਿੱਖਾਂ ਉੱਤੇ ਸਿੱਧਾ ਹਮਲਾ ਹੈ ਅਤੇ ਇਹ ਫੈਸਲਾ ਸਿੱਖਾਂ ਪ੍ਰਤੀ ਭਾਰਤ ਸਰਕਾਰ ਦੀ ਨਫ਼ਰਤ ਦੀ ਭਾਵਨਾ ਨੂੰ ਸਪੱਸ਼ਟ ਰੂਪ ਵਿੱਚ ਦਰਸਾਉਂਦਾ ਹੈ।

ਇੱਕ ਪਾਸੇ ਜਦੋਂ ਪੰਜਾਬ ਦੇ ਲੋਕ ਭਾਰਤ ਸਰਕਾਰ ਦੀ ਸਾਜ਼ਿਸ਼ ਨਾਲ ਆਏ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਅਤੇ ਸਰਕਾਰੀ ਅਣਦੇਖੀ ਅਤੇ ਬੇਗਾਨਗੀ ਦਾ ਸ਼ਿਕਾਰ ਹਨ, ਤਾਂ ਉਸ ਸਮੇਂ ਭਾਰਤ ਸਰਕਾਰ ਨੇ ਇਹ ਫੈਸਲਾ ਲੈ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ। ਇਹ ਕਦਮ



ਸਾਬਤ ਕਰਦਾ ਹੈ ਕਿ ਸਿੱਖਾਂ ਦੇ ਹਾਲਾਤਾਂ ਅਤੇ ਕਦਰਾਂ ਕੀਮਤਾਂ ਦੀ ਇਸ ਸਰਕਾਰ ਦੀ ਨਜ਼ਰ ਵਿੱਚ ਕੋਈ ਕੀਮਤ ਨਹੀਂ ਹੈ। ਭਾਰਤ ਸਰਕਾਰ ਦਾ ਇਹ ਦੋਗਲਾਪਣ ਹੁਣ ਜੱਗ ਜ਼ਾਹਰ ਹੈ ਕਿ ਜਦੋਂ ਕ੍ਰਿਕਟ ਮੈਚਾਂ ਰਾਹੀਂ ਪੈਸਾ ਕਮਾਉਣ ਦੀ ਗੱਲ ਆਉਂਦੀ ਹੈ ਤਾਂ ਪਾਕਿਸਤਾਨ ਨਾਲ ਸਬੰਧ ਚੰਗੇ ਹੋ ਜਾਂਦੇ ਹਨ, ਪਰ ਜਦੋਂ ਸਿੱਖਾਂ ਦੀ ਆਪਣੇ ਗੁਰੂ ਦੇ ਜਨਮ ਅਸਥਾਨ 'ਤੇ ਸ਼ਰਧਾ ਪ੍ਰਗਟਾਉਣ ਦੀ ਵਾਰੀ ਆਉਂਦੀ ਹੈ ਤਾਂ "ਸੁਰੱਖਿਆ" ਦਾ ਝੂਠਾ ਬਹਾਨਾ ਬਣਾ ਲਿਆ ਜਾਂਦਾ ਹੈ।

ਵਰਲਡ ਸਿੱਖ ਪਾਰਲੀਮੈਂਟ ਇਹ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਹਾਲ ਹੀ ਵਿੱਚ ਭਾਰਤ ਵੱਲੋਂ ਬਿਨਾਂ ਕਿਸੇ ਠੋਸ ਆਧਾਰ ਤੋਂ ਬਿਨਾਂ ਪਾਕਿਸਤਾਨ ਉੱਤੇ ਕੀਤੇ ਹਮਲੇ ਵਿੱਚ ਸਿੱਖ ਕੌਮ ਧਿਰ ਨਹੀਂ ਸੀ, ਸਗੋਂ ਸਿੱਖਾਂ ਨੇ ਹਮੇਸ਼ਾ ਦੱਖਣੀ ਏਸ਼ੀਆ ਖਿੱਤੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਦੀ ਵਕਾਲਤ ਕੀਤੀ ਹੈ। ਸਿੱਖਾਂ ਦਾ ਆਪਣੇ ਗੁਰਧਾਮਾਂ ਨਾਲ ਰਿਸ਼ਤਾ ਰਾਜਨੀਤਿਕ ਸਰਹੱਦਾਂ ਅਤੇ ਸਰਕਾਰੀ ਨੀਤੀਆਂ ਤੋਂ ਉੱਪਰ ਅਤੇ ਸਦੀਵੀ ਹੈ। ਪਰ ਭਾਰਤ ਸਰਕਾਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ 'ਰਾਸ਼ਟਰੀ ਹਿੱਤਾਂ' ਅਤੇ 'ਸੁਰੱਖਿਆਂ' ਦਾ ਹਵਾਲਾ ਦੇ ਕੇ ਬੰਦ ਕਰਨਾ ਤੇ ਆਪ ਮਨੋਰੰਜਨ ਅਤੇ ਵਪਾਰ ਨੂੰ ਮੁੱਖ ਰੱਖ ਕੇ ਪਾਕਿਸਤਾਨ ਨਾਲ ਕ੍ਰਿਕਟ ਮੈਚ ਖੇਡਣੇ ਸਾਬਤ ਕਰਦਾ ਹੈ ਕਿ ਭਾਜਪਾ ਸਰਕਾਰ ਗਿਣ ਮਿੱਥ ਕੇ ਸਿੱਖਾਂ ਨੂੰ ਆਪਣੀ ਹਿੰਦੂਵਾਦੀ ਸੋਚ ਦੇ ਅਧੀਨ ਨਿਸ਼ਾਨਾ ਬਣਾ ਰਹੀ ਹੈ ।

ਭਾਰਤ ਸਰਕਾਰ ਦੀ ਇਹ ਕਾਰਵਾਈ ਸਿੱਖਾਂ ਨੂੰ ਭਾਰਤ ਵਿੱਚ ਉਨ੍ਹਾਂ ਦੀ ਅਸਲ ਸਥਿਤੀ ਦਾ ਅਹਿਸਾਸ ਕਰਵਾਉਣ ਲਈ ਕਾਫੀ ਹੈ। ਹੜ੍ਹਾਂ ਦੀ ਤਬਾਹੀ ਵਿੱਚ ਅਣਦੇਖੀ ਅਤੇ ਹੁਣ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਹਮਲੇ ਤੋਂ ਬਾਅਦ ਸਿੱਖ ਕੌਮ ਆਪਣੀ ਸਥਿਤੀ ਨੂੰ ਪਛਾਣੇ ਅਤੇ ਅਜਿਹੀ ਸਰਕਾਰ ਦਾ ਕਿਸੇ ਵੀ ਤਰੀਕੇ ਨਾਲ ਤਾਲਮੇਲ ਕਰਨਾ ਬੰਦ ਕਰੇ ਜੋ ਉਨ੍ਹਾਂ ਦੇ ਹੱਕਾਂ ਅਤੇ ਭਾਵਨਾਵਾਂ ਨੂੰ ਲਗਾਤਾਰ ਕੁਚਲ ਰਹੀ ਹੈ।

ਵਰਲਡ ਸਿੱਖ ਪਾਰਲੀਮੈਂਟ ਦੁਨੀਆ ਭਰ ਦੀਆਂ ਸਾਰੀਆਂ ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਪੁਰਜ਼ੋਰ ਅਪੀਲ ਕਰਦੀ ਹੈ ਕਿ ਉਹ ਇਸ ਤਾਨਾਸ਼ਾਹੀ ਫੈਸਲੇ ਵਿਰੁੱਧ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ। ਭਾਰਤ ਦੇ ਹਿੰਦੂਵਾਦੀ ਹਾਕਮਾਂ ਨੂੰ ਇਹ ਸਪੱਸ਼ਟ ਸੁਨੇਹਾ ਜਾਣਾ ਚਾਹੀਦਾ ਹੈ ਕਿ ਸ੍ਰੀ ਨਨਕਾਣਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅਤੇ ਪਾਕਿ-ਸਤਾਨ ਵਿਚਲੇ ਹੋਰ ਗੁਰਧਾਮ ਸਿੱਖਾਂ ਲਈ ਅਹਿਮ ਹਨ, ਅਤੇ ਕੋਈ ਵੀ ਤਾਕਤ ਸਿੱਖਾਂ ਨੂੰ ਉਨ੍ਹਾਂ ਦੇ ਗੁਰੂਆਂ ਦੇ ਘਰਾਂ ਤੋਂ ਦੂਰ ਨਹੀਂ ਕਰ ਸਕਦੀ ।

ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਮਿਲ ਕੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦੇ ਜਥੇ ਉੱਤੇ ਪਾਬੰਦੀ ਲਗਾਉਣ ਦੇ ਕਦਮ ਦਾ ਸਖ਼ਤ ਵਿਰੋਧ ਕਰਨਾ ਚਾਹੀਦਾ ਹੈ ਤਾਂ ਜੋ ਭਾਰਤ ਸਰਕਾਰ ਸਿੱਖਾਂ ਦੀ ਧਾਰਮਿਕ ਆਜ਼ਾਦੀ ਨਾਲ ਖਿਲਵਾੜ ਕਰਨ ਦੀ ਹਿੰਮਤ ਨਾ ਕਰ ਸਕੇ। ਇਹ ਸਿਰਫ਼ ਗੁਰਧਾਮਾਂ ਦੀ ਯਾਤਰਾ 'ਤੇ ਪਾਬੰਦੀ ਨਹੀਂ, ਸਗੋਂ ਸਿੱਖਾਂ ਦੀ ਅੱਡਰੀ ਹੋਂਦ ਹਸਤੀ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਕੌਮ ਕਦੇ ਬਰਦਾਸ਼ਤ ਨਹੀਂ ਕਰੇਗੀ।

## ਸਿੱਖ ਲੜਕੀ ਤੇ ਜਿਨਸੀ ਨਸਲੀ ਹਮਲੇ ਦੀ ਬਰਤਾਨੀਆਂ ਦੀ ਸੰਸਦ ਵਿੱਚ ਨਿੰਦਾ



ਐਮ ਪੀ ਗੁਰਿੰਦਰ ਸਿੰਘ ਜੋਸਨ ਅਤੇ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਸੰਸਦ ਵਿੱਚ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਓਲਡਬਰੀ ਇਲਾਕੇ ਵਿੱਚ 20 ਸਾਲਾ ਸਿੱਖ ਬੀਬੀ ਤੇ ਦੋ ਗੋਰਿਆਂ ਵੱਲੋਂ ਕੀਤੇ ਨਸਲੀ ਅਤੇ ਜਿਨਸੀ ਹਮਲੇ ਦੀ ਅੱਜ ਬਰਤਾਨੀਆਂ ਦੀ ਸੰਸਦ ਵਿੱਚ ਗ੍ਰਹਿ ਮੰਤਰੀ ਸ਼ਾਬਾਨਾ ਮਹਿਮੂਦ ਵੱਲੋਂ ਸਖ਼ਤ ਨਿੰਦਾ ਕੀਤੀ ਗਈ ਹੈ।

ਸਮੈਦਿਕ ਦੇ ਸਿੱਖ ਸਾਂਸਦ ਗੁਰਿੰਦਰ ਸਿੰਘ ਜੋਸਨ ਨੇ ਅੱਜ ਬਰਤਾਨੀਆਂ ਦੀ ਸੰਸਦ ਵਿੱਚ ਸਿੱਖ ਬੀਬੀ ਤੇ ਕੀਤੇ ਨਸਲੀ ਹਮਲੇ ਅਤੇ ਜਬਰਜਨਾਹ ਦੀ ਨਿੰਦਾ ਕਰਦਿਆਂ ਇਹ ਮਾਮਲਾ ਉਠਾਇਆ ਅਤੇ ਉਹਨਾਂ ਗ੍ਰਹਿ ਮੰਤਰੀ ਤੋਂ ਪੁੱਛਿਆ ਕਿ ਇਸ ਮਾਮਲੇ ਵਿੱਚ ਉਹ ਕੀ ਕਰ ਰਹੇ ਹਨ? ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਅੱਜ ਸਾਰਾ ਹਾਊਸ ਇਸ ਘਟਨਾਂ ਦੀ ਨਿੰਦਾ ਕਰਦਾ ਹੈ, ਇਸ ਕੇਸ ਤੇ ਸਾਡਾ ਕਾਨੂੰਨੀ ਢਾਂਚਾ ਕੰਮ ਕਰ ਰਿਹਾ ਹੈ।

ਉਹ ਵੈਸਟ ਮਿਡਲੈਂਡ ਪੁਲਿਸ ਦੇ ਸੰਪਰਕ ਵਿੱਚ ਹਨ। ਉਹਨਾਂ ਕਿਹਾ ਕਿ ਨਸਲੀ ਵਿਤਕਰੇ ਤੋਂ ਪ੍ਰੇਰਿਤ ਜਿਨਸੀ ਹਮਲਾ ਬਹੁਤ ਮੰਦ ਭਾਗਾ ਹੈ। ਮੈਨੂੰ ਯਕੀਨ ਹੈ ਕਿ ਪੂਰਾ ਸਦਨ ਅਜਿਹੇ ਅਪਰਾਧਾਂ ਦੀ ਸਖ਼ਤ ਤੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਨ ਵਿੱਚ ਮੇਰੇ ਨਾਲ ਹੋਵੇਗਾ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਯੂ ਕੇ ਦੇ ਕੌਮੀ ਪੱਧਰੀ ਗੱਤਕਾ ਮੁਕਾਬਲਿਆਂ 'ਚ ਰੂਪ ਕੌਰ, ਨਵਜੋਤ ਸਿੰਘ ਤੇ ਗੁਰਦੀਪ ਸਿੰਘ ਨੇ ਜਿੱਤਿਆ ਪਹਿਲਾ ਸਥਾਨ: ਐਮ ਪੀ ਤਨਮਨਜੀਤ ਸਿੰਘ ਢੇਸੀ


ਗੱਤਕਾ ਖਿਡਾਰੀਆਂ ਨਾਲ ਐਮ ਪੀ ਤਨਮਨਜੀਤ ਸਿੰਘ ਢੇਸੀ, ਜਗਬੀਰ ਸਿੰਘ ਜੱਗਾ ਚਕਰ, ਹਰਜੀਤ ਸਿੰਘ ਗਰੇਵਾਲ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਗੱਤਕਾ ਫੈਡਰੇਸ਼ਨ ਯੂ ਕੇ ਵੱਲੋਂ ਵੇਲਜ਼ ਦੇ ਗੁਰ-ਦੁਆਰਾ ਸਾਹਿਬ ਤੇ ਸੰਗਤ ਦੇ ਸਹਿਯੋਗ ਨਾਲ ਆਯੋਜਿਤ ਗਿਆਰਵੀਂ ਕੌਮੀ ਗੱਤਕਾ ਚੈਂਪੀਅਨਸ਼ਿਪ ਬੜੇ ਉਤਸ਼ਾਹ ਅਤੇ ਜੋਸ਼ ਨਾਲ ਸਮਾਪਤ ਹੋਈ ਜਿਸ ਵਿੱਚ ਸੱਤ ਪ੍ਰਮੁੱਖ ਗੱਤਕਾ ਅਖਾੜਿਆਂ ਦੇ ਖਿਡਾਰੀਆਂ ਨੇ ਮੁਕਾਬਲਿਆਂ ਦੌਰਾਨ ਆਪਣੀਆਂ ਜੰਗੀ ਕਲਾਵਾਂ ਦੇ ਦਾਅ-ਪੇਚਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।**

ਇਸ ਸਲਾਨਾ ਚੈਂਪੀਅਨਸ਼ਿਪ ਦਾ ਉਦਘਾਟਨ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਸਲੋਹ ਹਲਕੇ ਤੋਂ ਸੰਸਦ ਮੈਂਬਰ ਅਤੇ ਗੱਤਕਾ ਫੈਡਰੇਸ਼ਨ ਯੂ ਕੇ ਦੇ ਪ੍ਰਧਾਨ ਤਨਮਨਜੀਤ ਸਿੰਘ ਢੇਸੀ, ਜਗਬੀਰ ਸਿੰਘ ਜੱਗਾ ਚਕਰ ਪ੍ਰਧਾਨ ਵੇਲਜ਼ ਕਬੱਡੀ ਕਲੱਬ, ਜਸਪਾਲ ਸਿੰਘ ਢੇਸੀ, ਹਰਮਨ ਸਿੰਘ ਜੌਹਲ ਅਤੇ ਕੇਵਲ ਸਿੰਘ ਰਣਦੇਵਾ (ਹਵੇਲੀ) ਦੀ ਹਾਜ਼ਰੀ ਵਿੱਚ ਕੀਤਾ।

ਨਤੀਜਿਆਂ ਦਾ ਐਲਾਨ ਕਰਦਿਆਂ ਹਾਊਸ ਆਫ਼ ਕਾਮਨਜ਼ ਦੀ ਉਚ ਤਾਕਤੀ ਰੱਖਿਆ ਕਮੇਟੀ ਦੇ ਚੇਅਰਮੈਨ ਸ: ਢੇਸੀ ਨੇ ਕਿਹਾ ਕਿ ਬਰਤਾਨੀਆ ਦੀ ਨੌਜਵਾਨ ਪੀੜ੍ਹੀ ਵੱਲੋਂ ਗੱਤਕਾ ਖੇਡ ਪ੍ਰਤੀ ਵਧ ਰਹੀ ਦਿਲਚਸਪੀ ਉਸਾਰੂ ਕਦਮ ਹੈ ਅਤੇ ਅਗਲੇ ਸਾਲ ਹੋਰ ਵੀ ਖਿਡਾਰੀਆਂ ਨੂੰ ਆਕਰਸ਼ਿਤ ਕੀਤਾ ਜਾਵੇਗਾ। ਇਸ ਚੈਂਪੀਅਨਸ਼ਿਪ ਵਿੱਚ ਸਾਰੇ ਮੁਕਾਬਲੇ ਫੱਰੀ-ਸੋਟੀ (ਵਿਅਕਤੀਗਤ) ਵਰਗ ਵਿੱਚ ਹੀ ਖੇਡੇ ਗਏ। ਉਮਰ ਵਰਗ 14 ਸਾਲ ਤੋਂ ਘੱਟ ਦੇ ਮੁਕਾਬਲਿਆਂ ਵਿੱਚੋਂ ਅਕਾਲੀ ਫੂਲਾ ਸਿੰਘ ਗੱਤਕਾ ਅਖਾੜਾ ਕਵੈਂਟਰੀ ਦੀ ਰੂਪ ਕੌਰ ਨੇ ਆਪਣੇ ਹੀ ਅਖਾੜੇ ਦੀ ਗਤਕੇਬਾਜ਼ ਮਨਰੂਪ ਕੌਰ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਬਾਬਾ ਬੰਦਾ ਸਿੰਘ ਗੱਤਕਾ ਅਖਾੜਾ ਗ੍ਰੇਵਜ਼ੈਂਡ ਦੀ ਰਿਹਾਨਾ ਕੌਰ ਤੀਜੇ ਸਥਾਨ ਤੇ ਰਹੀ।

17 ਸਾਲ ਤੋਂ ਘੱਟ ਉਮਰ ਵਰਗ ਦੇ ਲੜਕਿਆਂ ਦੇ ਮੁਕਾਬਲਿਆਂ ਵਿੱਚੋਂ ਬਾਬਾ ਫਤਿਹ ਸਿੰਘ ਗੱਤਕਾ ਅਖਾੜਾ ਵੂਲਿਚ ਦੇ ਨਵਜੋਤ ਸਿੰਘ ਨੇ ਆਪਣੇ ਹੀ ਅਖਾੜੇ ਦੇ ਖਿਡਾਰੀ ਜਸ਼ਨ ਸਿੰਘ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਕਵੈਂਟਰੀ ਤੋਂ ਅਕਾਲੀ ਫੂਲਾ ਸਿੰਘ ਗੱਤਕਾ ਅਖਾੜੇ ਦੇ ਧਰਮ ਸਿੰਘ ਅਤੇ ਤੇਜਵੀਰ ਸਿੰਘ ਨੇ ਸਾਂਝੇ ਤੌਰ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

18 ਸਾਲ ਤੋਂ ਵੱਧ ਉਮਰ ਦੇ ਮੁਕਾਬਲਿਆਂ ਵਿੱਚੋਂ ਜੰਗੀ ਹੋਰਸਿਜ਼ ਕਲੱਬ ਵੂਲਵਰਹੈਂਪਟਨ ਦੇ ਗੱਤਕੇਬਾਜ਼ ਗੁਰਦੀਪ ਸਿੰਘ ਨੇ ਬਾਬਾ ਬੰਦਾ ਸਿੰਘ ਗੱਤਕਾ ਅਖਾੜਾ ਗ੍ਰੇਵਜ਼ੈਂਡ ਦੇ ਕੁਲਦੀਪ ਸਿੰਘ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਬਾਬਾ ਮਿੱਤ ਸਿੰਘ ਗੱਤਕਾ ਅਖਾੜਾ ਵੂਲਵਰਹੈਂਪਟਨ ਦੇ ਅਨਮੋਲਦੀਪ ਸਿੰਘ ਅਤੇ ਨਿਹਾਲ ਸਿੰਘ ਨੇ ਸਾਂਝੇ ਤੌਰ ਤੇ ਤੀਜਾ ਸਥਾਨ ਹਾਸਲ ਕੀਤਾ।

ਸਾਰੇ ਜੇਤੂ ਖਿਡਾਰੀਆਂ ਨੂੰ ਤਗਮੇ ਅਤੇ ਸਨਮਾਨ ਚਿੰਨ੍ਹ ਦਿੱਤੇ ਗਏ ਜਦਕਿ ਗੱਤਕਾ ਅਖਾੜਿਆਂ ਨੂੰ ਗੱਤਕਾ ਫੈਡਰੇਸ਼ਨ ਯੂ ਕੇ ਵੱਲੋਂ ਦਾਨੀ ਸੱਜਣਾਂ ਦੀ ਸਹਾਇਤਾ ਨਾਲ ਹਜ਼ਾਰ-ਹਜ਼ਾਰ ਪੌਂਡ ਦੀ ਨਗਦ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸੰਸਦ ਮੈਂਬਰ ਢੇਸੀ ਵੱਲੋਂ ਸਾਲ 2013 ਤੋਂ ਯੂ ਕੇ ਵਿੱਚ ਲਗਾਤਾਰ ਗੱਤਕਾ ਟੂਰਨਾਮੈਂਟ ਕਰਵਾਏ ਜਾ ਰਹੇ ਹਨ ਅਤੇ ਉਨ੍ਹਾਂ ਵੱਲੋਂ ਇਸ ਖੇਡ ਦੇ ਪ੍ਰਚਾਰ-ਪ੍ਰਸਾਰ ਲਈ ਕੀਤੀ ਜਾ ਰਹੀ ਸੇਵਾ ਕਾਬਿਲ-ਏ-ਤਾਰੀਫ਼ ਹੈ। ਉਨ੍ਹਾਂ ਯਕੀਨ ਦਿਵਾਇਆ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਗੱਤਕਾ ਫੈਡਰੇਸ਼ਨ ਯੂਕੇ ਨੂੰ ਹਰ ਸੰਭਵ ਸਹਿਯੋਗ ਜਾਰੀ ਰਹੇਗਾ।

ਆਪਣੇ ਸੰਬੋਧਨ ਵਿੱਚ ਤਨਮਨਜੀਤ ਸਿੰਘ ਢੇਸੀ ਨੇ ਸਾਰੇ ਜੇਤੂਆਂ ਅਤੇ ਭਾਗ ਲੈਣ ਵਾਲਿਆਂ ਨੂੰ ਵਧਾਈ ਦਿੰਦਿਆਂ ਸਵੈਂਸੀ ਅਤੇ ਕਾਰਡਿਫ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਟੂਰਨਾਮੈਂਟ ਕਾਮਯਾਬ ਹੋਇਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਨ ਸਿੰਘ ਜੌਹਲ ਜਨਰਲ ਸਕੱਤਰ ਗੱਤਕਾ ਫੈਡਰੇਸ਼ਨ ਯੂ ਕੇ, ਖੁਸ਼ਵੰਤ ਸਿੰਘ ਅਤੇ ਜੀਤ ਸਿੰਘ ਅਰੋੜਾ ਸਵੈਂਸੀ ਗੁਰਦੁਆਰਾ ਕਮੇਟੀ, ਸੰਗਤ ਸਿੰਘ ਗਰੀਬ ਕਾਰਡਿਫ ਗੁਰਦੁਆਰਾ ਕਮੇਟੀ, ਕੁਲਦੀਪ ਸਿੰਘ ਪੱਡਾ, ਤਰਜੀਤ ਸਿੰਘ ਸੰਧੂ, ਰਾਜ ਬਾਜਵਾ, ਗੁਰਨਾਮ ਨਿੱਝਰ, ਜੀਤਪਾਲ ਸਿੱਧੂ, ਪਰਮਿੰਦਰ ਸੂਜਾਪੁਰ, ਰਣਧੀਰ ਰੰਧਾਵਾ, ਬਲਬੀਰ ਬਰਾੜ, ਸਾਹਿਬ ਸਿੰਘ ਢੇਸੀ, ਤਾਰਨ ਸਿੰਘ ਨਿਹੰਗ ਕਾਰਡਿਫ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਅਮਨਪ੍ਰੀਤ ਸਿੰਘ ਅਕਾਲ ਚੈਨਲ, ਅਮਨਪ੍ਰੀਤ ਸਿੰਘ ਸਿੱਖ ਚੈਨਲ, ਅਮਨਜੀਤ ਸਿੰਘ ਖਹਿਰਾ ਜਨ ਸ਼ਕਤੀ ਨਿਊਜ ਆਦਿ ਹਾਜ਼ਰ ਸਨ।

# ਬ੍ਰਮਿੰਘਮ ਵਿੱਚ ਵਾਪਰੀ ਘਟਨਾਂ ਦੀ ਐਮ ਪੀ ਤਨਮਨਜੀਤ ਸਿੰਘ ਢੇਸੀ ਵੱਲੋਂ ਨਿੰਦਾ


ਗੱਲ ਕਰਦੇ ਹੋਏ ਐਮ ਪੀ ਤਨਮਨਜੀਤ ਸਿੰਘ ਢੇਸੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਵਿੱਚ ਬੀਤੇ ਦਿਨੀ ਸਿੱਖ ਬੀਬੀ ਤੇ ਹੋਏ ਨਸਲੀ ਹਮਲੇ ਦੀ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਸਖ਼ਤ ਨਿੰਦਾ ਕੀਤੀ ਹੈ। ਉਹਨਾਂ ਗੱਲ ਕਰਦਿਆਂ ਕਿਹਾ ਕਿ ਇਹ ਬਹੁਤ ਨਿੰਦਣਯੋਗ ਘਟਨਾ ਹੈ, ਨਫਰਤੀ ਅਪਰਾਧਾਂ ਲਈ ਯੂ ਕੇ ਵਿੱਚ ਕੋਈ ਥਾਂ ਨਹੀਂ ਹੈ। ਸਾਨੂੰ ਸਭ ਨੂੰ ਮਿਲ ਕੇ ਆਪਸੀ ਭਾਈਚਾਰਕ ਸਾਂਝ ਬਣਾ ਕੇ ਅਜੇਹੇ ਸਮਾਜ ਵਿਰੋਧੀ ਅਨਸਰਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ।*

ਉਹਨਾਂ ਲੰਡਨ ਵਿੱਚ ਹੋਏ ਐਂਟੀ ਇੰਮੀਗ੍ਰੇਸ਼ਨ ਰੈਲੀ ਤੇ ਆਪਣਾ ਪ੍ਰਤੀਕ੍ਰਮ ਦਿੰਦਿਆਂ ਕਿਹਾ ਕਿ ਬੇਸ਼ੱਕ ਅੱਜ ਇਸ ਨੂੰ ਕੁਝ ਲੋਕ ਮੁਸਲਮਾਨਾਂ ਖਿਲਾਫ, ਕਿਹਾ ਜਾ ਰਿਹਾ ਹੈ, ਕੋਈ ਇਸ ਨੂੰ ਏਸ਼ੀਅਨਾਂ ਖਿਲਾਫ ਕਹਿ ਰਿਹਾ ਹੈ, ਪਰ ਜੋ ਵੀ ਹੈ ਉਹ ਠੀਕ ਨਹੀਂ ਹੈ। ਉਹਨਾਂ ਕਿਹਾ ਕਿ ਘੱਟ ਗਿਣਤੀ ਭਾਈਚਾਰਿਆਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ, ਕਿਸੇ ਵੀ ਅਜੇਹੇ ਗੁੱਟ ਦਾ ਸਮਰਥਨ ਨਹੀਂ ਦੇਣਾ ਚਾਹੀਦਾ ਜੋ ਨਫਰਤ ਪੈਦਾ ਕਰਦਾ ਹੋਵੇ, ਜੋ ਲੋਕ ਅੱਜ ਮੁਸਲਮਾਨਾਂ ਖਿਲਾਫ ਬੋਲ ਰਹੇ ਹਨ, ਕੱਲ ਨੂੰ ਹਿੰਦੂਆਂ ਖਿਲਾਫ ਬੋਲਣਗੇ, ਫਿਰ ਸਿੱਖਾਂ ਵਿਰੁੱਧ ਭੜਾਸ ਕੱਢਣਗੇ। ਯੂ ਕੇ ਵਿੱਚ ਹਰ ਇੱਕ ਦਾ ਸਨਮਾਨ ਹੈ, ਇਸ ਦੇਸ਼ ਨੂੰ ਬੁਲੰਦੀਆਂ ਤੇ ਲਿਜਾਣ ਲਈ ਇਥੇ ਵੱਸਦੇ ਹਰ ਭਾਈਚਾਰੇ ਦਾ, ਹਰ ਵਿਅਕਤੀ ਦਾ ਯੋਗਦਾਨ ਹੈ।


**VACANCIES**
**JSR CONTRACTS LTD.**

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਓਲਡਬਰੀ ਵਿੱਚ ਗੋਰੇ ਗੁੰਡਿਆਂ ਵਲੋਂ ਸਿੱਖ ਕੁੜੀ ਨਾਲ ਦਰਿੰਦਗੀ, ਕਢੀਆਂ ਨਸਲੀ ਗਾਲਾਂ, ਸਿੱਖ ਪੰਥ ਵਿਚ ਰੋਸ

## ✪ 2 ਸ਼ੱਕੀ ਗੋਰੇ ਗੁੰਡੇ ਗ੍ਰਿਫ਼ਤਾਰ ਦੂਜੇ ਦੀ ਪੁਲਿਸ ਨੂੰ ਭਾਲ ✪ ਰਾਜਨੀਤਕ ਤੇ ਪੰਥਕ ਧਿਰਾਂ ਵਲੋਂ ਨਿੰਦਾ, ਬਰਮਿੰਘਮ ਵਿਖੇ ਸਿੱਖਾਂ ਵੱਲੋਂ ਰੋਸ ਪ੍ਰਦਰਸ਼ਨ







ਬ੍ਰਿਟੇਨ ਦੇ ਵੈਸਟ ਮਿਡਲੈਂਡਜ਼ ਖੇਤਰ ਵਿੱਚ ਓਲਡਬਰੀ ਨਾਂ ਦੇ ਇਲਾਕੇ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਨੇ ਪੂਰੇ ਸਮਾਜ ਨੂੰ ਹੈਰਾਨ ਕਰ ਦਿੱਤਾ ਹੈ। ਇੱਕ 20 ਸਾਲਾਂ ਦੀ ਬ੍ਰਿਟਿਸ਼ ਸਿੱਖ ਕੁੜੀ ਨਾਲ ਦਿਨ ਦਿਹਾੜੇ ਦੋ ਗੋਰੇ ਗੁੰਡਿਆਂ ਨੇ ਬਲਾਤਕਾਰ ਕੀਤਾ ਅਤੇ ਨਸਲੀ ਗਾਲਾਂ ਕਢੀਆਂ ਤੇ ਕਾਤਲਾਨਾ ਹਮਲਾ ਕੀਤਾ। ਪੀੜਤ ਕੁੜੀ, ਜੋ ਬ੍ਰਿਟਿਸ਼ ਜਨਮੀ ਹੈ ਅਤੇ ਸਿੱਖ ਪਿਛੋਕੜ ਵਾਲੀ ਹੈ, ਓਲਡਬਰੀ ਵਿੱਚ ਰਹਿੰਦੀ ਹੈ। ਜਦੋਂ ਉਹ ਕੰਮ ਤੇ ਜਾਂਦੀ ਹੋਈ ਟੇਮ ਰੋਡ ਨੇੜੇ ਇੱਕ ਖੁੱਲ੍ਹੇ ਖੇਤ ਵਿੱਚੋਂ ਲੰਘ ਰਹੀ ਸੀ ਤਾਂ ਇੱਥੇ ਦੋ ਗੋਰੇ ਗੁੰਡਿਆਂ, ਜਿਨ੍ਹਾਂ ਵਿੱਚੋਂ ਇੱਕ ਨੰਗੇ ਸਿਰ ਵਾਲਾ ਭਾਰੀ ਕੱਦ ਵਾਲਾ ਸੀ ਜਿਸਨੇ ਕਾਲੀ ਸਵੈਟਸ਼ਰਟ ਅਤੇ ਗਲੱਬਜ਼ ਪਹਿਨੇ ਹੋਏ ਸਨ ਤੇ ਦੂਜਾ ਚਾਂਦੀ ਵਾਲੇ ਜ਼ਿਪ ਵਾਲੀ ਗ੍ਰੇ ਟੌਪ ਪਹਿਨਿਆ ਹੋਇਆ ਸੀ , ਨੇ ਕੁੜੀ ਨੂੰ ਨਸਲੀ ਤੇ ਜਿਨਸੀ ਨਿਸ਼ਾਨਾ ਬਣਾਇਆ।

ਵੈਸਟ ਮਿਡਲੈਂਡਜ਼ ਪੁਲਿਸ ਨੇ ਇਸ ਨੂੰ 'ਨਸਲੀ ਤੌਰ ਤੇ ਹਮਲਾ' ਕਰਾਰ ਦਿੱਤਾ ਹੈ ਅਤੇ ਦੋਸ਼ੀਆਂ ਨੂੰ ਫੜਨ ਲਈ ਸਰਗਰਮ ਹੋ ਗਈ ਹੈ। ਇਹ ਵਾਕਿਆ 9 ਸਤੰਬਰ 2025 ਨੂੰ ਸਵੇਰੇ ਟੇਮ ਰੋਡ ਦੇ ਨੇੜੇ ਵਾਪਰਿਆ ਸੀ, ਜਦੋਂ ਕੁੜੀ ਕੰਮ ਉਪਰ ਜਾ ਰਹੀ ਸੀ। ਪੁਲਿਸ ਅਨੁਸਾਰ, ਗੋਰੇ ਗੁੰਡਿਆਂ ਨੇ ਨਾ ਸਿਰਫ਼ ਉਸ ਨਾਲ ਜਿਨਸੀ ਛੇੜਛਾੜ ਕੀਤੀ, ਸਗੋਂ ਉਸ ਨੂੰ 'ਆਪਣੇ ਦੇਸ਼ ਵਾਪਸ ਜਾ' ਅਤੇ 'ਤੂੰ ਇੱਥੇ ਦੀ ਨਹੀਂ ਹੈ' ਵਰਗੀਆਂ ਨਸਲੀ ਟਿੱਪਣੀਆਂ ਵੀ ਕੀਤੀਆਂ।

ਚੀਫ਼ ਸੁਪਰਇੰਟੈਂਡੈਂਟ ਕਿਮ ਮੈਡਿਲ ਨੇ ਕਿਹਾ ਕਿ ਵੈਸਟ ਮਿਡਲੈਂਡਜ਼ ਵਿੱਚ ਨਸਲੀ ਤੌਰ 'ਤੇ ਪ੍ਰੇਰਿਤ ਜ਼ਬਰ ਜਨਾਹ ਦੀ ਜਾਂਚ ਕਰ ਰਹੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਜ਼ਬਰ ਜਨਾਹ ਦੇ ਸ਼ੱਕ ਕਾਰਣ ਹਿਰਾਸਤ ਵਿੱਚ ਹੈ।

ਸੈਂਡਵੈੱਲ ਪੁਲਿਸ ਦੀ ਚੀਫ ਸੁਪਰਇੰਟੈਂਡੈਂਟ ਕਿਮ ਮੈਡਿਲ ਨੇ ਕਿਹਾ, "ਇਹ ਜਾਂਚ ਵਿੱਚ ਇੱਕ ਮਹੱਤਵਪੂਰਨ ਪ੍ਰਗਤੀ ਹੈ ਅਤੇ ਅਸੀਂ ਭਾਈਚਾਰੇ ਦੇ ਨਿਰੰਤਰ ਸਹਿਯੋਗ ਲਈ ਧੰਨਵਾਦੀ ਹਾਂ। ਜਾਂਚ ਅਜੇ ਜਾਰੀ ਹੈ ਅਤੇ ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਅਟਕਲਬਾਜ਼ੀ ਨਾ ਕਰਨ ਜਦੋਂ ਤੱਕ ਅਸੀਂ ਸਾਰੇ ਸੰਭਾਵੀ ਦੋਸ਼ੀਆਂ ਦੀ ਪਛਾਣ ਅਤੇ ਭਾਲ ਨਹੀਂ ਕਰ ਲੈਂਦੇ।"

ਇਸ ਗ੍ਰਿਫ਼ਤਾਰੀ ਦੀ ਖਬਰ ਐਤਵਾਰ ਨੂੰ ਸਿੱਖ ਭਾਈਚਾਰੇ ਦੇ ਮੈਂਬਰਾਂ ਦੇ ਇਕੱਠੇ ਹੋਣ ਤੋਂ ਬਾਅਦ ਆਈ, ਜੋ ਪੀੜਤ ਕੁੜੀ ਨੂੰ ਸਮਰਥਨ ਦਿਖਾਉਣ ਲਈ ਇਕੱਠੇ ਹੋਏ ਸਨ। ਸੈਂਕੜੇ ਲੋਕ ਸਮੇਥਵਿਕ ਦੇ ਗੁਰੂ ਨਾਨਕ ਗੁਰਦੁਆਰੇ ਦੇ ਇਕਠੇ ਹੋਏ, ਜਿੱਥੇ ਉਨ੍ਹਾਂ ਨੇ ਅਰਦਾਸ ਕੀਤੀ ਅਤੇ ਆਪਣਾ ਸਮਰਥਨ ਦਿੱਤਾ। ਇਸ ਤੋਂ ਬਾਅਦ ਉਹ ਘਟਨਾ ਵਾਲੀ ਥਾਂ 'ਤੇ ਗਏ। ਇਲਾਕੇ ਵਿੱਚ ਵਾਧੂ ਗਸ਼ਤ ਵੀ ਵਧਾ ਦਿੱਤੀ ਗਈ ਹੈ ਤਾਂ ਜੋ ਲੋਕ ਸੁਰਖਿਅਤ ਮਹਿਸੂਸ ਕਰਨ। ਪੀੜਤਾ ਨੂੰ ਵੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਉਸ ਦੇ ਪਰਿਵਾਰ ਨੂੰ ਸੁਰੱਖਿਆ ਦਿੱਤੀ ਜਾ ਰਹੀ ਹੈ। ਅਧਿਕਾਰੀ ਨੇ ਮੌਕੇ ਉਪਰ ਮੌਜੂਦ ਲੋਕਾਂ ਨੂੰ ਗਵਾਹੀ ਲਈ ਅੱਗੇ ਆਉਣ ਦੀ ਅਪੀਲ ਕੀਤੀ।'

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿਤੀ। ਪੀੜਤ ਕੁੜੀ ਨੇ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਚਾਹੁੰਦੀ ਹੈ ਕਿ ਨਿਰਦੋਸ਼ ਫੜੇ ਜਾਣ ਤਾਂ ਜੋ ਅਜਿਹਾ ਕਿਸੇ ਹੋਰ ਨਾਲ ਨਾ ਵਾਪਰੇ। ਇਸ ਘਟਨਾ ਨੇ ਪੂਰੇ ਬ੍ਰਿਟੇਨ ਵਿੱਚ ਨਸਲਵਾਦ ਅਤੇ ਔਰਤਾਂ ਵਿਰੁੱਧ ਹਿੰਸਾ ਨੂੰ ਲੈ ਕੇ ਵੱਡੀ ਚਰਚਾ ਛੇੜ ਦਿੱਤੀ ਹੈ।

ਸਿੱਖ ਯੂਥ ਯੂਕੇ, ਵਰਲਡ ਸਿੱਖ ਪਾਰਲੀਮੈਂਟ ਅਤੇ ਸਿੱਖ ਫੈਡਰੇਸ਼ਨ ਯੂਕੇ ਨੇ ਪੀੜਤ ਅਤੇ ਉਸ ਦੇ ਪਰਿਵਾਰ ਨੂੰ ਸਹਾਇਤਾ ਦਾ ਵਾਅਦਾ ਕੀਤਾ।

ਇਹਨਾਂ ਪੰਥਕ ਜਥੇਬੰਦੀਆਂ ਅਨੁਸਾਰ, ਇਹ ਹਮਲਾ ਨਸਲਵਾਦ ਦੀ ਸਾਫ਼ ਨਿਸ਼ਾਨੀ ਹਨ। ਯੂਕੇ ਸਰਕਾਰ ਨੂੰ ਅਜਿਹੇ ਅਪਰਾਧਾਂ ਵਿਰੁੱਧ ਕਠੋਰ ਕਾਰਵਾਈ ਕਰਨੀ ਚਾਹੀਦੀ। ਅਸੀਂ ਪੀੜਤ ਲਈ ਦੁਆ ਕਰਦੇ ਹਾਂ।' ਉਹਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਵਧ ਰਹੀਆਂ ਹਨ, ਖਾਸ ਕਰਕੇ ਪੌਪੂਲਿਜ਼ਮ ਅਤੇ ਐਂਟੀ-ਇਮੀਗ੍ਰੇਸ਼ਨ ਰਾਜਨੀਤੀ ਕਾਰਨ। ਉਹਨਾਂ ਦਸਿਆ ਕਿ ਪਿਛਲੇ ਮਹੀਨੇ 15 ਅਗਸਤ ਨੂੰ ਵੁਲਵਰਹੈਂਪਟਨ ਵਿੱਚ ਦੋ ਸਿੱਖ ਟੈਕਸੀ ਡਰਾਈਵਰਾਂ ਤੇ ਹਮਲਾ ਹੋਇਆ ਸੀ, ਜਿੱਥੇ ਇੱਕ ਨੌਜਵਾਨ ਸਤਨਾਮ ਸਿੰਘ ਦੀ ਪੱਗ ਵੀ ਉਤਾਰੀ ਗਈ ਸੀ। ਉਸ ਮਾਮਲੇ ਵਿੱਚ ਤਿੰਨ ਗੁੰਡੇ ਗ੍ਰਿਫ਼ਤਾਰ ਹੋਏ ਸਨ ਪਰ ਜ਼ਮਾਨਤ ਤੇ ਛੱਡ ਦਿੱਤੇ ਗਏ ਸਨ। ਉਹਨਾਂ ਕਿਹਾ ਕਿ ਇਹ ਨਸਲਵਾਦ ਨਾ ਸਿਰਫ਼ ਸਿੱਖਾਂ ਲਈ, ਸਗੋਂ ਸਾਰੇ ਭਿੰਨ ਭਿੰਨ ਨਸਲ ਦੇ ਭਾਈਚਾਰਿਆਂ ਲਈ ਖ਼ਤਰਾ ਹੈ।

ਬਰਮਿੰਘਮ ਵਿਚ ਸਿੱਖਾਂ ਵੱਲੋਂ ਬੀਤੇ ਦਿਨੀ ਸਿੱਖ ਲੜਕੀ ਨਾਲ ਜਬਰ ਜਨਾਹ ਅਤੇ ਨਸਲੀ ਹਮਲੇ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਕੀਤਾ ਗਿਆ ।ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਵੱਲੋਂ ਕੱਢੇ ਗਏ ਇਸ ਰੋਸ ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਲੋਕ ਸ਼ਾਮਲ ਸਨ। ਗੁਰੂ ਨਾਨਕ ਗੁਰਦੁਆਰਾ ਸਾਹਿਬ ਤੋਂ ਘਟਨਾ ਸਥਾਨ ਤੱਕ ਭਾਰੀ ਮੀਂਹ ਦੌਰਾਨ ਵੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਸਾਡੀ ਭੈਣ 'ਤੇ ਇਹ ਹਮਲਾ ਸ਼ਰਮਨਾਕ ਹੈ। ਸਾਡੀਆਂ ਧੀਆਂ, ਭੈਣਾਂ ਤੇ ਮਾਵਾਂ ਸੁਰੱਖਿਅਤ ਰਹਿਣ ਦੀਆਂ ਹੱਕਦਾਰ ਹਨ, ਭਾਵੇਂ ਉਹ ਕਿਸੇ ਵੀ ਰੰਗ ਜਾਂ ਕਿਸੇ ਵੀ ਧਰਮ ਨਾਲ ਸਬੰਧਤ ਹੋਣ। ਬੁਲਾਰਿਆਂ ਨੇ ਕਿਹਾ ਕਿ ਸਥਾਨਕ ਸਿਆਸਤਦਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤੇ ਸਾਡੇ ਭਾਈਚਾਰਿਆਂ ਦੀ ਰੱਖਿਆ ਅਤੇ ਏਕਤਾ ਲਈ ਹੋਰ ਯਤਨ ਕਰਨੇ ਚਾਹੀਦੇ ਹਨ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਜਤਿੰਦਰ ਸਿੰਘ ਬਾਸੀ, ਸਾਬਕਾ ਪ੍ਰਧਾਨ ਕੁਲਦੀਪ ਸਿੰਘ ਦਿਓਲ, ਨਰਿੰਦਰਜੀਤ ਸਿੰਘ, ਸੰਗਤ ਸਿੰਘ ਆਦਿ ਨੇ ਕਿਹਾ ਕਿ ਇਹ ਨਸਲੀ ਨਫ਼ਰਤ ਅਤੇ ਜਿਨਸੀ ਹਿੰਸਾ ਇਕ ਘਿਨਾਉਣਾ ਕੰਮ ਸੀ। ਸਿੱਖ ਲੜਕੀ ਨਾਲ ਵਾਪਰੀ ਘਟਨਾ ਨੇ ਸਿੱਖਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਬਰਮਿੰਘਮ ਐਡਗਬੈਸਟਨ ਦੀ ਐਮਪੀ ਪ੍ਰੀਤ ਕੌਰ ਗਿੱਲ ਨੇ ਐਕਸ ਤੇ ਲਿਖਿਆ ਕਿ ਮੈਂ ਓਲਡਬਰੀ ਵਿੱਚ ਸਿੱਖ ਕੁੜੀ ਤੇ ਹੋਏ ਹਮਲੇ ਨਾਲ ਹਕਾ ਬੱਕਾ ਰਹਿ ਗਈ ਹਾਂ। ਇਹ ਨਾ ਸਿਰਫ਼ ਹਿੰਸਾ ਹੈ, ਸਗੋਂ ਨਸਲੀ ਹਮਲਾ ਵੀ ਹੈ। ਸਮੇਥਵਿਕ ਦੇ ਐਮਪੀ ਗੁਰਿੰਦਰ ਸਿੰਘ ਜੋਸਨ ਤੇ ਵੈਸਟ ਬ੍ਰੌਮਿਚ ਦੀ ਐਮਪੀ ਸਾਰਾ ਕੂਮਬਸ ਨੇ ਵਖੋ ਵਖ ਬਿਆਨਾਂ ਵਿਚ ਕਿਹਾ ਕਿ ਇਹ ਸੱਚਮੁੱਚ ਹੈਰਾਨ ਕਰਨ ਵਾਲਾ ਨਸਲੀ ਹਮਲਾ ਹੈ, ਜਿਸ ਨੇ ਪੀੜਤ ਨੂੰ ਸਦਮੇ ਵਿੱਚ ਪਾ ਦਿੱਤਾ ਹੈ।

ਇਥੇ ਜ਼ਿਕਰਯੋਗ ਹੈ ਕਿ ਬ੍ਰਿਟੇਨ ਵਿਚ ਨਸਲਵਾਦ ਵਧ ਰਿਹਾ ਹੈ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਬ੍ਰਿਟੇਨ ਸਰਕਾਰ ਨੂੰ ਵੱਡੇ ਕਦਮ ਚੁੱਕਣੇ ਚਾਹੀਦੇ ਹਨ। ਸਿੱਖ ਭਾਈਚਾਰੇ ਵਿਚ ਸਰਕਾਰ ਪ੍ਰਤੀ ਰੋਸ ਵਧ ਰਿਹਾ ਹੈ । ਓਲਡਬਰੀ ਵਿੱਚ ਸਿੱਖਾਂ ਨੇ ਇੱਕ ਵਿਸ਼ਾਲ ਰੈਲੀ ਵੀ ਕੀਤੀ, ਜਿੱਥੇ ਹਜ਼ਾਰਾਂ ਲੋਕ ਨਸਲਵਾਦ ਵਿਰੁੱਧ ਖੜ੍ਹੇ ਹੋਏ। ਇਹ ਘਟਨਾ ਇੱਕ ਸੁਨੇਹਾ ਹੈ ਕਿ ਬ੍ਰਿਟੇਨ ਵਿੱਚ ਸਭ ਨੂੰ ਬਰਾਬਰੀ ਦਾ ਹੱਕ ਹੋਣਾ ਚਾਹੀਦਾ ਹੈ। ਨਸਲਵਾਦ ਨਹੀਂ ਹੋਣਾ ਚਾਹੀਦਾ। ਦੋਸ਼ੀ ਫੜੇ ਜਾਣੇ ਚਾਹੀਦੇ ਹਨ ਤੇ ਸਖਤ ਸਜ਼ਾਵਾਂ ਮਿਲਣ।

# ਪੰਜ ਲੁਟੇਰੇ, ਪੰਜ ਦੇਸੀ ਪਿਸਤੌਲਾਂ ਸਣੇ ਗ੍ਰਿਫ਼ਤਾਰ



ਰੂਪਨਗਰ-ਨੂਰਪੁਰਬੇਦੀ ਪੁਲਿਸ ਨੇ ਪੰਜ ਵਿਅਕਤੀਆਂ ਵਿਰੁੱਧ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਕੇ ਉਨ੍ਹਾਂ ਤੋਂ .32 ਬੋਰ ਦੇ ਪੰਜ ਦੇਸੀ ਪਿਸਤੌਲ ਤੇ ਚਾਰ ਕਾਰਤੂਸ ਬਰਾਮਦ ਕੀਤੇ ਹਨ। ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਕਾਊਂਟਰ ਇੰਟੈਲੀਜੈਂਸ ਪੰਜਾਬ ਤੋਂ ਗੁਪਤ ਸੂਚਨਾ ਮਿਲੀ ਸੀ ਕਿ ਬਲਜੀਤ ਸਿੰਘ ਵਾਸੀ ਪਿੰਡ ਨੂਰਪੁਰ ਖੁਰਦ ਤੇ ਉਸ ਦੇ ਚਾਰ ਸਾਥੀ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਹੇ ਹਨ। ਜਿਸ ਦੇ ਆਧਾਰ 'ਤੇ ਮਾਮਲਾ ਦਰਜ ਕਰ ਕੇ ਨੂਰਪੁਰਬੇਦੀ ਪੁਲਿਸ ਪਾਰਟੀ ਨੇ ਬਲਜੀਤ ਸਿੰਘ ਸਮੇਤ ਇੰਦਰਪ੍ਰੀਤ ਸਿੰਘ ਲੁਧਿਆਣਾ, ਵਿਜੇ ਲੁਧਿਆਣਾ, ਦੀਪਕ ਲੁਧਿਆਣਾ ਨੂੰ ਗ੍ਰਿਫ਼ਤਾਰ ਕੀਤਾ।

ਉਨ੍ਹਾਂ ਦੱਸਿਆ ਕਿ ਇਕ ਵਿਅਕਤੀ ਰਾਜੂ ਲੁਧਿਆਣਾ ਮੌਕੇ ਤੋਂ ਫ਼ਰਾਰ ਹੋ ਗਿਆ ਸੀ। ਇਨ੍ਹਾਂ ਚਾਰਾਂ ਮੁਲਜ਼ਮਾਂ ਤੋਂ .32 ਬੋਰ ਦੇ ਦੋ ਦੇਸੀ ਪਿਸਤੌਲ ਤੇ ਚਾਰ ਕਾਰਤੂਸ ਬਰਾਮਦ ਕੀਤੇ ਗਏ ਹਨ।

# ਮੱਝਾਂ-ਗਾਵਾਂ ਦੀ ਘਟਦੀ ਗਿਣਤੀ ਕਾਰਣ ਪੰਜਾਬ ਦੀ ਚਿੱਟੀ ਕ੍ਰਾਂਤੀ 'ਤੇ ਆਇਆ ਸੰਕਟ

## ✪ ਪੋਲਟਰੀ ਧੰਦੇ ਵਿਚ ਵਾਧਾ, ਕਿਸਾਨਾਂ ਦਾ ਨਵਾਂ ਆਮਦਨ ਸਰੋਤ ਬਣਿਆ
## ✪ ਛੋਟੇ ਕਿਸਾਨਾਂ ਦੀ ਪਸੰਦ ਕਾਰਣ ਬੱਕਰੀਆਂ-ਭੇਡਾਂ ਦੀ ਗਿਣਤੀ ਵਿਚ ਹੋਇਆ ਵਾਧਾ

**ਖਾਸ ਖਬਰ**

ਪੰਜਾਬ, ਜਿਹੜਾ ਕਦੇ ਦੁਧ ਦੀ ਚਿੱਟੀ ਕ੍ਰਾਂਤੀ ਨਾਲ ਚਮਕਿਆ ਸੀ, ਅੱਜ ਕੱਲ੍ਹ ਪਸ਼ੂ ਪਾਲਣ ਦੇ ਖੇਤਰ ਵਿੱਚ ਨਵੇਂ ਤਬਦੀਲੀਆਂ ਨਾਲ ਜੂਝ ਰਿਹਾ ਹੈ। 21ਵੀਂ ਪਸ਼ੂ ਜਨਗਣਨਾ (2024-25) ਦੇ ਸ਼ੁਰੂਆਤੀ ਅੰਕੜਿਆਂ ਅਨੁਸਾਰ, ਸੂਬੇ ਵਿੱਚ ਮੱਝਾਂ ਦੀ ਗਿਣਤੀ 5.22 ਲੱਖ ਅਤੇ ਗਾਵਾਂ ਦੀ 2.32 ਲੱਖ ਘਟ ਗਈ ਹੈ। ਪਿਛਲੇ ਤਿੰਨ ਦਹਾਕਿਆਂ ਵਿੱਚ ਇਹਨਾਂ ਦੁਧਾਰੂ ਪਸ਼ੂਆਂ ਦੀ ਕੁੱਲ ਗਿਣਤੀ ਵਿੱਚ 31 ਫ਼ੀਸਦੀ ਦੀ ਕਮੀ ਆਈ ਹੈ। ਇਹ ਨਿਘਾਰ ਨਾ ਸਿਰਫ਼ ਚਿੰਤਾ ਵਜੋਂ ਵਿਖਾਈ ਦੇ ਰਿਹਾ ਹੈ, ਸਗੋਂ ਨਕਲੀ ਦੁੱਧ ਦੇ ਵਧਦੇ ਉਦਯੋਗ ਨੂੰ ਵੀ ਵਧੇਰੇ ਖ਼ਤਰਨਾਕ ਬਣਾ ਰਿਹਾ ਹੈ। ਪਰ ਇਸ ਦੇ ਨਾਲ ਹੀ ਪੋਲਟਰੀ, ਬੱਕਰੀਆਂ, ਭੇਡਾਂ ਅਤੇ ਘੋੜਿਆਂ ਵਰਗੇ ਵਿਕਲਪਾਂ ਵਿੱਚ ਵਾਧਾ ਹੋਣ ਨਾਲ ਪਸ਼ੂ ਪਾਲਣ ਖੇਤਰ ਨਵੇਂ ਆਰਥਿਕ ਮੌਕਿਆਂ ਵੱਲ ਵਧ ਰਿਹਾ ਹੈ। ਖੇਤੀ ਮਾਹਿਰ ਇਸ ਨੂੰ ਕਿਸਾਨਾਂ ਵੱਲੋਂ ਵਿਭਿੰਨੀਕਰਨ ਵਜੋਂ ਵੇਖਦੇ ਹਨ, ਪਰ ਚੇਤਾਵਨੀ ਵੀ ਦਿੰਦੇ ਹਨ ਕਿ ਇਹ ਤਬਦੀਲੀ ਲੰਬੇ ਸਮੇਂ ਵਿੱਚ ਖੇਤੀਬਾੜੀ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਘਟਦੀ ਗਿਣਤੀ ਦੇ ਕਈ ਮੁੱਖ ਕਾਰਨ ਹਨ। ਪਹਿਲਾਂ ਤਾਂ ਸ਼ਹਿਰੀਕਰਨ ਅਤੇ ਵਿਦੇਸ਼ਾਂ ਵੱਲ ਲੋਕਾਂ ਦਾ ਵਧਦਾ ਪ੍ਰਵਾਸ। ਛੋਟੇ ਕਿਸਾਨ ਪਰੰਪਰਾਗਤ ਪਸ਼ੂ ਪਾਲਣ ਛੱਡ ਕੇ ਨੌਕਰੀਆਂ ਜਾਂ ਹੋਰ ਧੰਦੇ ਵੱਲ ਵੱਲ ਰੁਖ ਕਰ ਰਹੇ ਹਨ। ਡੇਅਰੀ ਅਰਥਸ਼ਾਸਤਰੀ ਡਾ. ਰਾਜਿੰਦਰ ਸਿੰਘ ਕਹਿੰਦੇ ਹਨ, "ਪੰਜਾਬ ਵਿੱਚ ਜ਼ਮੀਨਾਂ ਦੀ ਵੰਡ ਅਤੇ ਵਿਰਾਸਤੀ ਵਿਵਾਦ ਕਾਰਨ ਵੀ ਪਸ਼ੂ ਪਾਲਣ ਘਟ ਰਿਹਾ ਹੈ। ਬੱਚੇ ਵਿਦੇਸ਼ ਜਾਂਦੇ ਹਨ ਤੇ ਵਾਪਸ ਨਹੀਂ ਆਉਂਦੇ, ਜਿਸ ਨਾਲ ਖੇਤਾਂ ਵਿੱਚ ਪਸ਼ੂ ਰੱਖਣ ਵਾਲੇ ਹੱਥ ਘੱਟ ਰਹੇ ਹਨ।" ਇਸ ਤੋਂ



ਇਲਾਵਾ, ਉੱਚ-ਉਪਜੌਂ ਵਾਲੀਆਂ ਵਿਦੇਸ਼ੀ ਨਸਲਾਂ ਜਿਵੇਂ ਹੌਲਸਟੀਨ ਫ੍ਰੀਜ਼ੀਅਨ ਗਊਆਂ ਨੂੰ ਅਪਣਾਉਣ ਨਾਲ ਮੱਝਾਂ-ਗਾਵਾਂ ਦੀ ਲੋੜ ਘਟੀ ਹੈ। ਇਹ ਨਸਲਾਂ ਇੱਕ ਲੈਕਟੇਸ਼ਨ ਵਿੱਚ ੧੦,੦੦੦ ਤੋਂ ੧੨,੦੦੦ ਲੀਟਰ ਦੁੱਧ ਦਿੰਦੀਆਂ ਹਨ, ਜਦਕਿ ਮੱਝਾਂ ਘੱਟ ਦੁਧ ਦੇਣ ਵਾਲੀਆਂ ਹਨ। ਨਕਲੀ ਦੁੱਧ ਦਾ ਵਧਣਾ ਵੀ ਇੱਕ ਵੱਡਾ ਕਾਰਨ ਹੈ, ਜੋ ਅਸਲ ਦੁੱਧ ਦੀ ਮੰਗ ਘਟਾ ਰਿਹਾ ਹੈ ਅਤੇ ਕਿਸਾਨਾਂ ਨੂੰ ਨਿਰਾਸ਼ ਕਰ ਰਿਹਾ ਹੈ।

ਦੂਜੇ ਪਾਸੇ, ਪੋਲਟਰੀ, ਬੱਕਰੀਆਂ ਅਤੇ ਭੇਡਾਂ ਵਿੱਚ ਵਾਧਾ ਹੋਣ ਦੇ ਕਾਰਨ ਵੀ ਸਪੱਸ਼ਟ ਹਨ। ਪੋਲਟਰੀ ਧੰਦੇ ਵਿੱਚ ਤਰੱਕੀ ਨੇ ਸਭ ਤੋਂ ਵੱਡਾ ਯੋਗਦਾਨ ਪਾਇਆ ਹੈ। 2019 ਵਿੱਚ 1.76 ਕਰੋੜ ਪੋਲਟਰੀ ਪੰਛੀ ਸਨ, ਜੋ ਹੁਣ ਵਧ ਕੇ 3.57 ਕਰੋੜ ਹੋ ਗਏ ਹਨ - ਇਹ ਲਗਭਗ ਦੁੱਗਣਾ ਵਾਧਾ ਹੈ। ਖੇਤੀ ਮਾਹਿਰ ਡਾ. ਸੁਰਜੀਤ ਸਿੰਘ ਕਹਿੰਦੇ ਹਨ, "ਕਿਸਾਨ ਹੁਣ ਪੋਲਟਰੀ ਨੂੰ ਤੇਜ਼ ਆਮਦਨ ਵਾਲਾ ਧੰਦਾ ਮੰਨ ਰਹੇ ਹਨ। ਇਸ ਵਿੱਚ ਨਿਵੇਸ਼ ਘੱਟ ਹੈ, ਉਤਪਾਦਨ ਤੇਜ਼ ਹੈ ਅਤੇ ਮੰਗ ਵਧਦੀ ਜਾ ਰਹੀ ਹੈ। ਭਾਰਤ ਵਿੱਚ ਪੋਲਟਰੀ ਮੀਟ ਉਤਪਾਦਨ ਦਾ 43 ਫ਼ੀਸਦੀ ਹਿੱਸਾ ਹੈ, ਜੋ ਨਾਨ-ਵੈਜ ਭੋਜਨ ਨੂੰ ਚੰਗੀ ਤਰ੍ਹਾਂ ਪੂਰਾ ਕਰ ਰਿਹਾ ਹੈ।" ਬੱਕਰੀਆਂ ਦੀ ਗਿਣਤੀ ਵਿੱਚ 21 ਹਜ਼ਾਰ ਦਾ ਵਾਧਾ ਹੋਇਆ ਹੈ, ਜੋ ਹੁਣ 4.47 ਲੱਖ ਦੇ ਕਰੀਬ ਹੈ। ਛੋਟੇ ਕਿਸਾਨ ਇਸ ਨੂੰ ਘੱਟ ਖਰਚੇ ਵਾਲੇ ਆਮਦਨ ਸਰੋਤ ਵਜੋਂ ਅਪਣਾ ਰਹੇ ਹਨ। ਭੇਡਾਂ ਦੀ ਗਿਣਤੀ ਵਿੱਚ 1 ਲੱਖ ਦਾ ਵਾਧਾ ਹੈ, ਖ਼ਾਸ ਕਰਕੇ ਬਠਿੰਡਾ, ਮਾਨਸਾ ਅਤੇ ਫ਼ਾਜ਼ਿਲਕਾ ਵਰਗੇ ਜ਼ਿਲ੍ਹਿਆਂ ਵਿੱਚ। ਪੀਏਯੂ ਦੇ ਡਾ. ਅਨਿਲ ਕੁਮਾਰ ਕਹਿੰਦੇ ਹਨ, "ਭੇਡ-ਬੱਕਰੀ ਪਾਲਣ ਵਿੱਚ ਘੱਟ ਜ਼ਮੀਨ ਅਤੇ ਪਾਣੀ ਦੀ ਲੋੜ ਹੁੰਦੀ ਹੈ, ਜੋ ਪੰਜਾਬ ਦੇ ਸੀਮਾਂਤਰੀ ਖੇਤਰਾਂ ਲਈ ਢੁਕਵਾਂ ਹੈ। ਇਹ ਮੀਟ ਅਤੇ ਊਨ ਉਦਯੋਗ ਨੂੰ ਵਧਾਉਂਦੇ ਹਨ, ਜਿਸ ਨਾਲ ਕਿਸਾਨਾਂ ਨੂੰ ਨਵੇਂ ਮੌਕੇ ਮਿਲ ਰਹੇ ਹਨ। ਪੰਜਾਬ ਵਿੱਚ ਊਨ ਉਤਪਾਦਨ ਵਿੱਚ 22 ਫ਼ੀਸਦੀ ਵਾਧਾ ਹੋਇਆ ਹੈ।" ਡਾ. ਰਾਜਿੰਦਰ ਸਿੰਘ ਚੇਤਾਵਨੀ ਦਿੰਦੇ ਹੋਏ ਕਹਿੰਦੇ ਹਨ, "ਜਿਥੇ ਪੋਲਟਰੀ ਅਤੇ ਛੋਟੇ ਪਸ਼ੂ ਨਵੇਂ ਆਰਥਿਕ ਸਹਾਰੇ ਦੇ ਰਹੇ ਹਨ, ਉਥੇ ਮੱਝਾਂ-ਗਾਵਾਂ ਦੀ ਘਟਦੀ ਗਿਣਤੀ ਨਾਲ ਦੁਧ ਉਤਪਾਦਨ ਲੰਬੇ ਸਮੇਂ ਵਿੱਚ ਪ੍ਰਭਾਵਿਤ ਹੋ ਸਕਦਾ ਹੈ। ਨਕਲੀ ਦੁੱਧ ਦਾ ਵਧਣਾ ਸਿਹਤ ਲਈ ਖ਼ਤਰਨਾਕ ਹੈ ਅਤੇ ਪੰਜਾਬ ਨੂੰ ਆਪਣੀ ਚਿੱਟੀ ਕ੍ਰਾਂਤੀ ਨੂੰ ਮੁੜ ਕਾਇਮ ਰਖਣਾ ਚਾਹੀਦਾ ਹੈ।" ਪ੍ਰੋ. ਅਨਿਲ ਕੁਮਾਰ ਨੇ ਸੁਝਾਅ ਦਿੱਤਾ ਕਿ ਸਰਕਾਰ ਨੂੰ ਉੱਚ-ਗੁਣਵੱਤਾ ਵਾਲੀਆਂ ਨਸਲਾਂ ਅਤੇ ਸਬਸਿਡੀਆਂ ਨਾਲ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਹ ਕਹਿੰਦੇ ਹਨ, "ਪੰਜਾਬ ਦਾ ਪਸ਼ੂ ਖੇਤਰ ਜੀਡੀਪੀ ਵਿੱਚ 32 ਫ਼ੀਸਦੀ ਯੋਗਦਾਨ ਪਾ ਰਿਹਾ ਹੈ, ਪਰ ਵਿਭਿੰਨਤਾ ਨਾਲ ਹੀ ਟੈਕਸਟਾਈਲ ਅਤੇ ਮੀਟ ਨਿਰਯਾਤ ਵਧਾ ਸਕਦਾ ਹੈ। ਇਹ ਧੰਦਾ ਰੁਜ਼ਗਾਰ ਵਧਾ ਸਕਦਾ ਹੈ ਅਤੇ ਗਰੀਬੀ ਘਟਾ ਸਕਦਾ ਹੈ।" ਇਸ ਤਰ੍ਹਾਂ, ਪੰਜਾਬ ਦਾ ਪਸ਼ੂ ਪਾਲਣ ਖੇਤਰ ਚੁਣੌਤੀਆਂ ਅਤੇ ਮੌਕਿਆਂ ਨਾਲ ਭਰਪੂਰ ਹੈ। ਕਿਸਾਨਾਂ ਨੂੰ ਨਵੇਂ ਧੰਦਿਆਂ ਵੱਲ ਵਲ਼ਣ ਨਾਲ ਆਮਦਨ ਵਧੀ ਹੈ, ਪਰ ਪੁਰਾਣੀਆਂ ਨਸਲਾਂ ਨੂੰ ਬਚਾਉਣ ਲਈ ਨੀਤੀਗਤ ਕਦਮ ਚਾਹੀਦੇ ਹਨ। ਮਾਹਿਰਾਂ ਅਨੁਸਾਰ, ਯੋਜਨਾਬੱਧ ਵਿਕਾਸ ਨਾਲ ਇਹ ਖੇਤਰ ਸੂਬੇ ਨੂੰ ਨਵੀਆਂ ਉਚਾਈਆਂ ਦੇ ਸਕਦਾ ਹੈ।

**ਮਾਮਲਾ ਔਰਤ ਨਾਲ ਬਦਸਲੂਕੀ ਦਾ**

# 19 ਸਤੰਬਰ ਨੂੰ ਐਸਐਸਪੀ ਮੁਹਾਲੀ ਦੇ ਦਫ਼ਤਰ ਦੇ ਘਿਰਾਓ ਦਾ

ਮੁਹਾਲੀ-ਬੀਤੇ ਦਿਨੀਂ ਐਸਸੀ ਬੀਸੀ ਮਹਾਂਪੰਚਾਇਤ ਪੰਜਾਬ ਵੱਲੋਂ ਮੁਹਾਲੀ ਫੇਸ 7 ਦੀਆਂ ਬੱਤੀਆਂ 'ਤੇ ਚੱਲ ਰਹੇ ਮੋਰਚੇ 'ਤੇ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਵਿੱਚ ਇੱਕ ਔਰਤ ਮਨਦੀਪ ਕੌਰ ਪੁੱਤਰੀ ਹਰਦੀਪ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਥਾਣਾ ਸਿਟੀ ਖਰੜ ਜ਼ਿਲ੍ਹਾ ਮੁਹਾਲੀ ਵਿੱਚ ਉਸ ਨਾਲ ਬਦਸਲੂਕੀ ਕੀਤੀ ਗਈ ਹੈ। ਮਨਦੀਪ ਕੌਰ ਨੇ ਥਾਣਾ ਸਿਟੀ ਖਰੜ ਦੇ ਪੜਤਾਲੀ ਅਫ਼ਸਰ ਦਲਜੀਤ ਸਿੰਘ ਏਐਸਆਈ 'ਤੇ ਉਨ੍ਹਾਂ ਨੂੰ ਸਾਰਾ ਸਾਰਾ ਦਿਨ ਥਾਣੇ ਵਿੱਚ ਬਿਠਾਕੇ ਤੰਗ ਪਰੇਸ਼ਾਨ ਕਰਨ ਅਤੇ ਗੰਦੀਆਂ ਗਾਲ੍ਹਾਂ ਕੱਢਣ ਅਤੇ ਡਰਾਉਣ-ਧਮਕਾਉਣ ਦੇ ਇਲਜ਼ਾਮ ਲਾਏ ਹਨ।

ਉਸਨੇ ਦੱਸਿਆ ਕਿ ਕਰੀਬ 3 ਮਹੀਨੇ ਪਹਿਲਾਂ ਮੇਰਾ ਕਮਲਪ੍ਰੀਤ ਸਿੰਘ ਨਾਲ ਵਿਆਹ ਹੋਇਆ ਸੀ। ਅਸੀਂ ਦੋਨੋਂ ਕਰੀਬ ਦੋ ਮਹੀਨੇ ਤੱਕ ਅੱਛੇ ਰਿਸ਼ਤੇ ਵਿਚ ਰਹੇ ਪਰ ਮੇਰੇ ਸਹੁਰੇ ਪਰਿਵਾਰ ਨੇ ਸਾਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ। ਅਸੀਂ ਕਿਰਾਏ ਦੇ ਮਕਾਨ 'ਤੇ ਰਹਿਣ ਲੱਗੇ। ਮੈਨੂੰ ਪਤਾ ਲੱਗਾ ਕਿ ਮੇਰੀ ਨਣਦ ਵਿਦੇਸ਼ ਗਈ ਹੋਈ ਹੈ ਪਰ ਬਾਅਦ ਇਸ



ਗੱਲ ਦੀ ਅਸਲੀਅਤ ਪਤਾ ਲੱਗੀ ਕਿ ਉਹ ਨਸ਼ਾ ਤਸਕਰੀ ਦੇ ਕੇਸ ਵਿੱਚ ਜੇਲ੍ਹ ਵਿੱਚ ਬੰਦ ਹੈ। ਮੇਰੀ ਸੱਸ ਨੇ ਮੈਨੂੰ ਕਿਹਾ ਕਿ ਉਸ ਨੂੰ ਛੁਡਵਾਉਣ ਲਈ 90 ਲੱਖ ਰੁਪਏ ਦਾ ਇੰਤਜ਼ਾਮ ਕਰ ਜਾਂ ਨਸ਼ਾ ਵੇਚਣਾ ਸ਼ੁਰੂ ਕਰ। ਮੇਰੇ ਇਨਕਾਰ ਕਰਨ ਤੇ ਮੇਰੀ ਕੁੱਟਮਾਰ ਕੀਤੀ ਗਈ।

ਮੈਂ ਥਾਣਾ ਸਿਟੀ ਖਰੜ ਜਾਕੇ ਸ਼ਿਕਾਇਤ ਕੀਤੀ ਤੇ ਉਹਨਾਂ ਨੇ ਥਾਣਾ ਸਿਟੀ ਖਰੜ ਦਰਜ ਕੀਤੀ। ਇਸ ਮਾਮਲੇ ਬਾਰੇ ਜਦੋਂ ਮੈਂ ਥਾਣਾ ਸਿਟੀ ਖਰੜ ਦੇ ਪੜਤਾਲੀ ਅਫਸਰ ਦਲਜੀਤ ਸਿੰਘ ਏਐਸਆਈ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਮੈਨੂੰ ਸਾਰਾ ਸਾਰਾ ਦਿਨ ਥਾਣੇ ਵਿੱਚ ਬਿਠਾਕੇ ਤੰਗ ਪਰੇਸ਼ਾਨ ਕੀਤਾ। ਮੈਨੂੰ ਗੰਦੀਆਂ ਗਾਲ੍ਹਾਂ ਕੱਢੀਆਂ ਤੇ ਡਰਾਇਆ ਧਮਕਾਇਆ। ਮੈਂ ਮਾਣਯੋਗ ਐਸਐਸਪੀ ਮੁਹਾਲੀ ਅਤੇ ਮਾਨਯੋਗ ਚੇਅਰਪਰਸਨ ਮਹਿਲਾ ਕਮਿਸ਼ਨ ਪੰਜਾਬ ਕੋਲ ਵੀ ਸ਼ਿਕਾਇਤ ਕੀਤੀ। ਪਰ ਕੋਈ ਕਾਰਵਾਈ ਨਹੀਂ ਹੋਈ।

ਮਨਦੀਪ ਕੌਰ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਪੜਤਾਲੀ ਅਫ਼ਸਰ ਦਲਜੀਤ ਸਿੰਘ ਦੀ ਗਾਲ੍ਹਾਂ ਕੱਢਣ ਵਾਲੀ ਆਡੀਓ ਵੀ ਸੁਣਾਈ ਤੇ ਆਪਣੇ ਸਬੂਤ ਵੀ ਦਿਖਾਏ। ਮਹਿਲਾ ਨੇ ਪ੍ਰਸ਼ਾਸਨ ਤੋਂ ਇਨਸਾਫ ਦੀ ਗੁਹਾਰ ਲਗਾਈ। ਇਸ ਮੌਕੇ ਮੋਰਚਾ ਪ੍ਰਧਾਨ ਬਲਵਿੰਦਰ ਸਿੰਘ ਕੁੰਭੜਾ ਨੇ ਕਿਹਾ ਕਿ ਪੰਜਾਬ ਪੁਲਿਸ ਮੁਹਾਲੀ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਮਾਮਲੇ ਸਾਡੇ ਕੋਲ ਆਏ ਹਨ। ਅਸੀਂ ਐਸਐਸਪੀ ਮੁਹਾਲੀ ਨੂੰ ਅਪੀਲ ਕਰਦੇ ਹਾਂ ਕਿ ਤਿੰਨ ਦਿਨਾਂ ਵਿੱਚ ਜੇ ਮਨਦੀਪ ਕੌਰ ਦੇ ਕੇਸ ਦੀ ਸੁਣਵਾਈ ਨਾ ਹੋਈ ਤੇ ਏਐਸਆਈ ਦਲਜੀਤ ਸਿੰਘ ਨੂੰ ਬਰਖ਼ਾਸਤ ਨਾ ਕੀਤਾ ਤਾਂ 19 ਸਤੰਬਰ ਦਿਨ ਸ਼ੁਕਰਵਾਰ ਨੂੰ ਐਸਐਸਪੀ ਮੁਹਾਲੀ ਦੇ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ। ਜਿਸ ਵਿੱਚ ਇਲਾਕੇ ਦੀਆਂ ਸਮੂਹ ਜਥੇਬੰਦੀਆਂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੀਆਂ। ਇਸ ਤੋਂ ਇਲਾਵਾ ਹੋਰ ਵੀ ਮੁਹਾਲੀ ਪੁਲਿਸ ਦੇ ਪੀੜਤ ਪਰਿਵਾਰਾਂ ਨੂੰ ਅਪੀਲ ਕੀਤੀ ਗਈ ਕਿ 19 ਸਤੰਬਰ ਨੂੰ ਆਪਣੇ ਦਸਤਾਵੇਜ ਅਤੇ ਸਬੂਤਾਂ ਸਮੇਤ ਇਸ ਘਰਾਓ ਵਿੱਚ ਸ਼ਾਮਿਲ ਹੋਣ। ਇਸ ਮੌਕੇ ਹਰਨੇਕ ਸਿੰਘ ਮਲੋਆ, ਮਾਸਟਰ ਬਨਵਾਰੀ ਲਾਲ, ਕਰਮ ਸਿੰਘ ਕੁਰੜੀ, ਹਰਵਿੰਦਰ ਸਿੰਘ ਕੋਹਲੀ, ਅਵਤਾਰ ਸਿੰਘ, ਮਹਿਕ ਸ਼ਰਮਾ, ਬੂਟਾ ਸਿੰਘ, ਚਰਨਜੀਤ ਸਿੰਘ, ਹਰਮਨਜੀਤ ਕੌਰ, ਜਸਬੀਰ ਕੌਰ, ਕਰਮਜੀਤ ਸਿੰਘ, ਬਲਜੀਤ ਸਿੰਘ, ਪੂਨਮ ਰਾਣੀ ਆਦਿ ਹਾਜ਼ਰ ਹੋਏ।

# ਸਿੱਖ ਸੇਵਕ ਸੁਸਾਇਟੀ ਵਲੋਂ ਹੜਾਂ ਕਾਰਨ ਟਾਪੂ ਬਣੇ ਪਿੰਡ ਮੁੰਡੀ ਕਾਲੂ ਨੂੰ ਰਾਹਤ ਲਈ ਕਿਸ਼ਤੀ ਭੇਟ ਕੀਤੀ

## ✪ ਸਿਖ ਸੇਵਕ ਸੁਸਾਇਟੀ ਦਿਲੀ ਵਿੰਗ ਨੇ ਰਾਹਿਤ ਸਮਗਰੀ ਤੇ ਮੈਡੀਕਲ ਵਾਹਨ ਦਾ ਇੰਤਜ਼ਾਮ ਕੀਤਾ

## ✪ ਸੁਸਾਇਟੀ ਵਲੋਂ ਵੱਖ ਵੱਖ ਹੜ ਪੀੜਤ ਪਿੰਡਾ ਦਾ ਸਰਵੇਖਣ ਕੀਤਾ ਤੇ ਰਾਹਿਤ ਸਮਗਰੀ ਵੰਡੀ

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

ਪੰਜਾਬ ਦੇ ਦੁਆਬੇ ਕਪੂਰਥਲਾ, ਜਲੰਧਰ ਅਤੇ ਸੁਲਤਾਨਪੁਰ ਲੋਧੀ ਪਿੰਡਾਂ ਤੇ ਮੰਡ ਇਲਾਕਿਆਂ ਵਿਚ ਹੜ੍ਹ ਦੇ ਪਾਣੀ ਨੇ ਕਈ ਪਿੰਡਾਂ ਦਾ ਖਤਰਨਾਕ ਉਜਾੜਾ ਕਰ ਦਿਤਾ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਪੂਰਥਲਾ ਦੇ ਪਿੰਡਾਂ-ਅਸੀਕਲਾਂ, ਆਲੀਖੁਰਦ, ਚਕ ਪਤੀ, ਪਿੰਡ ਸਾਂਗਰਾ ਬਾਊਪੁਰ , ਬਾਉਪੁਰ, ਬਾਉਪੁਰ ਕਦੀਮ, ਬਾਉਪੁਰ ਜਦੀਦ, ਸੇਖ ਮਾਗਾ, ਵਿਚ ਵੀ ਰਾਹਤ ਸਮੱਗਰੀ ਵੰਡੀ। ਇਸ ਵਿਚ ਨਾ ਪਸ਼ੂਆਂ ਲਈ ਫੀਡ ਅਤੇ ਚਾਰਾ ਵੀ ਸ਼ਾਮਲ ਸੀ। ਇਸ ਔਖੀ ਘੜੀ ਵਿਚ ਸਿੱਖ ਸੇਵਕ ਸੁਸਾਇਟੀ ਨੇ ਦਿੱਲੀ ਦੀ ਸੰਗਤ ਦੇ ਸਹਿਯੋਗ ਨਾਲ ਜਿਥੇ ਰਾਹਤ ਸਮੱਗਰੀ ਵੰਡੀ, ਉਥੇ ਮੈਡੀਕਲ ਮੋਬਾਈਲ ਵੈਨ ,ਜਿਸ ਵਿਚ ਡਾਕਟਰ ਸ਼ਾਮਲ ਸਨ ਰਾਹੀਂ ਮਰੀਜ਼ਾਂ ਨੂੰ ਜਰੂਰੀ ਦਵਾਈਆਂ ਵੀ ਮੁਹੱਈਆ ਕਰਵਾਈਆਂ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਸਿੱਖ ਸੇਵਕ ਸੁਸਾਇਟੀ ਨੇ ਸੁਲਤਾਨਪੁਰ ਲੋਧੀ ਦੇ ਕੁਝ ਪਿੰਡਾਂ ਦਾ ਸਰਵੇਖਣ ਕੀਤਾ ਹੈ। ਸਰਵੇਖਣ ਅਨੁਸਾਰ ਖੇਤਾਂ ਵਿਚ ਰੇਤ ਦੀਆਂ ਸਿਲਟਾਂ ਬਝ ਗਈਆਂ ਨੇ, ਅਗਲੇ 4-5 ਮਹੀਨੇ ਫਸਲ ਦੀ ਆਸ ਵੀ ਨਹੀਂ। ਸਿੱਖ ਸੇਵਕ ਸੁਸਾਇਟੀ ਦੇ ਸਰਵੇਖਣ ਅਨੁਸਾਰ ਖੇਤਾਂ ਵਿੱਚ ਰੇਤ ਅਤੇ ਮਿੱਟੀ ਦੀ ਚਾਰ ਤੋਂ ਪੰਜ ਫੁੱਟ ਮੋਟੀ ਪਰਤ ਜਮ੍ਹਾਂ ਹੋ ਗਈ ਹੈ ਜਿਸ ਵਿੱਚ ਪਾਣੀ ਅਜੇ ਵੀ ਰਿਸ ਰਿਹਾ ਹੈ। ਮਿੱਟੀ ਅਤੇ ਰੇਤ ਦੀ ਮੋਟੀ ਪਰਤ ਨੂੰ ਹਟਾਉਣ ਕੋਈ ਸੌਖਾ ਨਹੀਂ ਹੈ। ਖਾਲਸਾ ਨੇ ਕਿਹਾ ਕਿ ਕਿਸਾਨਾਂ ਕੋਲ ਨਾ ਤਾਂ ਅਜਿਹੀ ਮਸ਼ੀਨਰੀ ਹੈ ਜਿਸ ਰਾਹੀਂ ਮਿੱਟੀ ਦੀ ਪਰਤ ਨੂੰ ਹਟਾਇਆ ਜਾ ਸਕੇ ਅਤੇ ਨਾ ਹੀ ਵਿੱਤੀ ਵਸੀਲੇ।' ਉਹਨਾਂ ਕਿਹਾ ਕਿ ਖੇਤਾਂ ਵਿੱਚ ਮਿੱਟੀ ਅਤੇ ਰੇਤ ਦੇ ਮਿਸ਼ਰਨ ਦੀ ਪਰਤ ਜਮ੍ਹਾਂ ਹੈ, ਉਸ ਨੂੰ ਰੇਤ ਨਹੀਂ ਆਖਿਆ ਜਾ ਸਕਦਾ ਹੈ ਅਤੇ ਨਾ ਹੀ ਇਸ ਦਾ ਕੋਈ ਖ਼ਰੀਦਦਾਰ ਹੈ।'ਸਰਕਾਰ ਨੂੰ ਵਾਹੀ ਯੋਗ ਜ਼ਮੀਨਾਂ ਨੂੰ ਠੀਕ ਕਰਨ ਲਈ ਵਿਆਪਕ ਪੱਧਰ ਉੱਤੇ ਮੁਹਿੰਮ ਸ਼ੁਰੂ ਕਰੇ ਅਤੇ ਇਸੇ ਮਿੱਟੀ ਨਾਲ ਧੁੱਸੀ ਬੰਨ੍ਹ, ਬਾਊਪੁਰ ਬੰਨ ਤੇ ਹੋਰ ਬੰਨ ਮਜ਼ਬੂਤ ਕਰਨੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਹੜ੍ਹ ਦੀ ਮਾਰ ਤੋਂ ਜ਼ਮੀਨਾਂ ਨੂੰ ਬਚਾਇਆ ਜਾ ਸਕੇ ਉਹਨਾਂ ਦਸਿਆ ਕਿ ਸਥਿਤੀ ਇੰਨੀ ਜ਼ਿਆਦਾ ਖ਼ਰਾਬ ਹੈ ਕਿ ਹੜ੍ਹ ਕਾਰਨ ਕਿਸਾਨ ਆਰਥਿਕ ਤੌਰ ਉਤੇ ਦਸ ਸਾਲ ਪਿੱਛੇ ਚਲੇ ਗਏ ਹਨ, ਕਿਉਂਕਿ ਇੱਕ ਸਾਲ ਕੋਈ ਵੀ ਫ਼ਸਲ ਇਨ੍ਹਾਂ ਖੇਤਾਂ ਵਿੱਚ ਨਹੀਂ ਹੋਣੀ। ਇਸ ਕਾਰਨ ਖੇਤ ਮਜਦੂਰਾਂ ਦੀ ਆਰਥਿਕਤਾ ਨੂੰ ਵਡਾ ਨੁਕਸਾਨ ਪਹੁੰਚਿਆ ਹੈ।"







### ਪਿੰਡ ਮੁੰਡੀ ਕਾਲੂ ਨੂੰ ਭੇਂਟ ਕੀਤੀ ਕਿਸ਼ਤੀ

ਖਾਲਸਾ ਨੇ ਦਸਿਆ ਕਿ ਹੜ੍ਹ ਕਾਰਣ ਜਲੰਧਰ ਦੇ ਪਿੰਡ ਮੁੰਡੀ ਕਾਲੂ ਦੇ ਆਲੇ ਦੁਆਲੇ ਪਾਣੀ ਚਾਰੇ ਪਾਸੇ ਫੈਲਿਆ ਹੋਇਆ ਹੈ। ਇਹ ਪਿੰਡ ਪੂਰੀ ਤਰ੍ਹਾਂ ਟਾਪੂ ਬਣ ਚੁਕਾ ਹੈ। ਉਥੇ ਕਿਸ਼ਤੀਆਂ ਰਾਹੀਂ ਪਹੁੰਚ ਹੁੰਦਾ ਹੈ। ਅਜਿਹੇ ਵਿਚ ਸਿੱਖ ਸੇਵਕ ਸੁਸਾਇਟੀ ਨੇ ਕਿਸ਼ਤੀ (ਬੋਟ) ਦੀ ਸਹਾਇਤਾ ਨਾਲ ਨਾ ਸਿਰਫ ਪਿੰਡ ਵਾਸੀਆਂ ਨੂੰ ਰਾਹਤ ਸਮੱਗਰੀ ਪਹੁੰਚਾਈ, ਸਗੋਂ ਇਸ ਕਿਸ਼ਤੀ ਨੂੰ ਪਿੰਡ ਵਾਸੀਆਂ ਨੂੰ ਸਮਰਪਿਤ ਕਰ ਦਿੱਤਾ ਤਾਂ ਜੋ ਹੋਰ ਹੜ ਪੀੜਤ ਖੇਤਰਾਂ ਵਿਚ ਮਦਦ ਕਰ ਸਕਣ।

ਦਿਲੀ ਦੀ ਸੰਗਤ ਦੀ ਅਗਵਾਈ ਵਿਚ ਭਾਈ ਚਰਨਜੀਤ ਸਿੰਘ ਖਾਲਸਾ, ਜਥੇਦਾਰ ਜਤਿੰਦਰ ਪਾਲ ਸਿੰਘ ਗੋਲਡੀ, ਸਰਬਜੀਤ ਸਿੰਘ ਖਾਲਸਾ, ਪ੍ਰਿਤਪਾਲ ਸਿੰਘ, ਭਾਈ ਮਨਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਗਲੋਬਲ ਆਦਿ ਨੇ ਦਿਨ-ਰਾਤ ਇਕ ਕਰਕੇ ਪੀੜਤਾਂ ਦੀ ਸੇਵਾ ਕੀਤੀ। ਉਹਨਾਂ ਕਿਹਾ ਕਿ ਅਸੀਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਸਮੇਂ ਸਿਰ ਬੰਨ੍ਹਾਂ ਦੀ ਮੁਰੰਮਤ, ਸੜਕਾਂ ਦੀ ਮੁੜ ਸੁਰਜੀਤੀ ਅਤੇ ਸਿਹਤ ਸੰਭਾਲ ਦੇ ਪ੍ਰਬੰਧ ਕੀਤੇ ਜਾਣ। ਨਹੀਂ ਤਾਂ ਇਹ ਖਤਰਾ ਹੋਰ ਵੱਧ ਸਕਦਾ ਹੈ।

### ਪਸ਼ੂਆਂ ਦੇ ਚਾਰੇ ਦੀ ਲੋੜ

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸਕਤਰ ਜਨਰਲ ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਦਸਿਆ ਕਿ ਪਸ਼ੂਆਂ ਲਈ ਚਾਰੇ ਦੀ ਘਾਟ ਨੇ ਕਿਸਾਨਾਂ ਦੀ ਕਮਰ ਤੋੜ ਦਿੱਤੀ ਹੈ। ਸਿਖ ਸੇਵਕ ਸੁਸਾਇਟੀ ਕੁਝ ਹੜ ਪੀੜਤ ਪਿੰਡਾਂ ਵਿਚ ਪਸ਼ੂਆਂ ਦੇ ਚਾਰੇ ਦਾ ਪ੍ਰਬੰਧ ਕਰ ਰਹੇ ਹਾਂ। ਇਸ ਦੀ ਬਹੁਤ ਘਾਟ ਹੈ। ਉਨ੍ਹਾਂ ਦਸਿਆ ਕਿ ਸਭ ਤੋਂ ਭਿਆਨਕ-ਗੰਦਲੇ ਪਾਣੀ ਵਿਚ ਵਹਿ ਕੇ ਆਈਆਂ ਮਨੁੱਖੀ ਲਾਸ਼ਾਂ ਅਤੇ ਮਰੇ ਹੋਏ ਪਸ਼ੂ ਹਨ। ਇਸ ਗੰਦਲੇ ਪਾਣੀ ਨੇ ਹੁਣ ਬਦਬੂ ਦਾ ਅਜਿਹਾ ਆਲਮ ਪੈਦਾ ਕਰ ਦਿੱਤਾ ਹੈ ਕਿ ਸਾਹ ਲੈਣਾ ਵੀ ਔਖਾ ਹੋ ਗਿਆ ਤੇ ਭਿਆਨਕ ਬੀਮਾਰੀਆਂ ਦਾ ਖਤਰਾ ਵੀ ਪੈਦਾ ਹੋ ਗਿਆ ਹੈ।

ਉਹਨਾਂ ਦਸਿਆ ਕਿ ਸਰਕਾਰ ਨੂੰ ਹੁਣ ਅੱਗੇ ਆ ਕੇ ਬੰਨ੍ਹਾਂ ਦੀ ਮੁਰੰਮਤ, ਸੜਕਾਂ ਦੀ ਮੁੜ ਸੁਰਜੀਤੀ, ਅਤੇ ਸਿਹਤ ਸੰਭਾਲ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣਾ ਹੋਵੇਗਾ। ਮੰਡ ਇਲਾਕੇ ਵਿਚ ਬਾਉਪੁਰ ਬਰਿਜ ਦੇ ਆਲੇ-ਦੁਆਲੇ ਦੇ ਪਿੰਡ ਬਿਆਸ ਦੇ ਪਾਣੀ ਨਾਲ ਡੁੱਬੇ ਹੋਏ ਹਨ। ਸਿੱਖ ਸੇਵਕ ਸੁਸਾਇਟੀ ਜਿਹੜੇ ਹੜ ਪੀੜਤ ਪਿੰਡਾਂ ਵਿਚ ਜਾ ਰਹੀ ਹੈ, ਮੈਡੀਕਲ ਸੇਵਾਵਾਂ ਦੇ ਰਹੀ ਹੈ। ਫੋਗਿੰਗ ਕੀਤੀ ਜਾ ਰਹੀ ਹੈ। ਇਸ ਮੌਕੇ ਸਾਹਿਬ ਸਿੰਘ ਆਰਟਿਸਟ, ਸੰਦੀਪ ਸਿੰਘ ਬੰਨੀ ਚਾਵਲਾ, ਬਲਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਹਰਦੇਵ ਸਿੰਘ ਠੇਕੇਦਾਰ, ਭਾਈ ਮਨਜੀਤ ਸਿੰਘ ਗਤਕਾ ਮਾਸਟਰ ਅੰਮ੍ਰਿਤਸਰ , ਹਰਦੇਵ ਸਿੰਘ ਗਰਚਾ ਗੁਰਪ੍ਰੀਤ ਸਿੰਘ ਰਾਜੂ, ਸੁਖਵਿੰਦਰ ਸਿੰਘ ਦਿਲੀ ਪੇਂਟ, ਕਮਲਜੀਤ ਸਿੰਘ ਜਮਸ਼ੇਰ ਵੀ ਇਸ ਹੜ ਪੀੜਤ ਕਾਰ ਸੇਵਾ ਵਿਚ ਸ਼ਾਮਲ ਹੋਏ।

# ਕੀ ਸਿਖ ਜਾਤੀਵਾਦੀ ਹਨ, ਸਾਡੇ ਵਿਰੁਧ ਨਫਰਤੀ ਪ੍ਰਚਾਰ ਕਰਨ ਵਾਲੇ ਜੁਆਬ ਦੇਣ

## ✪ ਹੜ੍ਹਪੀੜਤ ਪਿੰਡ ਦਾ ਦ੍ਰਿਸ਼ ਦੇਖੋ ਅਸੀਂ ਸਿੱਖ ਜਾਤੀ ਵਿਤਕਰਾ ਕਦੋਂ ਕਰਦੇ ਹਾਂ ?

ਇਹ ਪਿੰਡ ਸ਼ੇਖ ਮਾਗਾ ਸੁਲਤਾਨਪੁਰ ਲੋਧੀ ਹੜ੍ਹ ਪੀੜਤ ਪਿੰਡ ਹੈ ਜਿਥੇ ਜੱਟ ਸਿੱਖਾਂ ਦੀ ਘੱਟ ਗਿਣਤੀ ਹੈ ਮਜਹਬੀ ਸਿੱਖਾਂ ਦੀ ਜਿਆਦਾ ਹੈ। ਇਥੇ ਸਾਡੇ ਜਥੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮੈਡੀਕਲ ਸੇਵਾ ਕੀਤੀ। ਹੋਰ ਜਰੂਰੀ ਸਮਗਰੀ ਵੰਡੀ। ਜਿਸ ਵਿਚ ਕਪੜੇ, ਖਾਣ ਪੀਣ ਦੀ ਸਮਗਰੀ, ਆਡੋਮਾਸ, ਸਾਬਨ ਪੇਸਟ, ਪਸ਼ੂਆਂ ਦੀ ਫੀਡ ਆਦਿ ਸ਼ਾਮਲ ਸਨ। ਹੁਣ ਆਹ ਫੋਟੋ ਸਬੂਤ ਹੈ ਕਿ ਗੁਰਦੁਆਰੇ ਵਿਚ ਪਹਿਲ ਦੇ ਆਧਾਰ ਉਪਰ ਦਲਿਤਾਂ ਨੂੰ ਰਾਹਿਤ ਸਮਗਰੀ ਦਿਤੀ ਜਾ ਰਹੀ ਹੈ। ਉਥੋਂ ਦਾ ਇਕ ਮਜਹਬੀ ਸਿੱਖ ਦੋ ਵਡੀਆਂ ਬੋਤਲਾਂ ਕੋਲਡ ਡਰਿੰਕਾਂ ਦੀ ਚੁਕ ਲਿਆਇਆ ਕਿ ਮੈਂ ਆਪਣੇ ਸਿੱਖ ਵੀਰਾਂ ਨੂੰ ਪਿਆਉਣੀਆਂ ਹਨ ਜੋ ਸਾਡੇ ਲਈ ਰਾਹਿਤ ਸਮਗਰੀ ਲੈਕੇ ਆਏ ਹਨ। ਜਿੰਨਾ ਚਿਰ ਉਸਨੇ ਸਾਨੂੰ ਬੋਤਲ ਗਿਲਾਸਾਂ ਵਿਚ ਪਾਕੇ ਨਾ ਪਿਆਈ, ਉਸਨੂੰ ਸਾਹ ਨਹੀਂ ਆਇਆ। ਇਹ ਦਬੇ ਕੁਚਲੇ ਵੀਰ ਭਾਵੇਂ ਹੜ੍ਹ ਪੀੜਤ ਹਨ ਸਾਡਾ ਇੰਨਾ ਮਾਣ ਕਰਦੇ ਹਨ ਸਾਡਾ ਦਿਲ ਖੁਸ਼ ਹੋ ਜਾਂਦਾ ਹੈ। ਜੱਟ ਵੀਰ ਸਾਨੂੰ ਸਹਿਯੋਗ ਦਿੰਦੇ ਪਹਿਲ ਦੇ ਆਧਾਰ ਉਪਰ ਇਹਨਾਂ ਦਬੇ ਕੁਚਲਿਆਂ ਦਾ ਖਿਆਲ ਰਖਦੇ ਹਨ ਕਿ ਮਜਹਬੀ ਸਿੱਖਾਂ ਤੇ ਖੇਤ ਮਜਦੂਰਾਂ ਨੂੰ ਪਹਿਲਾਂ ਰਾਹਿਤ ਸਮਗਰੀ ਮਿਲੇ। ਜੋ ਬਚੇ ਤਾਂ ਸਾਨੂੰ ਦੇ ਦੇਣਾ। ਸਾਡੇ ਸਿੱਖਾਂ ਵਿਚ ਸਤਿਗੁਰੂ ਬਾਬੇ ਨਾਨਕ ਦਾ ਵਾਸਾ ਹੈ, ਉਹ ਸਾਨੂੰ ਕਿਸੇ ਨਾਲ ਕਿਥੇ ਵਿਤਕਰਾ ਕਰਨ ਦਿੰਦਾ ਹੈ ਕਿ ਉਹ ਜੱਟ ਹੈ ਉਹ ਦਲਿਤ ਹੈ ਬ੍ਰਾਹਮਣ ਹੈ ,ਹਿੰਦੂ ਹੈ, ਮੁਸਲਮਾਨ ਹੈ ਜਾਂ ਈਸਾਈ ਹੈ ਜਾਂ ਬਾਲਮੀਕੀ। ਸਾਡੇ ਲਈ ਸਭ ਭਾਈ ਬੰਧੂ ਹਨ। ਪਰ ਪੰਜਾਬ ਵਿਚ ਕੁਝ ਕੁ ਉਜਡ ਕਿਸਮ ਦੇ ਲੋਕ ਹਨ ਜਿਹਨਾਂ ਨੂੰ ਸਿੱਖ ਪੰਥ ਦੀ ਸੇਵਾ ਚੰਗੀ ਨਹੀਂ ਲਗਦੀ। ਉਹ ਨਹੀਂ ਸਹਿਣ ਕਰ ਸਕਦੇ ਕਿ ਸਿੱਖ ਪੰਥ ਦਾ ਨਾਮ ਵਿਸ਼ਵ ਵਿਚ ਰੋਸ਼ਨ ਹੋਵੇ। ਕਦੇ ਉਹ ਪੰਥ ਵਿਰੋਧੀ ਸਿਆਸਤ ਦੇ ਟੂਲ ਬਣਦੇ ਹਨ ਕਦੇ ਨਕਲੀ ਪਾਸਟਰਾਂ ਦੀਆਂ ਕਠਪੁਤਲੀਆਂ। ਇਹੀ ਧਰਮਹੀਣ ਤੇ ਨੈਤਿਕਤਾ ਤੋਂ ਡਿਗੇ ਲੋਕ ਹਨ ਜੋ ਨਕਲੀ ਪਾਸਟਰਾਂ ਦੇ ਕਹਿਣ ਉਪਰ ਗੁਰਦੁਆਰੇ ਦਾ ਪ੍ਰਸ਼ਾਦ ਨਹੀਂ ਲੈਂਦੇ ਪਰ ਸੁਕੇ ਖੇਤਰਾਂ ਵਿਚ ਖੜਕੇ ਰਾਹਿਤ ਸਮਗਰੀ ਦੀਆਂ ਗਡੀਆਂ,ਕਾਫਲੇ ਘੇਰਦੇ ਰਾਹਿਤ ਸਮਗਰੀ ਸਿੱਖਾਂ ਕੋਲੋਂ ਮੰਗਦੇ ਹਨ। ਪਰ ਅਸੀਂ ਕਿਉਂ ਇਹਨਾਂ ਨੂੰ ਰਾਹਿਤ ਸਮਗਰੀ ਵੰਡਕੇ ਪੰਜਾਬ ਦੇ ਲੋਕਾਂ ਨੂੰ ਭਿਖਾਰੀ ਬਣਾਈਏ। ਇਹੀ ਉਜਡ ਲੋਕ ਸਿੱਖਾਂ ਵਿਰੁਧ ਜਾਤੀਵਾਦੀ ਪ੍ਰਚਾਰ ਕਰਦੇ ਹਨ। ਸਿੱਖਾਂ ਦੀਆਂ ਸੇਵਾਵਾਂ ਹੁਣ ਤਕ ਜੰਗੀ ਪਧਰ ਉਪਰ ਚਲ ਰਹੀਆਂ ਹਨ। ਸਿੱਖ ਜਿਥੇ ਜਿਥੇ ਵਸਦਾ ਹੈ ਪੰਜਾਬ ਨੂੰ ਬਚਾਉਣ ਲਈ ਦਸਵੰਧ ਭੇਂਟ ਕਰ ਰਿਹਾ। ਸਿੱਖਾਂ ਦੀ ਸੇਵਾ ਜਾਰੀ ਹੈ। ਸਿੱਖ ਮਨੁੱਖਤਾ ਦੇ ਰਾਖੇ ਹਨ।

# ਵਿਦੇਸ਼ੀ ਸੰਪਤੀਆਂ ਕਾਰਣ ਕੈਪਟਨ ਪਰਿਵਾਰ ਉੱਤੇ ਲਟਕੀ ਈਡੀ ਦੀ ਤਲਵਾਰ

## ✪ ਕੈਪਟਨ ਦਾ ਬੇਟਾ ਰਣਿੰਦਰ ਸਿੰਘ ਕਿਉਂ ਫਸਿਆ, ਟਰੱਸਟ ਅਤੇ ਬੈਂਕ ਖਾਤਿਆਂ ਦੀ ਹੋ ਸਕਦੀ ਹੈ ਜਾਂਚ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਹਨਾਂ ਦੇ ਪਰਿਵਾਰ ਉੱਤੇ ਈਡੀ ਦੀ ਤਲਵਾਰ ਲਟਕ ਰਹੀ ਹੈ। ਇਹ ਮਾਮਲਾ ਵਿਦੇਸ਼ੀ ਸੰਪਤੀਆਂ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਫਰਾਂਸ, ਸਵਿਟਜ਼ਰਲੈਂਡ ਅਤੇ ਦੁਬਈ ਵਰਗੀਆਂ ਜਗ੍ਹਾਂ ਤੋਂ ਮਿਲੀ ਜਾਣਕਾਰੀ ਸ਼ਾਮਲ ਹੈ। ਪਿਛਲੇ ਹਫ਼ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੈਪਟਨ ਅਤੇ ਉਹਨਾਂ ਦੇ ਪੁੱਤਰ ਰਣਿੰਦਰ ਸਿੰਘ ਦੀ ਯਾਚਿਕਾ ਨੂੰ ਖਾਰਜ ਕਰ ਦਿੱਤਾ, ਜਿਸ ਨਾਲ ਈਡੀ ਨੂੰ ਆਯਕਰ ਵਿਭਾਗ ਦੀਆਂ ਫਾਈਲਾਂ ਵੇਖਣ ਦੀ ਇਜਾਜ਼ਤ ਮਿਲ ਗਈ ਹੈ।

ਇਸ ਨਾਲ ਪਰਿਵਾਰ ਦੀਆਂ ਵਿਦੇਸ਼ੀ ਬੈਂਕ ਖਾਤਿਆਂ ਅਤੇ ਸੰਪਤੀਆਂ ਦੀ ਜਾਂਚ ਸ਼ੁਰੂ ਹੋ ਸਕਦੀ ਹੈ। ਇਹ ਵਿਵਾਦ ਪੰਜਾਬ ਸਿਆਸਤ ਵਿੱਚ ਵੀ ਚਰਚਾ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਕਾਂਗਰਸ ਛੱਡ ਕੇ ਆਪਣੀ ਪਾਰਟੀ ਬਣਾਈ ਸੀ ਅਤੇ ਫਿਰ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਹੁਣ ਕਾਂਗਰਸ ਵਾਪਸੀ ਦੀਆਂ ਅਫਵਾਹਾਂ ਵਿੱਚ ਇਹ ਝਟਕਾ ਲੱਗਾ ਹੈ।




ਇਹ ਕੇਸ 2016 ਵਿੱਚ ਆਮਦਨ ਕਰ ਵਿਭਾਗ ਨੇ ਸ਼ੁਰੂ ਕੀਤਾ ਸੀ, ਜਦੋਂ ਫਰਾਂਸ ਸਰਕਾਰ ਨੇ ਭਾਰਤ ਨਾਲ ਡਬਲ ਟੈਕਸੇਸ਼ਨ ਅਵੋਇਡੈਂਸ ਐਗਰੀਮੈਂਟ (ਡੀਟੀਏਏ) ਅਧੀਨ ਜਾਣਕਾਰੀ ਸਾਂਝੀ ਕੀਤੀ। ਇਸ ਜਾਣਕਾਰੀ ਵਿੱਚ ਕੈਪਟਨ ਅਮਰਿੰਦਰ ਸਿੰਘ ਅਤੇ ਰਣਿੰਦਰ ਨੂੰ ਜੈਕਰਾਂਡਾ ਟਰੱਸਟ ਨਾਮਕ ਟਰੱਸਟ ਨਾਲ ਜੋੜਿਆ ਗਿਆ ਸੀ, ਜੋ ਬ੍ਰਿਟਿਸ਼ ਵਰਜਿਨ ਆਈਲੈਂਡਜ਼ ਵਿੱਚ ਰਜਿਸਟਰਡ ਹੈ। ਇਹ ਟਰੱਸਟ ਚਿੱਲਿੰਘੈਮ ਹੋਲਡਿੰਗਜ਼ ਲਿਮਟਿਡ, ਆਲਵਰਥ ਵੈਂਚਰ ਹੋਲਡਿੰਗਜ਼ ਲਿਮਟਿਡ, ਲਿਮਰਲਾਕ ਇੰਟਰਨੈਸ਼ਨਲ ਲਿਮਟਿਡ ਅਤੇ ਮਲਵਾਲਾ ਹੋਲਡਿੰਗਜ਼ ਲਿਮਟਿਡ ਵਰਗੀਆਂ ਕੰਪਨੀਆਂ ਦਾ ਮਾਲਕ ਹੈ। ਇਹਨਾਂ ਕੰਪਨੀਆਂ ਦੀ ਕੁੱਲ ਸੰਪਤੀ 460 ਕਰੋੜ ਰੁਪਏ ਦੇ ਕਰੀਬ ਮੁੱਲ ਵਾਲੀ ਸੀ।

ਇਨਕਮ ਟੈਕਸ ਵਿਭਾਗ ਨੇ ਦੋਸ਼ ਲਾਇਆ ਕਿ ਕੈਪਟਨ ਇਸ ਟਰੱਸਟ ਦੇ ਲਾਭਪਾਤਰੀ ਸਨ ਅਤੇ ਰਣਿੰਦਰ ਸਿੰਘ ਇਸ ਦੇ ਸਾਈਨੇਟਰੀ (ਸਹੀ ਕਰਨ ਵਾਲੇ) ਸਨ। ਫਰਾਂਸ ਵੱਲੋਂ ਮਿਲੇ ਡਾਕੂਮੈਂਟਸ ਵਿੱਚ ਇੱਕ ਐਚਐਸਬੀਸੀ ਬੈਂਕ ਖਾਤਾ ਜੀਨੇਵਾ, ਸਵਿਟਜ਼ਰਲੈਂਡ ਵਿੱਚ ਅਤੇ ਦੁਬਈ ਵਿੱਚ ਮਰੀਨਾ ਮੈਨਸ਼ਨਜ਼ ਵਿੱਚ ਪੀ-29 ਪ੍ਰਾਪਰਟੀ ਦਾ ਜ਼ਿਕਰ ਹੈ। ਇਹ ਪ੍ਰਾਪਰਟੀ ਜੈਕਰਾਂਡਾ ਟਰੱਸਟ ਦੀ ਕੰਪਨੀ ਨੇ ਕੈਪਟਨ ਦੀ ਬੇਨਤੀ ਤੇ ਟਰਾਂਸਫਰ ਕੀਤੀ ਸੀ। ਇਨਕਮ ਟੈਕਸ ਵਿਭਾਗ ਨੇ ਸੈਕਸ਼ਨ 277 ਅਧੀਨ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਸ਼ਿਕਾਇਤ ਦਰਜ ਕੀਤੀ, ਜਿਸ ਵਿੱਚ ਟੈਕਸ ਚੋਰੀ ਅਤੇ ਝੂਠੀ ਜਾਣਕਾਰੀ ਦੇਣ ਦੇ ਦੋਸ਼ ਲੱਗੇ। ਈਡੀ ਨੂੰ ਇਹ ਜਾਣਕਾਰੀ ਆਯਕਰ ਵਿਭਾਗ ਵੱਲੋਂ ਮਿਲੀ, ਜਿਸ ਨਾਲ ਫੇਮਾ ਅਧੀਨ ਜਾਂਚ ਸ਼ੁਰੂ ਹੋਈ ਸੀ। ਰਣਿੰਦਰ ਨੂੰ 2016 ਵਿੱਚ ਵੀ ਈਡੀ ਨੇ ਸੱਦਾ ਭੇਜਿਆ ਸੀ, ਜਦੋਂ ਉਹਨਾਂ ਨੂੰ ਸਵਿਟਜ਼ਰਲੈਂਡ ਵਿੱਚ ਫੰਡਾਂ ਦੀ ਤਬਦੀਲੀ ਅਤੇ ਬ੍ਰਿਟਿਸ਼ ਵਰਜਿਨ ਆਈਲੈਂਡਜ਼ ਵਿੱਚ ਟਰੱਸਟ ਬਣਾਉਣ ਬਾਰੇ ਪੁੱਛਿਆ ਗਿਆ ਸੀ। 2020 ਵਿੱਚ ਵੀ ਰਣਿੰਦਰ ਨੂੰ ਤਲਾਸ਼ੀ ਲਈ ਬੁਲਾਇਆ ਗਿਆ ਸੀ, ਪਰ ਉਹ ਸਿਹਤ ਕਾਰਨਾਂ ਕਾਰਣ ਨਹੀਂ ਆਏ। ਇਹ ਸਾਰੇ ਕਾਰਨ ਮਿਲ ਕੇ ਈਡੀ ਦੇ ਸ਼ੱਕ ਨੂੰ ਮਜਬੂਤ ਕਰਦੇ ਹਨ। ਇਹ ਮਾਮਲੇ ਟੈਕਸ ਚੋਰੀ ਨਾਲ ਜੁੜੇ ਹਨ।

ਕੈਪਟਨ ਦਾ ਪੁੱਤਰ ਰਣਿੰਦਰ ਸਿੰਘ ਇਸ ਮਾਮਲੇ ਵਿੱਚ ਮੁੱਖ ਤੌਰ ਤੇ ਫਸਿਆ ਹੈ, ਕਿਉਂਕਿ ਉਹ ਜੈਕਰਾਂਡਾ ਟਰੱਸਟ ਦਾ ਸਿੱਧਾ ਕੰਟਰੋਲਰ ਸੀ। ਆਯਕਰ ਵਿਭਾਗ ਦੀ ਰਿਪੋਰਟ ਅਨੁਸਾਰ, ਰਣਿੰਦਰ ਨੇ 2005 ਵਿੱਚ ਇਹ ਟਰੱਸਟ ਬਣਾਇਆ ਸੀ ਅਤੇ ਇਸ ਨੂੰ ਕਈ ਆਫਸ਼ੋਰ ਕੰਪਨੀਆਂ ਨਾਲ ਜੋੜਿਆ ਸੀ। ਇਹਨਾਂ ਕੰਪਨੀਆਂ ਨੇ ਵਿਦੇਸ਼ੀ ਬੈਂਕਾਂ ਵਿੱਚ ਫੰਡ ਟਰਾਂਸਫਰ ਕੀਤੇ, ਜੋ ਫੇਮਾ ਅਧੀਨ ਆਉਂਦੇ ਹਨ।

ਫਰਾਂਸ ਵੱਲੋਂ ਮਿਲੀ ਜਾਣਕਾਰੀ ਵਿੱਚ ਰਣਿੰਦਰ ਨੂੰ ਸਵਿਟਜ਼ਰਲੈਂਡ ਦੇ ਐਚਐਸਬੀਸੀ ਬੈਂਕ ਖਾਤੇ ਨਾਲ ਜੋੜਿਆ ਗਿਆ, ਜਿੱਥੇ ਕਥਿਤ ਅਵਾਰਾ ਪੂੰਜੀ ਸੀ । ਦੁਬਈ ਵਿੱਚ ਮਰੀਨਾ ਮੈਨਸ਼ਨਜ਼ ਦੀ ਪ੍ਰਾਪਰਟੀ ਵੀ ਇਸ ਟਰੱਸਟ ਨਾਲ ਜੁੜੀ ਹੈ, ਜੋ ਰਣਿੰਦਰ ਨੇ ਪਰਿਵਾਰ ਨੂੰ ਟਰਾਂਸਫਰ ਕੀਤੀ ਗਈ ਸੀ।

ਇਸ ਤੋਂ ਪਹਿਲਾਂ 2015 ਵਿੱਚ ਲੁਧਿਆਣਾ ਸਿਟੀ ਸੈਂਟਰ ਸਕੈਮ ਵਿੱਚ ਵੀ ਰਣਿੰਦਰ ਨਾਂ ਆਇਆ ਸੀ, ਜਿੱਥੇ ਕੈਪਟਨ ਦੇ ਰਾਜ ਕਾਲ ਸਮੇਂ ਵਿੱਚ 1,144 ਕਰੋੜ ਦੀ ਧੋਖਾਧੜੀ ਹੋਈ ਸੀ। ਈਡੀ ਨੇ ਇਸ ਨੂੰ ਪੀਐੱਮਐੱਲਏ ਅਧੀਨ ਲਿਆ, ਪਰ ਰਣਿੰਦਰ ਨੇ ਇਨਕਾਰ ਕੀਤਾ। 2020 ਵਿੱਚ ਫੇਮਾ ਕੇਸ ਵਿੱਚ ਈਡੀ ਨੇ ਰਣਿੰਦਰ ਨੂੰ ਤਿੰਨ ਵਾਰ ਸੱਦਾ ਭੇਜਿਆ, ਪਰ ਉਹ ਸਿਹਤ ਅਜਿਹੇ ਕਾਰਨਾਂ ਨਾਲ ਨਹੀਂ ਆਏ। ਹੁਣ ਹਾਈ ਕੋਰਟ ਦੇ ਫੈਸਲੇ ਨਾਲ ਈਡੀ ਨੂੰ ਤਾਜ਼ਾ ਡਾਕੂਮੈਂਟਸ ਵੇਖਣ ਨੂੰ ਮਿਲਣਗੇ, ਜੋ ਰਣਿੰਦਰ ਨੂੰ ਹੋਰ ਫਸਾ ਸਕਦੇ ਹਨ। ਪਰਿਵਾਰ ਨੇ ਸਾਰੇ ਦੋਸ਼ਾਂ ਨੂੰ ਰਾਜਨੀਤਕ ਸਾਜਿਸ਼ ਦਸਿਆ ਹੈ, ਪਰ ਜਾਂਚ ਨੂੰ ਰੋਕਣ ਵਾਲੀ ਯਾਚਿਕਾ ਖਾਰਜ ਹੋ ਗਈ ਹੈ। ਰਣਿੰਦਰ ਨੂੰ ਨੈਸ਼ਨਲ ਰਾਈਫਲ ਐਸੋਸੀਏਸ਼ਨ ਦਾ ਪ੍ਰਧਾਨ ਵੀ ਰਹਿਣਾ ਪਿਆ ਹੈ, ਪਰ ਇਹ ਵਿਵਾਦ ਉਹਨਾਂ ਦੀ ਰਾਜਨੀਤਕ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਇਹ ਮਾਮਲਾ ਕੈਪਟਨ ਪਰਿਵਾਰ ਦੀ ਸਿਆਸੀ ਸਥਿਤੀ ਨੂੰ ਹੋਰ ਕਮਜ਼ੋਰ ਕਰ ਰਿਹਾ ਹੈ। ਕੈਪਟਨ 2021 ਵਿੱਚ ਕਾਂਗਰਸ ਛੱਡ ਕੇ ਪੰਜਾਬ ਲੋਕ ਕਾਂਗਰਸ ਬਣਾਈ ਅਤੇ ਫਿਰ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੇ ਭਾਜਪਾ ਦੀ ਟਿਕਟ ਤੇ 2024 ਲੋਕ ਸਭਾ ਚੋਣਾਂ ਵਿੱਚ ਪਟਿਆਲਾ ਹਲਕੇ ਤੋਂ ਹਾਰੀ ਸੀ। ਅਤੇ ਕੈਪਟਨ ਦੀ ਸਿਹਤ ਵੀ ਠੀਕ ਨਹੀਂ। ਹੁਣ ਕਾਂਗਰਸ ਵਾਪਸੀ ਦੀਆਂ ਚਰਚਾਵਾਂ ਵਿੱਚ ਇਹ ਈਡੀ ਜਾਂਚ ਰੁਕਾਵਟ ਬਣ ਰਹੀ ਹੈ। ਪੰਜਾਬ ਵਿੱਚ ਭਾਜਪਾ ਨੂੰ ਵੀ ਇਸ ਨਾਲ ਨੁਕਸਾਨ ਹੋ ਸਕਦਾ ਹੈ, ਕਿਉਂਕਿ ਕੈਪਟਨ ਉਹਨਾਂ ਦੇ ਸਾਥੀ ਹਨ।

ਕਾਂਗਰਸ ਨੇ ਪਹਿਲਾਂ ਵੀ ਮੋਦੀ ਸਰਕਾਰ ਉਪਰ ਦੋਸ਼ ਲਗਾਏ ਹਨ ਕਿ ਕੇਂਦਰ ਈਡੀ ਰਾਹੀਂ ਇਹ ਜਾਂਚਾਂ ਵਿਰੋਧੀਆਂ ਨੂੰ ਦਬਾਉਣ ਲਈ ਕਰ ਰਿਹਾ ਹੈ। ਈਡੀ ਕੇਂਦਰ ਸਰਕਾਰ ਦਾ ਰਾਜਨੀਤਕ ਹਥਿਆਰ ਹੈ। ਇਸ ਨਾਲ ਪੰਜਾਬ ਦੀ ਸਿਆਸਤ ਵਿੱਚ ਨਵਾਂ ਤਣਾਅ ਪੈਦਾ ਹੋ ਰਿਹਾ ਹੈ, ਜੋ ਅਗਲੀਆਂ ਚੋਣਾਂ ਨੂੰ ਪ੍ਰਭਾਵਿਤ ਕਰੇਗਾ।

# ਹੜ੍ਹਾਂ ਦੀ ਆੜ ਵਿਚ ਪਾਕਿਸਤਾਨ ਤੋਂ ਆਈ ਖੇਪ

## ✪ ਸਵਾ 20 ਕਿੱਲੋ ਹੈਰੋਇਨ ਸਮੇਤ ਤਿੰਨ ਤਸਕਰ ਫੜੇ

ਫਿਰੋਜ਼ਪੁਰ-ਬੀਤੇ ਦਿਨੀਂ ਹੜ੍ਹ ਦੀ ਆੜ ਵਿਚ ਪਾਕਿਸਤਾਨੋਂ ਸਮੱਗਲ ਕਰ ਕੇ ਲਿਆਂਦੀ 15 ਕਿੱਲੋ 750 ਗ੍ਰਾਮ ਹੈਰੋਇਨ ਸਮੇਤ ਜ਼ਿਲ੍ਹਾ ਪੁਲਿਸ ਨੇ ਦੋ ਸਰਹੱਦੀ ਬਾਸ਼ਿੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਇਲਾਵਾ ਇਸੇ ਦਰਿਆਈ ਰੂਟ ਜ਼ਰੀਏ ਹੀ ਆਈ ਸਾਢੇ ਚਾਰ ਕਿੱਲੋ ਹੈਰੋਇਨ ਸਮੇਤ ਨਸ਼ਾ ਤਸਕਰ ਬੀਐੱਸਐੱਫ ਦੇ ਅੜਿੱਕੇ ਚੜ੍ਹ ਗਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਫਿਰੋਜ਼ਪੁਰ ਪੁਲਿਸ ਨੇ ਨਸ਼ਾ ਤਸਕਰੀ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਇੰਸਪੈਕਟਰ ਮੋਹਿਤ ਧਵਨ, ਇੰਚਾਰਜ ਸੀਆਈਏ ਫਿਰੋਜ਼ਪੁਰ ਦੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਸੋਨੂੰ ਸਿੰਘ ਵਾਸੀ ਹਬੀਬ ਵਾਲਾ, ਥਾਣਾ ਸਦਰ ਫਿਰੋਜ਼ਪੁਰ, ਪਿੰਡ ਪੱਲਾ ਮੇਘਾ ਨੂੰ ਕਾਬੂ ਕਰ ਲਿਆ ਗਿਆ ਅਤੇ ਉਸ ਦੇ ਕਬਜ਼ੇ ਵਿੱਚੋਂ 15 ਕਿੱਲੋ 775 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਉਸ ਖ਼ਿਲਾਫ਼ ਥਾਣਾ ਸਦਰ ਫਿਰੋਜ਼ਪੁਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਸੋਨੂੰ ਸਿੰਘ ਨੇ ਕਬੂਲ ਕੀਤਾ ਹੈ ਕਿ ਉਹ ਕਪੂਰਥਲਾ ਜੇਲ੍ਹ ਵਿਚ ਬੈਠੇ ਸਮੱਗਲਰ ਨਾਲ ਤਾਲਮੇਲ ਵਿਚ ਸੀ। ਇਹ ਗਿਰੋਹ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਅੱਗੇ ਵੇਚਦਾ ਸੀ। ਪੁਲਿਸ ਨੇ ਉਸ ਦਾ ਰਿਮਾਂਡ ਹਾਸਲ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਸ ਵਿਚ ਇਸ ਡਰੱਗ ਰੈਕਟ ਦੇ ਪਿਛਲੇ ਅਤੇ ਅਗਲੇ ਲਿੰਕਾਂ ਦੀ ਤਫਤੀਸ਼ ਕੀਤੀ ਜਾਵੇਗੀ।

ਇਸੇ ਤਰ੍ਹਾਂ ਪਾਕਿਸਤਾਨ ਤੋਂ 'ਵਾਟਰ ਰੂਟ' ਜ਼ਰੀਏ ਆਈ ਸਾਢੇ ਚਾਰ ਕਿੱਲੋ ਹੈਰੋਇਨ ਸਮੇਤ ਦੋ ਨਸ਼ਾ ਤਸਕਰ ਬੀਐੱਸਐੱਫ ਹੱਥੇ ਚੜ੍ਹ ਗਏ। ਥਾਣਾ ਸਦਰ ਫਿਰੋਜ਼ਪੁਰ ਪੁਲਿਸ ਦੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਮਹੇਸ਼ ਕੁਮਾਰ ਵਰਮਾ ਏਸੀ 115 ਬੀਐੱਨ ਬੀਐੱਸਐੱਫ ਬੀਓਪੀ ਬੈਰੀਅਰ ਫਿਰੋਜ਼ਪੁਰ ਨੇ ਦੌਰਾਨੇ ਨਾਕਾਬੰਦੀ ਅਮਨਦੀਪ ਸਿੰਘ ਵਾਸੀ ਗੱਟੀ ਰਾਜੋ ਕੇ ਅਤੇ ਪਰਮਜੀਤ ਸਿੰਘ ਵਾਸੀ ਗੱਟੀ ਰਾਜੋ ਕੇ ਨੂੰ ਹੁਸੈਨੀਵਾਲਾ ਬੈਰਾਜ ਦੇ ਦੱਖਣ ਵਾਲੇ ਪਾਸੇ ਤੋਂ ਨਾਕਾਬੰਦੀ ਦੌਰਾਨ 4 ਕਿੱਲੋ 484 ਗ੍ਰਾਮ ਹੈਰੋਇਨ, 1 ਡ੍ਰੋਨ ਡੀਜੇ ਮੈਵਿਕ 3 ਕਲਾਸਿਕ, 1 ਮੋਟਰਸਾਈਕਲ ਹੀਰੋ ਪੈਸ਼ਨ ਨਾਲ ਕਾਬੂ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ।

# ਹੜ੍ਹ ਦੀ ਮਾਰ ਕਾਰਨ ਖੇਤੀ ਸੰਕਟ ਡੂੰਘਾ: ਜਰਖੇਜ਼ ਜ਼ਮੀਨ ਰੇਤ ਵਿਚ ਬਦਲੀ

**ਨਿਊਜ਼ ਵਿਸ਼ਲੇਸ਼ਣ**

## ✪ 'ਜਿਸ ਦਾ ਖੇਤ, ਉਸ ਦੀ ਰੇਤ' ਸਰਕਾਰੀ ਸਕੀਮ ਕਿਸਾਨਾਂ ਲਈ ਸੁਪਨਾ
## ✪ ਸਰਕਾਰੀ ਵਾਅਦੇ ਠੁਸ, ਕਿਸਾਨ ਸਰਕਾਰ ਤੋਂ ਔਖੇ, ਕਿਸਾਨਾਂ ਦੀਆਂ ਚੁਣੌਤੀਆਂ ਵਧੀਆਂ





ਪੰਜਾਬ ਵਿੱਚ 2025 ਦੇ ਹੜ੍ਹਾਂ ਨੇ 20 ਜ਼ਿਲ੍ਹਿਆਂ ਦੇ 2100 ਤੋਂ ਵੱਧ ਪਿੰਡਾਂ ਦੀ ਲੱਖਾਂ ਏਕੜ ਜ਼ਮੀਨ ਵਿੱਚ ਫ਼ਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ ਅਤੇ ਇਸ ਵਿੱਚੋਂ ਬਹੁਤ ਵੱਡੇ ਹਿੱਸੇ ਦੀ ਉਪਜਾਊ ਜ਼ਮੀਨ ਉਪਰ ਗਾਰ (ਰੇਤ, ਭਲ ਤੇ ਕੁਝ ਮਿੱਟੀ ਦਾ ਮਿਸ਼ਰਨ) ਵਿਛਾ ਦਿੱਤੀ ਹੈ।

ਇਸ ਗਾਰ ਦੀ ਤਹਿ ਕੁਝ ਸੈਂਟੀਮੀਟਰ ਤੋਂ ਕਈ ਮੀਟਰ ਮੋਟੀ ਹੋਣ ਦੇ ਨਾਲ ਖੇਤਾਂ ਨੂੰ ਉੱਚਾ ਨੀਵਾਂ ਕਰ ਦਿੱਤਾ ਹੈ, ਜਿਸ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਨੁਕਸਾਨ ਹੋਇਆ ਹੈ। ਝੋਨੇ ਦੀ ਫ਼ਸਲ ਦੀ ਬਰਬਾਦੀ, ਖੇਤਾਂ ਵਿਚ ਖੜ੍ਹੇ ਪਾਣੀ, ਤੇ ਰੇਤ-ਮਿੱਟੀ ਦੀ ਮੋਟੀ ਪਰਤ ਨੇ ਇਨ੍ਹਾਂ ਕਿਸਾਨਾਂ ਦੀ ਜ਼ਿੰਦਗੀ ਨੂੰ ਹਨੇਰੇ ਵਿਚ ਧੱਕ ਦਿੱਤਾ ਹੈ।

ਖੇਤਾਂ ਵਿਚ 2 ਤੋਂ 5 ਫੁੱਟ ਤੱਕ ਪਾਣੀ ਖੜ੍ਹਾ ਹੈ। ਕਈ ਥਾਈਂ ਤਾਂ 5 ਤੋਂ 7 ਫੁੱਟ ਮੋਟੀ ਰੇਤ-ਮਿੱਟੀ ਦੀ ਪਰਤ ਜਮ੍ਹਾਂ ਹੋ ਚੁੱਕੀ ਹੈ, ਜਿਸ ਨੇ ਜਰਖੇਜ਼ ਜ਼ਮੀਨ ਨੂੰ ਬੰਜਰ ਬਣਾ ਦਿੱਤਾ। ਕਿਸਾਨ ਕਸ਼ਮੀਰ ਸਿੰਘ ਧੰਗਾਈ ਦੱਸਦੇ ਹਨ, "ਸਾਡੇ ਖੇਤ, ਜਿਨ੍ਹਾਂ 'ਚ ਅਸੀਂ ਝੋਨੇ ਦੀ ਫ਼ਸਲ ਲਾਈ ਸੀ, ਅੱਜ ਰੇਤ ਦੇ ਢੇਰ ਹਨ। ਨਾ ਫ਼ਸਲ ਬਚੀ, ਨਾ ਜ਼ਮੀਨ। ਬੈਂਕ ਦੀਆਂ ਕਿਸ਼ਤਾਂ, ਸ਼ਾਹੂਕਾਰ ਦਾ ਉਧਾਰ, ਟਰੈਕਟਰ ਦੀਆਂ ਲਿਮਟਾਂ-ਸਭ ਦਾ ਬੋਝ ਸਿਰ 'ਤੇ ਹੈ।"

ਇਹਨਾਂ ਕਿਸਾਨਾਂ ਦੀ ਜ਼ਮੀਨ 'ਤੇ ਜਮ੍ਹਾਂ ਰੇਤ ਨੂੰ ਹਟਾਉਣ ਲਈ ਵੱਡੀ ਮਸ਼ੀਨਰੀ ਦੀ ਲੋੜ ਹੈ, ਜੋ ਇਨ੍ਹਾਂ ਕੋਲ ਨਹੀਂ। ਸੜਕਾਂ ਅਤੇ ਰਸਤੇ, ਜੋ ਹੜ੍ਹ ਦੇ ਪਾਣੀ ਨਾਲ ਟੁੱਟ ਚੁੱਕੇ ਹਨ, ਰੇਤ ਦੀ ਨਿਕਾਸੀ ਨੂੰ ਹੋਰ ਮੁਸ਼ਕਲ ਬਣਾ ਰਹੇ ਹਨ।

ਕਿਸਾਨ ਮਾਹਿਰਾਂ ਦਾ ਮੰਨਣਾ ਹੈ ਕਿ ਗਾਰ ਵਿੱਚ ਜੈਵਿਕ ਪਦਾਰਥ ਨਹੀਂ ਹੁੰਦੇ। ਇਨ੍ਹਾਂ ਦੇ ਬਣਨ ਲਈ ਫ਼ਸਲਾਂ ਦੀ ਰਹਿੰਦ-ਖੂੰਹਦ, ਪਸ਼ੂਆਂ ਦਾ ਮਲ-ਮੂਤਰ, ਰੂੜੀ ਆਦਿ ਪਾ ਕੇ ਇਸ ਦਾ ਘਾਟਾ ਪੂਰਾ ਕਰਨ ਵਿੱਚ ਕੁਝ ਸਾਲ ਲੱਗ ਸਕਦੇ ਹਨ। ਨਾਲ ਹੀ, ਗਾਰ ਵਿੱਚ ਲਾਭਦਾਇਕ ਜੀਵਾਣੂਆਂ ਤੇ ਵੱਡੇ ਜੀਵਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੋਣ ਕਰ ਕੇ ਇਨ੍ਹਾਂ ਦੀ ਗਿਣਤੀ ਤੇ ਵਿਭਿੰਨਤਾ ਵਧਣ ਲਈ ਕਈ ਸਾਲ ਲੱਗ ਸਕਦੇ ਹਨ। ਗਾਰ ਦੀ ਪਾਣੀ ਜਜ਼ਬ ਕਰਨ ਦੀ ਸਮਰੱਥਾ ਨਾਂਹ ਦੇ ਬਰਾਬਰ ਹੈ। ਨਤੀਜੇ ਵਜੋਂ ਕਈ ਸਾਲ ਫ਼ਸਲਾਂ ਦਾ ਝਾੜ ਘੱਟ ਰਹਿਣ ਦਾ ਖ਼ਦਸ਼ਾ ਹੋਵੇਗਾ।

ਕਿਸਾਨ ਆਗੂ ਪਲਵਿੰਦਰ ਸਿੰਘ ਮਾਹਲ ਦਾ ਕਹਿਣਾ ਹੈ, "ਸਰਕਾਰ ਨੇ 'ਜਿਸ ਦਾ ਖੇਤ, ਉਸ ਦੀ ਰੇਤ' ਵਾਲੀ ਸਕੀਮ ਦਾ ਐਲਾਨ ਤਾਂ ਕਰ ਦਿੱਤਾ, ਪਰ ਇਸ ਦਾ ਅਸਰ ਘੱਟ ਹੀ ਦਿਖਾਈ ਦਿੰਦਾ।

ਖੇਤਾਂ ਵਿਚ ਜਮ੍ਹਾਂ ਹੋਈ ਰੇਤ ਦੀ ਕੁਆਲਿਟੀ ਇੰਨੀ ਮਾੜੀ ਹੈ ਕਿ ਨਾ ਇਸ ਨੂੰ ਵੇਚਣ ਵਾਲਾ ਮਿਲਦਾ, ਨਾ ਹੀ ਇਸ ਨੂੰ ਚੁੱਕਣ ਦਾ ਸਾਧਨ।" ਉਹ ਅੱਗੇ ਕਹਿੰਦੇ ਹਨ, "ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਵੱਡੇ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾਵੇ, ਜਿਸ ਨਾਲ ਜ਼ਮੀਨ ਨੂੰ ਮੁੜ ਵਾਹੀਯੋਗ ਬਣਾਇਆ ਜਾ ਸਕੇ।"

### 'ਜਿਸ ਦਾ ਖੇਤ, ਉਸ ਦੀ ਰੇਤ' ਸਕੀਮ ਇਕ ਸੁਫਨਾ

ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਲਈ 'ਜਿਸ ਦਾ ਖੇਤ, ਉਸ ਦੀ ਰੇਤ' ਸਕੀਮ ਸ਼ੁਰੂ ਕੀਤੀ ਹੈ। ਇਸ ਸਕੀਮ ਤਹਿਤ ਕਿਸਾਨ ਆਪਣੇ ਖੇਤਾਂ 'ਚ ਜਮ੍ਹਾਂ ਹੋਈ ਰੇਤ ਅਤੇ ਮਿੱਟੀ ਨੂੰ ਹਟਾ ਸਕਦੇ ਹਨ ਅਤੇ ਉਸ ਨੂੰ ਵੇਚ ਕੇ ਕੁਝ ਕਮਾਈ ਵੀ ਕਰ ਸਕਦੇ ਹਨ।

ਸਰਕਾਰ ਮੁਤਾਬਕ, ਇਸ ਕੰਮ ਲਈ ਕਿਸਾਨਾਂ ਨੂੰ ਕਿਸੇ ਵਾਤਾਵਰਣ ਮਨਜ਼ੂਰੀ ਜਾਂ ਪਰਮਿਟ ਦੀ ਲੋੜ ਨਹੀਂ। ਨਾ ਹੀ ਰੇਤ ਵੇਚਣ 'ਤੇ ਕੋਈ ਰਾਇਲਟੀ ਦੇਣੀ ਪਵੇਗੀ। ਸਿਰਫ਼ ਹੜ੍ਹ ਨਾਲ ਜਮ੍ਹਾਂ ਹੋਈ ਰੇਤ ਨੂੰ ਹੀ ਹਟਾਇਆ ਜਾ ਸਕੇਗਾ, ਅਤੇ ਇਹ ਨੀਤੀ ਸਿਰਫ਼ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲਾਗੂ ਹੋਵੇਗੀ।

ਪਰ ਪ੍ਰੋਫੈਸਰ ਰਣਜੀਤ ਸਿੰਘ ਘੁੰਮਣ ਕਹਿੰਦੇ ਹਨ, "ਖੇਤਾਂ ਵਿਚ ਜਮ੍ਹਾਂ ਰੇਤ ਅਤੇ ਮਿੱਟੀ ਦਾ ਮਿਸ਼ਰਣ ਇੰਨਾ ਮਾੜੀ ਕੁਆਲਿਟੀ ਦਾ ਹੈ ਕਿ ਇਸ ਦਾ ਕੋਈ ਖਰੀਦਦਾਰ ਨਹੀਂ। ਕਿਸਾਨਾਂ ਕੋਲ ਨਾ ਤਾਂ ਇਸ ਨੂੰ ਹਟਾਉਣ ਲਈ ਮਸ਼ੀਨਰੀ ਹੈ, ਨਾ ਹੀ ਸਰਕਾਰ ਨੇ ਅਜੇ ਤੱਕ ਕੋਈ ਵੱਡੀ ਮੁਹਿੰਮ ਸ਼ੁਰੂ ਕੀਤੀ।" ਉਨ੍ਹਾਂ ਸੁਝਾਅ ਦਿੱਤਾ ਕਿ ਸਰਕਾਰ ਨੂੰ ਇਸ ਮਿੱਟੀ ਨਾਲ ਧੁੱਸੀ ਬੰਨ੍ਹ ਮਜ਼ਬੂਤ ਕਰਨੇ ਚਾਹੀਦੇ, ਤਾਂ ਜੋ ਭਵਿੱਖ ਵਿਚ ਹੜ੍ਹ ਦੀ ਮਾਰ ਤੋਂ ਬਚਿਆ ਜਾ ਸਕੇ।

### ਮੁੱਖ ਮੰਤਰੀ ਦੇ ਐਲਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਸਫ਼ਾਈ ਮੁਹਿੰਮ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, "2300 ਪਿੰਡਾਂ ਅਤੇ ਵਾਰਡਾਂ ਵਿਚ ਸਫ਼ਾਈ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਹਰ ਪਿੰਡ ਵਿਚ ਜੇਸੀਬੀ, ਟਰੈਕਟਰ-ਟਰਾਲੀ ਅਤੇ ਲੇਬਰ ਦਾ ਪ੍ਰਬੰਧ ਸਰਕਾਰ ਕਰੇਗੀ। ਮਿੱਟੀ, ਮਲਬਾ ਅਤੇ ਹੜ੍ਹ ਨਾਲ ਵਹਿ ਕੇ ਆਈਆਂ ਚੀਜ਼ਾਂ ਨੂੰ ਸਾਫ਼ ਕੀਤਾ ਜਾਵੇਗਾ।"

ਇਸ ਮੁਹਿੰਮ ਲਈ 100 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ, ਅਤੇ 24-25 ਸਤੰਬਰ ਤੱਕ ਮਿੱਟੀ-ਮਲਬਾ ਸਾਫ਼ ਕਰਨ ਦਾ ਟੀਚਾ ਮੁਕੰਮਲ ਕਰਨ ਦੀ ਗੱਲ ਕਹੀ ਗਈ।

### ਕਿਸਾਨਾਂ ਦੀ ਪੁਕਾਰ

ਪਰ ਸਰਹੱਦੀ ਖੇਤਰ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਦੇ ਵਾਅਦੇ ਕਾਗਜ਼ੀ ਜਾਪਦੇ ਹਨ। ਗੁਰਿੰਦਰਬੀਰ ਸਿੰਘ ਥੋਬਾ ਕਹਿੰਦੇ ਹਨ, "ਸਾਡੇ ਵਰਗੇ ਮਜ਼ੈਲਾਂ ਨੂੰ ਲਾਈਨਾਂ 'ਚ ਲੱਗ ਕੇ ਰਾਹਤ ਲੈਣ ਦੀ ਆਦਤ ਨਹੀਂ।

ਸਰਕਾਰ ਜੇ ਸੱਚਮੁੱਚ ਮਦਦ ਕਰਨੀ ਚਾਹੁੰਦੀ ਹੈ, ਤਾਂ ਸਾਡੇ ਖੇਤਾਂ ਨੂੰ ਮੁੜ ਵਾਹੀਯੋਗ ਬਣਾਉਣ ਲਈ ਵੱਡੀਆਂ ਮਸ਼ੀਨਾਂ ਅਤੇ ਢੁਕਵਾਂ ਪ੍ਰਬੰਧ ਕਰੇ।"

ਸਤਨਾਮ ਸਿੰਘ ਅਜ਼ਾਇਆ ਨੇ ਗੁੱਸੇ ਵਿਚ ਆਖਿਆ, "ਸਰਕਾਰਾਂ ਸਾਡੇ ਦੁੱਖ ਨੂੰ ਸਿਆਸਤ ਦਾ ਅਖਾੜਾ ਬਣਾ ਰਹੀਆਂ ਹਨ। ਜੇ ਸਮੇਂ ਸਿਰ ਸਹਾਇਤਾ ਨਾ ਮਿਲੀ, ਤਾਂ ਕਿਸਾਨੀ ਦਾ ਬੁਰਾ ਹਾਲ ਹੋਣਾ ਤੈਅ ਹੈ।"

ਕਿਸਾਨ ਅੱਜ ਵੀ ਉਮੀਦ ਦੀ ਕਿਰਨ ਲੱਭ ਰਹੇ ਹਨ। ਉਨ੍ਹਾਂ ਦੀ ਜਰਖੇਜ਼ ਜ਼ਮੀਨ ਰੇਤ ਦੇ ਟਿੱਬਿਆਂ ਵਿਚ ਤਬਦੀਲ ਹੋ ਚੁੱਕੀ ਹੈ, ਪਰ ਹੌਸਲਾ ਅਜੇ ਜ਼ਿੰਦਾ ਹੈ।

ਸਰਕਾਰ ਦੀਆਂ ਸਕੀਮਾਂ, ਸਫ਼ਾਈ ਮੁਹਿੰਮ, ਅਤੇ ਮਸ਼ੀਨਰੀ ਦੀ ਸਹਾਇਤਾ ਜੇ ਸਮੇਂ ਸਿਰ ਮਿਲ ਜਾਵੇ, ਤਾਂ ਸ਼ਾਇਦ ਇਹ ਮਜ਼ੈਲ ਮੁੜ ਆਪਣੀ ਜ਼ਮੀਨ ਨੂੰ ਹਰਿਆਉਣ 'ਚ ਕਾਮਯਾਬ ਹੋ ਸਕਣ। ਪਰ ਸਵਾਲ ਇਹ ਹੈ ਕਿ ਕੀ ਸਰਕਾਰ ਇਸ ਵਾਰ ਆਪਣੇ ਵਾਅਦਿਆਂ 'ਤੇ ਖਰੀ ਉੱਤਰੇਗੀ, ਜਾਂ ਫਿਰ ਇਹ ਵੀ ਇੱਕ ਹੋਰ ਕਾਗਜ਼ੀ ਐਲਾਨ ਬਣ ਕੇ ਰਹਿ ਜਾਵੇਗਾ?

### ਸਰਕਾਰ ਕੀ ਕਰੇ

ਗਾਰ ਦੇ ਹੱਲ ਅਨੁਸਾਰ ਗਾਰ ਨੂੰ ਜ਼ਮੀਨ ਵਿੱਚ ਰਲਾਉਣ, ਹਟਾਉਣ ਜਾਂ ਇੱਕ ਪਾਸੇ ਇਕੱਠੀ ਕਰਨ ਲਈ ਮਸ਼ੀਨਰੀ ਆਦਿ ਉਪਲਬਧ ਕਰ ਕੇ ਕਿਸਾਨਾਂ ਦੀ ਮਾਲੀ ਮਦਦ ਕੀਤੀ ਜਾਵੇ ਤਾਂ ਕਿ ਵੱਧ ਤੋਂ ਵੱਧ ਰਕਬੇ ਵਿੱਚ ਹਾੜ੍ਹੀ ਦੀ ਫ਼ਸਲ ਬੀਜੀ ਜਾ ਸਕੇ। ਗਰੀਬ ਤੇ ਛੋਟੇ ਕਿਸਾਨਾਂ ਨੂੰ ਲੋੜੀਂਦੇ ਬੀਜ, ਖਾਦਾਂ ਆਦਿ ਦੇ ਕੇ ਬਿਜਾਈ ਲਈ ਉਤਸ਼ਾਹਿਤ ਕੀਤਾ ਜਾਵੇ।

ਜੇਕਰ ਗਾਰ ਕਾਰਨ ਇੱਕ ਜਾਂ ਵੱਧ ਮੌਸਮਾਂ ਵਿੱਚ ਫਸਲ ਨਾ ਬੀਜੀ ਜਾ ਸਕੇ ਤਾਂ ਹਰ ਮੌਸਮ ਗਰਦਾਵਰੀ ਕਰ ਕੇ ਕਿਸਾਨਾਂ ਦੀ ਮਾਲੀ ਮਦਦ ਕੀਤੀ ਜਾਵੇ।

ਜੇਕਰ ਗਾਰ ਵਿੱਚ ਭਲ ਦੀ ਜ਼ਿਆਦਾ ਮਾਤਰਾ ਹੋਣ ਕਰ ਕੇ ਵਿਕ ਨਾ ਸਕੇ ਤਾਂ ਇਸ ਗਾਰ ਨੂੰ ਨੇੜੇ ਵਾਲੇ ਧੁਸੀ ਬੰਨ੍ਹ ਵਿੱਚ ਵਰਤਣ ਹਿਤ ਉਥੇ ਪਹੁੰਚਾਉਣ ਲਈ ਕਿਸਾਨ ਦੀ ਮਦਦ ਕੀਤੀ ਜਾਵੇ।

ਇਹ ਸਾਰੇ ਸੁਝਾਅ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਦੁਬਾਰਾ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਅਤੇ ਦੇਸ਼ ਦੀ ਭੋਜਨ ਸੁਰੱਖਿਆ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰਨਗੇ।

# ਕੇਂਦਰ ਸਰਕਾਰ ਦਾ ਅਜੀਬ ਫੈਸਲਾ ਪਾਕਿਸਤਾਨ ਗੁਰੂ ਘਰਾਂ ਵਿਚ ਜਾਣ ਉਪਰ ਸਿੱਖ ਸ਼ਰਧਾਲੂਆਂ ਤੇ ਪਾਬੰਦੀ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

**✪ ਭਾਰਤ-ਪਾਕਿਸਤਾਨ ਤਣਾਅ ਨੂੰ ਬਣਾਇਆ ਬਹਾਨਾ, ਸੁਰੱਖਿਆ ਦੇ ਨਾਂ 'ਤੇ ਰੋਕ ਲਗਾਈ ✪ ਕ੍ਰਿਕਟ ਮੈਚ ਹੋ ਸਕਦੇ, ਤਾਂ ਸਿੱਖ ਸ਼ਰਧਾਲੂ ਕਿਉਂ ਨਹੀਂ ਜਾ ਸਕਦੇ ਪਾਕਿਸਤਾਨ ? ✪ ਕਰਤਾਰਪੁਰ ਲਾਂਘੇ ਦੀ ਮੰਗ ਤੇਜ਼, ਸਿੱਖ ਸੰਗਤ ਵਿੱਚ ਰੋਸ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹਰ ਸਾਲ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਇਸ ਵਾਰ ਰੋਕ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਭਾਰਤ-ਪਾਕਿਸਤਾਨ ਦਰਮਿਆਨ ਚੱਲ ਰਹੇ ਤਣਾਅ ਅਤੇ ਸੁਰੱਖਿਆ ਮੁੱਦਿਆਂ ਦਾ ਹਵਾਲਾ ਦਿੰਦਿਆਂ ਇਹ ਫੈਸਲਾ ਲਿਆ ਹੈ। ਇਸ ਸਬੰਧੀ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ, ਦਿੱਲੀ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਜਾਰੀ ਕਰਕੇ ਸੂਚਿਤ ਕੀਤਾ ਗਿਆ ਹੈ ਕਿ ਨਵੰਬਰ 2025 ਵਿੱਚ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਨਹੀਂ ਭੇਜਿਆ ਜਾ ਸਕੇਗਾ।



ਗ੍ਰਹਿ ਮੰਤਰਾਲੇ ਦੇ ਅੰਡਰ -ਸੈਕਟਰੀ ਵੱਲੋਂ ਜਾਰੀ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਮੌਜੂਦਾ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ ਦੇ ਮੱਦੇਨਜ਼ਰ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਭੇਜਣਾ ਸੰਭਵ ਨਹੀਂ ਹੈ। ਪੱਤਰ ਵਿੱਚ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ-ਆਪਣੇ ਸੂਬਿਆਂ ਵਿੱਚ ਸਿੱਖ ਸੰਗਠਨਾਂ ਨੂੰ ਇਸ ਫੈਸਲੇ ਬਾਰੇ ਜਾਣਕਾਰੀ ਦੇਣ ਅਤੇ ਸ਼ਰਧਾਲੂਆਂ ਦੀਆਂ ਅਰਜ਼ੀਆਂ ਜਾਂ ਪਾਸਪੋਰਟ ਭੇਜਣ ਦੀ ਪ੍ਰਕਿਰਿਆ ਸ਼ੁਰੂ ਨਾ ਕਰਨ। ਇਸ ਫੈਸਲੇ ਨੇ ਸਿੱਖ ਸੰਗਤ ਵਿੱਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ, ਜਿਹੜੀ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਪਵਿੱਤਰ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਦੀ ਉਡੀਕ ਕਰਦੀ ਹੈ।

ਪਿਛਲੇ ਸਮੇਂ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧਾਂ ਵਿੱਚ ਕਾਫੀ ਤਣਾਅ ਵੇਖਣ ਨੂੰ ਮਿਲਿਆ ਸੀ। ਖਾਸਕਰ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨਾਲ ਕੂਟਨੀਤਕ ਅਤੇ ਵਪਾਰਕ ਸਬੰਧ ਤੋੜ ਲਏ ਸਨ। ਇਸ ਦੇ ਨਾਲ ਹੀ ਅਟਾਰੀ ਸਰਹੱਦ ਨੂੰ ਦੁਵੱਲੇ ਵਪਾਰ ਅਤੇ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਸੀ। ਦੋਵਾਂ ਦੇਸ਼ਾਂ ਵਿਚਾਲੇ ਜੰਗੀ ਹਾਲਾਤ ਵੀ ਬਣੇ ਸਨ, ਜਿਸ ਨੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਸੀ। ਇਸ ਸਾਰੇ ਮਾਹੌਲ ਦਾ ਅਸਰ ਸਿੱਖ ਸ਼ਰਧਾਲੂਆਂ ਦੀ ਯਾਤਰਾ 'ਤੇ ਵੀ ਪਿਆ ਹੈ, ਜਿਹੜੇ ਗੁਰਪੁਰਬ ਮੌਕੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੇ ਹਨ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਇਸ ਸਬੰਧੀ ਦੱਸਿਆ ਕਿ ਅਜੇ ਤੱਕ ਸਿੱਖ ਸੰਸਥਾ ਨੂੰ ਕੇਂਦਰ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਕੋਈ ਪੱਤਰ ਨਹੀਂ ਮਿਲਿਆ। ਉਨ੍ਹਾਂ ਅਨੁਸਾਰ, ਇਹ ਪੱਤਰ ਸੂਬਾ ਸਰਕਾਰਾਂ ਨੂੰ ਭੇਜਿਆ ਗਿਆ ਹੈ ਅਤੇ ਸੂਬਾ ਸਰਕਾਰ ਹੀ ਇਸ ਬਾਰੇ ਅਧਿਕਾਰਤ ਤੌਰ 'ਤੇ ਸੂਚਿਤ ਕਰੇਗੀ। ਬੁਲਾਰੇ ਨੇ ਕਿਹਾ ਕਿ ਅਧਿਕਾਰਤ ਜਾਣਕਾਰੀ ਮਿਲਣ ਤੋਂ ਬਾਅਦ ਹੀ ਇਸ ਮੁੱਦੇ 'ਤੇ ਕੋਈ ਟਿੱਪਣੀ ਕੀਤੀ ਜਾ ਸਕਦੀ ਹੈ। ਹਾਲਾਂਕਿ, ਉਨ੍ਹਾਂ ਨੇ ਸਵਾਲ ਵੀ ਉਠਾਇਆ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਦੀਆਂ ਕ੍ਰਿਕਟ ਟੀਮਾਂ ਵਿਚਾਲੇ ਮੈਚ ਖੇਡੇ ਜਾ ਸਕਦੇ ਹਨ, ਤਾਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਕਿਉਂ ਨਹੀਂ ਜਾ ਸਕਦਾ ? ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਮੁੜ ਖੋਲ੍ਹਿਆ ਜਾਵੇ, ਜਿਸ ਨੂੰ ਸਿੱਖ ਸੰਗਤ ਲੰਬੇ ਸਮੇਂ ਤੋਂ ਮੰਗ ਕਰ ਰਹੀ ਹੈ।

ਇਹ ਫੈਸਲਾ ਸਿੱਖ ਸੰਗਤ ਵਿੱਚ ਨਿਰਾਸ਼ਾ ਅਤੇ ਰੋਸ ਦਾ ਕਾਰਨ ਬਣਿਆ ਹੈ। ਸਿੱਖ ਸਮਾਜ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਇੱਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਮੌਕੇ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੀ ਇੱਛਾ ਹਰ ਸਿੱਖ ਦੇ ਦਿਲ ਵਿੱਚ ਹੁੰਦੀ ਹੈ। ਪਰ ਸਰਕਾਰ ਦੇ ਇਸ ਫੈਸਲੇ ਨੇ ਇਸ ਇੱਛਾ 'ਤੇ ਪਾਣੀ ਫੇਰ ਦਿੱਤਾ ਹੈ। ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਨੂੰ ਸੁਰੱਖਿਆ ਦੇ ਨਾਂ 'ਤੇ ਅਜਿਹੇ ਫੈਸਲੇ ਲੈਣ ਤੋਂ ਪਹਿਲਾਂ ਸੰਗਤ ਦੀਆਂ ਭਾਵਨਾਵਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਯਾਤਰਾ ਸਿੱਖ ਸਮਾਜ ਲਈ ਨਾ ਸਿਰਫ਼ ਧਾਰਮਿਕ ਮਹੱਤਤਾ ਰੱਖਦੀ ਹੈ, ਸਗੋਂ ਇਹ ਸੱਭਿਆਚਾਰਕ ਅਤੇ ਇਤਿਹਾਸਕ ਜੜ੍ਹਾਂ ਨਾਲ ਵੀ ਜੁੜੀ ਹੋਈ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਮੁੱਦੇ 'ਤੇ ਮੁੜ ਵਿਚਾਰ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਕ੍ਰਿਕਟ ਵਰਗੀਆਂ ਗਤੀਵਿਧੀਆਂ ਲਈ ਦੋਵਾਂ ਦੇਸ਼ਾਂ ਵਿਚਾਲੇ ਸੰਪਰਕ ਬਣ ਸਕਦਾ ਹੈ, ਤਾਂ ਧਾਰਮਿਕ ਯਾਤਰਾਵਾਂ ਲਈ ਵੀ ਸੰਪਰਕ ਸਥਾਪਤ ਕੀਤਾ ਜਾਣਾ ਚਾਹੀਦਾ।

ਪੰਥਕ ਹਲਕਿਆਂ ਅਨੁਸਾਰ ਕੁੱਲ ਮਿਲਾ ਕੇ, ਕੇਂਦਰ ਸਰਕਾਰ ਦਾ ਇਹ ਫੈਸਲਾ ਸਿੱਖ ਸਮਾਜ ਲਈ ਵੱਡਾ ਝਟਕਾ ਹੈ। ਸੰਗਤ ਵਿੱਚ ਇਸ ਫੈਸਲੇ ਨੂੰ ਲੈ ਕੇ ਨਿਰਾਸ਼ਾ ਦੇ ਨਾਲ-ਨਾਲ ਰੋਸ ਵੀ ਵਧ ਰਿਹਾ ਹੈ। ਸਿੱਖ ਸੰਗਠਨ ਅਤੇ ਸਮਾਜਿਕ ਨੇਤਾ ਸਰਕਾਰ ਨਾਲ ਗੱਲਬਾਤ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕਰ ਰਹੇ ਹਨ, ਤਾਂ ਜੋ ਸ਼ਰਧਾਲੂਆਂ ਦੀ ਯਾਤਰਾ ਨੂੰ ਸੰਭਵ ਬਣਾਇਆ ਜਾ ਸਕੇ। ਇਸ ਦੇ ਨਾਲ ਹੀ, ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦੀ ਮੰਗ ਵੀ ਤੇਜ਼ ਹੋ ਰਹੀ ਹੈ, ਜਿਸ ਨੂੰ ਸਿੱਖ ਸਮਾਜ ਆਪਣੀ ਆਸਥਾ ਤੇ ਸੱਭਿਆਚਾਰਕ ਵਿਰਾਸਤ ਦਾ ਅਹਿਮ ਹਿੱਸਾ ਮੰਨਦਾ ਹੈ।

# ਸੰਸਦੀ ਕਮੇਟੀ ਨੇ ਫਰਜ਼ੀ ਖਬਰਾਂ ਨੂੰ ਲੋਕਤੰਤਰ ਵਿਵਸਥਾ ਲਈ ਵੱਡਾ ਖਤਰਾ ਕਿਉਂ ਕਰਾਰ ਦਿੱਤਾ ?

## ✪ ਰਿਪੋਰਟ ਵਿੱਚ ਮੀਡੀਆ ਸੰਸਥਾਨਾਂ ਲਈ ਸਖਤ ਹਦਾਇਤਾਂ ਦੀ ਕੀਤੀ ਸਿਫਾਰਸ਼

ਸੰਸਦ ਦੀ ਇੱਕ ਸਥਾਈ ਕਮੇਟੀ ਨੇ ਫਰਜ਼ੀ ਖਬਰਾਂ ਨੂੰ ਲੋਕਤੰਤਰ ਅਤੇ ਜਨਤਕ ਵਿਵਸਥਾ ਲਈ ਵੱਡਾ ਖਤਰਾ ਕਰਾਰ ਦਿੱਤਾ ਹੈ। ਕਮੇਟੀ ਨੇ ਆਪਣੀ ਮਸੌਦਾ ਰਿਪੋਰਟ ਵਿੱਚ ਸਿਫਾਰਸ਼ ਕੀਤੀ ਹੈ ਕਿ ਫੇਕ ਨਿਊਜ਼ ਨਾਲ ਨਜਿੱਠਣ ਲਈ ਸਖਤ ਕਾਨੂੰਨੀ ਕਦਮ ਚੁੱਕੇ ਜਾਣ। ਇਸ ਰਿਪੋਰਟ ਨੂੰ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਸੰਸਦ ਦੇ ਸਰਦੀਆਂ ਦੇ ਸੈਸ਼ਨ 2025 ਵਿੱਚ ਇਸ ਨੂੰ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਕਮੇਟੀ ਦੀ ਅਗਵਾਈ ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਕੀਤੀ, ਜਿਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਵੀ ਇਸ ਮੁੱਦੇ ਨੂੰ ਉਠਾਇਆ ਅਤੇ ਗਲਤ ਸੂਚਨਾਵਾਂ ਨੂੰ ਰੋਕਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਸਮਿਤੀ ਦਾ ਮੰਨਣਾ ਹੈ ਕਿ ਫਰਜ਼ੀ ਖਬਰਾਂ ਨਾ ਸਿਰਫ਼ ਜਨਤਾ ਨੂੰ ਗੁਮਰਾਹ ਕਰਦੀਆਂ ਹਨ, ਸਗੋਂ ਰਾਸ਼ਟਰੀ ਸੁਰੱਖਿਆ ਅਤੇ ਸਮਾਜਿਕ ਸਦਭਾਵਨਾ ਨੂੰ ਵੀ ਖਤਰੇ ਵਿੱਚ ਪਾਉਂਦੀਆਂ ਹਨ। ਸੰਸਦੀ ਕਮੇਟੀ ਨੇ ਸਾਰੇ ਪ੍ਰਿੰਟ, ਡਿਜੀਟਲ ਅਤੇ ਇਲੈਕਟ੍ਰੋਨਿਕ ਮੀਡੀਆ ਸੰਸਥਾਨਾਂ ਵਿੱਚ ਫੈਕਟ-ਚੈਕਿੰਗ ਸਿਸਟਮ ਅਤੇ ਅੰਦਰੂਨੀ ਲੋਕਪਾਲ ਦੀ ਨਿਯੁਕਤੀ ਨੂੰ ਲਾਜ਼ਮੀ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਦੇ ਨਾਲ ਹੀ, ਸੰਪਾਦਕਾਂ ਅਤੇ ਕੰਟੈਂਟ ਮੁਖੀਆਂ ਅਤੇ ਮਾਲਕਾਂ ਤੇ ਪ੍ਰਕਾਸ਼ਕਾਂ ਨੂੰ ਸੰਸਥਾਗਤ ਨਾਕਾਮੀਆਂ ਲਈ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਗਈ ਹੈ। ਕਮੇਟੀ ਨੇ ਸੁਝਾਅ ਦਿੱਤਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਵੀ ਫਰਜ਼ੀ ਖਬਰਾਂ ਦੇ ਪ੍ਰਸਾਰ ਲਈ ਜ਼ਿੰਮੇਵਾਰ ਮੰਨਿਆ ਜਾਵੇ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਮੀਡੀਆ ਸੰਸਥਾਨ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ। ਕਮੇਟੀ ਨੇ ਇਹ ਵੀ ਕਿਹਾ ਕਿ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰਕੇ ਜੁਰਮਾਨਿਆਂ ਦੀ ਰਕਮ ਵਧਾਈ ਜਾਵੇ ਤਾਂ ਜੋ ਫਰਜ਼ੀ ਖਬਰਾਂ ਨੂੰ ਕੰਟਰੋਲ ਕੀਤਾ ਜਾ ਸਕੇ।

ਕਮੇਟੀ ਨੇ ਫੇਕ ਨਿਊਜ਼ ਨਾਲ ਨਜਿੱਠਣ ਲਈ ਫਰਾਂਸ ਦੇ ਚੋਣ ਸੰਬੰਧੀ ਗਲਤ ਸੂਚਨਾਵਾਂ ਨਾਲ ਨਜਿੱਠਣ ਵਾਲੇ ਕਾਨੂੰਨ ਦੀ ਮਿਸਾਲ ਦਿੱਤੀ ਅਤੇ ਸੁਝਾਅ ਦਿੱਤਾ ਕਿ ਸਰਕਾਰ ਇੱਕ ਵਰਕਫੋਰਸ ਬਣਾਵੇ, ਜਿਸ ਵਿੱਚ ਕਾਨੂੰਨੀ ਮਾਹਿਰਾਂ ਤੋਂ ਇਲਾਵਾ ਸੂਚਨਾ ਅਤੇ ਪ੍ਰਸਾਰਣ, ਵਿਦੇਸ਼ ਮੰਤਰਾਲੇ ਅਤੇ ਇਲੈਕਟ੍ਰੋਨਿਕਸ ਮੰਤਰਾਲੇ ਦੇ ਨੁਮਾਇੰਦੇ ਸ਼ਾਮਲ ਹੋਣ। ਸਮਿਤੀ ਨੇ ਇਹ ਵੀ ਕਿਹਾ ਕਿ ਸੰਵਿਧਾਨ ਵਿੱਚ ਦਿੱਤੀ ਗਈ ਬੋਲਣ ਦੀ ਆਜ਼ਾਦੀ ਅਤੇ ਵਿਅਕਤੀਗਤ ਅਧਿਕਾਰਾਂ ਦੀ ਸੁਰੱਖਿਆ ਦਾ ਵੀ ਖਿਆਲ ਰੱਖਿਆ ਜਾਵੇ।

ਸੰਸਦੀ ਕਮੇਟੀ ਅਨੁਸਾਰ ਫੇਕ ਨਿਊਜ਼ ਸਮਾਜ ਅਤੇ ਲੋਕਤੰਤਰ ਲਈ ਬਹੁਤ ਹੀ ਨੁਕਸਾਨਦੇਹ ਸਾਬਤ ਹੋ ਸਕਦੀਆਂ ਹਨ। ਇਹ ਜਨਤਾ ਨੂੰ ਗੁੰਮਰਾਹ ਕਰਕੇ ਸਮਾਜਿਕ ਤਣਾਅ ਪੈਦਾ ਕਰਦੀਆਂ ਹਨ ਅਤੇ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦੀਆਂ ਹਨ। ਸਮਿਤੀ ਨੇ ਸਰਹਦੋਂ ਪਾਰ ਫਰਜ਼ੀ ਖਬਰਾਂ ਦੀ ਸਮੱਸਿਆ ਨੂੰ ਵੀ ਉਜਾਗਰ ਕੀਤਾ, ਜੋ ਅਕਸਰ ਵਿਦੇਸ਼ੀ ਤਾਕਤਾਂ ਜਾਂ ਰਾਸ਼ਟਰ ਵਿਰੋਧੀ ਅਨਸਰਾਂ ਦੁਆਰਾ ਫੈਲਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, ਔਰਤਾਂ ਅਤੇ ਬੱਚਿਆਂ ਬਾਰੇ ਗਲਤ ਸਮੱਗਰੀ ਤਿਆਰ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਦੁਰਵਰਤੋਂ ਵੀ ਇੱਕ ਵੱਡੀ ਚੁਣੌਤੀ ਹੈ। ਕਮੇਟੀ ਦਾ ਮੰਨਣਾ ਹੈ ਕਿ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਖਤ ਕਦਮ ਅਤੇ ਜੁਰਮਾਨਿਆਂ ਦੀ ਜ਼ਰੂਰਤ ਹੈ, ਤਾਂ ਜੋ ਫਰਜ਼ੀ ਖਬਰਾਂ ਦੇ ਸਿਰਜਨਹਾਰ ਅਤੇ ਪ੍ਰਕਾਸ਼ਕ ਇਸ ਤੋਂ ਬਚਣ। ਸਮੁੱਚੇ ਤੌਰ 'ਤੇ, ਸੰਸਦੀ ਕਮੇਟੀ ਦੀ ਇਹ ਰਿਪੋਰਟ ਫੇਕ ਨਿਊਜ਼ ਦੀ ਸਮੱਸਿਆ ਨਾਲ ਨਜਿੱਠਣ ਲਈ ਇੱਕ ਵਿਆਪਕ ਰਣਨੀਤੀ ਦੀ ਮੰਗ ਕਰਦੀ ਹੈ, ਜਿਸ ਵਿੱਚ ਸਖਤ ਕਾਨੂੰਨ, ਸਹਿਯੋਗੀ ਤੰਤਰ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਹਿਯੋਗ ਸ਼ਾਮਲ ਹੈ।

# ਭਾਬੀ ਨਾਲ ਪ੍ਰੇਮ ਸਬੰਧਾਂ ਕਾਰਨ ਪਤਨੀ ਦੀ ਹੱਤਿਆ

## ਪੁਲਿਸ ਵਲੋਂ ਦੋਸ਼ੀ ਤੇ ਉਸ ਦੀ ਭਰਜਾਈ ਗ੍ਰਿਫਤਾਰ

ਜਲੰਧਰ-ਥਾਣਾ ਨੂਰਮਹਿਲ ਅਧੀਨ ਆਉਂਦੇ ਪਿੰਡ ਸੰਘੇ ਖਾਲਸਾ ਵਿਚ, ਇੰਦਰਜੀਤ ਸਿੰਘ ਨੇ ਆਪਣੀ ਭਾਬੀ ਨਾਲ ਪ੍ਰੇਮ ਸਬੰਧਾਂ ਕਾਰਨ ਆਪਣੀ ਪਤਨੀ ਸੰਦੀਪ ਕੌਰ ਦਾ ਕਤਲ ਕਰ ਦਿੱਤਾ। ਥਾਣਾ ਨੂਰਮਹਿਲ ਦੀ ਪੁਲਿਸ ਨੇ ਮੁਲਜ਼ਮ ਇੰਦਰਜੀਤ ਤੇ ਉਸਦੀ ਭਾਬੀ ਮਨਦੀਪ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ।

ਵਾਰਦਾਤ ਵਿਚ ਵਰਤੀ ਗਈ ਦਾਤਰ ਵੀ ਬਰਾਮਦ ਕਰ ਲਈ ਗਈ ਹੈ। ਸੰਦੀਪ ਕੌਰ ਦੋ ਬੱਚਿਆਂ ਦੀ ਮਾਂ ਸੀ। ਸੰਦੀਪ ਦੇ ਪਿਤਾ ਮੁੱਖਾ ਰਾਮ, ਜੋ ਕਿ ਕਪੂਰਥਲਾ ਦੇ ਰਹਿਣ ਵਾਲੇ ਹਨ, ਨੇ ਆਪਣੇ ਜਵਾਈ ਇੰਦਰਜੀਤ ਸਿੰਘ 'ਤੇ ਨਾਜਾਇਜ਼ ਸਬੰਧਾਂ ਦਾ ਦੋਸ਼ ਲਗਾਇਆ।

ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਇੰਦਰਜੀਤ ਦਾ ਆਪਣੀ ਭਾਬੀ ਮਨਦੀਪ ਕੌਰ ਨਾਲ ਨਾਜਾਇਜ਼ ਸਬੰਧ ਸੀ। ਮਨਦੀਪ ਦੇ ਪਤੀ ਦੀ ਮੌਤ ਹੋ ਗਈ ਸੀ ਤੇ ਉਸ ਦੇ ਦੋ ਬੱਚੇ ਸਨ। ਸੰਦੀਪ ਤੇ ਇੰਦਰਜੀਤ ਇਸ ਗੱਲ ਨੂੰ ਲੈ ਕੇ ਬਹੁਤ ਲੜਦੇ ਸਨ। ਘਟਨਾ ਤੋਂ ਇੱਕ ਰਾਤ ਪਹਿਲਾਂ ਵੀ ਦੋਵਾਂ ਵਿਚਕਾਰ ਬਹੁਤ ਝਗੜਾ ਹੋਇਆ।

ਸੰਦੀਪ ਕੌਰ ਦਾ ਵਿਆਹ ਛੇ ਸਾਲ ਪਹਿਲਾਂ ਇੰਦਰਜੀਤ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਇਕ ਸਾਲ ਬਾਅਦ, ਸੰਦੀਪ ਕੌਰ ਨੇ ਜੁੜਵਾਂ ਬੱਚਿਆਂ, ਇਕ ਬੇਟਾ ਤੇ ਇਕ ਬੇਟੀ ਨੂੰ ਜਨਮ ਦਿੱਤਾ। ਵਿਆਹ ਤੋਂ ਬਾਅਦ ਸਭ ਕੁਝ ਠੀਕ ਚੱਲ ਰਿਹਾ ਸੀ।

ਇਸ ਦੌਰਾਨ, ਉਸਦੇ ਜੇਠ ਦੀ ਮੌਤ ਹੋ ਗਈ ਤੇ ਇੰਦਰਜੀਤ ਦੇ ਆਪਣੀ ਭਾਬੀ ਨਾਲ ਨਾਜਾਇਜ਼ ਸਬੰਧ ਬਣ ਗਏ। ਉਸਦੀ ਭਾਬੀ ਦੇ ਵੀ ਦੋ ਬੱਚੇ ਸਨ। ਸੰਦੀਪ ਕੌਰ ਨੇ ਇੰਦਰਜੀਤ ਤੇ ਉਸਦੀ ਵਿਧਵਾ ਭਾਬੀ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਸਮਝ ਨਹੀਂ ਸਕੇ। ਘਰ ਵਿਚ ਝਗੜਾ ਰਹਿੰਦਾ ਸੀ, ਹਰ ਰੋਜ਼ ਲੜਾਈ ਹੁੰਦੀ ਸੀ। ਇੰਦਰਜੀਤ ਨਸ਼ੇੜੀ ਸੀ ਤੇ ਨਸ਼ੇ ਦਾ ਸੇਵਨ ਕਰਨ ਤੋਂ ਬਾਅਦ, ਉਹ ਹਰ ਰੋਜ਼ ਆਪਣੀ ਪਤਨੀ ਨੂੰ ਕੁੱਟਣ ਲੱਗ ਪਿਆ।

9 ਸਤੰਬਰ ਨੂੰ ਵੀ ਦੋਵਾਂ ਦਾ ਇਸ ਮੁੱਦੇ 'ਤੇ ਬਹੁਤ ਝਗੜਾ ਹੋਇਆ ਪਰ ਬਾਅਦ 'ਚ ਉਨ੍ਹਾਂ ਨੇ ਸੁਲ੍ਹਾ ਕਰ ਲਈ। ਜਦੋਂ ਸੰਦੀਪ ਕੌਰ



ਨੇ ਕਿਹਾ ਕਿ ਉਹ ਆਪਣੇ ਪੇਕੇ ਜਾਣਾ ਚਾਹੁੰਦੀ ਹੈ, ਤਾਂ ਇੰਦਰਜੀਤ 10 ਤਰੀਕ ਦੀ ਸਵੇਰ ਉਨ੍ਹਾਂ ਨੂੰ ਮੋਟਰਸਾਈਕਲ 'ਤੇ ਛੱਡਣ ਜਾ ਰਿਹਾ ਸੀ। ਇਸ ਦੌਰਾਨ ਅਚਾਨਕ ਇੰਦਰਜੀਤ ਸੰਦੀਪ ਨੂੰ ਬਾਂਹ ਤੋਂ ਫੜ ਕੇ ਘਰ ਦੇ ਅੰਦਰ ਲੈ ਗਏ ਤੇ ਦਾਤਰ ਨਾਲ ਹਮਲਾ ਕਰ ਦਿੱਤਾ। ਸੰਦੀਪ ਕੌਰ ਦੀਆਂ ਚੀਕਾਂ ਸੁਣ ਕੇ ਆਂਢ-ਗੁਆਂਢ ਦੇ ਲੋਕ ਘਰ ਦੇ ਅੰਦਰ ਜਾਣ ਲੱਗੇ ਪਰ ਗੇਟ ਬੰਦ ਸੀ। ਜਦੋਂ ਉਹ ਗੇਟ ਤੋੜ ਕੇ ਅੰਦਰ ਗਏ ਤਾਂ ਉਨ੍ਹਾਂ ਦੇਖਿਆ ਕਿ ਇੰਦਰਜੀਤ ਉਸ 'ਤੇ ਦਾਤਰ ਨਾਲ ਹਮਲਾ ਕਰ ਰਿਹਾ ਸੀ। ਸੰਦੀਪ ਕੌਰ ਮਰ ਚੁੱਕੀ ਸੀ ਪਰ ਇੰਦਰਜੀਤ ਅਜੇ ਵੀ ਹਮਲਾ ਕਰ ਰਿਹਾ ਸੀ। ਜਦੋਂ ਲੋਕਾਂ ਨੇ ਅੰਦਰ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਇੰਦਰਜੀਤ ਭੱਜ ਗਿਆ।

### ਨਾਜਾਇਜ਼ ਸਬੰਧਾਂ ਕਾਰਨ ਚਾਰ ਮਾਸੂਮ ਬੱਚਿਆਂ ਦੀ ਜ਼ਿੰਦਗੀ ਬਰਬਾਦ ਹੋਈ

ਸੰਦੀਪ ਕੌਰ ਦੇ ਦੋ ਬੱਚੇ ਹਨ ਤੇ ਮਨਦੀਪ ਕੌਰ ਦੇ ਵੀ ਦੋ ਬੱਚੇ ਹਨ। ਮਨਦੀਪ ਕੌਰ ਸੰਦੀਪ ਦੇ ਘਰ ਦੇ ਨੇੜੇ ਰਹਿੰਦੀ ਸੀ। ਆਲੇ-ਦੁਆਲੇ ਦੇ ਲੋਕਾਂ ਦਾ ਕਹਿਣਾ ਸੀ ਕਿ ਸੰਦੀਪ ਕੌਰ ਬਹੁਤ ਚੰਗੇ ਸੁਭਾਅ ਦੀ ਸੀ। ਨਾਜਾਇਜ਼ ਸਬੰਧਾਂ ਦੀ ਇਸ ਕਹਾਣੀ 'ਚ ਸੰਦੀਪ ਕੌਰ ਦੀ ਮੌਤ ਹੋ ਗਈ, ਇੰਦਰਜੀਤ ਤੇ ਮਨਦੀਪ ਕੌਰ ਸਲਾਖਾਂ ਪਿੱਛੇ ਚਲੇ ਗਏ ਤੇ ਹੁਣ ਚਾਰ ਬੱਚਿਆਂ ਦੀ ਜ਼ਿੰਦਗੀ ਬਰਬਾਦ ਹੋ ਗਈ। ਹੁਣ ਇਹ ਚਾਰੇ ਬੱਚੇ ਕਿਸ ਦੇ ਸਹਾਰੇ ਰਹਿਣਗੇ।

### -ਮਾਮਲਾ 87 ਸਾਲਾ ਬਜ਼ੁਰਗ ਕਿਸਾਨ ਔਰਤ ਨੂੰ ਜ਼ਲੀਲ ਕਰਨ ਦਾ-

## ਕੰਗਨਾ ਰਣੌਤ ਨੂੰ ਸੁਪਰੀਮ ਕੋਰਟ ਨੇ ਰਾਹਤ ਨਾ ਦਿੱਤੀ



ਮੰਡੀ-ਹਿਮਾਚਲ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਅਤੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੂੰ ਸੁਪਰੀਮ ਕੋਰਟ ਤੋਂ ਝਟਕਾ ਲੱਗਾ ਹੈ। ਅਦਾਲਤ ਨੇ ਕਿਸਾਨ ਅੰਦੋਲਨ ਦੌਰਾਨ ਕੀਤੀ ਗਈ ਟਿੱਪਣੀ ਲਈ ਦਾਇਰ ਮਾਣਹਾਨੀ ਦੇ ਮਾਮਲੇ ਨੂੰ ਰੱਦ ਕਰਨ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਕੰਗਨਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਸੁਪਰੀਮ ਕੋਰਟ ਦੇ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਤੁਹਾਡੇ ਟਵੀਟ ਨੂੰ ਸਿਰਫ਼ ਰੀਟਵੀਟ ਨਹੀਂ ਕਿਹਾ ਜਾ ਸਕਦਾ। ਤੁਸੀਂ ਇਸ ਵਿੱਚ ਮਸਾਲਾ ਪਾਇਆ ਹੈ। ਇਸਦਾ ਕੀ ਅਰਥ ਹੈ, ਇਸਦੀ ਵਿਆਖਿਆ ਸਿਰਫ ਹੇਠਲੀ ਅਦਾਲਤ ਕਰੇਗੀ। ਤੁਸੀਂ ਇਹ ਸਪੱਸ਼ਟੀਕਰਨ ਉੱਥੇ ਹੀ ਦਿਓਗੇ।

ਇਹ ਮਾਮਲਾ 2021 ਦਾ ਹੈ, ਜਦੋਂ ਕਿਸਾਨ ਅੰਦੋਲਨ ਚੱਲ ਰਿਹਾ ਸੀ। ਉਸ ਸਮੇਂ ਦੌਰਾਨ, ਕੰਗਨਾ ਨੇ ਟਵੀਟ ਕੀਤਾ ਸੀ, ਜਿਸ ਵਿੱਚ ਬਠਿੰਡਾ ਦੇ ਬਹਾਦਰਗੜ੍ਹ ਜੰਡੀਆ ਪਿੰਡ ਦੀ ਰਹਿਣ ਵਾਲੀ 87 ਸਾਲਾ ਬਜ਼ੁਰਗ ਮਹਿਲਾ ਕਿਸਾਨ ਮਹਿੰਦਰ ਕੌਰ ਨੂੰ 100-100 ਰੁਪਏ ਲੈ ਕੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਈ ਇੱਕ ਔਰਤ ਕਿਹਾ ਸੀ। ਮਹਿੰਦਰ ਕੌਰ ਨੇ ਇਸ ਵਿਰੁੱਧ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ। ਕੰਗਨਾ ਨੇ ਕਿਹਾ ਕਿ ਉਸਨੇ ਸਿਰਫ਼ ਇੱਕ ਵਕੀਲ ਦੀ ਪੋਸਟ ਦੁਬਾਰਾ ਪੋਸਟ ਕੀਤੀ ਸੀ।

## ਦਿੱਲੀ ਹਾਈ ਕੋਰਟ ਨੂੰ ਈਮੇਲ 'ਤੇ ਮਿਲੀ ਬੰਬ ਦੀ ਧਮਕੀ

- ਜੱਜਾਂ ਵਿਚ ਮਚੀ ਹਫੜਾ ਦਫੜੀ
- ਕੋਰਟਰੂਮ ਖਾਲੀ ਕਰ ਦਿੱਤੇ ਗਏ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੂੰ ਈ-ਮੇਲ ਰਾਹੀਂ ਬੰਬ ਦੀ ਧਮਕੀ ਮਿਲੀ, ਜਿਸ ਕਾਰਨ ਕੰਪਲੈਕਸ ਵਿੱਚ ਹਫੜਾ-ਦਫੜੀ ਮੱਚ ਗਈ। ਧਮਕੀ ਕਰਕੇ ਜੱਜ ਆਪਣੀਆਂ ਸੀਟਾਂ ਤੋਂ ਉੱਠਣ ਲਈ ਮਜਬੂਰ ਹੋ ਗਏ ਤੇ ਕੋਰਟਰੂਮ ਖਾਲੀ ਕਰ ਦਿੱਤੇ ਗਏ। ਸੂਤਰਾਂ ਨੇ ਦੱਸਿਆ ਕਿ ਕੋਰਟ ਕੰਪਲੈਕਸ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਉਥੇ ਮੌਜੂਦ ਹਰ ਕਿਸੇ ਨੂੰ ਉਥੋਂ ਜਾਣ ਲਈ ਆਖ ਦਿੱਤਾ ਗਿਆ ਹੈ।

## ਸੰਧਵਾਂ ਨੇ ਕੁੰਵਰ ਵਿਜੇ ਪ੍ਰਤਾਪ ਵਿਧਾਨ ਸਭਾ ਦੀ ਕਮੇਟੀ ਵਿਚੋਂ ਕਢਿਆ



ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੂੰ ਵਿਧਾਨ ਸਭਾ ਦੀ 'ਅਧੀਨ ਵਿਧਾਨ ਕਮੇਟੀ' ਦੀ ਮੈਂਬਰੀ ਦੀ ਜ਼ਿੰਮੇਵਾਰੀ ਤੋਂ ਫ਼ਾਰਗ ਕਰ ਦਿੱਤਾ ਹੈ। ਵਿਧਾਇਕ ਕੁੰਵਰ ਵਿਜੇ ਪ੍ਰਤਾਪ ਇਸ ਵੇਲੇ ਪੰਜਾਬ ਵਿਧਾਨ ਸਭਾ ਦੀਆਂ ਦੋ ਕਮੇਟੀਆਂ ਦੇ ਮੈਂਬਰ ਸਨ। 'ਆਪ' ਵਿਧਾਇਕ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਖ਼ੁਦ ਹੀ ਪੱਤਰ ਲਿਖ ਕੇ 'ਅਧੀਨ ਵਿਧਾਨ ਕਮੇਟੀ' ਦੀ ਜ਼ਿੰਮੇਵਾਰੀ ਤੋਂ ਮੁਕਤੀ ਮੰਗੀ ਸੀ ਜਿਸ ਨੂੰ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ 5 ਸਤੰਬਰ ਨੂੰ ਸਵੀਕਾਰ ਕਰ ਲਿਆ ਸੀ। ਹੁਣ ਕੁੰਵਰ ਵਿਜੇ ਪ੍ਰਤਾਪ ਕੇਵਲ ਲਾਇਬਰੇਰੀ ਕਮੇਟੀ ਦੇ ਮੈਂਬਰ ਰਹਿਣਗੇ।

## ਲੈਂਗਲੀ ਵਿਚ ਗੈਂਗਵਾਰ ਦੌਰਾਨ ਪੰਜਾਬੀ ਨੌਜਵਾਨ ਕਰਨ ਪੰਧੇਰ ਦਾ ਹੋਇਆ ਕਤਲ

### ਮੁਲਜ਼ਮਾਂ ਨੇ ਸਬੂਤ ਮਿਟਾਉਣ ਦੇ ਇਰਾਦੇ ਨਾਲ ਸਰੀ ਜਾ ਕੇ ਆਪਣੀ ਕਾਰ ਨੂੰ ਅੱਗ ਲਾਈ



ਸਰੀ-ਬ੍ਰਿਟਿਸ਼ ਕੋਲੰਬੀਆ ਵਿੱਚ ਪੁਲੀਸ ਨੇ ਬੀਤੇ ਦਿਨੀਂ ਲੈਂਗਲੀ ਵਿੱਚ ਗੈਂਗਵਾਰ ਦੌਰਾਨ ਮਾਰੇ ਗਏ ਵਿਅਕਤੀ ਦੀ ਪਛਾਣ ਕਰਨ ਪੰਧੇਰ (24) ਵਜੋਂ ਦੱਸੀ ਹੈ। ਪੰਧੇਰ ਨੂੰ 200 ਸਟਰੀਟ ਤੇ 53 ਐਵੇਨਿਊ ਨੇੜੇ ਟੈਕਸੀ ਵਿੱਚ ਬੈਠੇ ਨੂੰ ਗੋਲੀਆਂ ਮਾਰੀਆਂ ਗਈਆਂ ਸੀ। ਪੁਲੀਸ ਦੇ ਬੁਲਾਰੇ ਸੁੱਖੀ ਢੇਸੀ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਕਰਨ ਪੰਧੇਰ ਖਿਲਾਫ ਕੁਝ ਅਪਰਾਧਿਕ ਕੇਸ ਦਰਜ ਸਨ। ਉਸ ਨੇ ਦੱਸਿਆ ਕਿ ਬੇਸ਼ੱਕ ਜਾਂਚ ਅਜੇ ਪੂਰੀ ਨਹੀਂ ਹੋਈ, ਪਰ ਹੁਣ ਤੱਕ ਮਿਲੇ ਸਬੂਤਾਂ ਅਨੁਸਾਰ ਕਤਲ ਦੀ ਵਜ੍ਹਾ ਦੋ ਅਪਰਾਧਿਕ ਗਰੋਹਾਂ ਵਿਚਾਲੇ ਰੰਜਸ਼ ਹੈ ਤੇ ਆਮ ਲੋਕਾਂ ਨੂੰ ਅਜਿਹੀ ਘਟਨਾ ਤੋਂ ਡਰਨ ਦੀ ਲੋੜ ਨਹੀਂ। ਕਾਰਪੋਰਲ ਸੁੱਖੀ ਢੇਸੀ ਨੇ ਦੱਸਿਆ ਕਿ ਪੁਲੀਸ ਨੂੰ ਗੋਲੀਬਾਰੀ ਬਾਰੇ ਜਾਣਕਾਰੀ ਮਿਲਣ ਮਗਰੋਂ ਜਦੋਂ ਮੌਕੇ 'ਤੇ ਜਾ ਕੇ ਵੇਖਿਆ ਤਾਂ ਖੂਨ ਵਿਚ ਲੱਥਪੱਥ ਨੌਜਵਾਨ ਤੜਪ ਰਿਹਾ ਸੀ। ਪੈਰਾਮੈਡਿਕ ਟੀਮ ਵਲੋਂ ਉਸ ਨੂੰ ਬਚਾਉਣ ਦੇ ਯਤਨ ਕੀਤੇ ਗਏ, ਪਰ ਉਹ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਹਸਪਤਾਲ ਲਿਜਾਂਦਿਆਂ ਦਮ ਤੋੜ ਗਿਆ। ਘਟਨਾ ਤੋਂ ਬਾਅਦ ਮੁਲਜਮ ਉੱਥੋਂ ਭੱਜ ਗਏ ਤੇ ਅੱਧੇ ਘੰਟੇ ਬਾਅਦ ਸਰੀ ਦੀ 64 ਐਵੇਨਿਊ ਅਤੇ 132 ਸਟਰੀਟ ਕੋਲ ਇੱਕ ਕਾਰ ਨੂੰ ਅੱਗ ਨਾਲ ਸੜਦੇ ਵੇਖਿਆ ਗਿਆ। ਸੁੱਖੀ ਢੇਸੀ ਨੇ ਕਿਹਾ ਕਿ ਬੇਸ਼ੱਕ ਅਜੇ ਉਸ ਕਾਰ ਦੀ ਪਛਾਣ ਕੀਤੀ ਜਾਣੀ ਹੈ, ਪਰ ਸਮਝਿਆ ਜਾਂਦਾ ਹੈ ਕਿ ਉਹ ਕਾਰ ਮੁਲਜ਼ਮਾਂ ਨੇ ਵਾਰਦਾਤ ਮੌਕੇ ਵਰਤੀ ਹੋਵੇਗੀ ਤੇ ਪਛਾਣ ਛੁਪਾਉਣ ਲਈ ਉਸ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ।

# ਪਿੰਡ ਜੀਦਾ ਵਿਖੇ ਇਕ ਘਰ ਵਿਚ 2 ਬੰਬ ਧਮਾਕਿਆਂ ਕਾਰਨ, ਪਿਉ-ਪੁੱਤ ਜ਼ਖ਼ਮੀ

## ✪ ਆਨ ਲਾਈਨ ਸਮੱਗਰੀ ਨਾਲ ਬੰਬ ਬਣਾਇਆ, ਕੇਸ ਦਰਜ



ਗੋਨਿਆਣਾ (ਬਠਿੰਡਾ)-ਪਿੰਡ ਜੀਦਾ ਵਿਖੇ ਇਕ ਘਰ ਵਿਚ ਦੋ ਧਮਾਕੇ ਹੋਣ ਕਾਰਨ ਪਿਉ-ਪੁੱਤਰ ਦੇ ਗੰਭੀਰ ਜ਼ਖ਼ਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਨ੍ਹਾਂ ਨੂੰ ਇਲਾਜ ਲਈ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜਦਕਿ ਘਟਨਾ ਦਾ ਪਤਾ ਚਲਦਿਆਂ ਹੀ ਜ਼ਿਲ੍ਹਾ ਮੁਖੀ ਸਮੇਤ ਵੱਡੀ ਗਿਣਤੀ ਪੁਲਿਸ ਪੁੱਜੀ, ਜਿਸ ਵਲੋਂ ਧਮਾਕੇ ਵਾਲੇ ਘਰ ਤੇ ਆਸ-ਪਾਸ ਦੇ ਖੇਤਰ ਨੂੰ ਸੀਲ ਕਰ ਦਿੱਤਾ ਗਿਆ ਹੈ।

ਜਾਣਕਾਰੀ ਅਨੁਸਾਰ ਪਹਿਲਾ ਧਮਾਕਾ ਹੋਣ ਨਾਲ ਗੁਰਪ੍ਰੀਤ ਸਿੰਘ ਜ਼ਖ਼ਮੀ ਹੋ ਗਿਆ, ਜਦਕਿ ਕੁਝ ਸਮੇਂ ਬਾਅਦ ਹੋਏ ਦੂਜੇ ਧਮਾਕੇ ਵਿਚ ਉਸ ਦਾ ਪਿਤਾ ਜਗਤਾਰ ਸਿੰਘ ਜ਼ਖ਼ਮੀ ਹੋ ਗਏ।ਪੁਲਿਸ ਅਨੁਸਾਰ ਘਰ ਵਿਚ ਕੋਈ ਸ਼ੱਕੀ ਧਮਾਕਾਖੇਜ਼ ਪਦਾਰਥ ਹੋ ਸਕਦਾ ਹੈ। ਜ਼ਖ਼ਮੀ ਵਿਅਕਤੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਮੋਬਾਈਲ ਬਲਾਸਟ ਕਰ ਗਿਆ ਹੈ।ਉਕਤ ਮਾਮਲੇ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਬਠਿੰਡਾ ਦੀ ਐਸ.ਐਸ.ਪੀ. ਅਮਨੀਤ ਕੌਂਡਲ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਵਾਸੀ ਜੀਦਾ, ਜੋ ਕਿ 19 ਸਾਲ ਦਾ ਹੈ, ਉਸ ਵਲੋਂ ਯੂ ਟਿਊਬ ਤੋਂ ਵੇਖ ਕੇ ਕੁਝ ਧਮਾਕਾਖੇਜ਼ ਸਮਗਰੀ ਆਨਲਾਈਨ ਖਰੀਦੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਸਮਗਰੀ ਨੂੰ ਯੂ ਟਿਊਬ ਤੋਂ ਦੱਸੇ ਤਰੀਕੇ ਮੁਤਾਬਿਕ ਉਹ ਕੁਝ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਇਕ ਛੋਟਾ ਧਮਾਕਾ ਹੋਇਆ, ਜਿਸ ਵਿਚ ਉਹ ਜ਼ਖ਼ਮੀ ਹੋ ਗਿਆ ਅਤੇ ਪਰਿਵਾਰ ਵਲੋਂ ਉਸ ਨੂੰ ਪ੍ਰਾਈਵੇਟ ਹਸਪਤਾਲ ਬਠਿੰਡਾ ਵਿਚ ਇਲਾਜ ਲਈ ਦਾਖਲ ਕਰਵਾ ਦਿੱਤਾ ਗਿਆ ਅਤੇ ਸ਼ਾਮ ਸਮੇਂ ਜਦੋਂ ਜਗਤਾਰ ਸਿੰਘ ਵਲੋਂ ਇਸ ਸਾਮਾਨ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਐਨੇ ਨੂੰ ਇਕ ਹੋਰ ਵੱਡਾ ਧਮਾਕਾ ਹੋਇਆ, ਜਿਸ ਵਿਚ ਜਗਤਾਰ ਸਿੰਘ ਵੀ ਬੁਰੀ ਤਰ੍ਹਾਂ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਵੀ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸੰਬੰਧੀ ਦੋਸ਼ੀਆਂ ਖ਼ਿਲਾਫ਼ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ ਅਤੇ ਵੱਖ-ਵੱਖ ਸਰੋਤਾਂ ਰਾਹੀਂ ਇਸ ਮਾਮਲੇ ਦੀ ਪੂਰੀ ਡੂੰਘਾਈ ਤੱਕ ਜਾਇਆ ਜਾਵੇਗਾ।

# ਦੇਹ ਵਪਾਰ ਧੰਦੇ ਦਾ ਪਰਦਾਫਾਸ਼, 2 ਹੋਟਲਾਂ 'ਤੇ ਛਾਪੇਮਾਰੀ ਕੀਤੀ

## ✪ ਹੋਟਲ ਸੰਚਾਲਕਾਂ ਸਣੇ 14 ਗ੍ਰਿਫਤਾਰ



ਮੋਗਾ-ਮੋਗਾ ਪੁਲਸ ਨੇ ਦੇਹ ਵਪਾਰ ਰੈਕੇਟ ਦਾ ਪਰਦਾਫਾਸ਼ ਕਰਦਿਆਂ ਸਦਰ ਥਾਣੇ ਅਧੀਨ ਆਉਂਦੇ 2 ਹੋਟਲਾਂ 'ਤੇ ਛਾਪੇਮਾਰੀ ਕਰ ਕੇ ਹੋਟਲ ਸੰਚਾਲਕਾਂ ਸਮੇਤ 14 ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐਸਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਦੋਂ ਸਦਰ ਥਾਣਾ ਇੰਚਾਰਜ ਗੁਰਸੇਵਕ ਸਿੰਘ ਪੁਲਸ ਪਾਰਟੀ ਨਾਲ ਇਲਾਕੇ ਵਿਚ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਗੁਪਤ ਸੂਤਰਾਂ ਤੋਂ ਸੂਚਨਾ ਮਿਲੀ ਕਿ ਹੋਟਲ ਮੇਲਾ ਰਾਮ, ਜਿਸਨੂੰ ਲਵਜੀਤ ਸਿੰਘ ਵਾਸੀ ਪਿੰਡ ਜ਼ੀਰਾ (ਫਿਰੋਜ਼ਪੁਰ) ਅਤੇ ਹੋਟਲ ਬੀ. ਆਰ., ਜਿਸਨੂੰ ਅਨਮੋਲ ਸਿੰਘ ਵਾਸੀ ਰਾਏਕੋਟ ਬੱਸੀਆਂ ਚਲਾ ਰਿਹਾ ਹੈ, ਆਪਣੇ ਹੋਟਲ ਦੇ ਕਮਰਿਆਂ ਵਿਚ ਗਾਹਕਾਂ ਤੋਂ ਮੋਟੀ ਰਕਮ ਵਸੂਲ ਕੇ ਦੇਹ ਵਪਾਰ ਰੈਕੇਟ ਚਲਾਉਂਦੇ ਹਨ ਅਤੇ ਦੂਜੇ ਰਾਜਾਂ ਤੋਂ ਔਰਤਾਂ ਨੂੰ ਲਿਆ ਕੇ ਗਾਹਕਾਂ ਨੂੰ ਵਪਾਰ ਲਈ ਸਪਲਾਈ ਕਰਦੇ ਸਨ। ਸਾਈਬਰ ਕ੍ਰਾਈਮ ਸੈੱਲ ਮੋਗਾ ਦੇ ਇੰਚਾਰਜ ਇੰਸਪੈਕਟਰ ਜਸਵਿੰਦਰ ਸਿੰਘ ਦੇ ਨਾਲ ਪੁਲਸ ਪਾਰਟੀ ਨੇ ਦੋਵਾਂ ਹੋਟਲਾਂ 'ਤੇ ਛਾਪੇਮਾਰੀ ਕਰਕੇਹੋਟਲ ਸੰਚਾਲਕਾਂ ਸਮੇਤ 14 ਜੋੜਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿਚ ਮੁੰਡੇ, ਕੁੜੀਆਂ ਅਤੇ ਔਰਤਾਂ ਆਦਿ ਸ਼ਾਮਲ ਸਨ। ਇਨ੍ਹਾਂ ਸਾਰਿਆਂ ਖ਼ਿਲਾਫ਼ ਥਾਣਾ ਸਦਰ ਮੋਗਾ ਵਿਚ ਇਮੋਰਲ ਟਰੈਫਿਕ ਪ੍ਰੀਵੈਂਸ਼ਨ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਜਦੋਂ ਡੀ. ਐੱਸ. ਪੀ. ਸਿਟੀ ਗੁਰਪ੍ਰੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਿਸੇ ਵੀ ਹੋਟਲ ਵਿਚ ਦੇਹ ਵਪਾਰ ਦੇ ਧੰਦੇ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਅਤੇ ਜਲਦੀ ਹੀ ਸਾਰੇ ਹੋਟਲਾਂ 'ਤੇ ਛਾਪੇਮਾਰੀ ਕੀਤੀ ਜਾਵੇਗੀ।

# ਸਰਹੱਦ ਪਾਰੋਂ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਮਾਮਲੇ ਵਿਚ ਪੰਜ ਗ੍ਰਿਫ਼ਤਾਰ

ਅੰਮ੍ਰਿਤਸਰ-ਪੁਲੀਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਮਾਮਲੇ ਵਿੱਚ ਪੰਜ ਵਿਅਕਤੀਆ ਨੂੰ ਛੇ ਆਧੁਨਿਕ ਪਿਸਤੌਲਾਂ, 1 ਕਿਲੋ ਹੈਰੋਇਨ ਅਤੇ 6 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡੀਜੀਪੀ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਸਕਰਨ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਵਿੰਦਰ ਸਿੰਘ, ਅਮਨਦੀਪ ਸਿੰਘ ਸਾਰੇ ਵਾਸੀ ਅੰਮ੍ਰਿਤਸਰ ਜ਼ਿਲ੍ਹੇ ਦੇ ਅਤੇ ਲੁਧਿਆਣਾ ਦੇ ਪਿੰਡ ਮਨਸੂਰਾ ਦੇ ਹਰਕੀਰਤ ਸਿੰਘ ਵਜੋਂ ਹੋਈ। ਇਨ੍ਹਾਂ ਕੋਲੋ ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਮੈਗਜ਼ੀਨਾਂ ਸਮੇਤ ਦੋ 9 ਐਮਐਮ ਗਲੌਕ ਪਿਸਤੌਲ, 30 ਬੋਰ ਪੀਐਕਸ, 5 ਪਿਸਤੌਲ ਅਤੇ 30 ਬੋਰ ਸਟਾਰ ਮਾਰਕ ਪਿਸਤੌਲ ਸ਼ਾਮਲ ਹਨ। ਪੁਲੀਸ ਨੇ ਖੇਪਾਂ ਦੀ ਡਿਲਿਵਰੀ ਲਈ ਵਰਤੇ ਜਾ ਰਹੇ ਵਾਹਨ ਵੀ ਜ਼ਬਤ ਕੀਤੇ ਹਨ।

ਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਖੇਪ ਭੇਜਣ ਲਈ ਡਰੋਨ ਦੀ ਵਰਤੋਂ ਕਰ ਰਹੇ ਹਨ। ਇਹ ਤਸਕਰ ਪਾਕਿਸਤਾਨੀ ਤਸਕਰਾਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਸਨ। ਇਹ ਮੁਲਜ਼ਮ ਸੂਬੇ 'ਚ ਅਪਰਾਧਿਕ ਗਤੀਵਿਧੀਆਂ ਨੂੰ ਹਵਾ ਦੇਣ ਦੇ ਇਰਾਦੇ ਨਾਲ ਪੰਜਾਬ ਵਿੱਚ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ ਇੱਕ ਹਵਾਲਾ ਆਪਰੇਟਰ ਨਿਕਲਿਆ, ਜਿਸਦੀ ਪਛਾਣ ਹਰਕੀਰਤ ਵਜੋਂ ਹੋਈ ਹੈ। ਜਿਸ ਤੋਂ 6 ਲੱਖ ਰੁਪਏ ਬਰਾਮਦ ਕੀਤੇ ਗਏ ਹਨ ਅਤੇ ਇਹ ਪੈਸੇ ਹਵਾਲਾ ਚੈਨਲਾਂ ਰਾਹੀਂ ਪਾਕਿਸਤਾਨ ਭੇਜੇ ਜਾਣੇ ਸਨ। ਪੁਲੀਸ ਵਲੋਂ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਕਾਰੋਬਾਰ ਸਬੰਧੀ 34 ਲੱਖ ਤੋਂ ਜ਼ਿਆਦਾ ਦੀ ਮਾਰੀ ਆਨਲਾਈਨ ਠੱਗੀ

## ✪ ਸਾਈਬਰ ਕ੍ਰਾਈਮ ਵਲੋਂ 2 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ



ਫਿਰੋਜ਼ਪੁਰ-ਫਿਰੋਜ਼ਪੁਰ ਵਿਖੇ ਕਾਰੋਬਾਰ ਦੇ ਸਬੰਧ 'ਚ ਇਕ ਵਿਅਕਤੀ ਨਾਲ ਆਨਲਾਈਨ 34 ਲੱਖ 51 ਹਜ਼ਾਰ 500 ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਥਾਣਾ ਸਦਰ ਸਾਈਬਰ ਕ੍ਰਾਈਮ ਨੇ 2 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸ਼ਿਕਾਇਤਕਰਤਾ ਰਾਜ ਕੁਮਾਰ ਪੁੱਤਰ ਚਮਨ ਲਾਲ ਵਾਸੀ ਫਿਰੋਜ਼ਪੁਰ ਨੇ ਦੱਸਿਆ ਕਿ ਸੌਰਵ ਕੁਮਾਰ ਪੁੱਤਰ ਰਵਿੰਦਰਾ ਪ੍ਰਸਾਦ ਵਾਸੀ ਬਿਹਾਰ ਅਤੇ ਸੁਲਤਾਨ ਅਲੀ ਪੁੱਤਰ ਇਜਲਾਰ ਅਲੀ ਵਾਸੀ ਵੈਸਟ ਬੰਗਾਲ ਨੇ ਕਾਰੋਬਾਰ ਦੇ ਸਬੰਧ 'ਚ 34 ਲੱਖ 51 ਹਜ਼ਾਰ ਰੁਪਏ ਦੀ ਆਨਲਾਈਨ ਠੱਗੀ ਮਾਰੀ ਹੈ।

ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਨਵਨੀਤ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਘਰ ਵੇਚਣ ਦਾ ਵਾਅਦਾ ਕਰਕੇ ਔਰਤ ਤੋਂ ਠੱਗੇ 13.3 ਲੱਖ , ਮਾਮਲਾ ਦਰਜ

ਲੁਧਿਆਣਾ-ਜਮਾਲਪੁਰ ਪੁਲਸ ਨੇ ਘਰ ਵੇਚਣ ਦਾ ਵਾਅਦਾ ਕਰਕੇ ਇੱਕ ਔਰਤ ਨਾਲ 13.3 ਲੱਖ ਰੁਪਏ ਦੀ ਠੱਗੀ ਮਾਰਨ ਦੀ ਸ਼ਿਕਾਇਤ 'ਤੇ ਐੱਫਆਈਆਰ ਦਰਜ ਕਰ ਲਈ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ।

ਜਾਣਕਾਰੀ ਮੁਤਾਬਕ, ਸ਼ੈਲੀ ਜੈਨ ਨਿਵਾਸੀ ਵਿਜੇ ਇੰਦਰ ਨਗਰ ਜੈਨ ਕਾਲੋਨੀ ਡਾਬਾ ਰੋਡ ਦੀ ਸ਼ਿਕਾਇਤ 'ਤੇ ਜਮਾਲਪੁਰ ਥਾਣੇ ਵਿੱਚ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਸ਼ਿਕਾਇਤ ਅਨੁਸਾਰ, ਦੋਸ਼ੀ ਸਰਿਤਾ ਯਾਦਵ ਨਿਵਾਸੀ ਸ਼ਿਵ ਸ਼ਕਤੀ ਐਨਕਲੇਵ ਨੇੜੇ ਜੇ.ਪੀ. ਐਨਕਲੇਵ ਛੋਟੀ ਭਾਮੀਆਂ ਨੇ ਸ਼ਿਕਾਇਤਕਰਤਾ ਨੂੰ ਧੋਖਾ ਦਿੱਤਾ ਕਿ ਉਹ ਕਾਲੋਨੀ ਵਿੱਚ 50 ਗਜ਼ ਦਾ ਘਰ ਵੇਚਣ ਵਿੱਚ ਮਦਦ ਕਰੇਗੀ।

ਦੋਸ਼ੀ ਨੇ ਘਰ 13,30,000 ਰੁਪਏ ਵਿੱਚ ਵੇਚਣ ਦਾ ਵਾਅਦਾ ਕੀਤਾ ਅਤੇ 91,000 ਰੁਪਏ ਨਕਦ ਲਏ ਪਰ ਰਜਿਸਟਰੀ ਨਹੀਂ ਕਰਵਾਈ। ਇਸ ਦੇ ਨਾਲ ਹੀ ਪੈਸੇ ਵੀ ਵਾਪਸ ਨਹੀਂ ਕੀਤੇ ਗਏ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕੈਨੇਡਾ 'ਚ ਸ਼ਹੀਦ ਭਾਈ ਕਰਮ ਸਿੰਘ ਬੱਬਰ ਅਕਾਲੀ ਦੀ ਯਾਦ ਵਿੱਚ ਸ਼ਹੀਦੀ ਸਮਾਗਮ

## "ਬਬਰ ਅਕਾਲੀਆਂ ਦਾ ਸ਼ਹਾਦਤਾਂ ਦਾ ਗੌਰਵਮਈ ਇਤਿਹਾਸ"-ਡਾ ਗੁਰਵਿੰਦਰ ਸਿੰਘ



ਬੱਬਰ ਅਕਾਲੀ ਭਾਈ ਕਰਮ ਸਿੰਘ ਦੀ ਯਾਦ ਵਿੱਚ ਸਰੀ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ 'ਚ ਬੁਲਾਰੇ ਡਾ. ਗੁਰਵਿੰਦਰ ਸਿੰਘ ਨੂੰ ਦੌਲਤਪੁਰ ਨਗਰਵਾਸੀਆਂ ਵੱਲੋਂ ਸਨਮਾਨ

ਸਰੀ-102 ਸਾਲ ਪਹਿਲਾਂ ਐਬਸਫੋਰਡ, ਕੈਨੇਡਾ ਤੋਂ ਪੰਜਾਬ ਜਾ ਕੇ ਸ਼ਹੀਦ ਹੋਣ ਵਾਲੇ ਮਹਾਨ ਯੋਧੇ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ 'ਚੀਫ਼ ਐਡੀਟਰ' 'ਬਬਰ ਅਕਾਲੀ ਲਹਿਰ' ਦੀ ਜਿੰਦ-ਜਾਨ ਸਨ ਅਤੇ ਇਸ ਜਥੇਬੰਦੀ ਨੂੰ 'ਬਬਰ ਅਕਾਲੀ' ਨਾਂ ਵੀ ਆਪ ਜੀ ਦੀ ਹੀ ਦੇਣ ਹੈ। ਕੈਨੇਡਾ ਰਹਿੰਦੀ ਪਿੰਡ ਦੌਲਤਪੁਰ ਦੀ ਸਮੂਹ ਸੰਗਤ ਵਲੋਂ ਸ਼ਹੀਦ ਬਬਰ ਕਰਮ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਯਾਦ ਵਿੱਚ 7 ਸਤੰਬਰ, ਦਿਨ ਐਤਵਾਰ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਵਿਖੇ ਸ਼ਹੀਦੀ ਸਮਾਗਮ ਕਰਵਾਏ ਗਏ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਤੇ ਇਤਿਹਾਸਿਕ ਵਿਚਾਰਾਂ ਹੋਈਆਂ, ਜਿਸ ਦੌਰਾਨ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਬਬਰ ਅਕਾਲੀ ਯੋਧਿਆਂ ਨੂੰ ਯਾਦ ਕੀਤਾ। ਇਸ ਮੌਕੇ 'ਤੇ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਬਬਰ ਅਕਾਲੀ ਲਹਿਰ ਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਅਤੇ ਉਹਨਾਂ ਦੇ ਸਾਥੀਆਂ ਦੇ ਸੰਘਰਸ਼ ਬਾਰੇ ਇਤਿਹਾਸਕ ਪੰਨਿਆਂ 'ਚੋਂ ਵਿਚਾਰਾ ਸਾਂਝੀਆਂ ਕੀਤੀਆਂ।

ਨਗਰ ਦੌਲਤਪੁਰ ਵਾਸੀਆਂ ਵੱਲੋਂ ਇਸ ਮੌਕੇ 'ਤੇ ਡਾ. ਗੁਰਵਿੰਦਰ ਸਿੰਘ ਨੂੰ ਹਰ ਵਰੇ ਬਬਰ ਅਕਾਲੀ ਲਹਿਰ ਅਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਬਾਰੇ ਵਿਚਾਰਾਂ ਸਾਂਝੀਆਂ ਕਰਨ ਲਈ ਸਨਮਾਨਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਐਬਸਫੋਰਡ ਸ਼ਹਿਰ 'ਚ ਸਾਊਥ ਫਰੇਜ਼ਰ ਵੇਅ ਤੇ ਭਾਈ ਕਰਮ ਸਿੰਘ, ਉਹਨਾਂ ਦੇ ਭਰਾ ਭਾਈ ਸਿੰਘ ਥਾਂਦੀ ਤੇ ਪੇਂਡੂ ਭਾਈ ਸੁੰਦਰ ਸਿੰਘ ਥਾਂਦੀ ਦੀ ਪੌਣੇ ਕੁ ਚਾਰ ਏਕੜ ਦੇ ਕਰੀਬ ਸਾਂਝੀ ਜ਼ਮੀਨ ਸੀ ਸਿੱਖ ਕੌਮ ਅਤੇ ਗੁਰਦੁਆਰਾ ਸਾਹਿਬ ਲਈ ਭੇਟ ਕਰਦਿਆਂ ਸਮੂਹ ਭਾਈਆਂ ਨੂੰ ਕਿਹਾ ਕਿ ਜੇਕਰ ਉਹ ਵਤਨ ਜਾ ਕੇ ਸ਼ਹੀਦੀ ਪਾ ਗਏ, ਤਾਂ ਉਨ੍ਹਾਂ ਦੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ ਜਾਵੇ। ਭਾਈ ਕਰਮ ਸਿੰਘ ਬਬਰ ਨੇ ਪੰਜਾਬ ਜਾ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਕਰਦਿਆਂ ਪੁਲਿਸ ਮੁਕਾਬਲਾ ਵਿਚ ਸ਼ਹੀਦੀ ਪ੍ਰਾਪਤ ਕੀਤੀ। ਆਪ ਦੀ ਇੱਛਾ ਅਨੁਸਾਰ, ਆਪ ਦੀ ਅਤੇ ਥਾਂਦੀ ਭਰਾਵਾਂ ਦੀ ਜ਼ਮੀਨ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਸੰਨ 1982 ਵਿੱਚ ਉਸਾਰਿਆ ਗਿਆ ਹੈ। ਬਬਰ ਅਕਾਲੀ ਲਹਿਰ ਦੇ ਨਾਇਕ ਭਾਈ ਕਰਮ ਸਿੰਘ ਬਬਰ ਅੰਗਰੇਜ਼ ਹਕੂਮਤ ਖ਼ਿਲਾਫ਼ ਇਨਕਲਾਬੀ ਸੰਘਰਸ਼ ਕਰਦਿਆਂ, 1 ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ, ਪੁਲਿਸ ਮੁਕਾਬਲਾ ਵਿਚ ਸ਼ਹੀਦ ਹੋਏ। ਇਸ ਮੌਕੇ ਆਪ ਦੇ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ, ਭਾਈ ਗੰਗਾ ਸਿੰਘ, ਭਾਈ ਉਦੇ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਭਾਈ ਬਿਸ਼ਨ ਸਿੰਘ ਮਾਂਗਟਾਂ ਨੇ ਵੀ ਸ਼ਹੀਦੀਆਂ ਪਾਈਆਂ। ਸੱਤਵੇਂ ਪਾਤਸ਼ਾਹ ਗੁਰੂ ਹਰਰਾਏ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਚੌਂਤਾਂ ਸਾਹਿਬ, ਇਹਨਾਂ ਬਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਅਸਥਾਨ ਹੈ। ਬਬਰ ਅਕਾਲੀ ਯੋਧਿਆਂ ਦੀਆਂ ਸ਼ਹਾਦਤਾਂ ਬਾਰੇ ਲੋਕ ਮਨਾਂ ਵਿੱਚ ਇਹ ਸ਼ਬਦ ਪ੍ਰਚਲਤ ਹੋ ਚੁੱਕੇ ਸਨ ;

"ਲਾੜੀ ਮੌਤ ਨੂੰ ਕਰਨ ਪ੍ਰਣਾਮ ਚੱਲੇ,
ਸੇਹਰੇ ਲਟਕਦੇ ਬਬਰ ਅਕਾਲੀਆਂ ਦੇ"

# ਮਿੰਨੀ ਕਹਾਣੀਆਂ

## ਸਿਆਪਾ !

ਨੀਂ ਅੰਜਨਾ ! ਤੂੰ ਆਉਣਾ ਨਹੀਂ ਨਾਨਕੇ ? ਤੂੰ ਤਾਂ ਕਹਿੰਦੀ ਸੀ ਕਿ ਛੁੱਟੀਆਂ 'ਚ ਆਊਂਗੀ। ਹੁਣ ਤਾਂ ਛੁੱਟੀਆਂ ਵੀ ਥੋੜੀਆਂ ਰਹਿ ਗਈਆਂ ਹੋਣੀਆਂ। ਮੈਂ ਤਾਂ ਡੀਕ-ਡੀਕ ਕੇ ਥੱਕ ਗਈ। ਅੰਜਨਾ ਦੀ ਨਾਨੀ ਨੇ ਫ਼ੋਨ ਤੇ ਰੋਸਾ ਜਿਹਾ ਕੀਤਾ। ਹਾਂ ਨਾਨੀ ਜੀ ! ਛੇਤੀ ਆਵਾਂਗੀ। ਅੰਜਨਾ ਨੇ ਨਾਨੀ ਜੀ ਦਾ ਦਿਲ ਰੱਖਣ ਵਾਲਾ ਜਵਾਬ ਦਿੱਤਾ। ਨੀਂ ਹੋ ਕੀ ਗਿਆ ਤੈਨੂੰ। ਤੂੰ ਤਾਂ ਮੇਰੀ ਐਨੀ ਲਾਡਲੀ ਧੀ ਏਂ। ਅੱਜ ਤਾਂ ਬੋਲਦੀ ਵੀ ਨਹੀਂ ਚੱਜ ਨਾਲ। ਨਾਨੀ ਨੇ ਓਹਦੇ ਰੁੱਖੇ ਜਿਹੇ ਜਵਾਬ ਤੋਂ ਦੁੱਖੀ ਹੁੰਦਿਆਂ ਕਿਹਾ। ਨਹੀਂ, ਨਾਨੀ ਜੀ, ਇਹੋ ਜਿਹੀ ਕੋਈ ਗੱਲ ਨਹੀਂ। ਆਹ ਛੁੱਟੀਆਂ ਦਾ ਸਿਆਪਾ ਹੀ ਨਹੀਂ ਨਿੱਬੜਦਾ। ਹੋਰ ਭਲਾ ਕੀ ਕਰਾਂ। ਕਿਵੇਂ ਆਵਾਂ ? ਦਿਲ ਤਾਂ ਕਰਦਾ ਸੀ ਕਿ ਛੁੱਟੀਆਂ ਹੋਣਗੀਆਂ ਤਾਂ ਕੁਝ ਚੈਨ ਮਿਲੂ। ਤੁਹਾਡੇ ਕੋਲ ਆਵਾਂਗੇ, ਘੁੰਮਾਂਗੇ, ਫਿਰਾਂਗੇ ਤੇ ਮਸਤੀ ਕਰਾਂਗੇ। ਅੰਜਨਾ ਫ਼ੇਰ ਹਤਾਸ਼ ਜਿਹੀ ਬੋਲੀ।

ਸੁੱਖ ਬੋਲ ਧੀਏ ! ਸਿਆਪਾ ਕਾਹਦਾ ਹੋ ਗਿਆ ਭਲਾਂ ! ਦੱਸ ਮੈਨੂੰ ਛੇਤੀ-ਛੇਤੀ। ਮੇਰਾ ਤਾਂ ਦਿਲ ਹੀ ਬੈਠਾ ਜਾ ਰਿਹਾ।

ਕੁਝ ਨਹੀਂ ਨਾਨੀ ਜੀ। ਬੱਸ ਸਕੂਲ ਦਾ ਕੰਮ ਕਰ ਰਹੀ ਹਾਂ। ਜਿੱਦਣ ਦੀਆਂ ਛੁੱਟੀਆਂ ਹੋਈਆਂ, ਉੱਦਣ ਦੀ ਲੱਗੀ ਹੋਈ ਹਾਂ, ਹਜੇ ਬਹੁਤ ਬਾਕੀ ਹੈ। ਸੋਚਿਆ ਸੀ ਕਿ ਛੇਤੀ ਕੰਮ ਮੁਕਾ ਕੇ ਆਵਾਂਗੀ ਤੁਹਾਡੇ ਕੋਲ, ਸਾਰੇ ਘਰਦਿਆਂ ਨਾਲ਼। ਨਾਲੇ ਕੋਈ ਕੰਮ ਸਿਖਾਂਗੀ ਨਵਾਂ। ਪਰ..... ! ਅੰਜਨਾ ਚੁੱਪ ਕਰ ਗਈ।

ਏਡਾ ਕੰਮ ਕਿਹੜਾ ਹੈ ਧੀਏ, ਜਿਹੜਾ ਖ਼ਤਮ ਹੀ ਨਹੀਂ ਹੋ ਰਿਹਾ। ਨਾਨੀ ਹੈਰਾਨ ਹੋ ਗਈ।.........! ਅੱਛਾ ਇੰਝ ਕਰ ਨਾਲ਼ ਲੈ ਆ ਤੂੰ ਆਪਣੇ ਕੰਮ ਨੂੰ ਵੀ। ਏਥੇ ਕਰ ਲਵੀਂ ਬਾਕੀ ਦਾ। ਕੰਮ ਤਾਂ ਪੁੱਤ ਦਿੰਦੇ ਈ ਹੁੰਦੇ ਮਾਸਟਰ ! ਨਾਨੀ ਨੇ ਅੰਜਨਾ ਨੂੰ ਸਲਾਹ ਦਿੱਤੀ। ਨਹੀਂ, ਨਾਨੀ ਜੀ ! ਹੁਣ ਪਹਿਲਾਂ ਵਾਂਗ ਸਿਰਫ਼ ਲਿਖਣਾ ਤੇ ਪੜ੍ਹਨਾ ਨਹੀਂ ਹੁੰਦਾ। ਅੰਜਨਾ ਫ਼ੇਰ ਢਿੱਲੀ ਜਿਹੀ ਬੋਲੀ।

ਫੇਟ ! ਹੋਰ ਕੀ ਕੱਪੜੇ ਸੀਣੇ ਨੂੰ ਕਹਿਤਾ ਮਾਸਟਰਾਂ ਨੇ ? ਨਾਨੀ ਨੇ ਹੱਸਦਿਆਂ ਹੋਇਆਂ ਪੁੱਛਿਆ। ਨਹੀਂ ਨਾਨੀ ਜੀ, ਅੱਜਕਲ ਛੁੱਟੀਆਂ ਵਿੱਚ ਸਕੂਲਾਂ ਵਾਲੇ ਅਧਿਆਪਕ ਬਹੁਤ ਸਾਰੇ ਚਾਰਟ, ਮਾਡਲ ਤੇ ਹੋਰ ਕ੍ਰੀਏਟਿਵ ਕੰਮ ਦਿੰਦੇ ਹਨ। ਉਹ ਵੀ ਇਹੋ ਜਿਹਾ ਕਿ ਦੁਕਾਨਾਂ ਤੋਂ ਸਮਾਨ ਵੀ ਨਹੀਂ ਮਿਲ਼ਦਾ। ਕਦੇ-ਕਦੇ ਤਾਂ ਨੈੱਟ ਤੋਂ ਕਢਾਉਣੀਆਂ ਪੈਂਦੀਆਂ ਫੋਟੋਆਂ ਵਗੈਰਾ। ਉਹ ਵੀ ਬਹੁਤ ਮਹਿੰਗੀਆਂ ਨਿਕਲਦੀਆਂ। ਬਹੁਤ ਖ਼ਰਚਾ ਹੁੰਦਾ। ਸਾਰੇ ਸਕੂਲ ਰੀਸੋ ਰੀਸੀ ਇੱਕ ਦੂਜੇ ਤੋਂ ਔਖਾ ਕੰਮ ਦਿੰਦੇ ਹਨ। ਵਿਚਾਰੇ ਮਾਪਿਆਂ ਦੀ ਵੀ ਮੱਤ ਮਾਰੀ ਜਾਂਦੀ ਹੈ, ਮਦਦ ਕਰਦਿਆਂ ਕਰਦਿਆਂ ਜਾਂ ਆਵਾਗੌਣ ਪੈਸੇ ਖਰਚਦਿਆਂ। ਸਭ ਤੋਂ ਵੱਡੀ ਗੱਲ ਕਿ ਇਹ ਸਭ ਕਿਸੇ ਕੰਮ ਨਹੀਂ ਆਉਂਦਾ। ਬਾਅਦ ਵਿੱਚ ਲੈ ਕੇ ਸੁੱਟ ਦਿੰਦੇ ਹਨ। ਹਾਂ, ਨੰਬਰ ਜ਼ਰੂਰ ਬਣਦੇ ਹਨ। ਅੰਜਨਾ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

ਹੱਛਾ ਭਾਈ ! ਕੀ ਕਰਨਾ ? ਨਵੇਂ ਜ਼ਮਾਨੇ ਦੀਆਂ ਨਵੀਆਂ ਗੱਲਾਂ। ਸਾਡੇ ਵੇਲ਼ੇ ਤਾਂ ਕਿਤਾਬਾਂ ਦਾ ਕੰਮ ਹੁੰਦਾ ਸੀ। ਬੱਚੇ ਕਿਤਾਬਾਂ ਲੈ ਕੇ ਨਾਨਕਿਆਂ ਨੂੰ ਜਾਂ ਭੂਆ ਦੇ ਘਰ ਚਲੇ ਜਾਂਦੇ ਸੀ। ਨਾਲੇ ਕੰਮ ਕਰਦੇ ਤੇ ਨਾਲ਼ੇ ਖੇਡ ਕੁੱਦ ਵੀ ਲੈਂਦੇ। ਨਾਨੀ ਨੇ ਪੁਰਾਣਾ ਸਮਾਂ ਯਾਦ ਕਰਦਿਆਂ ਕਿਹਾ। ਐਤਕੀਂ ਤਾਂ ਨਾਨੀ ਜੀ ਲੱਗਦਾ ਕੰਮ ਮੁੱਕਣਾ ਹੀ ਨਹੀਂ ਮੇਰਾ। ਮੈਥੋਂ ਨਹੀਂ ਆ ਹੋਣਾ। ਅਗਲੀ ਵਾਰ ਆਵਾਂਗੀ। ਅੰਜਨਾ ਨੇ ਸੋਚਦਿਆਂ ਗੱਲ ਨਬੇੜੀ।

ਕਿੱਥੇ ਧੀਏ ! ਅਗਲੀ ਜਮਾਤ ਤਾਂ ਹੋਰ ਵੱਡੀ ਹੋ ਜਾਣੀ। ਫ਼ੇਰ ਤਾਂ ਹੋਰ ਵੱਧ ਮਿਲੂ ਕੰਮ। ਚੱਲ ਵੇਖ ਲੀ ਜੇ ਆ ਸਕਦੇ ਹੋ ਤਾਂ ਆ ਜਿਓ ਚਾਰ ਦਿਨ। ਬਾਕੀ ਥੋਡੀ ਮਰਜ਼ੀ ਭਾਈ। ਕਹਿ ਕੇ ਨਾਨੀ ਨੇ ਭਿੱਜੀਆਂ ਅੱਖਾਂ ਸਾਫ਼ ਕਰਦਿਆਂ ਫ਼ੋਨ ਰੱਖ ਦਿੱਤਾ।

-ਮਨਜੀਤ ਕੌਰ

## ਪਾਣੀ ਦੀ ਸੰਭਾਲ

ਗਲੀ ਵਿਚ ਪਾਣੀ ਡੋਲਿਆ ਦੇਖਕੇ ਬੇਬੇ ਬੰਟੀ ਨੂੰ ਬੋਲੀ, "ਪੁੱਤ ਕਿਉਂ ਪਾਣੀ ਡੋਲੀ ਜਾਨਾ ਪਾਣੀ ਤਾਂ ਬਹੁਤ ਅਨਮੋਲ ਹੈ। ਸਾਨੂੰ ਪਾਣੀ ਦੀ ਕਦਰ ਤੇ ਸੰਭਾਲ ਕਰਨੀ ਚਾਹੀਦੀ ਹੈ।" ਬੰਟੀ ਬੋਲਿਆ, "ਬੇਬੇ ਮੈਂ ਤਾਂ ਸਰਕਾਰੀ ਟੂਟੀ ਵਾਲਾ ਪਾਣੀ ਡੋਲ ਰਿਹਾ ਸੀ। ਇਹ ਧਰਤੀ ਦੇ ਹੇਠਾ ਤੋਂ ਆਉਂਦਾ ਹੈ ਅਤੇ ਧਰਤੀ ਦੇ ਹੇਠਾ ਬਹੁਤ ਪਾਣੀ ਹੈ। ਇਸਨੇ ਕਿਹੜਾ ਖਤਮ ਹੋਣਾ ਕਦੇਂ।"

ਬੇਬੇ ਬੋਲੀ, "ਪੁੱਤ ਸਾਡੇ ਸਮਿਆਂ ਵਿਚ ਪੀਣ ਵਾਲਾ ਪਾਣੀ ਵੀ ਖੂਹਾਂ, ਨਦੀਆਂ ਤੋਂ ਲੈ ਕੇ ਆਉਣਾ ਪੈਂਦਾ ਸੀ, ਬਹੁਤ ਔਖਾ ਮਿਲਦਾ ਸੀ ਪਾਣੀ। ਹੁਣ ਧਰਤੀ ਹੇਠਾਂ ਪਾਣੀ ਹੌਲੀ-ਹੌਲੀ ਖ਼ਤਮ ਹੋ ਰਿਹਾ ਅਤੇ ਪਾਣੀ ਦਾ ਲੇਬਲ ਵੀ ਬਹੁਤ ਹੇਠਾਂ ਹੋ ਗਿਆ। ਜੇਕਰ ਆਪਾਂ ਪਾਣੀ ਨੂੰ ਨਾ ਬਚਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਪਾਣੀ ਪੀਣ ਲਈ ਵੀ ਨਹੀਂ ਬਚੇਗਾ।" ਬੇਬੇ ਦੀ ਗੱਲ ਸੁਣ ਬੰਟੀ ਨੇ ਟੂਟੀ ਬੰਦ ਕਰ ਦਿੱਤੀ।

-ਕੁਲਵਿੰਦਰ ਕੁਮਾਰ ਬਹਾਦਰਗੜ੍ਹ

## ਮੋਹ

ਮੈਂ ਪਰੇਸ਼ਾਨੀ ਦੀ ਹਾਲਤ ਵਿਚ ਬੈਠਾ ਸੀ। ਤਦੇ ਮੇਰੇ ਬੀਜੀ ਨੇ ਆ ਕੇ ਕਿਹਾ, "ਚੱਲ ਪੁੱਤ, ਅੱਜ ਜਿਹੜਾ ਆਪਣੇ ਸ਼ਹਿਰ 'ਚ ਲੋਕਾਂ ਨੇ ਮਿਲ ਕੇ ਕੀਰਤਨ ਦਰਬਾਰ ਕਰਵਾਇਆ ਹੈ ਉੱਥੇ ਜਾ ਆਉਂਦੇ ਆ। ਨਾਲੇ ਤੇਰਾ ਥੋੜ੍ਹਾ ਮਨ ਠੀਕ ਹੋਜੂ।"

ਉੱਥੇ ਰਾਗੀਆਂ ਦੀ ਮਿੱਠੀ ਆਵਾਜ਼ ਨੇ ਮੇਰਾ ਮਨ ਮੋਹ ਲਿਆ। ਮੇਰੀ ਉਦਾਸੀ ਖੰਭ ਲਾ ਕੇ ਉੱਡ ਗਈ। ਰਾਗੀ ਕੀਰਤਨ ਦੇ ਨਾਲ-ਨਾਲ ਕਥਾ ਵੀ ਕਰ ਰਹੇ ਸਨ। "ਰੱਬ ਦਾ ਜਾਪ ਕਰੋ, ਮਾਇਆ ਦਾ ਮੋਹ ਤਿਆਗ ਦਿਉ....।" ਉਨ੍ਹਾਂ ਦੀ ਮਿੱਠੀ ਆਵਾਜ਼ ਦਾ ਮੇਰੇ ਦਿਲ ਤੇ ਗਹਿਰਾ ਅਸਰ ਹੋਇਆ। "ਮੈਂ ਐਵੇਂ ਹੀ ਉਦਾਸ ਸਾ, ਅਸਾਂ ਕਿਹੜਾ ਧੰਨ-ਦੌਲਤ ਨਾਲ ਲਿਜਾਣੀ ਏ।" ਸੋਚਦਾ ਹੋਇਆ ਮੈਂ ਪੰਡਾਲ' 'ਚੋਂ ਬੀਜੀ ਨਾਲ ਬਾਹਰ ਆ ਗਿਆ। ਅਸੀਂ ਲੰਗਰ ਖਾ ਕੇ ਪਰਤੇ ਤਾਂ ਮੈਂ ਦੇਖਿਆ ਸਟੇਜ ਦੇ ਪਿਛਵਾੜੇ ਜਿਹੇ ਕੁਝ ਆਦਮੀ ਆਪਸ ਵਿੱਚ ਖਹਿਬੜ ਰਹੇ ਸਨ।

"ਹੁਣ ਘੱਟ ਕਿਉਂ ਦਿੰਦੇ ਪਏ ਓ ? ਜਦ ਅਸੀਂ ਤੁਹਾਨੂੰ ਪਹਿਲਾਂ ਦੱਸ ਦਿੱਤਾ ਸੀ ਕਿ ਅਸੀਂ ਕਿੰਨੇ ਚ ਕੀਰਤਨ ਕਰਦੇ ਹਾਂ।" ਜਦੋਂ ਗੁੱਸੇ ਚ ਲਾਲ-ਪੀਲੇ ਹੁੰਦੇ ਉਨ੍ਹਾਂ ਰਾਗੀਆਂ ਦੀ ਹੀ ਮੇਰੇ ਕੰਨੀਂ ਆਵਾਜ਼ ਪਈ ਤਾਂ ਮੈਂ ਇੱਕ ਦਮ ਠਠੰਬਰ ਗਿਆ। ਮਾਇਆ ਦਾ ਮੋਹ ਤਾਂ ਇੰਨ੍ਹਾਂ ਨੂੰ ਵੀ....ਤੇ ਮੈਂ ਫਿਰ ਉਦਾਸ ਹੋ ਗਿਆ।

-ਮਨਪ੍ਰੀਤ ਕੌਰ

# ਪੰਜਾਬ ਵੱਲ ਪਿੱਠ ਕਰਨ ਦਾ ਨਹੀਂ, ਪੰਜਾਬ ਨੂੰ ਹਿੱਕ ਨਾਲ ਲਾਉਣ ਦਾ ਵੇਲਾ

**ਗੁਰਮੀਤ ਸਿੰਘ ਪਲਾਹੀ**
9815802070



ਆਓ ਪਹਿਲਾਂ ਪੰਜਾਬ ਦੇ ਸਿਆਸੀ ਹਾਲਾਤ ਵੱਲ ਵੇਖੀਏ :- ਕਦੇ ਪੰਜਾਬ ਦੀ ਪ੍ਰਮੁੱਖ ਸਿਆਸੀ ਧਿਰ ਗਿਣਿਆ ਜਾਣ ਵਾਲਾ ਸ਼੍ਰੋਮਣੀ ਅਕਾਲੀ ਦਲ ਅੱਜ ਅੰਦਰੂਨੀ ਕਾਟੋ-ਕਲੇਸ਼ ਕਾਰਨ ਖ਼ਤਰਨਾਕ ਤੌਰ 'ਤੇ ਟੁੱਟ ਚੁੱਕਾ ਹੈ। ਇੱਕ ਧਿਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੱਝੀ ਹੈ। ਦੂਜੇ ਧਿਰ 'ਤੇ ਸੁਖਬੀਰ ਸਿੰਘ ਬਾਦਲ ਦਾ ਕਬਜ਼ਾ ਹੈ ਅਤੇ ਤੀਜੀ ਧਿਰ ਸਿੱਖ ਰਾਜਨੀਤੀ ਦੀ ਤਾਕਤ ਰੂਪ ਵਿੱਚ ਅੱਗੇ ਵੱਧ ਰਹੇ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਹੈ। ਇਹ ਸਾਰੀਆਂ ਧਿਰਾਂ ਨਵੀਂ ਦਿੱਲੀ ਦੇ ਵਿਰੋਧ ਵਿੱਚ ਖੜੀਆਂ ਹਨ। ਪਰ ਇਹ ਸਿੱਖ ਵੋਟ ਆਪੋ-ਆਪਣੇ ਫ਼ਾਇਦਿਆਂ, ਮੁੱਦਿਆਂ ਨੂੰ ਲੈ ਕੇ ਵੰਡੀ ਹੋਈ ਨਜ਼ਰ ਆਉਂਦੀ ਹੈ।

ਭਾਜਪਾ ਇੱਕ ਲਗਾਤਾਰ ਚੋਣ ਲੜਨ ਵਾਲੀ ਸੈਨਾ ਦੀ ਤਰ੍ਹਾਂ ਹੈ ਅਤੇ ਪੰਜਾਬ ਵਿੱਚ ਸਰਗਰਮ ਹੈ। ਉਸ ਦੇ ਨੇਤਾ ਸੋਚਦੇ ਹਨ ਕਿ ਜੇਕਰ ਸਿੱਖ ਵੋਟ ਤਿੰਨ ਹਿੱਸਿਆਂ-ਸ਼੍ਰੋਮਣੀ ਅਕਾਲੀ ਦਲ (ਦੋਵੇਂ ਧੜੇ), ਕਾਂਗਰਸ ਅਤੇ ਗਰਮ ਖਿਆਲੀਆਂ ਦਰਮਿਆਨ ਵੰਡੀ ਜਾਏ ਤਾਂ ਉਹ ਇਕੱਲਿਆਂ ਸੱਤਾ ਹਾਸਲ ਕਰ ਸਕਦੀ ਹੈ। ਹਿੰਦੂ-ਮੁਸਲਿਮ ਧਰੁਵੀਕਰਨ ਦੇ ਜ਼ਰੀਏ ਜਿੱਤਣਾ ਖ਼ਾਸ ਕਰਕੇ ਉੱਥੇ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿੱਚ ਹਨ, ਭਾਜਪਾ ਦੀ ਰਣਨੀਤੀ ਹੈ ਪਰ ਪੰਜਾਬ ਚ ਸਥਿਤੀ ਬਿਲਕੁਲ ਵੱਖਰੀ ਹੈ। ਇੱਥੇ ਸਿੱਖ ਬਹੁਮਤ ਵਿੱਚ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਅਕਾਲੀਆਂ ਦਾ ਪ੍ਰਦਰਸ਼ਨ ਇਸ ਲਈ ਇੰਨਾ ਖਰਾਬ ਰਿਹਾ ਸੀ, ਕਿਉਂਕਿ ਉਨਾਂ ਦਾ ਅੱਧਾ ਵੋਟ, ਲਗਭਗ 13 ਫ਼ੀਸਦੀ ਗਰਮ ਖਿਆਲੀਆਂ ਨੇ ਹਥਿਆ ਲਿਆ। ਚਾਹੇ ਕਿਸੇ ਨੂੰ ਪਸੰਦ ਆਵੇ ਜਾਂ ਨਾ ਆਵੇ ਲੇਕਿਨ ਪੰਜਾਬ ਗਰਮ ਖਿਆਲੀਆਂ ਦੀ ਹਰਮਨ ਪਿਆਰਤਾ ਬਣ ਚੁੱਕਿਆ ਹੈ। ਲੋਕਾਂ ਦਾ ਅਕਾਲੀਆਂ ਤੋਂ ਮੋਹ-ਭੰਗ ਵੱਧ ਰਿਹਾ ਹੈ। ਭਾਜਪਾ ਨੂੰ ਧਰੁਵੀਕਰਨ ਵਾਲੀ ਪਾਰਟੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

ਭਾਜਪਾ ਸਭ ਕੁਝ ਜਿੱਤਣ ਦੀ ਸੋਚ ਰੱਖਦੀ ਹੈ। ਪੰਜਾਬ ਦੀ ਉਸ ਤੋਂ ਦੂਰੀ ਭਾਜਪਾ ਨੂੰ ਪ੍ਰੇਸ਼ਾਨ ਕਰ ਰਹੀ ਹੈ। ਹੁਣ ਤੱਕ ਇੱਕ ਵੇਰ ਹੀ ਉਹ ਸੱਤਾ ਵਿੱਚ ਆਈ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝੀਦਾਰ ਬਣਕੇ। ਇਹ ਕਦਮ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 1990 ਦੇ ਦਹਾਕੇ ਚ ਉਠਾਇਆ ਸੀ ਪਰ ਮੌਜੂਦਾ ਹਾਕਮਾਂ ਨੇ ਇਹ ਗੱਠਜੋੜ ਤੋੜ ਕੇ ਇਕੱਲਿਆਂ ਚੋਣ ਲੜਨ ਦਾ ਫ਼ੈਸਲਾ ਲਿਆ। ਇਸ ਨਾਲ ਭਾਜਪਾ ਨੂੰ ਪੰਜਾਬ 'ਚ ਕੋਈ ਫ਼ਾਇਦਾ ਨਹੀਂ ਮਿਲਿਆ। ਲੇਕਿਨ ਪੰਜਾਬ ਚ ਉਸਦੀ ਵੋਟ ਪ੍ਰਤੀਸ਼ਤ ਵਧੀ ਹੈ।

2022 ਵਿਚ ਵਿਧਾਨ ਸਭਾ ਵਿੱਚ ਇਹ 6.6 ਫ਼ੀਸਦੀ ਸੀ, ਜੋ 2024 ਲੋਕ ਸਭਾ ਵਿਚ 18.56 ਫ਼ੀਸਦੀ ਹੋ ਗਈ। ਇਸ ਤਰ੍ਹਾਂ ਉਹ ਆਪਣੇ ਪੁਰਾਣੇ ਸਾਂਝੀਵਾਲ ਸ਼੍ਰੋਮਣੀ ਅਕਾਲੀ ਦਲ ਤੋਂ ਅੱਗੇ ਨਿਕਲ ਗਈ, ਜਿਸ ਨੂੰ 13.2 ਫ਼ੀਸਦੀ ਵੋਟਾਂ ਮਿਲੀਆਂ ਜਦ ਕਿ ਆਮ ਆਦਮੀ ਪਾਰਟੀ 26 ਫ਼ੀਸਦੀ ਅਤੇ ਕਾਂਗਰਸ ਵੀ 26 ਫ਼ੀਸਦੀ ਵੋਟਾਂ ਲੈ ਗਈ।

ਆਮ ਆਦਮੀ ਪਾਰਟੀ ਪੰਜਾਬ ਚ ਉਹ ਕੁਝ ਨਹੀਂ ਕਰ ਸਕੀ, ਜਿਸ ਦੀ ਤਵੱਕੋ ਪੰਜਾਬ ਵਾਸੀ ਕਰ ਰਹੇ ਸਨ। ਬਿਨਾਂ ਸ਼ੱਕ ਲੋਕਾਂ ਦੇ ਘਰਾਂ ਦੀ ਬਿਜਲੀ ਮੁਆਫ਼ੀ ਅਤੇ ਕੁਝ ਹੋਰ ਭਲਾਈ ਕੰਮਾਂ ਨੇ ਆਮ ਆਦਮੀ ਪਾਰਟੀ ਨੂੰ ਹਾਲੇ ਤੱਕ ਲੋਕਾਂ ਦੇ ਨੇੜੇ ਰੱਖਿਆ ਹੋਇਆ ਹੈ ਪਰ ਉਹ ਭ੍ਰਿਸ਼ਟਾਚਾਰ ਨੂੰ ਠੱਲ ਨਹੀਂ ਪਾ ਸਕੀ। ਰੇਤ ਮਾਫ਼ੀਆ ਉਹਨਾ ਤੋਂ ਕਾਬੂ ਨਹੀਂ ਹੋਇਆ। ਲੋਕਾਂ ਚ ਇਹ ਪ੍ਰਚਾਰ ਵਧਦਾ ਜਾ ਰਿਹਾ ਹੈ ਕਿ ਪੰਜਾਬ ਦੀ ਸਰਕਾਰ ਨੂੰ ਲੋਕ ਦਿੱਲੀਓਂ ਚਲਾਉਂਦੇ ਹਨ। ਜਿਸ ਨੂੰ ਆਮ ਪੰਜਾਬੀ ਕਦੇ ਮਾਨਸਿਕ ਤੌਰ 'ਤੇ ਪ੍ਰਵਾਨ ਨਹੀਂ ਕਰਦੇ। ਉੱਪਰੋਂ ਹੜ੍ਹਾਂ ਦੀ ਵਿਆਪਕ ਮਾਰ ਨੇ ਪੰਜਾਬ ਦੀ ਸਰਕਾਰ ਉੱਤੇ ਇੰਨੇ ਕੁ ਸਵਾਲ ਖੜੇ ਕਰ ਦਿੱਤੇ ਹਨ ਕਿ 'ਆਪ ਸੂਬਾ ਸਰਕਾਰ' ਕਟਹਿਰੇ ਚ ਖੜੀ ਵਿਖਾਈ ਦੇ ਰਹੀ ਹੈ।

ਆਲ ਇੰਡੀਆ ਕਾਂਗਰਸ ਪਾਰਟੀ ਪੰਜਾਬ 'ਚ ਅੱਗੇ ਤਾਂ ਵੱਧ ਰਹੀ ਹੈ, ਦੇਸ਼ ਦੀਆਂ ਬਦਲ ਰਹੀਆਂ ਹਾਲਤਾਂ ਦੇ ਮੱਦੇ ਨਜ਼ਰ, ਪਰ ਪੰਜਾਬ ਵਿਚ ਇਸ ਦੀ ਲੀਡਰਸ਼ਿਪ ਖੱਖੜੀਆਂ-ਖੱਖੜੀਆਂ ਹੋਈ ਪਈ ਹੈ, ਲੋਕ ਇਸ ਪਾਰਟੀ ਨੂੰ ਪੰਜਾਬ ਵਿਚ ਬਦਲ ਦੇ ਰੂਪ ਵਿਚ ਤਾਂ ਵੇਖਦੇ ਹਨ ਪਰ ਜ਼ਮੀਨੀ ਪੱਧਰ ਉੱਤੇ ਕਾਂਗਰਸ ਦੀ ਕਾਰਗੁਜ਼ਾਰੀ ਵਿਰੋਧੀ ਧਿਰ ਵਜੋਂ ਤਸੱਲੀ ਬਖਸ਼ ਨਹੀਂ ਹੈ। ਪੰਜਾਬ ਵਿਚ ਜਿੰਨੇ 5-6 ਕੁ ਉਪਰਲੇ ਕਾਂਗਰਸੀ ਹਨ, ਸਾਰੇ ਹੀ ਮੁੱਖ ਮੰਤਰੀ ਬਨਣ ਦੇ ਇਛੁੱਕ ਹਨ। ਪੰਜਾਬ ਚ ਬਾਕੀ ਸਿਆਸੀ ਧਿਰਾਂ ਖੱਬੇ ਪੱਖੀ, ਬਸਪਾ, ਸ਼੍ਰੋਮਣੀ ਅਕਾਲੀ ਦਲ (ਮਾਨ) ਆਪੋ-ਆਪਣੇ ਤੌਰ 'ਤੇ ਪੰਜਾਬ 'ਚ ਆਪਣੀ ਹੋਂਦ ਵਿਖਾਉਣ ਲਈ ਤਤਪਰ ਦਿਸਦੇ ਹਨ, ਪਰ ਉਨਾਂ ਦੀਆਂ ਸਿਆਸੀ ਪ੍ਰਾਪਤੀਆਂ ਵਜੋਂ ਪ੍ਰਸ਼ਨ ਚਿੰਨ੍ਹ ਵੱਧ ਹਨ।

ਪੰਜਾਬ ਚ ਆਈ ਵੱਡੀ ਆਫਤ ਹੜ੍ਹਾਂ ਨੇ ਸਿਆਸੀ ਧਿਰਾਂ ਅਤੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੀ ਸਰਕਾਰ ਸੀਮਤ ਸਾਧਨਾਂ ਨਾਲ ਲੋਕਾਂ ਪੱਲੇ ਉਹ ਕੁਝ ਨਹੀਂ ਪਾ ਸਕੀ ਜਿਸ ਦੀ ਆਸ ਲੋਕਾਂ ਨੂੰ ਸੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪੀੜਤ ਲੋਕਾਂ ਤੱਕ ਪਹੁੰਚ ਦੂਰ ਰਹੀ ਹੈ। ਫੋਟੋ ਖਿਚਵਾਉਣ ਤੱਕ ਦੀ ਮਸ਼ਕ ਨਾਲ ਉਹਨਾ ਦੀ ਲੋਕਾਂ ਨਾਲ ਦੂਰੀ ਵਧ ਗਈ। ਇਹ ਦੂਰੀ ਹੁਣ ਹੋਰ ਵੀ ਵਧ ਰਹੀ ਹੈ, ਜਦੋਂ ਭਾਜਪਾ, ਆਪ, ਕਾਂਗਰਸ, ਅਕਾਲੀ, ਹੜ੍ਹ ਰਾਹਤ ਫੰਡ ਸੰਬੰਧੀ ਬੇਤੁਕੀ ਦੂਸ਼ਣਬਾਜੀ ਕਰ ਰਹੇ ਹਨ। ਆਖ਼ਿਰ ਪੀੜਤਾਂ ਨੂੰ ਇਸ ਦਾ ਕੀ ਲਾਭ ਹੋਏਗਾ? ਇਹੋ ਜਿਹੀ ਔਖੀ ਘੜੀ ਵੋਟ-ਰਾਜਨੀਤੀ ਨਿੰਦਣਯੋਗ ਹੈ।

ਕੇਂਦਰ ਦੀ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਨੇ 1600 ਕਰੋੜ ਪੰਜਾਬ ਲਈ ਫੌਰੀ ਰਾਹਤ ਐਲਾਨੀ ਹੈ। ਮੋਦੀ ਜੀ ਦੇ ਦੌਰੇ ਤੋਂ ਵੱਡੀ ਰਾਹਤ ਦੀ ਉਮੀਦ ਸੀ, ਉਹ ਰਤਾ ਭਰ ਵੀ ਪੂਰੀ ਨਹੀਂ ਹੋਈ। ਇਹਨਾ ਐਲਾਨਾਂ ਨਾਲ ਪੰਜਾਬੀ ਇਸ ਦੌਰੇ ਉਪਰੰਤ ਪਰੇਸ਼ਾਨ ਹੋਏ ਹਨ। ਪੰਜਾਬ ਚ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ। ਸੂਬੇ ਦੇ 2185 ਪਿੰਡ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਆਏ। ਪੰਜਾਬ ਵਿਚ 1.91 ਲੱਖ ਹੈਕਟੇਅਰ ਫ਼ਸਲ ਬਰਬਾਦ ਹੋ ਗਈ। ਸਰਕਾਰ ਵੱਲੋਂ ਤੁਛ ਜਿਹੀ ਰਕਮ 20 ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਮੁਆਵਜ਼ੇ ਦਾ ਐਲਾਨ ਹੋਇਆ ਹੈ।

ਵੱਖੋ ਵੱਖਰੀਆਂ ਸਿਆਸੀ ਧਿਰਾਂ ਕੇਂਦਰੀ ਰਾਹਤ ਨੂੰ ਪੰਜਾਬ ਲਈ ਮਜ਼ਾਕ ਕਹਿ ਰਹੀਆਂ ਹਨ। ਕੇਂਦਰ ਤੇ ਰਾਜ ਸਰਕਾਰ ਦਰਮਿਆਨ 'ਕੌਮੀ ਆਫ਼ਤ ਰਾਹਤ ਫੰਡ' ਨੂੰ ਲੈ ਕੇ ਘਮਸਾਨ ਛਿੜਿਆ ਹੋਇਆ ਹੈ। ਹੜ੍ਹਾਂ ਦੇ ਪਾਣੀ ਤੋਂ ਥੋੜੀ ਰਾਹਤ ਮਿਲਣ ਤੇ ਪਿੰਡਾਂ ਦੇ ਲੋਕ ਆਪਣੇ ਖੇਤਾਂ, ਘਰਾਂ ਦੀ ਸਾਰ ਲੈ ਰਹੇ ਹਨ। ਵਲੰਟੀਅਰ ਸੰਸਥਾਵਾਂ, ਕਿਸਾਨ ਜੱਥੇਬੰਦੀਆਂ ਉਨਾਂ ਨਾਲ ਖੜੀਆਂ ਹਨ। ਕਿਧਰੇ-ਕਿਧਰੇ ਸਿਆਸੀ ਧਿਰਾਂ ਵੀ ਪੁੱਜਦੀਆਂ ਹਨ। ਕਿਸਾਨ, ਖੇਤ ਮਜ਼ਦੂਰ, ਪੇਂਡੂ ਲੋਕ ਹੜ੍ਹਾਂ ਦੀ ਮਾਰ ਨਾਲ ਪੂਰੀ ਤਰ੍ਹਾਂ ਪਿੰਜੇ ਗਏ ਹਨ। ਸਿਆਸੀ ਧਿਰਾਂ ਤੇ ਸਰਕਾਰ ਵੱਲੋਂ ਐਲਾਨ 'ਤੇ ਐਲਾਨ ਹੋ ਰਹੇ ਹਨ। ਪੰਜਾਬ ਦੇ ਹੜ੍ਹ ਪੀੜਤਾਂ ਨੂੰ ਰਾਹਤ ਕੇਵਲ ਐਲਾਨਾਂ ਨਾਲ ਨਹੀਂ ਮਿਲਣੀ।

ਇਸ ਸਭ ਕੁਝ ਦੇ ਦਰਮਿਆਨ ਲੋਕਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਰਹੀ ਹੈ ਕਿ ਕੇਂਦਰੀ ਹਾਕਮ ਪੰਜਾਬ ਨਾਲ ਨਫ਼ਰਤ ਕਰਦੇ ਹਨ। ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ 1600 ਕਰੋੜ ਦੇ ਐਲਾਨ ਨੇ ਪੰਜਾਬ ਦੇ ਜਜ਼ਬਾਤ ਨੂੰ ਵਲੂੰਧਰਿਆ ਹੈ। 12000 ਕਰੋੜ ਰਾਹਤ ਇੱਕ ਛਲਾਵਾ ਹੈ। ਅਸਲ ਵਿੱਚ ਉਦੋਂ ਜਦੋਂ ਹੁਣ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕਜ ਦੀ ਲੋੜ ਹੈ। ਉਦੋਂ ਜਦੋਂ ਹੁਣ ਪੰਜਾਬ ਨੂੰ ਪਿੰਡਾਂ ਦੀਆਂ ਸੜਕਾਂ, ਬੁਨਿਆਦੀ ਢਾਂਚੇ ਅਤੇ ਲੋਕਾਂ ਦੇ ਘਰਾਂ ਦੇ ਮੁੜ ਉਸਾਰੀ ਦੀ ਲੋੜ ਹੈ, ਪੰਜਾਬ ਵੱਲ ਹਾਕਮ ਪਿੱਠ ਕਰੀ ਬੈਠੇ ਹਨ। ਪੰਜਾਬ ਉਧੜ ਗਿਆ ਹੈ। ਇਸ ਨੂੰ ਮੁੜ ਉਨਣ ਦੀ ਲੋੜ ਹੈ। ਲੋਕ ਮਨੋਵਿਗਿਆਨਿਕ ਤੌਰ ਤੇ ਪਰੇਸ਼ਾਨ ਹੋ ਉਠੇ ਹਨ। ਇਹਨਾਂ ਨੂੰ ਸਾਂਭਣ ਦੀ ਲੋੜ ਹੈ।

ਭਾਵੇਂ ਦੇਸ਼ ਦੇ ਹੋਰ ਸੂਬਿਆਂ ਜੰਮੂ ਕਸ਼ਮੀਰ, ਉੱਤਰਾਖੰਡ, ਹਿਮਾਚਲ 'ਚ ਹੜ੍ਹਾਂ ਨੇ ਜਨਜੀਵਨ ਉਥਲ-ਪੁਥਲ ਕਰ ਦਿੱਤਾ ਹੈ। ਪਰ ਪੰਜਾਬ 'ਚ ਸਥਿਤੀ ਗੰਭੀਰ ਹੈ। ਇਸ ਗੰਭੀਰ ਸਥਿਤੀ ਵਿੱਚੋਂ ਕਿਵੇਂ ਨਿਕਲਿਆ ਜਾਵੇ, ਇਹ ਵੱਡਾ ਸਵਾਲ ਹੈ। ਸਵਾਲ ਇਹ ਵੀ ਹੈ ਕਿ ਪੰਜਾਬ ਉਜੜਦਾ ਹੈ, ਮੁੜ-ਮੁੜ ਉਜੜਦਾ ਹੈ, ਪਰ ਇਸਦੀ ਸਾਂਭ-ਸੰਭਾਲ ਤੇ ਦੇਖ-ਰੇਖ ਦੇਸ਼ "ਸਕੇ ਪੁੱਤਰ" ਵਾਂਗਰ ਨਹੀਂ ਕਰਦਾ। ਜਿਹੜਾ ਹਰ ਘੜੀ ਦੇਸ਼ ਨਾਲ ਔਖੇ ਵੇਲਿਆਂ 'ਚ ਖੜਦਾ ਹੈ। ਬਾਹਰੀ ਹਮਲਿਆਂ ਵੇਲੇ ਵੀ, ਅੰਨ ਭੰਡਾਰਨ ਵੇਲੇ ਵੀ।

ਲੋਕ ਸਮਝਣ ਲੱਗੇ ਹਨ ਕਿ ਪੰਜਾਬ ਨਾਲ ਵੱਡੇ ਹਾਕਮ ਮਤਰੇਆ ਸਲੂਕ ਕਰ ਰਹੇ ਹਨ। ਪੰਜਾਬ ਨਾਲ ਕੀਤੇ ਮਤਰੇਏ ਸਲੂਕ ਕਾਰਨ ਪੈਦਾ ਹੋਈ ਦੂਰੀ ਹੋਰ ਵੱਧ ਰਹੀ ਹੈ। ਪ੍ਰਧਾਨ ਮੰਤਰੀ ਦੇ ਦੌਰੇ ਤੋਂ ਬਾਅਦ 12 ਹਜ਼ਾਰ ਕਰੋੜ ਦੀ ਆਫ਼ਤ ਪ੍ਰਬੰਧਨ ਰਾਹਤ, 1600 ਕਰੋੜ ਦੀ ਰਾਸ਼ੀ ਵਰਗੇ ਖੋਖਲੇ ਐਲਾਨਾਂ ਨਾਲ ਇਹ ਦੂਰੀ ਹੋਰ ਵਧੀ ਹੈ। ਪੰਜਾਬ ਚ ਹੜ੍ਹਾਂ ਦੀ ਭਿਆਨਕ ਸਥਿਤੀ ਕਾਰਨ ਪ੍ਰਧਾਨ ਮੰਤਰੀ ਦਾ ਕੁਝ ਵੀ ਨਾ ਬੋਲਣਾ, ਲੋਕਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਹ ਪਰੇਸ਼ਾਨੀ ਉਦੋਂ ਹੋਰ ਵੀ ਵਧੀ ਜਦੋਂ ਪ੍ਰਧਾਨ ਮੰਤਰੀ ਨੇ ਅਫਗਾਨਿਸਤਾਨ 'ਚ ਆਏ ਭੂਚਾਲ ਪ੍ਰਤੀ ਤਾਂ ਤੁਰੰਤ ਬੋਲਿਆ, ਉਹਨਾ ਲਈ ਰਾਹਤ ਦਾ ਐਲਾਨ ਵੀ ਕੀਤਾ ਪਰ ਪੰਜਾਬ ਦੇ ਹੜ੍ਹਾਂ ਸਬੰਧੀ ਕੁਝ ਵੀ ਆਪਣੇ ਮੁਖਾਰਬਿੰਦ ਤੋਂ ਨਹੀਂ ਕਿਹਾ।

ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਪੰਜਾਬੀਆਂ ਦੇ ਮਨਾਂ ਦੀ ਤਰਜ਼ਮਾਨੀ ਕਰਨ ਵਾਲਾ ਹੈ। ਗਿਆਨੀ ਜੀ ਕਹਿੰਦੇ ਹਨ - ਸਤਿਕਾਰਤ ਪ੍ਰਧਾਨ ਮੰਤਰੀ ਜੀ ਅਫਗਾਨਿਸਤਾਨ ਨਾਲ ਦੁੱਖ ਦਾ ਪ੍ਰਗਟਾਵਾ ਚੰਗਾ ਹੈ ਲੇਕਿਨ ਪੰਜਾਬ, ਦੇਸ਼ ਦਾ ਹਿੱਸਾ ਹੈ, ਜਿੱਥੇ 17 ਅਗਸਤ ਨੂੰ ਲਗਭਗ 1500 ਪਿੰਡ ਅਤੇ 3 ਲੱਖ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਅੱਜ ਪੰਜਾਬ ਦੇ ਲੋਕਾਂ ਨੂੰ ਸਾਂਭਣ ਦੀ ਲੋੜ ਹੈ। ਪੰਜਾਬ ਦੇ ਖਰਾਬ ਹੋਏ ਬੁਨਿਆਦੀ ਢਾਂਚੇ ਨੂੰ ਨਵਿਆਉਣ ਦੀ ਲੋੜ ਹੈ। ਮੁਸੀਬਤ ਦੀ ਘੜੀ ਉਹਨਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਆਫ਼ਤ ਮੌਕੇ ਕੇਂਦਰ ਅਤੇ ਭਾਜਪਾ ਲਈ ਪੰਜਾਬ ਦੇ ਨਾਲ ਖੜੇ ਹੋਣ ਦਾ ਵੱਡਾ ਮੌਕਾ ਹੋ ਸਕਦਾ ਹੈ। ਇਹ ਉਸ ਸੂਬੇ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਮੌਕਾ ਹੋ ਸਕਦਾ ਹੈ, ਜਿਸ ਦੇ ਲੋਕ ਖੇਤੀ ਕਾਨੂੰਨਾਂ ਅਤੇ ਚੰਡੀਗੜ੍ਹ ਦਰਿਆਈ ਪਾਣੀਆਂ ਜਿਹੇ ਵਿਤਕਰੇ ਕਾਰਨ ਦਿੱਲੀ ਤੋਂ ਦੂਰ ਹੋਏ ਹਨ।

ਵਿਰੋਧੀ ਧਿਰਾਂ ਕਾਂਗਰਸ, ਅਕਾਲੀ, ਪੰਜਾਬ ਦੀ ਸਰਕਾਰ ਵੀ ਇਸ ਸਮੇਂ ਇਸ ਮੁੱਦੇ 'ਤੇ ਸਿਆਸਤ ਨਾ ਕਰੇ। ਇੰਜ ਕੀਤਿਆਂ ਪੰਜਾਬੀਆਂ ਦਾ ਨੇਤਾਵਾਂ ਪ੍ਰਤੀ ਬਚਿਆ ਖੁਚਿਆ ਭਰੋਸਾ ਵੀ ਟੁੱਟ ਜਾਏਗਾ। ਹਾਕਮਾਂ ਨਾਲ ਪੰਜਾਬੀਆਂ ਦੀ ਦੂਰੀ ਪਹਿਲੇ ਕਾਂਗਰਸੀ ਹਾਕਮਾਂ ਨਾਲ ਵੀ ਵੱਡੀ ਰਹੀ ਹੈ। ਪਰ ਅੱਜ ਦਿੱਲੀ ਹਾਕਮਾਂ ਵੱਲੋਂ, ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਸਮਾਂ ਹੈ। ਭਾਰਤ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਸਭ ਕੁਝ ਕਰੇ, ਜਿਨਾਂ ਦੇ ਯੋਗਦਾਨ ਬਿਨਾਂ 'ਭਾਰਤੀ ਗਣਰਾਜ' ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ, ਕਿਉਂਕਿ ਪੰਜਾਬ ਸਰਹੱਦਾਂ ਦਾ ਪਹਿਰੇਦਾਰ ਹੈ। ਪੰਜਾਬ ਦੇਸ਼ ਦਾ ਅੰਨਦਾਤਾ ਹੈ। ਕੀ ਦੇਸ਼ ਪੰਜਾਬ ਪ੍ਰਤੀ ਅੱਖਾਂ ਮੀਟ ਸਕਦਾ ਹੈ?

ਦੇਸ਼ ਦੇ ਹਾਕਮਾਂ ਅਤੇ ਸਿਆਸਤਦਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਇੱਕ ਰਾਸ਼ਟਰ ਜੋ ਆਪਣੇ ਇਤਿਹਾਸ ਤੋਂ ਨਹੀਂ ਸਿੱਖਦਾ ਉਸਨੂੰ ਕੀਮਤ ਚੁਕਾਉਣੀ ਪੈਂਦੀ ਹੈ। ਪੰਜਾਬ ਜੇ ਦਿੱਲੀ ਤੋਂ ਦੂਰ ਹੁੰਦਾ ਰਿਹਾ ਤਾਂ ਆਖ਼ਿਰ ਇਸਦਾ ਕੀ ਸਿੱਟਾ ਨਿਕਲੇਗਾ। ਮਿਜ਼ੋਰਮ ਉਦਾਹਰਣ ਹੈ।

# ਸਿਆਸੀ ਅਸਥਿਰਤਾ ਦੀ ਅੱਗ ਵਿੱਚ ਝੁਲਸਦਾ ਦੇਸ਼ - ਨੇਪਾਲ

**ਸੰਦੀਪ ਕੁਮਾਰ**
7009807121



ਨੇਪਾਲ, ਜੋ ਹਿਮਾਲਿਆਈ ਸੁੰਦਰਤਾ ਅਤੇ ਜੈਵ-ਵਿਭਿੰਨਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਅੱਜ ਸਿਆਸੀ ਅਸਥਿਰਤਾ ਦੀ ਅੱਗ ਵਿੱਚ ਝੁਲਸ ਰਿਹਾ ਹੈ। ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਵੱਲੋਂ 9 ਸਤੰਬਰ 2025 ਨੂੰ ਦਿੱਤੇ ਅਸਤੀਫੇ ਨੇ ਦੇਸ਼ ਨੂੰ ਇੱਕ ਅਜਿਹੇ ਸੰਕਟ ਵਿੱਚ ਧੱਕ ਦਿੱਤਾ, ਜਿਸ ਨੇ ਨਾ ਸਿਰਫ਼ ਸਰਕਾਰੀ ਢਾਂਚੇ ਨੂੰ ਹਿਲਾ ਦਿੱਤਾ ਬਲਕਿ ਅਰਥਵਿਵਸਥਾ ਅਤੇ ਸਮਾਜਿਕ ਤਾਣਾ-ਬਾਣਾ ਵੀ ਡੋਲ ਰਿਹਾ ਹੈ। ਇਹ ਅਸਤੀਫਾ ਕੇਵਲ ਇੱਕ ਵਿਅਕਤੀਗਤ ਫੈਸਲਾ ਨਹੀਂ ਸੀ, ਸਗੋਂ ਜੂਨ 2025 ਤੋਂ ਸ਼ੁਰੂ ਹੋਏ ਜਨਰੇਸ਼ਨ ਜੈਡ (ਯੂਥ) ਦੀ ਅਗਵਾਈ ਵਾਲੇ ਹਿੰਸਕ ਪ੍ਰਦਰਸ਼ਨਾਂ ਦਾ ਨਤੀਜਾ ਸੀ, ਜਿਨ੍ਹਾਂ ਨੇ ਕਾਠਮੰਡੂ ਅਤੇ ਹੋਰ ਸ਼ਹਿਰਾਂ ਨੂੰ ਅਰਾਜਕਤਾ ਦੀ ਭੇਂਟ ਚੜ੍ਹਾ ਦਿੱਤਾ।

ਇਨ੍ਹਾਂ ਪ੍ਰਦਰਸ਼ਨਾਂ ਵਿੱਚ 51 ਤੋਂ ਵੱਧ ਲੋਕਾਂ ਦੀ ਜਾਨ ਗਈ, ਸੈਂਕੜੇ ਜ਼ਖਮੀ ਹੋਏ, ਅਤੇ ਸਰਕਾਰੀ ਇਮਾਰਤਾਂ ਜਿਵੇਂ ਪਾਰਲੀਮੈਂਟ ਭਵਨ ਅਤੇ ਸੁਪਰੀਮ ਕੋਰਟ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਪਰ, 12 ਸਤੰਬਰ 2025 ਨੂੰ ਇੱਕ ਇਤਿਹਾਸਕ ਮੋੜ ਆਇਆ ਜਦੋਂ ਸੁਸ਼ੀਲਾ ਕਾਰਕੀ, ਨੇਪਾਲ ਦੀ ਪਹਿਲੀ ਮਹਿਲਾ ਮੁੱਖ ਨਿਆਇਕ, ਨੂੰ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ। ਸਿਆਸੀ ਸਹਿਮਤੀ ਨਾਲ 73 ਸਾਲੀ ਕਾਰਕੀ ਦੀ ਨਿਯੁਕਤੀ ਨੇ ਨੇਪਾਲ ਦੀ ਸਿਆਸਤ ਵਿੱਚ ਇੱਕ ਨਵੀਂ ਉਮੀਦ ਜਗਾਈ, ਪਰ ਸਥਿਤੀ ਅਜੇ ਵੀ ਅਨਿਸ਼ਚਿਤ ਹੈ।

ਨੇਪਾਲ ਦੀ ਸਿਆਸੀ ਜ਼ਮੀਨ ਦਾ ਇਤਿਹਾਸ ਅਸਥਿਰਤਾ ਨਾਲ ਭਰਿਆ ਹੈ। ਸਾਲ 2008 ਵਿੱਚ ਰਾਜਸ਼ਾਹੀ ਦੇ ਖਾਤਮੇ ਅਤੇ ਗਣਰਾਜ ਦੀ ਸਥਾਪਨਾ ਨੇ ਦੇਸ਼ ਨੂੰ ਲੋਕਤੰਤਰਿਕ ਮਾਰਗ ’ਤੇ ਲਿਆਂਦਾ, ਪਰ 1996-2006 ਦੇ ਮਾਓਵਾਦੀ ਸੰਘਰਸ਼ ਨੇ ਪਹਿਲਾਂ ਹੀ ਹਜ਼ਾਰਾਂ ਜਾਨਾਂ ਅਤੇ ਅਰਥਵਿਵਸਥਾ ਨੂੰ ਤਬਾਹ ਕਰ ਦਿੱਤਾ ਸੀ। ਸਾਲ 2015 ਦੇ ਸੰਵਿਧਾਨ ਨੇ ਸੱਤ ਸੰਘੀ ਪ੍ਰਾਂਤਾਂ ਅਤੇ ਧਰਮਨਿਰਪੱਖਤਾ ਦੀ ਨੀਂਹ ਰੱਖੀ, ਪਰ ਮਧੇਸੀ ਅਤੇ ਪਹਾੜੀ ਖੇਤਰਾਂ ਵਿੱਚ ਅਧਿਕਾਰਾਂ ਨੂੰ ਲੈ ਕੇ ਵਿਵਾਦ ਨੇ ਸਥਿਰਤਾ ਨੂੰ ਚੁਣੌਤੀ ਦਿੱਤੀ। ਕੇ.ਪੀ. ਸ਼ਰਮਾ ਓਲੀ, ਜਿਨ੍ਹਾਂ ਨੇ 15 ਜੁਲਾਈ 2024 ਨੂੰ ਤੀਸਰੀ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ, ਨੇਪਾਲੀ ਕਾਂਗਰਸ ਅਤੇ ਹੋਰ ਛੋਟੀਆਂ ਪਾਰਟੀਆਂ ਨਾਲ ਗਠਜੋੜ ਸਰਕਾਰ ਬਣਾਈ। ਸਾਲ 2022 ਦੀਆਂ ਚੋਣਾਂ ਵਿੱਚ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ, ਜਿਸ ਨੇ ਗਠਜੋੜ ਦੀ ਜ਼ਰੂਰਤ ਨੂੰ ਵਧਾਇਆ। ਓਲੀ ਦੀ ਸਰਕਾਰ ਨੇ ਆਰਥਿਕ ਸੁਧਾਰ ਅਤੇ ਵਿਦੇਸ਼ੀ ਨਿਵੇਸ਼, ਖਾਸ ਕਰਕੇ ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ ਨਾਲ ਜੁੜੇ ਪ੍ਰੋਜੈਕਟਾਂ ’ਤੇ ਜ਼ੋਰ ਦਿੱਤਾ। ਪਰ, ਇਹ ਨੀਤੀਆਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਅਤੇ ਨੌਜਵਾਨਾਂ ਵਿੱਚ ਅਸੰਤੋਸ਼ ਦਾ ਕਾਰਨ ਬਣੀਆਂ। ਨੇਪਾਲ ਦੀ ਆਬਾਦੀ ਦਾ ਵੱਡਾ ਹਿੱਸਾ ਨੌਜਵਾਨ ਹੈ, ਜੋ ਵਿਦੇਸ਼ਾਂ ਵਿੱਚ ਰੈਮਿਟੈਂਸ (ਅਰਥਵਿਵਸਥਾ ਦਾ 29.1%) ਭੇਜਦੇ ਹਨ, ਪਰ ਦੇਸ਼ ਅੰਦਰ ਰੁਜ਼ਗਾਰ ਦੀ ਘਾਟ ਅਤੇ ਸਰਕਾਰੀ ਨੀਤੀਆਂ ਨੇ ਉਨ੍ਹਾਂ ਨੂੰ ਨਿਰਾਸ਼ ਕੀਤਾ।








ਇਸ ਸੰਕਟ ਦੀ ਸ਼ੁਰੂਆਤ ਜੂਨ 2025 ਵਿੱਚ ਸੋਸ਼ਲ ਮੀਡੀਆ ਪਾਬੰਦੀ ਨਾਲ ਹੋਈ, ਜਿਸ ਨੂੰ ਸਰਕਾਰ ਦੀ ਭ੍ਰਿਸ਼ਟਾਚਾਰ ਛੁਪਾਉਣ ਦੀ ਕੋਸ਼ਿਸ਼ ਮੰਨਿਆ ਗਿਆ। ਨੌਜਵਾਨਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਪ੍ਰਦਰਸ਼ਨ ਤੇਜ਼ੀ ਨਾਲ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਵਿਦੇਸ਼ੀ ਪ੍ਰਭਾਵ ਵਿਰੁੱਧ ਮੁਹਿੰਮ ਵਿੱਚ ਬਦਲ ਗਏ। ਕਾਠਮੰਡੂ ਦੀਆਂ ਸੜਕਾਂ ’ਤੇ ਹਜ਼ਾਰਾਂ ਨੌਜਵਾਨਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਪੁਲਿਸ ਨਾਲ ਝੜਪਾਂ ਵਿੱਚ ਹਿੰਸਾ ਵਧੀ। ਇਸ ਦੇ ਨਾਲ ਹੀ ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਸਮਰਥਕਾਂ ਨਾਲ ਹੋਈਆਂ ਝੜਪਾਂ, ਜਿਨ੍ਹਾਂ ਵਿੱਚ ਇੱਕ ਪੱਤਰਕਾਰ ਸਮੇਤ ਦੋ ਮੌਤਾਂ ਹੋਈਆਂ, ਨੇ ਪ੍ਰਦਰਸ਼ਨਾਂ ਨੂੰ ਨਵੀਂ ਗਤੀ ਦਿੱਤੀ।

ਅਗਸਤ 2025 ਤੱਕ, ਪ੍ਰਦਰਸ਼ਨ ਦੇਸ਼ ਵਿਆਪੀ ਹੋ ਗਏ, ਜਿਸ ਨਾਲ ਬੈਂਕ ਲੁੱਟੇ ਗਏ, ਅੰਤਰਰਾਸ਼ਟਰੀ ਹਵਾਈ ਅੱਡੇ ਬੰਦ ਹੋਏ ਅਤੇ ਸਰਕਾਰੀ ਕੰਮਕਾਜ ਠੱਪ ਹੋ ਗਿਆ। ਪ੍ਰਦਰਸ਼ਕਾਰੀਆਂ ਨੇ ਪਾਰਲੀਮੈਂਟ ਅਤੇ ਸੁਪਰੀਮ ਕੋਰਟ ’ਤੇ ਹਮਲੇ ਕੀਤੇ, ਜਿਸ ਨਾਲ ਸਰਕਾਰ ਦੀ ਸਾਖ ਨੂੰ ਭਾਰੀ ਨੁਕਸਾਨ ਹੋਇਆ। ਓਲੀ ਨੇ ਸ਼ੁਰੂ ਵਿੱਚ ਪੁਲਿਸ ਬਲ ਨਾਲ ਪ੍ਰਦਰਸ਼ਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਗਠਜੋੜ ਭਾਗੀਦਾਰ ਨੇਪਾਲੀ ਕਾਂਗਰਸ ਨੇ ਸਮਰਥਨ ਵਾਪਸ ਲੈ ਲਿਆ, ਤਾਂ ਅਸਤੀਫਾ ਅਟੱਲ ਹੋ ਗਿਆ।

ਓਲੀ ਦੇ ਅਸਤੀਫੇ ਤੋਂ ਬਾਅਦ, ਸੁਸ਼ੀਲਾ ਕਾਰਕੀ ਦੀ ਨਿਯੁਕਤੀ ਨੇ ਨੇਪਾਲ ਦੀ ਸਿਆਸਤ ਵਿੱਚ ਇੱਕ ਨਵਾਂ ਅਧਿਆਇ ਸ਼ੁਰੂ ਕੀਤਾ ਅਤੇ 12 ਸਤੰਬਰ 2025 ਨੂੰ, ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ 73 ਸਾਲੀ ਕਾਰਕੀ ਨੂੰ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ। ਕਾਰਕੀ, ਜੋ 2016-2017 ਵਿੱਚ ਨੇਪਾਲ ਦੀ ਪਹਿਲੀ ਮਹਿਲਾ ਮੁੱਖ ਨਿਆਇਕਾ ਰਹੀ, ਨੂੰ ਉਨ੍ਹਾਂ ਦੀ ਭ੍ਰਿਸ਼ਟਾਚਾਰ ਵਿਰੋਧੀ ਇਮੇਜ਼ ਕਾਰਨ ਚੁਣਿਆ ਗਿਆ। ਇਹ ਨਿਯੁਕਤੀ ਪ੍ਰਦਰਸ਼ਨਕਾਰੀਆਂ, ਫੌਜ ਅਤੇ ਰਾਸ਼ਟਰਪਤੀ ਵਿਚਕਾਰ ਗੱਲਬਾਤ ਦਾ ਨਤੀਜਾ ਸੀ। ਕਾਰਕੀ ਨੂੰ ਨੌਜਵਾਨ ਨੇਤਾਵਾਂ ਅਤੇ ਸਮਾਜਿਕ ਸੰਗਠਨਾਂ ਨੇ ਸਮਰਥਨ ਦਿੱਤਾ, ਜਿਨ੍ਹਾਂ ਨੇ ਡਿਸਕਾਰਡ ਅਤੇ ਵੀਪੀਐੱਨ ਵਰਗੇ ਪਲੇਟਫਾਰਮਾਂ ’ਤੇ ਆਪਣੀ ਮੁਹਿੰਮ ਨੂੰ ਸੰਗਠਿਤ ਕੀਤਾ। ਸੰਸਦ ਨੂੰ ਭੰਗ ਕਰਕੇ ਮਾਰਚ 2026 ਤੱਕ ਨਵੀਆਂ ਚੋਣਾਂ ਦੀ ਘੋਸ਼ਣਾ ਕੀਤੀ ਗਈ ਹੈ ਅਤੇ ਕਾਰਕੀ ਨੂੰ ਨਵੇਂ ਮੰਤਰੀਆਂ ਦੀ ਨਿਯੁਕਤੀ ਅਤੇ ਸਥਿਰਤਾ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਰ, ਸਿਆਸੀ ਪਾਰਟੀਆਂ ਵਿਚਕਾਰ ਬੇਭਰੋਸਗੀ ਅਤੇ ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਦੀਆਂ ਰਾਜਸ਼ਾਹੀ ਅਤੇ ਹਿੰਦੂ ਰਾਸ਼ਟਰ ਦੀਆਂ ਮੰਗਾਂ ਨੇ ਸਥਿਤੀ ਨੂੰ ਪੇਚੀਦਾ ਬਣਾਇਆ ਹੋਇਆ ਹੈ। ਨੇਪਾਲੀ ਕਾਂਗਰਸ ਦੇ ਸ਼ੇਰ ਬਹਾਦੁਰ ਦੇਉਬਾ ਅਤੇ ਕਮਿਊਨਿਸਟ ਪਾਰਟੀ (ਯੂਨੀਫਾਈਡ ਮਾਰਕਸਿਸਟ-ਲੈਨਿਨਿਸਟ) ਦੇ ਅੰਦਰੂਨੀ ਝਗੜੇ ਵੀ ਸਰਕਾਰ ਗਠਨ ਨੂੰ ਮੁਸ਼ਕਿਲ ਬਣਾ ਰਹੇ ਹਨ।

ਇਸ ਸੰਕਟ ਦੇ ਅਰਥਿਕ ਪ੍ਰਭਾਵ ਬਹੁਤ ਗੰਭੀਰ ਹਨ। ਨੇਪਾਲ, ਜੋ ਵਿਦੇਸ਼ੀ ਰੈਮਿਟੈਂਸ (ਅਰਥਵਿਵਸਥਾ ਦਾ 29.1%) ਅਤੇ ਸੈਰ-ਸਪਾਟੇ ’ਤੇ ਨਿਰਭਰ ਹੈ, ਨੂੰ ਭਾਰੀ ਨੁਕਸਾਨ ਹੋਇਆ। ਅੰਤਰਰਾਸ਼ਟਰੀ ਹਵਾਈ ਅੱਡੇ ਦਾ ਬੰਦ ਹੋਣਾ ਅਤੇ ਬੈਂਕਾਂ ਦੀ ਲੁੱਟ ਨੇ ਵਿੱਤੀ ਪ੍ਰਣਾਲੀ ਨੂੰ ਹਿੱਲਾ ਦਿੱਤਾ। ਖੇਤੀਬਾੜੀ, ਜੋ ਅਰਥਵਿਵਸਥਾ ਦਾ 31.7% ਪ੍ਰਦਾਨ ਕਰਦੀ ਹੈ, ਬਜ਼ਾਰਾਂ ਦੇ ਬੰਦ ਹੋਣ ਨਾਲ ਪ੍ਰਭਾਵਿਤ ਹੋਈ। ਸੈਰ-ਸਪਾਟਾ, ਜੋ ਮਾਊਂਟ ਐਵਰੈਸਟ ਅਤੇ ਨੈਸ਼ਨਲ ਪਾਰਕਾਂ ’ਤੇ ਨਿਰਭਰ ਹੈ, ਠੱਪ ਹੋ ਗਿਆ। ਦੇਸ਼ ਦੀ 23.8% ਵਸੋਂ, ਜੋ ਗਰੀਬੀ ਰੇਖਾ ਤੋਂ ਹੇਠਾਂ ਹੈ, ਹੁਣ ਹੋਰ ਸੰਕਟ ਵਿੱਚ ਹੈ। ਸੁਪਰੀਮ ਕੋਰਟ ਦੇ 15 ਜਨਵਰੀ 2025 ਦੇ ਵਾਤਾਵਰਣ ਸੰਭਾਲ ਸੰਬੰਧੀ ਫੈਸਲੇ, ਜਿਨ੍ਹਾਂ ਨੇ ਜਲਵਿਦਿਅਤ ਅਤੇ ਹੋਟਲ ਪ੍ਰੋਜੈਕਟਾਂ ਨੂੰ ਰੱਦ ਕੀਤਾ, ਸੰਕਟ ਦੇ ਸਮੇਂ ਅਸਰਹੀਣ ਜਾਪਦੇ ਹਨ।

ਵਿਦੇਸ਼ੀ ਪ੍ਰਭਾਵ ਨੇ ਵੀ ਸੰਕਟ ਨੂੰ ਗੰਭੀਰ ਕੀਤਾ ਹੈ। ਭਾਰਤ, ਜਿਸ ਨਾਲ ਨੇਪਾਲ ਦੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧ ਹਨ, ਰਾਜਸ਼ਾਹੀ ਦੀ ਵਾਪਸੀ ਦਾ ਸਮਰਥਨ ਨਹੀਂ ਕਰਦਾ, ਪਰ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਪ੍ਰਜੈਕਟ ਨੇ ਨੇਪਾਲ ਨੂੰ ਆਰਥਿਕ ਨਿਰਭਰਤਾ ਦੇ ਜਾਲ ਵਿੱਚ ਫਸਾਇਆ। ਓਲੀ ਦਾ ਅਸਤੀਫਾ ਕੁਝ ਹੱਦ ਤੱਕ ਚੀਨ-ਵਿਰੋਧੀ ਸੰਕੇਤ ਵਜੋਂ ਵੇਖਿਆ ਜਾ ਰਿਹਾ ਹੈ। ਅਮਰੀਕੀ ਦਖਲ ਦੀਆਂ ਅਫਵਾਹਾਂ, ਜਿਵੇਂ ਯੂਨਾਈਟੇਡ ਸਟੇਟਸ ਏਜੰਸੀ ਫੋਰ ਇੰਟਰਨੈਸ਼ਨਲ ਡਵੈਲਪਮੈਂਟ ਵਰਗੀਆਂ ਸੰਸਥਾਵਾਂ ਦੁਆਰਾ ਨੌਜਵਾਨ ਅੰਦੋਲਨਾਂ ਨੂੰ ਸਮਰਥਨ, ਨੇ ਸਿਆਸੀ ਚਰਚਾ ਨੂੰ ਹੋਰ ਪੇਚੀਦਾ ਕਰ ਦਿੱਤਾ। ਕੁਝ ਵਿਸ਼ਲੇਸ਼ਕ ਇਸ ਨੂੰ ਅਮਰੀਕੀ ਸਮਰਥਿਤ ਰੀਜੀਮ ਚੇਂਜ ਵਜੋਂ ਵੇਖਦੇ ਹਨ, ਜਦਕਿ ਹੋਰ ਮੰਨਦੇ ਹਨ ਕਿ ਇਹ ਨੌਜਵਾਨਾਂ ਦੀ ਸਵੈਇੱਛਤ ਬਗ਼ਾਵਤ ਹੈ।

ਸੁਸ਼ੀਲਾ ਕਾਰਕੀ ਦੀ ਨਿਯੁਕਤੀ ਨੇਪਾਲੀ ਲੋਕਤੰਤਰ ਲਈ ਇੱਕ ਇਤਿਹਾਸਕ ਮੌਕਾ ਹੈ। ਉਨ੍ਹਾਂ ਦੀ ਭ੍ਰਿਸ਼ਟਾਚਾਰ ਵਿਰੋਧੀ ਇਮੇਜ਼ ਅਤੇ ਨਿਆਂਇਕ ਅਨੁਭਵ ਨੇ ਨੌਜਵਾਨਾਂ ਵਿੱਚ ਉਮੀਦ ਜਗਾਈ ਹੈ। ਪਰ, ਚੁਣੌਤੀਆਂ ਵੀ ਬਹੁਤ ਹਨ। ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਦੀਆਂ ਮੰਗਾਂ, ਸੰਘੀਅਤਾ ਦੇ ਵਿਵਾਦ ਅਤੇ ਸਿਆਸੀ ਪਾਰਟੀਆਂ ਵਿਚਕਾਰ ਬੇਭਰੋਸਗੀ ਨੇ ਸਰਕਾਰ ਗਠਨ ਨੂੰ ਮੁਸ਼ਕਿਲ ਬਣਾਇਆ ਹੈ। ਨੇਪਾਲ ਨੂੰ ਸਥਿਰਤਾ ਲਈ ਨਿਰਪੱਖ ਨਿਆਂ ਪ੍ਰਣਾਲੀ, ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਾਨੂੰਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਸਕੀਮਾਂ ਦੀ ਜ਼ਰੂਰਤ ਹੈ। ਸੰਘੀਅਤਾ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਪ੍ਰਾਂਤੀ ਸਰਕਾਰਾਂ ਨੂੰ ਵਧੇਰੇ ਸੱਤਾ ਦੇਣੀ ਪਵੇਗੀ।

ਵਿਦੇਸ਼ੀ ਪ੍ਰਭਾਵ, ਖਾਸ ਕਰਕੇ ਭਾਰਤ ਅਤੇ ਚੀਨ, ਨੂੰ ਸੰਤੁਲਿਤ ਕਰਨ ਲਈ ਨਿਰਪੱਖ ਵਿਦੇਸ਼ ਨੀਤੀ ਅਪਣਾਉਣੀ ਪਵੇਗੀ। ਸੁਸ਼ੀਲਾ ਕਾਰਕੀ ਦੀ ਅਗਵਾਈ ਵਿੱਚ ਨਵੀਂ ਸਰਕਾਰ ਦੇਸ਼ ਨੂੰ ਸਥਿਰਤਾ ਵੱਲ ਲੈ ਜਾ ਸਕਦੀ ਹੈ, ਜੇਕਰ ਉਹ ਨੌਜਵਾਨਾਂ ਦੀ ਊਰਜਾ ਅਤੇ ਸਮਾਜਿਕ ਮੰਗਾਂ ਨੂੰ ਸੰਬੋਧਿਤ ਕਰਦੀ ਹੈ। ਨਹੀਂ ਤਾਂ, ਰਾਸ਼ਟਰੀਆ ਪ੍ਰਜਾਤੰਤਰ ਪਾਰਟੀ ਦੀਆਂ ਮੰਗਾਂ ਅਤੇ ਸਿਆਸੀ ਅਸਥਿਰਤਾ ਦੇਸ਼ ਨੂੰ ਹੋਰ ਅਰਾਜਕਤਾ ਵੱਲ ਧੱਕ ਸਕਦੀਆਂ ਹਨ। ਇਹ ਸੰਕਟ ਨੇਪਾਲ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਲਿਖ ਰਿਹਾ ਹੈ, ਜਿੱਥੇ ਬਦਲਾਅ ਦੀ ਉਮੀਦ ਅਤੇ ਵਿਨਾਸ਼ ਦਾ ਡਰ ਸਮਾਨ ਰੂਪ ਵਿੱਚ ਮੌਜੂਦ ਹਨ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# Politics of Justice and Righteousness

**IQBAL SINGH LALPURA**
**9780003333**



In today's turbulent world, politics is increasingly becoming a battlefield of manipulation, deception, and the pursuit of power at any cost. Across nations, we see governments being overthrown by violence or weakened by false narratives. In such a climate, society is left confused about what is right and what is wrong, what leads to progress and what leads to destruction. This is not just an international phenomenon; India, too, has its share of challenges, but at the same time, it offers the world a unique vision of politics rooted in ethics, spirituality, and justice.

Human civilization has always debated the right way to govern. Some saw politics as the art of survival, others as the science of power. In the West, Niccolò Machiavelli shaped the doctrine that rulers must rely on cunning, deception, and fear to maintain control. His advice that "it is safer to be feared than loved" has guided many authoritarian regimes. This method creates temporary empires but leaves behind scars of mistrust and fear. Closer home, India had its own master strategist, Chanakya, who, in his Arthashastra, laid down rules of governance based on diplomacy, intelligence, law, and foresight. He believed in dharma but also insisted that survival of the state was the first duty of the ruler, even if it meant using harsh measures. His ideas were deeply practical and gave stability, but sometimes at the cost of compassion.

Yet, India's spiritual heritage offered a different path. The Bhagavad Gita, in its dialogue between Shri Krishna and Arjuna, teaches that politics and life must be rooted in dharma — righteous duty. When Arjuna is confused about right and wrong on the battlefield of Kurukshetra, Krishna guides him that action must be selfless, without attachment to reward, and aligned with justice. The concept of Ram Rajya further refines this vision, where governance is marked by justice, equality, and care for every subject. In Ram Rajya, no one is left hungry or oppressed, and the king becomes the servant of his people, not their master. This ideal left a deep imprint on Indian consciousness and continues to inspire leaders who seek to balance power with morality.



The Sikh Gurus carried this philosophy further. Guru Nanak Dev Ji, the founder of Sikhism, was not only a spiritual guide but also a revolutionary thinker on governance. In Guru Granth Sahib Ji, he declared: "Raja chuli niun ki" (SGGS Ang 1240), meaning that the king is like a balance-scale; he must always uphold justice with fairness. A ruler who does not practice justice, however mighty he may appear, has no legitimacy. Guru Nanak's vision of Halemi Raj was a kingdom of humility, where no one oppressed another, where everyone lived in dignity, and where compassion guided the ruler's policies. It was not a dream but a practical political model, rooted in ethics and equality.

This vision reached its full flowering in Guru Gobind Singh Ji. He gave politics a new language of courage and sacrifice. In the Zafarnama, his celebrated letter to Emperor Aurangzeb, he wrote: "Chu kar hama hiltae dar guzast, halal ast burdan ba shamsheer dast" — when all other means have failed, it is righteous to draw the sword. For him, politics was not about conquest but about defending the weak and standing up to tyranny. He established the Khalsa as saint-soldiers — men and women who would never abandon righteous deeds (shubh karman te kabhoon na taron), who would plan with determination (nischey kar apni jeet karo), and who would be ready to die fighting when injustice crossed all limits. This was not just politics; it was the blending of morality, spirituality, and sovereignty.

Later, Maharaja Ranjit Singh, often called the Lion of Punjab, turned this vision into practice. His empire in the early 19th century was a living example of Halemi Raj and Ram Rajya combined. Under his rule, justice was delivered without discrimination, religious freedom was respected, and development flourished. Hindus, Sikhs, and Muslims all found representation in his court. He rebuilt temples destroyed in invasions, supported gurdwaras, and ensured that mosques too were respected. His governance was not guided by Machiavellian fear but by Sikh philosophy of humility and service. He created an atmosphere where Punjab prospered in trade, culture, and security. This model of inclusive and just governance remains unmatched in South Asian history.

When we contrast these traditions with today's political climate, the difference is striking. Modern politics, both in India and abroad, is often dominated by Machiavellian tactics — manipulation of truth, creation of false narratives, and pursuit of power without concern for justice. This breeds instability and distrust in society. Violence is glorified as revolution, and misleading propaganda confuses the public. Yet, India under the leadership of Prime Minister Narendra Modi has sought to return to the principles of dharma-driven governance. His policies have emphasized development, national strength, and global leadership. Today, India is counted among the world's major political and economic powers, not merely because of its size but because of its vision.

In this journey, India draws strength from its civilizational ethos — from the Gita's call to righteous action, from Ram Rajya's model of justice, from Guru Nanak's vision of Halemi Raj, and from Guru Gobind Singh Ji's courage to stand against tyranny. Together, these philosophies remind us that politics cannot be divorced from morality. Without justice, power becomes tyranny. Without humility, strength becomes arrogance. Without courage, governance becomes helplessness. True progress comes only when rulers see themselves as servants of the people, guided by fairness, courage, and compassion.

For Punjab, this message has special relevance. This land has witnessed both Ram Rajya and Halemi Raj in practice. It has produced leaders who blended justice with compassion, and warriors who gave their lives for righteousness. Yet, in recent decades, politics in Punjab seems to have drifted toward Machiavellian ways — manipulation, false narratives, and attempts to weaken national unity. Instead of building on the glorious legacy of Guru Nanak, Guru Gobind Singh Ji, and Maharaja Ranjit Singh, politics has too often been reduced to blame-games and imaginary allegations. This has weakened the state, both economically and socially.

What Punjab needs today is not more division but a revival of its true legacy — the legacy of just, inclusive, and developmental governance. Maharaja Ranjit Singh's model of fairness and prosperity should be replicated, not forgotten. The concept of Halemi Raj must guide policy-making, where every citizen — Hindu, Sikh, Muslim, Christian — lives with dignity and hope. Above all, the national government must be seen not as an adversary but as a partner. Prime Minister Narendra Modi, who has put India firmly on the path of development and global leadership, deserves respect and support. He should be made a patron in Punjab's growth story, so that the state can rise again to its rightful place as a land of prosperity, culture, and courage.

Punjab has always been the sword-arm of India, but it must also become the torchbearer of justice and development. Its future cannot be built on Machiavellian politics of deception, but on the Sikh philosophy of courage, humility, and justice. That is the only way to restore dignity to governance, bring harmony to society, and ensure progress for generations to come.

**Former Chairman, National Commission for Minorities, Government of India**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ–18**

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਡਾ: ਕਿਰਨਪ੍ਰੀਤ ਕੌਰ ਬਾਠ**



**ਇਤਿਹਾਸ ਗਵਾਹ ਹੈ ਜਿਨ੍ਹਾਂ ਚਿਰ ਗੁਰੂ ਸਾਹਿਬ ਦਿੱਲੀ ਰਹੇ ਤਾਂ ਉਹ ਔਰੰਗਜ਼ੇਬ ਨੂੰ ਨਹੀਂ ਮਿਲੇ। ਇਸ ਤੋਂ ਇਹ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਗੁਰੂ ਹਰਿਰਾਏ ਹੀ ਗੁਰੂ ਹਰਿਕ੍ਰਿਸ਼ਨ ਹੋਏ। ਇਹ ਘਟਨਾ ਆਪਣੇ ਆਪ ਵਿੱਚ ਹੀ ਸਿੱਖਾਂ ਨੂੰ ਨਿਰਭਉ ਨਿਰਵੈਰੁ ਦਾ ਅਮਲੀ ਅਰਥ ਦ੍ਰਿੜ ਕਰਵਾਉਣ ਵਾਲ਼ੀ ਸੀ। ਗੁਰੂ ਨਿਰਭਉ ਹੈ ਅਤੇ ਕੇਵਲ ਇੱਕ ਅਕਾਲ ਦੇ ਤਖ਼ਤ ਨੂੰ ਹੀ ਮੰਨਦਾ ਹੈ, ਗੁਰੂ ਨਿਰਵੈਰੁ ਵੀ ਹੈ। ਸਿਧਾਂਤਕ ਪੱਖ ਉੱਤੇ ਕਿਸੇ ਨਾਲ਼ ਕੋਈ ਸਮਝੌਤਾ ਨਹੀਂ ਕਰਨਾ ਵੈਰ ਨਹੀਂ ਹੈ, ਕੇਵਲ ਨੈਤਿਕ ਅਤੇ ਮੌਲਿਕ ਰੂਪ ਵਿੱਚ ਪਤ ਰੱਖ ਜਿਊਣ ਦਾ ਇਲਮ ਹੈ, ਜੋ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਿੱਖਾਂ ਨੂੰ ਸਮਝਾ ਦਿੱਤਾ।**

ਓਦੋਂ ਸਿੱਖੀ-ਸਿਦਕ ਪੱਕਾ ਸੀ ਤਾਂ ਹੀ ਉਹ ਏਨੀ ਵੱਡੀ ਫ਼ੌਜ ਲੈ, ਏਨੇ ਤਸੀਹੇ ਦੇ ਕੇ ਵੀ ਸਿੱਖਾਂ ਨੂੰ ਹਰਾ ਨਹੀਂ ਸਕਿਆ।

ਜੇ ਅੱਜ ਦੇ ਸਿੱਖ ਹੁੰਦੇ ਤਾਂ ਕੁਝ ਤਾਂ ਚੌਧਰ ਦੇ ਕੇ ਖ਼ਰੀਦ ਹੋ ਜਾਣੇ ਸੀ, ਕੁਝ ਪੈਸੇ ਵੇਖ ਕੇ ਬਦਲ ਜਾਣੇ ਸੀ, ਕੁਝ ਆਪਣੀ ਬੁੱਧੀਹੀਣਤਾ ਦੇ ਚਲਦਿਆਂ ਔਰੰਗਜ਼ੇਬ ਦੇ ਹੀ ਖੜ੍ਹੇ ਕੀਤੇ ਕਿਸੇ ਰਾਮਰ-ਾਇ ਨੂੰ ਗੁਰੂ ਸਮਝ ਪਿੱਛੇ ਭੱਜੇ ਫਿਰਦੇ, ਕੁਝ ਆਪਣੇ ਆਪ ਨੂੰ ਪੜ੍ਹਿਆ-ਲਿਖਿਆ ਸਿੱਧ ਕਰਨ ਦੇ ਚੱਕਰ ਵਿੱਚ ਬਾਣੀ ਨੂੰ ਨਕਾਰ ਦਿੰਦੇ। ਜਿਹੜੇ ਬੱਚਦੇ ਉਹ ਇਹਨਾਂ ਸਭ ਦੀ ਮਿਲ਼ੀਭੁਗਤ ਨਾਲ਼ ਜੇਲ੍ਹਾਂ ਵਿੱਚ ਪਾ ਦਿੱਤੇ ਜਾਂਦੇ, ਪੁਲਿਸ ਮੁਕਾਬਲੇ ਬਣਾ ਮਰਵਾ ਦਿੱਤੇ ਜਾਂਦੇ, ਜਲਾਵਤਨ ਕਰ ਦਿੱਤੇ ਜਾਂਦੇ। ਸ਼ਾਇਦ ਔਰੰਗਜ਼ੇਬ ਆਇਆ ਹੀ ਬੈਠਾ ਹੈ ਨਾਂ ਅਤੇ ਪਛਾਣ ਬਦਲ ਕੇ। ਪਰ ਉਹ ਸ਼ਾਇਦ ਇਹ ਵੀ ਜਾਣਦਾ ਹੈ ਕਿ ਸਿੱਖਾਂ ਦੇ ਗੁਰੂ ਨੇ 'ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ' (ਅੰਗ 384 ) ਦਾ ਵਰਦਾਨ ਦਿੱਤਾ ਹੈ, ਇਹ ਮੁੱਕਣੇ ਨਹੀਂ।

ਇਸੇ ਲਈ ਉਹ ਕਦੇ ਨਹੁੰ-ਮਾਸ ਦਾ ਰਿਸ਼ਤਾ ਗਿਣਾਉਂਦਾ ਹੈ, ਕਦੇ ਸਾਰੇ ਗੁਰੂਆਂ, ਗੁਰਸਿੱਖਾਂ ਨੂੰ ਹਿੰਦੂ ਹੀ ਦੱਸਦਾ ਹੋਇਆ ਇਤਿਹਾਸ ਆਪਣੇ ਨਾਂ ਲਿਖਣ ਦੀ ਅਸਫ਼ਲ ਕੋਸ਼ਿਸ਼ ਕਰਦਾ ਹੈ ਅਤੇ ਕਦੇ ਤਿਲਮਿਲਾ ਕੇ ਨਸਲਕੁਸ਼ੀ ਕਰਨ ਦੀ ਕੋਸ਼ਿਸ਼ ਕਰਦਾ ਹੈ।

**ਬਾਲਕ ਨਹੀਂ ਗੁਰੂ ਜੋਤ :**

ਅਕਸਰ ਗੁਰੂ ਹਰਿਕ੍ਰਿਸ਼ਨ ਜੀ ਨੂੰ ਦੁਨਿਆਵੀ ਉਮਰ ਦੇ ਕਾਰਨ 'ਬਾਲਕ' ਜਾਂ 'ਬਾਲ' ਕਹਿ ਭੁਲੇਖਾ ਪਾਇਆ ਜਾਂਦਾ ਹੈ ਅਤੇ ਅਸੀਂ ਇਸ ਭੁਲੇਖੇ ਵਿੱਚ ਪੈ ਵੀ ਜਾਂਦੇ ਹਾਂ, ਕਿਉਂਕਿ ਅਸੀਂ ਵੀ 'ਗੁਰੂ' ਦੇ ਅਰਥ ਦੁਨਿਆਵੀ ਰੂਪ ਵਿੱਚ ਹੀ ਕਰਦੇ ਹਾਂ। ਸਾਡੇ ਵਿੱਚੋਂ ਬਹੁਤੇ ਤਾਂ ਗੁਰੂ ਨੂੰ 'ਟੀਚਰ' (ਅਧਿਆਪਕ) ਹੀ ਕਹਿ ਪ੍ਰਚਾਰੀ ਜਾਂਦੇ ਹਨ, ਇਸੇ ਹਿਸਾਬ ਨਾਲ਼ ਸਿੱਖ ਨੂੰ ਉਹ 'ਸ਼ਿਸ਼' ਹੀ ਕਹੀ ਜਾਂਦੇ ਹਨ। ਗੁਰੂ ਅਤੇ ਸਿੱਖ, ਸ਼ਬਦ ਅਤੇ ਸੁਰਤ ਦਾ ਇਨਸਾਨੀ ਅਨੁਵਾਦ ਹੈ। ਨਾ ਸ਼ਬਦ-ਗੁਰੂ ਦਾ ਦੇਹਾਂ ਨਾਲ਼ ਕੋਈ ਲੈਣ ਦੇਣ ਹੈ ਅਤੇ ਨਾ ਹੀ ਚੇਲੇ ਭਾਵ ਸਿੱਖ, ਸੁਰਤ ਦਾ। ਇਹ ਦੋਵੇਂ ਹੀ ਜੋਤ-ਰੂਪ ਹੋ ਵਿਚਰਦੇ ਹਨ। ਜਿਸ ਦਿਨ ਸਿੱਖਾਂ ਨੇ ਪੰਜ ਸੀਸ ਭੇਟ ਕਰ ਇਹ ਸਿੱਧ ਕਰ ਦਿੱਤਾ ਕਿ ਉਹ ਸੁਰਤ ਰੂਪ ਹੋ ਗੁਰੂ ਜੋਤ ਨੂੰ ਪੂਰਨ ਤੌਰ ਉੱਤੇ ਸਮਰਪਿਤ ਹੋ ਗਏ ਹਨ, ਤਾਂ ਏਹੀ ਜੋਤ ਪੰਜਾਂ ਵਿੱਚ ਜਾਂਦੀ ਹੈ। ਇਹ ਸਮਝਣਾ ਅਤਿ ਲਾਜ਼ਮੀ ਹੈ ਕਿ ਗੁਰੂ ਪੰਥ ਪ੍ਰਗਟ ਕਿਵੇਂ ਹੁੰਦਾ ਹੈ। ਜਦੋਂ ਗੁਰੂ ਗੋਬਿੰਦ ਸਾਹਿਬ ਪੰਜਾਂ ਕੋਲੋਂ ਅੰਮ੍ਰਿਤ ਛਕਦੇ ਹਨ ਤਾਂ ਉਹ ਪੰਜ ਦੇਹਾਂ ਕੋਲੋਂ ਨਹੀਂ, ਬਲਕਿ ਓਸੇ ਸੁਰਤ ਕੋਲੋਂ ਛਕ ਰਹੇ ਹਨ ਜੋ ਹੁਣ ਆਪ ਗੁਰੂ ਜੋਤ ਹੋ ਗਈ ਸੀ। ਇੱਥੇ ਜਦੋਂ ਸੁਰਤ ਗੁਰੂ-ਸ਼ਬਦ ਵਿੱਚ ਅਭੇਦ ਹੋ ਗਈ ਤਾਂ ਗੁਰੂ-ਚੇਲਾ, ਚੇਲਾ-ਗੁਰੂ ਹੋ ਗਿਆ। ਭਾਈ ਗੁਰਦਾਸ ਨੇ ਇਸ ਨੂੰ ਬਹੁਤ ਸੋਹਣੇ ਢੰਗ ਨਾਲ਼ ਸਮਝਾਇਆ ਹੈ:

ਗੁਰ ਚੇਲਾ ਚੇਲਾ ਗੁਰੂ
ਗੁਰ ਚੇਲੇ ਪਰਚਾ ਪਾਇਆ
ਬਿਰਖਹੁ ਫਲੁ ਫਲ ਤੇ ਬਿਰਖੁ
ਪਿਉ ਪੁਤਹੁ ਪੁਤ ਪਿਉ ਪਤੀ ਆਇਆ
ਪਾਰਬ੍ਰਹਮੁ ਪੂਰਨ ਬ੍ਰਹਮ ਸਬਦੁ
ਸੁਰਤਿ ਲਿਵ ਅਲਖ ਲਖਾਇਆ
(ਭਾਈ ਗੁਰਦਾਸ ਵਾਰ 24, ਪਉੜੀ 5 )

ਜਿਵੇਂ ਬੀਜ ਓਦੋਂ ਤਕ ਹੀ ਰੁੱਖ ਤੋਂ ਵੱਖ ਹੁੰਦਾ ਹੈ ਜਦੋਂ ਤਕ ਉਹ ਰੁੱਖ ਨਹੀਂ ਹੋ ਜਾਂਦਾ। ਠੀਕ ਇਸੇ ਤਰ੍ਹਾਂ ਸਿੱਖ ਗੁਰੂ ਜੋਤ ਤੋਂ ਓਦੋਂ ਤਕ ਹੀ ਵੱਖ ਹੈ ਜਦੋਂ ਤਕ ਉਹ ਦੇਹ-ਤਿਆਗ, ਭਾਵ ਦੇਹ ਤੋਂ ਉੱਤੇ ਉੱਠ, ਸੁਰਤ ਰੂਪ ਨਹੀਂ ਹੋ ਜਾਂਦਾ। ਬੀਜ ਤੋਂ ਰੁੱਖ ਹੋਣ ਦਾ ਸਫ਼ਰ ਸਾਧਾਰਣ ਨਹੀਂ ਅਤੇ ਨਾ ਹੀ ਸੁਖਾਲਾ ਹੈ। ਸਮੇਂ ਦੇ, ਬਦਲਦੀਆਂ ਰੁੱਤਾਂ ਦੇ ਕਹਿਰ ਗਰਮੀ (ਗੁਰੂ ਅਰਜਨ ਸਾਹਿਬ ਦੀ ਸ਼ਹਾਦਤ), ਬਰਸਾਤ (ਸਰਸਾ ਨਦੀ ਦਾ ਵਿਛੋੜਾ), ਠੰਡ (ਠੰਡਾ ਬੁਰਜ) ਵਿੱਚ ਵੀ ਆਪਣੇ ਕਿਰਦਾਰ ਨੂੰ ਸੰਭਾਲ਼ੀ ਖੜ੍ਹਾ ਬੀਜ ਹੀ ਰੁੱਖ ਬਣਦਾ ਹੈ। ਇਸ ਲਈ ਗੁਰੂ ਨੂੰ ਦੇਹ ਕਰ ਜਾਨਣਾ ਸਿੱਖੀ ਦੇ ਸਿਧਾਂਤ ਤੋਂ ਕੋਹਾਂ ਦੂਰ ਹੋਣ ਦਾ ਪ੍ਰਮਾਣ ਹੈ।

**ਹੁਣ ਇਸ ਘਟਨਾ ਉੱਤੇ ਝਾਤ ਮਾਰੀਏ:**

ਗੁਰੂ ਹਰਿਕ੍ਰਿਸ਼ਨ ਸਾਹਿਬ ਤਕ ਖ਼ਬਰਾਂ ਪੁੱਜ ਰਹੀਆਂ ਸਨ ਕਿ ਕਾਰ-ਭੇਟ ਮਸੰਦ ਉਗਰ-ਾਹ ਕੇ ਜਾਂ ਨਿੱਜ ਲਈ ਵਰਤਦੇ ਹਨ ਜਾਂ ਰਾਮਰਾਇ ਨੂੰ ਦੇ ਆਉਂਦੇ ਹਨ। ਕਈ ਮਸੰਦ ਤਾਂ ਸਿੱਖਾਂ ਦੇ ਕੌਮੀ ਖ਼ਜ਼ਾਨੇ ਨਾਲ਼ ਮਦ ਪੀ ਅਤੇ ਪਰ-ਤਨ ਗ਼ਾਮੀ ਹੋ ਗਏ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੁਕਮਨਾਮੇ ਜਾਰੀ ਕੀਤੇ ਕਿ 'ਹੁਣ ਕਾਰ-ਭੇਟ ਮਸੰਦਾਂ ਹੱਥ ਨਹੀਂ ਦੇਣੀ, ਮਸੰਦ-ਮਸੰਦੀਏ ਦੀ ਸੰਗਤ ਨਹੀਂ ਕਰਨੀ, ਧਰਮਸਾਲ ਹੀ ਜਾਣਾ ਅਤੇ ਓਥੇ ਹੀ ਸ਼ਬਦ ਸੁਣਨਾ।' ਸੋ ਸਿੱਖਾਂ ਨੂੰ ਮਸੰਦਾਂ ਦੇ ਜਾਲ਼ ਵਿੱਚੋਂ ਕੱਢਣ ਦਾ ਪਹਿਲਾ ਹੱਲ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੀ ਕੀਤਾ। ਗੁਰੂ ਵੱਲੋਂ ਹੀ ਮਸੰਦ-ਪ੍ਰਬੰਧ ਨੂੰ ਨਿਰਧਾਰਿਤ ਕੀਤਾ ਸੀ, ਪਰ ਜਦੋਂ ਉਹ ਗੁਰੂ-ਆਸ਼ੇ ਤੋਂ ਹੀ ਭਟਕ ਗਿਆ ਤਾਂ ਗੁਰੂ ਨੇ ਹੀ ਉਸ ਨੂੰ ਭੰਗ ਕਰਨ ਵੱਲ ਪਹਿਲਾ ਕਦਮ ਚੁਕਿਆ। ਇੱਥੇ ਉਮਰ ਹੁਕਮਨਾਮਾ ਨਹੀਂ ਭੇਜ ਰਹੀ, ਇੱਥੇ ਗੁਰੂ ਨਾਨਕ ਸਾਹਿਬ ਦੀ ਜੋਤ ਹੀ ਅੱਠਵੇਂ ਜਾਮੇ ਵਿੱਚ ਹੁਕਮਨਾਮਾ ਭੇਜ ਰਹੀ ਹੈ।

ਇਸ ਦੀ ਵੱਡੀ ਉਦਾਹਰਣ ਇੱਕ ਹੋਰ ਘਟਨਾ ਤੋਂ ਮਿਲਦੀ ਹੈ। ਜਦ ਰਾਜਾ ਜੈ ਸਿੰਘ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਮਿਲ਼ਣ ਦੀ ਇੱਛਾ ਜ਼ਾਹਰ ਕੀਤੀ ਤਾਂ ਨਾਲ਼ ਹੀ ਔਰੰਗਜ਼ੇਬ ਦੀ ਚਿੱਠੀ ਵੀ ਭੇਜੀ ਕਿ ਉਹ ਵੀ ਮਿਲਣਾ ਚਾਹੁੰਦਾ ਹੈ। ਗੁਰੂ ਸਾਹਿਬ ਨੇ ਪਹਿਲਾਂ ਸਿੱਖ ਸੰਗਤ ਕੋਲੋਂ ਪੁੱਛਿਆ ਤਾਂ ਉਹਨਾਂ ਜਵਾਬ ਦਿੱਤਾ ਕਿ ਦਿੱਲੀ ਜਾਣ ਵਿੱਚ ਕੋਈ ਹਰਜ਼ ਨਹੀਂ, ਤਾਂ ਗੁਰੂ ਸਾਹਿਬ ਨੇ ਹਾਮੀ ਭਰਦਿਆਂ ਕਿਹਾ ਕਿ ਮੈਂ ਜਾਵਾਂਗਾ ਰਾਜਾ ਜੈ ਸਿੰਘ ਨੂੰ ਮਿਲ਼ਣ ਪਰ ਔਰੰਗਜ਼ੇਬ ਨੂੰ ਨਹੀਂ ਮਿਲਾਂਗਾ। ਜੋ ਪਿਤਾ ਹਰਿਰਾਏ ਜੀ ਦਾ ਕਹਿਣਾ ਹੈ ਓਹੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਹੈ :


ਸਤਿਬੀਰ ਸਿੰਘ, ਅਸ਼ਟਮ ਬਲਬੀਰਾ: ਜੀਵਨੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (ਜਲੰਧਰ : ਨਿਊ ਬੁੱਕ ਕੰਪਨੀ), 1980 ਪੰਨਾ ਨੰਬਰ 74. ਇਸੇ ਪੰਨੇ ਉੱਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਵੱਲੋਂ ਭੇਜੇ ਹੁਕਮਨਾਮੇ ਦਾ ਸਹੀ ਸਰੂਪ ਦਿੱਤਾ ਗਿਆ ਹੈ। ਸਤਿਬੀਰ ਸਿੰਘ ਹੋਣੀ ਇਹ ਵੀ ਲਿਖਦੇ ਹਨ ਕੇ ਇਹ ਹੁਕਮ-ਨਾਮਾ ਸਿੱਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਸਾਹਿਬ ਪਿਆ ਹੋਇਆ ਸੀ ਪਰ 1984 ਦੇ ਘਲੂਘਾਰੇ ਵਿੱਚ ਹੋਰ ਕੀਮਤੀ ਹੱਥ-ਖਰੜਿਆਂ ਅਤੇ ਪੁਸਤਕਾਂ ਨਾਲ਼ ਇਹ ਹੁਕਮਨਾਮਾ ਵੀ ਸੜ ਗਿਆ।

ਨਹਿ ਮਲੇਛ ਕੋ ਦਰਸਨ ਦੇ ਹੈਂ।
ਹੋਇ ਸਮੀਪ ਤਿਸ ਕੋ ਨਹਿ ਲੈ ਹੈਂ।
ਇਹੀ ਨੇਮ ਪਿਤ ਕੀਨਿ ਹਮਾਰੇ।
ਤਿਸ ਪ੍ਰਕਾਰ ਹਮ ਭੀ ਉਰ ਧਾਰੇਂ।
ਅਟਲ ਸੁਮੇਰ ਟਲਹਿ ਨਹਿ ਜੈਸੇ।
ਸਤਿਗੁਰੁ ਬਾਕ ਅਚਲ ਨਿਤ ਤੈਸੇ।

ਇਤਿਹਾਸ ਗਵਾਹ ਹੈ ਜਿਨ੍ਹਾਂ ਚਿਰ ਗੁਰੂ ਸਾਹਿਬ ਦਿੱਲੀ ਰਹੇ ਤਾਂ ਉਹ ਔਰੰਗਜ਼ੇਬ ਨੂੰ ਨਹੀਂ ਮਿਲੇ। ਇਸ ਤੋਂ ਇਹ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਗੁਰੂ ਹਰਿਰਾਏ ਹੀ ਗੁਰੂ ਹਰਿਕ੍ਰਿਸ਼ਨ ਹੋਏ। ਇਹ ਘਟਨਾ ਆਪਣੇ ਆਪ ਵਿੱਚ ਹੀ ਸਿੱਖਾਂ ਨੂੰ ਨਿਰਭਉ ਨਿਰਵੈਰੁ ਦਾ ਅਮਲੀ ਅਰਥ ਦ੍ਰਿੜ ਕਰਵਾਉਣ ਵਾਲ਼ੀ ਸੀ। ਗੁਰੂ ਨਿਰਭਉ ਹੈ ਅਤੇ ਕੇਵਲ ਇੱਕ ਅਕਾਲ ਦੇ ਤਖ਼ਤ ਨੂੰ ਹੀ ਮੰਨਦਾ ਹੈ, ਗੁਰੂ ਨਿਰਵੈਰੁ ਵੀ ਹੈ। ਸਿਧਾਂਤਕ ਪੱਖ ਉੱਤੇ ਕਿਸੇ ਨਾਲ਼ ਕੋਈ ਸਮਝੌਤਾ ਨਹੀਂ ਕਰਨਾ ਵੈਰ ਨਹੀਂ ਹੈ, ਕੇਵਲ ਨੈਤਿਕ ਅਤੇ ਮੌਲਿਕ ਰੂਪ ਵਿੱਚ ਪਤ ਰੱਖ ਜਿਊਣ ਦਾ ਇਲਮ ਹੈ, ਜੋ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਿੱਖਾਂ ਨੂੰ ਸਮਝਾ ਦਿੱਤਾ।

**ਮਨੁੱਖੀ ਅਧਿਕਾਰਾਂ ਦੇ ਰਖਵਾਲੇ**
**ਗੁਰੂ ਤੇਗ਼ ਬਹਾਦੁਰ ਸਾਹਿਬ ਜੀ**

ਅਕਸਰ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਹਿੰਦੂ-ਮਤ ਨਾਲ਼ ਰਲ਼-ਗੱਡ




ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਅਕਸਰ ਹੀ ਵੇਖਿਆ ਗਿਆ ਹੈ ਕਿ 'ਗੁਰੂ ਤੇਗ਼ ਬਹਾਦਰ ਹਿੰਦ ਕੀ ਚਾਦਰ' ਕਹਿ ਹੀ ਪ੍ਰਚਾਰੇ ਜਾਂਦੇ ਹਨ। ਜਦਕਿ ਸਹੀ ਸਤਰਾਂ ਕਵੀ ਸੈਨਾਪਤੀ ਨੇ ਇਹ ਲਿਖੀਆਂ ਹਨ :

ਪ੍ਰਗਟ ਭਏ ਗੁਰੁ ਤੇਗ ਬਹਾਦਰ।
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟਲ ਕਰੀ ਕਲਿਜੁਗ ਮੈ ਸਾਖੀ।
ਸਗਲ ਸ੍ਰਿਸਟਿ ਜਾ ਕਾ ਜਸ ਭਯੋ।
ਜਿਹ ਤੇ ਸਰਬ ਧਰਮ ਬੰਚਯੋ।
ਤੀਨ ਲੋਕ ਮੈ ਜੈ ਜੈ ਭਈ।
ਸਤਿਗੁਰੂ ਪੈਜ ਰਾਖਿ ਇਮ ਲਈ।

'ਹਿੰਦ ਕੀ ਚਾਦਰ' ਕਹਿਣ ਨਾਲ਼ ਗੁਰੂ ਪਾਤਸ਼ਾਹ ਦੀ ਸ਼ਹੀਦੀ ਬਹੁਤ ਸੀਮਤ ਜਿਹੀ ਕਰ ਕੇ ਇਹ ਦੱਸਣ ਦਾ ਯਤਨ ਕੀਤਾ ਜਾਂਦਾ ਹੈ ਕਿ ਓਹਨਾਂ ਨੇ ਹਿੰਦੂ-ਮਤ ਲਈ ਸ਼ਹਾਦਤ ਦਿੱਤੀ। ਜਦਕਿ ਸੱਚ ਇਹ ਹੈ ਕਿ ਗੁਰੂ ਸਾਹਿਬ ਨੇ ਪਹਿਲੇ ਜਾਮੇ ਵਿੱਚ ਨਿਰਧਾਰਿਤ ਕੀਤੇ ਆਪਣੇ ਸਿਧਾਂਤ ਹੀ ਅਮਲੀ ਰੂਪ ਵਿੱਚ ਦਰਸਾਏ ਸਨ। ਪਹਿਲੇ ਜਾਮੇ ਵਿੱਚ ਹੀ ਬਾਬਰ ਦੇ ਜਬਰ ਖ਼ਿਲਾਫ਼ ਅਵਾਜ਼ ਚੁੱਕ ਗੁਰੂ ਸਾਹਿਬ ਨੇ ਇਹ ਸਿਧਾਂਤ ਦੇ ਦਿੱਤਾ ਸੀ ਕਿ ਸਿੱਖ ਲਈ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਚੁੱਕਣੀ ਅਤੇ ਸ਼ਰਨ ਆਏ ਨੂੰ ਗਲ਼ ਲਾਉਣਾ ਹੁਕਮ ਹੈ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ॥
(ਅੰਗ 544)

ਹਵਾਲਾ ਸੂਰਜ ਪ੍ਰਕਾਸ਼, ਰਾਸ 10, ਅੰਸ 35: ਸਤਿਬੀਰ ਸਿੰਘ, ਅਸ਼ਟਮ ਬਲਬੀਰਾ: ਜੀਵਨੀ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ (ਜਲੰਧਰ: ਨਿਊ ਬੁੱਕ ਕੰਪਨੀ), 1980 ਪੰਨਾ ਨੰਬਰ 97.

ਕਵੀ ਸੈਨਾਪਤਿ. ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ , ਗੰਡਾ ਸਿੰਘ (ਸੰਪਾਦਕ) (ਪਟਿਆਲਾ: ਪੰਜਾਬੀ ਯੂਨੀਵਰਸਿਟੀ), 1961, ਪੰਨਾ ਨੰਬਰ 65.

ਪਹਿਲੇ ਜਾਮੇ ਵਿੱਚ ਗੁਰੂ ਸਾਹਿਬ ਨੇ ਬੇਸ਼ੱਕ ਜਨੇਊ ਨਾ ਧਾਰਨ ਕਰ, ਇਹ ਸਪਸ਼ਟ ਕਰ ਦਿੱਤਾ ਸੀ ਕਿ ਹਿੰਦੂ ਰਹੁ-ਰੀਤਾਂ ਨਾਲ਼ ਓਹਨਾਂ ਦਾ ਕੋਈ ਵਾਹ-ਵਾਸਤਾ ਨਹੀਂ। ਹਿੰਦੂ-ਮਤ ਵਾਲ਼ੇ ਜਨੇਊ ਦਾ ਖੰਡਨ ਕਰਦੇ ਹੋਏ ਗੁਰੂ ਨਾਨਕ ਸਾਹਿਬ ਨੇ ਸਿੱਖਾਂ ਨੂੰ ਜੋ ਸੰਕਲਪ ਦਿੱਤਾ ਉਹ ਇਹ ਸੀ:

ਚਲਦਾ.....

# ਗੁਰੂ ਬੈਠਾ ਅਮਰੁ ਸਰੂਪ ਹੋਇ


- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-7**



ਗੁਰੂ ਅਮਰਦਾਸ ਜੀ ਪਰਵਾਰ ਦਾ ਨਿਵਾਸ ਅਸਥਾਨ ਗੁ. ਚੁਬਾਰਾ ਸਾਹਿਬ ਗੋਇੰਦਵਾਲ

ਆਪਿ ਨਾਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ
ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ
ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ
ਤਤੁ ਹਰਿ ਚਰਣ ਮਿਲਾਯਉ ॥
ਨਾਨਕ ਕੁਲਿ ਨਿੰਮਲੁ ਅਵਤਰਿਅਉ
ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ
ਜਨਮ ਜਨਮ ਪਾ ਸਰਣਿ ਤੁਅ ॥
2॥16॥ ਗੁ.ਗ੍ਰ.ਸਾ. ਪੰਨਾ 1395

ਜੁੜੀਆਂ ਹੋਈਆਂ ਸੰਗਤਾਂ ਨੇ ਬੇਨਤੀ ਕੀਤੀ, 'ਪਾਤਸ਼ਾਹ ਜੀ! ਆਪ ਜੀ ਨੂੰ ਗੁਰੂ ਅੰਗਦ ਸਾਹਿਬ ਆਪਣੀ ਥਾਂ 'ਤੇ ਬੈਠਾ ਕੇ ਸਿਖ ਸੰਗਤ ਦੀ ਅਗਵਾਈ ਸੌਂਪ ਗਏ ਹਨ, ਹੁਣ ਤੁਸੀਂ ਹੀ ਸਾਡੇ ਹਲਤ ਪਲਤ ਦੇ ਰੱਖਿਅਕ ਹੋ। ਸਾਡੀ ਬੇਨਤੀ ਹੈ ਕਿ ਆਪ ਗੁਰੂ ਨਾਨਕ ਸਾਹਿਬ ਦੇ ਹੁਕਮ ਅਨੁਸਾਰ ਪੰਥ ਚਲਾਉ, ਅੰਦਰ ਨ ਬੈਠੋ'।

### ਹੋਰ ਇਤਿਹਾਸਕ ਹਵਾਲੇ:

'ਸ੍ਰੀ ਨਾਨਕ ਅੰਗਦ ਰੂਪ ਦੋਇ।
(ਗੁਰੂ ਨਾਨਕ ਅਤੇ ਗੁਰੂ ਅੰਗਦ ਸਾਹਿਬ)
ਪਰਲੋਕ ਗਮਨ ਬੈਕੁੰਠ ਸੋਇ।
(ਦੋਵੇਂ ਹੀ ਪ੍ਰਲੋਕ ਗਮਨ ਕਰ ਗਏ ਹਨ)
ਗੁਰ ਭਏ ਆਪ ਤਿਨ ਕੇ ਸਥਾਨ।
(ਆਪ ਜੀ ਉਨ੍ਹਾਂ ਦੀ ਥਾਂ ਗੁਰੂ ਸ਼ਸੋਭਿਤ ਹੋ)
ਦਿਹੁ ਨਾਮ ਦਾਨ, ਤਾਰਿਹੁ ਜਹਾਨ'।29॥30॥ (ਨਾਮ ਦੀ ਦਾਤ ਬਖ਼ਸ਼ ਜਗਤ ਦਾ ਉਧਾਰ ਕਰੋ, ਜੀ!) ਰਾਸ ਪਹਿਲੀ, ਗੁਰ ਪ੍ਰਤਾਪ ਸੂਰਜ

ਸਤਿਗੁਰੂ ਜੀ ਨੇ ਸਭਨਾਂ ਨੂੰ ਪਿਆਰ ਦੇਂਦਿਆਂ ਕਿਹਾ, 'ਅਸੀ ਸਦਾ ਹੀ ਤੁਹਾਡੇ ਕੋਲ ਹਾਂ। ਗੁਰੂ ਕੇ ਸਿੱਖਾਂ ਦੀ ਸੰਗਤ ਵਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ'।

ਸਿੱਖਨ ਮਝਾਰਿ ਹਮਰੋ ਨਿਵਾਸ।
(ਅਸੀਂ ਸਦਾ ਗੁਰੂ ਕੇ ਸਿੱਖਾਂ ਦੇ ਨਾਲ ਹਾਂ)
ਚਿਤ ਚਹਹਿੰ ਸਦਾ ਪੂਰਹਿੰ ਸੁ ਆਸ।30॥ (ਸਿੱਖ ਜੋ ਇਛਾ ਕਰਨਗੇ ਅਸੀਂ ਪੂਰੀ ਕਰਾਂਗੇ)
ਗੁਰ ਸਿਖਯ ਧੰਨ ਬਡਭਾਗ ਹੋਇ।
(ਵਡਭਾਗੀ ਸਿੱਖਾਂ ਦੇ ਦਰਸ਼ਨ ਧੰਨ ਹਨ)
ਤਿਨ ਕੋ ਮਿਲਾਪ ਸਭ ਬਿਘਨ ਖੋਇ।
(ਜੋ ਸਾਰੇ ਬਿਘਨਾਂ ਦਾ ਨਾਸ ਕਰ ਦੇਂਦੇ ਹਨ)

ਏਨੇ ਬਚਨ ਕਰ ਕੇ ਸਤਿਗੁਰੂ ਜੀ ਉੱਠ ਕੇ ਆਪਣੇ ਆਸਣ 'ਤੇ ਚਲੇ ਗਏ।

### ਨਿਤ ਵਿਉਹਾਰ

ਅਗਲੇ ਕੁਝ ਦਿਨਾਂ ਵਿਚ ਹੀ ਸਤਿਗੁਰਾਂ ਨੇ ਰੋਜ਼ਾਨਾ ਦਾ ਨੇਮ ਇਉਂ ਬੱਧਾ। ਸਤਿਗੁਰੂ ਪਹਿਰ ਰਾਤ ਰਹਿੰਦੀ ਭਾਵ ਅੰਮ੍ਰਿਤ ਵੇਲੇ 3 ਵਜੇ ਜਾਗ ਕੇ ਸੁਚੇਤੇ ਜਾਂਦੇ। ਆਗਿਆ ਪਾ ਕੇ ਤਦ ਤੱਕ ਬੱਲੂ ਜਲ ਲੈ ਆਉਂਦੇ। ਹਜ਼ੂਰ ਸਣ-ਕੇਸੀਂ ਦਹੀਂ ਨਾਲ ਇਸ਼ਨਾਨ ਕਰਦੇ। ਬਸਤ੍ਰ ਪਹਿਨ ਕੇ ਹਜ਼ੂਰ ਚੌਬਾਰੇ ਵਿਚ ਚੌਂਕੜਾ ਲਾ ਕੇ ਕਰਤਾਰ ਨਾਲ ਜੁੜ ਕੇ ਨਾਮ-ਬਾਣੀ ਦਾ ਅਭਿਆਸ ਕਰਦੇ। ਦਿਨ ਦੇ ਚੜਾਅ ਨਾਲ ਗੁਰੂ ਕੇ ਰਬਾਬੀ ਆ ਕੇ ਦੀਵਾਨ ਵਿਚ ਹਾਜ਼ਰੀ ਭਰਦੇ ਤਾਂ ਪਾਤਸ਼ਾਹ ਜੀ ਸਿੰਘਾਸਣ ਤੇ ਆਣ ਬਿਰਾਜਦੇ। ਗੁਰੂ ਪਿਆਰ ਵਾਲੇ ਉੱਦਮੀ ਸਿੱਖ ਵੀ ਆਣ ਜੁੜਦੇ। ਕੀਰਤਨ ਉਪਰੰਤ ਪਾਤਸ਼ਾਹ ਜੀ ਸੰਗਤਾਂ ਨਾਲ ਉਨ੍ਹਾਂ ਦੀ ਜਗਿਆਸਾ ਅਨੁਸਾਰ ਬਚਨ ਸਾਂਝੇ ਕਰਦੇ। ਇਸ ਤਰਹ 11/12 ਵਜੇ ਤੀਕ ਇਹ ਪ੍ਰਵਾਹ ਚਲਦਾ। ਬੱਲੂ ਜੀ ਜਦੋਂ ਲੰਗਰ ਤਿਆਰ ਹੋ ਚੁੱਕਣ ਦੀ ਸੂਚਨਾ ਦੇਂਦੇ ਤਾਂ ਪਾਤਸ਼ਾਹ ਜੀ ਦੀਵਾਨ ਸਮਾਪਤ ਕਰ ਕੇ ਸੰਗਤ ਸਮੇਤ ਪੰਗਤ ਵਿਚ ਆਣ ਸਜਦੇ। ਹਜ਼ੂਰ ਆਪ ਤਾਂ ਕੇਵਲ ਓਗਰਾ ਭਾਵ ਦਲੀਆ ਲੈਂਦੇ ਪਰ ਬਾਕੀ ਸੰਗਤ ਵਿਚ ਸਾਰੇ ਪਦਾਰਥ ਵਰਤਾਏ ਜਾਂਦੇ। ਲੰਗਰ ਛਕ ਕੇ ਪਾਤਸ਼ਾਹ ਜੀ ਚੁਬਾਰੇ ਵਿਚ ਵਿਰਾਜਣ ਚਲੇ ਜਾਂਦੇ।

ਫਿਰ ਚੌਥੇ ਪਹਿਰ ਭਾਵ 3 ਵਜੇ ਤੋਂ ਬਾਦ ਕਥਾ-ਵਿਚਾਰ ਅਤੇ ਸ਼ਬਦ ਕੀਰਤਨ ਉਪਰੰਤ ਸੋ-ਦਰੁ ਬਾਣੀ ਦਾ ਗਾਇਣ ਹੋ ਕੇ ਸਮਾਪਤੀ ਉਪਰੰਤ ਲੰਗਰ ਵਰਤਦਾ ਅਰ ਤਕਰੀਬਨ ਪਹਿਰ ਰਾਤ ਗਈ ਸੋਹਿਲਾ ਬਾਣੀ ਦਾ ਪਾਠ ਕਰ ਕੇ ਸਾਰੇ ਬਿਸਰਾਮ ਕਰਦੇ।

### ਹੋਰ ਇਤਿਹਾਸਕ ਹਵਾਲੇ:

ਅਰ ਪਹਰ ਰਾਤ ਕੋ ਕੇਸਾ ਸਮੇਤ ਇਸ-ਨਾਨ ਹੋਤਾ ਥਾ। ਕੇਸਾ ਮਹਿ ਹਮੇਸਾ ਦਹੀ ਪੜਤੀ ਥੀ। ਅਸਨਾਨ ਕੇ ਬੇਲੇ। ਫਿਰ ਸਾਹਿਬ ਚੌਬਾਰੇ ਜੀ ਮੇ ਬੈਠਤੇ। ਜਬ ਪ੍ਰਭਾਤ ਹੋਤਾ ਤਬ ਬਲਵੰਡ ਅਰ ਸਤਾ ਸਬਦ ਕੀ ਚੌਕੀ ਕਰਤੇ ਥੇ। ਜਬ ਪਹਰ ਦਿਨ ਚਢਤਾ ਤਬ ਸੰਗਤ ਆਵਤੀ ਦੀਵਾਨ ਲਗਤਾ।... ਜਬ ਦੋਪੈਹਰ ਹੁੰਦੀ ਤਬ ਸਾਹਿਬ ਲੰਗਰ ਮੇ ਜਾਤੇ।ਸਭ ਸੰਗਤ ਮਿਲ ਪ੍ਰਸਾਦ ਪਾਈਤਾ।...ਫੇਰ ਰਾਤ ਕੋ ਭਜਨ ਹੋਤਾ। ਸਵਾ ਪਹਰ ਰਾਤ ਜਬ ਜਾਤੀ ਤਬ ਸਤਿਗੁਰ ਚਉਬਾਰੇ ਕੋ ਜਾਤੇ। ਫੇਰ ਸੈਨ ਹੋਤਾ।32॥ ਮਹਿਮਾ ਪ੍ਰਕਾਸ਼ ਵਾਰਤਕ

ਜਬ ਪਹਰ ਰਾਤ ਰਹੇ ਅਮ੍ਰਿਤ ਵੇਲਾ।
ਗੁਰ ਕਰੈ ਬਿਵਸਥਾ ਜਾਗ੍ਰਤ ਕੇਲਾ।
ਆਗਿਆ ਲੇ ਬਲੂ ਜਲ ਲਿਆਵੈ।
ਸਤਿਗੁਰ ਜੀ ਇਸਨਾਨ ਕਰਾਵੈ।13॥
ਦਹੀ ਕੇਸ ਮਹਿ ਨਿਤ ਪ੍ਰਤਿ ਪਰੇ।
ਬਲੂ ਉਪਰਨ ਮਰਦਨ ਕਰੇ। ..
ਨਿਜ ਭਗਤਿ ਸਿੰਘਾਸਨ ਹੋਇ ਅਸੀਨ।
ਸਹਜ ਸਮਾਧ ਨਿਜ ਸੁਖ ਮੇ ਲੀਨ।
ਇਸੀ ਜੁਗਤ ਹੋਇ ਪ੍ਰਾਤਹ ਕਾਲ।
ਪੁਨ ਸਤਾ ਸਬਦ ਧੁਨ ਕਰੇ ਬਿਸਾਲ।5॥
ਮਧਿਆਨ ਸਮੇ ਪ੍ਰਸਾਦਿ ਪ੍ਰਭ ਪਾਵੈਂ।
ਲੇ ਸਤਿਗੁਰ ਸੰਗਤ ਲੰਗਰ ਮੇ ਆਵੈਂ।..
ਓਗਰਾ ਅਲੂਣਾ ਸਤਿਗੁਰ ਪਾਵੈਂ।
ਸਭ ਰਸ ਸੰਗਤ ਕਉ ਭੋਗਾਵੈਂ।
ਪੁਨ ਪਾਇ ਪ੍ਰਸਾਦ ਚੌਬਾਰੇ ਆਵੈਂ।
ਲਗੇ ਪਾਟ ਸੁਖ-ਸੈਨ ਕਰਾਵੈਂ।
14॥83 ਸਾਖੀ, ਮ.ਪ੍ਰ.

ਆਵੈ ਚੌਥੇ ਜਾਮ ਦਿਨ ਇਤਹਾਸੁ ਪ੍ਰਕਾਸ਼ੈ। (ਚੌਥੇ ਪਹਿਰ ਇਤਿਹਾਸ ਦੀ ਵਿਚਾਰ ਹੁੰਦੀ)
ਸੁਨੈ ਸਤਿਗੁਰੂ ਬੈਠ ਕਰ ਸੰਗਤ ਇਕ ਪਾਸੈ।18॥ (ਸੰਗਤ ਸਹਿਤ ਸਤਿਗੁਰੂ ਜੀ ਬੈਠੇ ਹੁੰਦੇ)
ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁਨਾਵੈਂ।(ਫਿਰ ਰਬਾਬੀ ਆ ਕੇ ਕੀਰਤਨ ਕਰਦੇ)
ਰਾਗ ਰਾਗਨੀ ਧੁਨ ਸਹਿਤ ਸੁੰਦਰ ਬਿਧਿ ਗਾਵੈਂ।(ਸੁੰਦਰ ਧੁਨਾਂ ਵਿਚ ਰਾਗ ਗਾਉਂਦੇ)
ਕਥਾ ਕੀਰਤਨ ਕਰਤ ਹੀ ਨਿਸ ਜਾਮ ਬਿਤਾਵੈਂ।(ਹਰਿ-ਜਸ ਕਰਦਿਆਂ ਪਹਿਰ ਰਾਤ ਬੀਤਦੀ)
ਸਿਮਰਨ ਹੁਇ ਸਤਿਨਾਮ ਕੋ ਇਕ ਚਿਤ ਲਿਵ ਲਾਵੈਂ।19॥ (ਸਾਰੇ ਕਰਤਾਰੀ ਚਿੰਤਨ ਵਿਚ ਜੁੜਦੇ)
ਪੁਨ ਸੁਪਤਨ ਹਿਤ ਸੇਜ ਪਰ ਸਤਿਗੁਰੂ ਬਿਰਾਜੈਂ।(ਫਿਰ ਹਜ਼ੂਰ ਆਰਾਮ ਕਰਦੇ)
ਇਸ ਬਿਧ ਕੋ ਵਿਵਹਾਰ ਨਿਤ ਜਿਨ ਪਿਖ ਅਘ ਭਾਜੈਂ।..20॥30॥(ਇਸ ਤਰਹ ਦਾ ਰੋਜ਼ਾਨਾ ਨੇਮ ਬੱਧਾ ਜਿਸ ਨਾਲ ਮਨ ਦੇ ਵਿਕਾਰ ਦੂਰ ਹੁੰਦੇ) ਰਾਸ ਪਹਿਲੀ

### ਮੰਜੀ ਦਾਸ ਬਹਾਲਿਆ

ਸਤਿਗੁਰੂ ਅੰਗਦ ਸਾਹਿਬ ਜੀ ਨੂੰ ਜੋਤੀ-ਜੋਤਿ ਸਮਾਇਆਂ ਅਜੇ ਕੁਝ ਸਮਾਂ ਹੀ ਬੀਤਿਆ ਸੀ ਕਿ 22 ਸਾਲਾਂ ਦੇ ਜੁਆਨ ਬਾਬਾ ਦਾਸੂ ਮਾਤਾ ਖੀਵੀ ਜੀ ਕੋਲ ਆ ਕੇ ਕਹਿਣ ਲਗੇ, 'ਮਾਂ! ਮੇਰੇ ਸਿਰ ਨੂੰ ਕੀਹ ਹੋ ਗਿਆ ਹੈ? ਕਈ ਦਿਨਾਂ ਤੋਂ ਦਰਦ ਨਾਲ ਸਿੱਧਾ ਹੀ ਨਹੀਂ ਹੋ ਰਿਹਾ'?

ਮਾਤਾ ਜੀ ਨੇ ਧਿਆਨ ਨਾਲ ਪੁੱਤਰ ਦੇ ਚਿਹਰੇ ਵੱਲ ਤਿੱਖਾ ਤੱਕਿਆ ਪਰ, ਬੋਲੇ ਨਾਹ। ਇਸ ਤੱਕਣੀ ਨੇ ਦਾਸੂ ਨੂੰ ਅੰਦਰੋਂ ਝੰਜੋੜ ਦਿੱਤਾ। ਫਿਰ ਪੁੱਛਿਆ,

'ਮਾਂ! ਬੋਲੇ ਨਹੀਂ, ਦੱਸੋ ਮੈਨੂੰ ਕੀਹ ਹੋ ਗਿਐ'?

'ਇਹੀ ਹੋਣਾ ਸੀ, ਪੁੱਤ! ਆਪਣੇ ਬਾਪ ਦੀ ਆਗਿਆ ਨ ਮੰਨ ਕੇ। ਤੁਹਾਨੂੰ ਉਨ੍ਹਾਂ ਵਾਰ ਵਾਰ ਸਮਝਾਇਆ ਕਿ ਗੁਰਿਆਈ ਦੀ ਪੰਡ ਬਹੁਤ ਭਾਰੀ ਹੈ, ਇਹ ਉਠਾਉਣ ਜੋਗਾ ਸਿਰਫ਼ ਅਮਰਦਾਸ ਹੀ ਹੈ, ਤੁਹਾਡੇ ਵਿਚ ਇਹ ਯੋਗਤਾ ਨਹੀਂ ਪਰ, ਪੁੱਤਰ! ਤੂੰ ਕਿਸੇ ਦੀ ਚੁੱਕ ਵਿਚ ਆ ਕੇ ਉਨ੍ਹਾਂ ਦੇ ਪ੍ਰਲੋਕ ਜਾਂਦਿਆਂ ਹੀ ਮੰਜੀ 'ਤੇ ਬੈਠ ਮੱਥੇ ਟਿਕਾਉਣ ਲੱਗ ਪਿਆ, ਮੇਰੇ ਵੱਲ ਵੀ ਨਹੀਂ ਵੇਖਿਆ'। ਮਾਂ ਖੀਵੀ ਬੋਲ ਰਹੇ ਸਨ ਤੇ ਦਾਸੂ ਨੀਂਵੀਂ ਪਾ ਕੇ ਬੈਠਾ ਸੁਣ ਰਿਹਾ ਸੀ।



ਗੁਰੂ ਅਮਰਦਾਸ ਪਾਤਸ਼ਾਹ ਜੀ

ਮਾਤਾ ਖੀਵੀ ਪਾਸ ਆਇ ਬਿਨਤੀ ਕੀਤੀ। ਮਾਤਾ ਕਹਿਆ ਬੇਟਾ ਤੁਸਾਂ ਭਾਰੀ ਪੰਡ ਹੈ ਚੁਕ ਲੀਤੀ।

'ਤੁਸੀਂ ਆਪਣੇ ਬਾਪ ਦੀ ਰਮਜ਼ ਨੂੰ ਨਹੀਂ ਸਮਝਿਆ। ਤੁਸਾਂ ਗੁਰਿਆਈ ਦੀ ਪੰਡ ਥੱਲੇ ਆਪਣਾ ਸਿਰ ਦੇਣ ਦਾ ਯਤਨ ਕੀਤਾ ਜੋ ਚੁੱਕਣ ਦੇ ਯੋਗ ਹੀ ਨਹੀਂ ਸੀ, ਹੁੰਦਾ ਤਾਂ ਉਹ ਜ਼ਰੂਰ ਪਹਿਲਾਂ ਹੀ ਤੁਹਾਡੇ ਸਿਰ 'ਤੇ ਰੱਖ ਦੇਂਦੇ। ਤੁਸਾਂ ਨੇ ਉਨ੍ਹਾਂ ਦੀ ਆਗਿਆ ਦੀ ਅਵੱਗਿਆ ਕੀਤੀ ਹੈ'।

'ਮਾਂ! ਹੁਣ ਦੱਸੋ ਮੈਂ ਕੀ ਕਰਾਂ? ਸਿਰ ਦਰਦ ਜਾਨ ਪਈ ਕੱਢਦੀ ਏ'

'ਕੀਤੀ ਅਵੱਗਿਆ ਦੀ ਭੁੱਲ ਬਖ਼ਸ਼ਾਉ, ਇਸ ਦਾ ਹੋਰ ਕੋਈ ਉਪਾ ਨਹੀਂ'। ਮਾਤਾ ਜੀ ਨੇ ਕਿਹਾ ਤਾਂ ਦਾਸੂ ਕਹਿਣ ਲੱਗੇ,

'ਪਿਤਾ ਜੀ ਤਾਂ ਚਲੇ ਗਏ, ਭੁੱਲ ਕਿਸ ਤੋਂ ਬਖ਼ਸ਼ਾਵਾਂ'?

'ਗੁਰੂ ਅਮਰਦਾਸ ਜੀ ਤੋਂ, ਜਿਨ੍ਹਾਂ ਦੀ ਤੂੰ ਬ੍ਰਾਬਰੀ ਕੀਤੀ ਹੈ। ਅੱਗੇ ਤੋਂ ਤੋਬਾ ਕਰੋ, ਗੋਇੰਦਵਾਲ ਜਾਉ ਤੇ ਉਨ੍ਹਾਂ ਤੋਂ ਭੁੱਲ ਬਖ਼ਸ਼ਾਉ'।

ਭਾਰ ਲਾਹਿ ਸਟੋ ਸਿਰ ਸਿਧਾ ਹੋਇ ਜਾਸੀ। ਅਮਰਦਾਸ ਗੋਇੰਵਾਲ ਅਗੇ ਹੀ ਉਠ ਗਇਆ ਸੀ।133।

'ਉਹ ਮੈਨੂੰ ਬਖ਼ਸ਼ ਦੇਣਗੇ? ਮੈਂ ਓਥੇ ਹੁਣ ਕਿਹੜੇ ਮੂੰਹ ਜਾਵਾਂ? ਤੁਸੀਂ ਚੱਲੋ ਮੇਰੇ ਨਾਲ'। ਦਾਸੂ ਨੇ ਪੁੱਛਿਆ ਤਾਂ ਮਾਤਾ ਜੀ ਕਹਿਣ ਲੱਗੇ,

'ਕਿਉਂ ਨਹੀਂ? ਜੇ ਤੁਸੀਂ ਸੱਚੇ ਮਨ ਨਾਲ ਜਾਉਗੇ ਤਾਂ ਉਹ ਜ਼ਰੂਰ ਬਖ਼ਸ਼ ਦੇਣਗੇ'।

'ਫਿਰ ਤੁਸੀਂ ਮੈਨੂੰ ਲੈ ਕੇ ਜਾਉ, ਮੈਂ ਸੱਚੇ ਮਨ ਨਾਲ ਹੋਈ ਅਵੱਗਿਆ ਦੀ ਭੁੱਲ ਬਖ਼ਸ਼ਾਵਾਂਗਾ, ਗੁਰੂ ਅਮਰਦਾਸ ਜੀ ਕੋਲੋਂ। ਆਪਾਂ ਸਵੇਰੇ ਚੱਲੀਏ'? ਪੁੱਤਰ ਨੂੰ ਹੁਣ ਪਸਚਾਤਾਪ ਕਰਦਿਆਂ ਵੇਖ ਕੇ ਮਾਤਾ ਜੀ ਦਾ ਮਨ ਦ੍ਰਵ ਗਿਆ, ਕਹਿਣ ਲੱਗੇ,

ਚਲਦਾ.....

# ਸਿਰਮੌਰ ਢਾਡੀ, ਪ੍ਰਚਾਰਕ ਤੇ ਸਫ਼ਲ ਲੇਖਕ ਗਿਆਨੀ ਸੋਹਣ ਸਿੰਘ ਸੀਤਲ ਨੂੰ ਯਾਦ ਕਰਦਿਆਂ

**23 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਗੁਰੂ-ਘਰਾਂ ਵਿੱਚ ਅਨੇਕਾਂ ਸਮਰਪਿਤ ਢਾਡੀਆਂ ਨੇ ਲਾਸਾਨੀ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਵਾਰਾਂ ਦੇ ਰੂਪ ਵਿੱਚ ਲਿਖਿਆ ਤੇ ਗਾਇਆ, ਇਨ੍ਹਾਂ ਇਤਿਹਾਸਕ ਕਿਰਤਾਂ ਨੂੰ ਵਾਚਿਆ, ਸਰਵਣ ਕੀਤਾ ਅਤੇ ਮਾਣ-ਵੱਡਿਆਈ ਵੀ ਰੱਜ ਕੇ ਕੀਤੀ ਹੈ। ਪਰ ਅਜੋਕੇ ਸਮੇਂ ਵੀਹਵੀਂ ਸਦੀ ਵਿੱਚ ਪ੍ਰਵਾਨ ਚੜ੍ਹੇ ਪ੍ਰਤਿਭਾਵਾਨ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਨੇ ਅਕਾਲ ਪੁਰਖ ਵਾਹਿਗੁਰੂ ਵੱਲੋਂ ਬਖ਼ਸ਼ੀ ਗੁਰੂ ਕ੍ਰਿਪਾ ਦੀ ਨਦਰ ਨਾਲ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕਰਕੇ ਵਿਸਮਾਦੀ ਕਾਵਿ-ਇਤਿਹਾਸ ਦੀ ਪੁਨਰ ਸਿਰਜਣਾ ਕਰਕੇ ਜਿਹੜਾ ਮਾਣ ਪ੍ਰਾਪਤ ਕੀਤਾ, ਉਹ ਵਿਰਲੇ ਗੁਰਸਿੱਖ ਲੇਖਕਾਂ ਦੇ ਹਿੱਸੇ ਆਇਆ ਹੈ। ਸਿਰਮੌਰ ਢਾਡੀ, ਪ੍ਰਚਾਰਕ ਤੇ ਸਫ਼ਲ ਲੇਖਕ ਹੋਣਾ ਵੀ ਕੇਵਲ ਗਿਆਨੀ ਸੋਹਣ ਸਿੰਘ ਸੀਤਲ ਦੇ ਹਿੱਸੇ ਹੀ ਆਇਆ ਹੈ। ਢਾਡੀ ਗਿਆਨੀ ਸੋਹਣ ਸਿੰਘ ਸੀਤਲ ਨੇ ਇਕ ਨਿਸ਼ਠਾਵਾਨ ਸਿਦਕੀ ਸਿੱਖ ਦੀ ਤਰ੍ਹਾਂ ਪੂਰਨ ਸਮਰਪਨ ਸਹਿਤ ਇਸ ਮਹਾਨ ਕਾਰਜ ਨੂੰ ਲੰਮੇ ਅਰਸੇ ਤੱਕ ਨਿਭਾ ਕੇ ਸਿੱਖ ਪੰਥ ਵਿੱਚ ਆਪਣੀ ਸਦੀਵੀ ਤੇ ਚਿਰ-ਸਥਾਈ ਥਾਂ ਬਣਾਈ।

ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ, 1909 ਈ: ਨੂੰ ਪਿਤਾ ਸ: ਖੁਸ਼ਹਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੀ ਕੁੱਖ ਤੋਂ ਕਾਦੀਵਿੰਡ (ਲਾਹੌਰ) ਵਿਖੇ ਹੋਇਆ। ਸੀਤਲ ਜੀ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਮੈਟ੍ਰਿਕ ਤੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਇਹ ਉਹ ਸਮਾਂ ਸੀ ਜਦੋਂ ਸਿੰਘ ਸਭਾ ਲਾਹੌਰ ਅਤੇ ਅਕਾਲੀ ਲਹਿਰ ਗੁਰਮਤਿ ਪ੍ਰਚਾਰ ਨਾਲ ਸਿੱਖ ਸੰਗਤ ਨੂੰ ਪ੍ਰਭਾਵਿਤ ਕਰ ਰਹੀਆਂ ਸਨ। ਗਿ: ਸੋਹਣ ਸਿੰਘ ਸੀਤਲ ਬਚਪਨ ਤੋਂ ਚੇਤੰਨ ਤੇ ਬਿਬੇਕ-ਬੁੱਧੀ ਵਾਲਾ ਇਨਸਾਨ ਸੀ, ਉਸ ਸਮੇਂ ਪਿੰਡ-ਪਿੰਡ ਸਜਣ ਵਾਲੇ ਦੀਵਾਨਾਂ ਵਿੱਚ ਸਿੱਖ ਇਤਿਹਾਸ ਸਬੰਧੀ ਢਾਡੀਆਂ ਵੱਲੋਂ ਗਾਈਆਂ ਜੋਸ਼ੀਲੀਆਂ ਵਾਰਾਂ ਸ਼ਹੀਦਾਂ ਅਤੇ ਸਿੱਖ ਸੂਰਵੀਰਾਂ ਦੀਆਂ ਜੀਵਨ-ਘਟਨਾਵਾਂ ਨੇ ਇਸ ਨੌਜਵਾਨ ਨੂੰ ਇਸ ਤਰ੍ਹਾਂ ਕੀਲਿਆ ਕਿ ਉਸ ਨੇ ਤਾਅ ਜੀਵਨ ਗੁਰਬਾਣੀ ਅਤੇ ਸਿੱਖ ਇਤਿਹਾਸ ਵਿੱਚ ਜੀਊਣ ਅਤੇ ਹੰਢਾਉਣ ਦਾ ਮਨ ਬਣਾ ਲਿਆ। ਵਾਰਾਂ ਸੁਣਦਿਆਂ ਹੀ ਵਾਰਾਂ ਲਿਖਣ ਦਾ ਕਾਰਜ ਆਰੰਭ ਕਰ ਦਿੱਤਾ। ਪਿੰਡ ਲਲਿਆਣੀ ਦੇ ਭਰਾਈ ਚਿਰਾਗ ਦੀਨ ਨੂੰ ਉਸਤਾਦ ਧਾਰ ਲਿਆ। ਸੀਤਲ ਜੀ ਆਪਣੇ ਉੱਚ ਆਤਮਿਕ ਜੀਵਨ ਦੌਰਾਨ ਸਿਦਕ, ਭਰੋਸਾ, ਸਿਰੜ, ਲਗਨ ਨੂੰ ਹਮੇਸ਼ਾ ਪੱਲੇ ਬੰਨ੍ਹ ਕੇ ਚੱਲੇ। ਆਪ ਨੇ ਸੰਸਾਰ ਦੇ ਦੂਜੇ ਸਾਰੇ ਧਰਮਾਂ ਦਾ ਵੀ ਡੂੰਘਾ ਅਧਿਐਨ ਕੀਤਾ। ਸੀਤਲ ਜੀ ਕਹਿਣੀ, ਕਰਨੀ ਤੇ ਕਥਨੀ ਦੇ ਸੂਰੇ ਸਨ। ਗਿਆਨੀ ਜੀ ਪੰਜਾਬੀ, ਉਰਦੂ-ਫਾਰਸੀ, ਅੰਗ੍ਰੇਜ਼ੀ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ।

ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਜੇ ਤੁਸੀਂ ਆਪਣੇ ਧਰਮ ਦੀ ਗੱਲ ਪੁਰਜ਼ੋਰ ਸ਼ਬਦਾਂ ਵਿੱਚ ਪੇਸ਼ ਕਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਦੂਜੇ ਧਰਮਾਂ ਦਾ ਵੀ ਸੰਪੂਰਨ ਗਿਆਨ ਹੋਣਾ ਚਾਹੀਦਾ ਹੈ। ਦੁਨਿਆਵੀ ਲੋਕਾਂ ਤੋਂ ਉਲਟ ਗਿਆਨੀ ਸੋਹਣ ਸਿੰਘ ਸੀਤਲ ਵਹਿਮਾਂ-ਭਰਮਾਂ ਅਤੇ ਪਾਖੰਡਾਂ ਤੋਂ ਹਮੇਸ਼ਾਂ ਦੂਰ ਰਹਿੰਦੇ ਸਨ। ਰੋਮ-ਰੋਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਪ੍ਰਤੀ ਸਮਰਪਿਤ ਹੋ ਕੇ ਜੀਵਨ ਸਫ਼ਰ ਤੈਅ ਕੀਤਾ। ਸਫਲ ਲੇਖਕ ਤੇ ਸਾਹਿਤਕਾਰ ਵਜੋਂ ਗਿਆਨੀ ਸੀਤਲ ਵੱਲੋਂ ਲਿਖੀਆਂ ਅਤੇ ਗਾਈਆਂ ਵਾਰਾਂ ਦੀਆਂ 18 ਪੁਸਤਕਾਂ ਮਿਲਦੀਆਂ ਹਨ। ਇਕ ਇਤਿਹਾਸਕਾਰ ਵਜੋਂ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਿੱਖ ਰਾਜ ਕਿਵੇਂ ਗਿਆ, ਦੁਖੀਏ ਮਾਂ ਪੁੱਤ, ਬੰਦਾ ਸਿੰਘ ਸ਼ਹੀਦ, ਸਿੱਖ ਰਾਜ ਕਿਵੇਂ ਬਣਿਆ ਸਮੇਤ ਨੌਂ ਪੁਸਤਕਾਂ ਹਨ। ਬੱਚਿਆਂ ਨੂੰ ਇਤਿਹਾਸ ਦੀ ਜਾਣਕਾਰੀ ਦੇਣ ਲਈ ਵੀ ਤਿੰਨ ਪੁਸਤਕਾਂ ਲਿਖੀਆਂ। ਸਿੱਖ ਇਤਿਹਾਸ ਦਾ ਸਭ ਤੋਂ ਵੱਧ ਖੋਜ-ਭਰਪੂਰ ਕੰਮ ਸਿੱਖ ਇਤਿਹਾਸ ਦੇ ਸੋਮੇਂ ਪੰਜ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤਾ। ਕਵੀ ਤੇ ਗੀਤਕਾਰ ਵਜੋਂ ਵਹਿੰਦੇ ਹੰਝੂ, ਸੱਜਰੇ ਹੰਝੂ ਤੇ ਦਿਲ ਦਰਿਆ ਕਵਿਤਾ ਦੀਆਂ ਪੁਸਤਕਾਂ ਅਤੇ ਦੋ ਪੁਸਤਕਾਂ ਕੇਸਰੀ ਦੁਪੱਟਾ ਅਤੇ ਜਦੋਂ ਮੈਂ ਲਿਖਦਾ ਹਾਂ, ਗੀਤਾਂ ਦੀਆਂ ਪੁਸਤਕਾਂ ਮਿਲਦੀਆਂ ਹਨ। ਤਿੰਨ ਕਹਾਣੀ ਦੀਆਂ ਪੁਸਤਕਾਂ ਤੋਂ ਇਲਾਵਾ ਡੇਢ ਦਰਜਨ ਨਾਵਲ ਵੀ ਪੰਜਾਬੀ ਸਾਹਿਤ ਨੂੰ ਦਿੱਤੇ। ਦੋ ਇਤਿਹਾਸਕ ਨਾਵਲ ਮਹਾਰਾਣੀ ਜਿੰਦਾ ਅਤੇ ਮਹਾਰਾਜਾ ਦਲੀਪ ਸਿੰਘ ਵੀ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਏ। ਗਿਆਨੀ ਸੋਹਣ ਸਿੰਘ ਸੀਤਲ ਦੇ ਨਾਵਲ ਜੁੱਗ ਬਦਲ ਗਿਆ ਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੀਤਲ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਢਾਡੀ ਦਾ ਸਨਮਾਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਸ਼੍ਰੋਮਣੀ ਢਾਡੀ ਤੇ ਸ਼੍ਰੋਮਣੀ ਸਾਹਿਤਕਾਰ ਵਜੋਂ ਵੀ ਸਨਮਾਨਿਆ ਗਿਆ। 23 ਸਤੰਬਰ, 1998 ਨੂੰ ਇਹ ਮਹਾਨ ਇਨਸਾਨ ਤੇ ਗੁਰਸਿੱਖ ਸਾਹਿਤਕਾਰ ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਕੇ ਸਦੀਵੀ ਨੀਂਦ ਸੌਂ ਗਿਆ। ਗਿਆਨੀ ਸੋਹਣ ਸਿੰਘ ਸੀਤਲ ਦੀ ਆਪਣੀ ਰਚਨਾ ਦੀਆਂ ਸਤਰਾਂ ਨੇ-

ਸੀਤਲ ਉਹ ਸਦਾ ਜਹਾਨ 'ਤੇ ਜੀਂਵਦਾ ਏ,
ਜੀਹਦਾ ਮਰਗਿਆਂ ਦੇ ਪਿੱਛੋਂ ਜੱਸ ਹੋਵੈ।

* * * * * * *



ਗਿਆਨੀ ਸੋਹਣ ਸਿੰਘ ਸੀਤਲ

## ਮਿੰਨੀ ਕਹਾਣੀ

ਜੇਮਸ ਥਰਬਰ ਦੀ ਇੱਕ ਬਹੁਤ ਪ੍ਰਸਿੱਧ ਕਹਾਣੀ ਹੈ, ਕਿ ਇੱਕ ਸੱਪਾਂ ਦੇ ਦੇਸ਼ ਵਿੱਚ ਇੱਕ ਵਾਰ ਇੱਕ ਸ਼ਾਂਤੀ ਪਸੰਦ ਨਿਓਲਾ ਪੈਦਾ ਹੋ ਗਿਆ ।

ਨਿਓਲੇਆ ਨੇ ਤੱਤ ਛਣ ਉਸ ਨੂੰ ਸਿੱਖਿਆ ਦੇਣੀ ਸ਼ੁਰੂ ਕੀਤੀ ਕਿ ਸੱਪ ਸਾਡੇ ਦੁਸ਼ਮਣ ਹਨ। ਪਰ ਉਸ ਨਿਓਲੇ ਨੇ ਕਿਹਾ, ਕਿ ਕਿਉਂ? ਮੇਰਾ ਉਨ੍ਹਾਂ ਨੇ ਹੁਣ ਤੱਕ ਕੁਝ ਵੀ ਨਹੀਂ ਵਿਗਾੜਿਆ।

ਪੁਰਾਣੇ ਨਿਓਲਿਆਂ ਨੇ ਕਿਹਾ ਨਾ ਸਮਝ, ਤੇਰਾ ਨਾਂ ਵਿਗਾੜਿਆ ਹੋਵੇ। ਲੇਕਿਨ ਉਹ ਸਦਾ ਤੋਂ ਸਾਡੇ ਦੁਸ਼ਮਣ ਹਨ।

ਉਨ੍ਹਾਂ ਨਾਲ ਸਾਡਾ ਵਿਰੋਧ ਜਾਤੀਗਤ ਹੈ।

ਪਰ ਉਸ ਸ਼ਾਂਤੀ ਪਸੰਦ ਨਿਓਲੇ ਨੇ ਕਿਹਾ ਜਦ ਮੇਰਾ ਉਨ੍ਹਾਂ ਨੇ ਕੁਝ ਨਹੀਂ ਵਿਗਾੜਿਆ ਤਾਂ ਮੈਂ ਕਿਉਂ ਉਨ੍ਹਾਂ ਨਾਲ ਦੁਸ਼ਮਣੀ ਪਾਲਾ? ਖ਼ਬਰ ਫੈਲ ਗਈ, ਕਿ ਨਿਓਲੇਆਂ ਵਿੱਚ ਇੱਕ ਗਲਤ ਨਿਓਲਾ ਪੈਦਾ ਹੋ ਗਿਆ ਹੈ। ਜੋ ਸੱਪਾਂ ਦਾ ਮਿੱਤਰ ਹੈ ਅਤੇ ਨਿਓਲੇਆ ਦਾ ਦੁਸ਼ਮਣ ਹੈ।

ਨਿਓਲੇ ਦੇ ਬਾਪ ਨੇ ਕਿਹਾ ਉਸ ਦਾ ਲੜਕਾ ਪਾਗਲ ਹੈ। ਨਿਓਲੇ ਦੀ ਮਾਂ ਨੇ ਕਿਹਾ ਇਹ ਲੜਕਾ ਬੀਮਾਰ ਹੈ। ਨਿਓਲੇ ਦੇ ਭਰਾਵਾਂ ਨੇ ਕਿਹਾ ਇਹ ਸਾਡਾ ਭਰਾ ਬੁਜ਼ਦਿਲ ਹੈ। ਉਸ ਨੂੰ ਬਹੁਤ ਸਮਝਾਇਆ ਕਿ ਇਹ ਸਾਡਾ ਫ਼ਰਜ਼ ਹੈ, ਰਾਸ਼ਟਰੀ ਕਰਤੱਵ ਹੈ ਕਿ ਅਸੀਂ ਸੱਪਾਂ ਨੂੰ ਮਾਰੀਏ। ਅਸੀਂ ਇਸੇ ਲਈ ਹਾਂ, ਇਸ ਪ੍ਰਿਥਵੀ ਨੂੰ ਸੱਪਾਂ ਤੋਂ ਖਾਲੀ ਕਰ ਦੇਣਾ ਹੈ। ਕਿਉਂਕਿ ਉਨ੍ਹਾਂ ਦੇ ਕਾਰਨ ਹੀ ਸਾਰੀ ਬੁਰਾਈ ਹੈ। ਸੱਪ ਹੀ ਸ਼ੈਤਾਨ ਹੈ।



ਉਸ ਸ਼ਾਂਤੀ ਪਸੰਦ ਨਿਓਲੇ ਨੇ ਕਿਹਾ ਮੈਂ ਤਾਂ ਉਨ੍ਹਾਂ ਵਿੱਚ ਕੋਈ ਫ਼ਰਕ ਨਹੀਂ ਦੇਖਦਾ। ਖ਼ਬਰ ਫੈਲ ਗਈ ਕਿ ਉਹ ਨਿਓਲਾ ਵਾਸਤਵ ਵਿੱਚ ਸੱਪ ਹੀ ਹੈ। ਸੱਪਾਂ ਦੀ ਤਰ੍ਹਾਂ ਰੇਂਗਦਾ ਹੈ ਅਤੇ ਉਸ ਤੋਂ ਸਾਵਧਾਨ ਰਹਿਣਾ। ਕਿਉਂਕਿ ਸ਼ਕਲ ਤੋਂ ਉਹ ਨਿਓਲਾ ਹੀ ਹੈ, ਅਤੇ ਆਤਮਾ ਸੱਪ ਦੀ ਹੈ।

ਵੱਡੇ-ਵੱਡੇ ਇਕੱਠ ਹੋਏ ਪੰਚਾਇਤ ਨੇ ਆਖਰੀ ਵਾਰ ਕੋਸ਼ਿਸ਼ ਕੀਤੀ ਨਿਓਲੇ ਨੂੰ ਸਮਝਾਉਣ ਦੀ। ਕੀ ਤੂੰ ਪਾਗਲਪਨ ਨਾ ਕਰ। ਉਸ ਨਿਓਲੇ ਨੇ ਕਿਹਾ ਲੇਕਿਨ ਸੋਚਣਾ ਸਮਝਣਾ ਤਾਂ ਜ਼ਰੂਰੀ ਹੈ। ਇੱਕ ਨਿਓਲਾ ਭੀੜ ਵਿੱਚੋਂ ਬੋਲਿਆ, ਸੋਚਣਾ ਸਮਝਣਾ ਗਦਾਰੀ ਹੈ। ਦੂਸਰੇ ਨਿਉਲਿਆਂ ਨੇ ਕਿਹਾ ਸੋਚਣਾ ਸਮਝਣਾ ਦੁਸ਼ਮਣਾਂ ਦਾ ਕੰਮ ਹੈ।

ਫਿਰ ਜਦ ਉਹ ਉਸ ਨੂੰ ਸਮਝਾ ਨਾ ਪਾਏ ਤਾਂ, ਉਸ ਨਿਓਲੇ ਨੂੰ ਉਨ੍ਹਾਂ ਨੇ ਫਾਂਸੀ ਦੇ ਦਿੱਤੀ।

ਜੇਮਸ ਥਰਬਰ ਨੇ ਅੰਤਮ ਵਚਨ ਵਿੱਚ ਇਸ ਕਹਾਣੀ ਦੇ ਲਿਖਿਆ ਹੈ।

☞ ਜੇ ਤੁਸੀਂ ਆਪਣੇ ਦੁਸ਼ਮਣਾਂ ਦੇ ਹੱਥੋਂ ਨਾ ਮਾਰੇ ਗਏ ਤਾਂ, ਆਪਣੇ ਮਿੱਤਰਾਂ ਦੇ ਹੱਥੋਂ ਮਾਰੇ ਜਾਓਗੇ। ਮਾਰੇ ਤੁਸੀਂ ਜ਼ਰੂਰ ਜਾਓਗੇ।

ਸਮਾਜ ਭੀੜ ਦੇ ਮਨੋਵਿਗਿਆਨ ਨਾਲ ਜਿਉਂਦਾ ਹੈ, ਸਮਾਜ ਵਿੱਚ ਸੱਚ ਦੀ ਚਿੰਤਾ ਕਿਸੇ ਨੂੰ ਵੀ ਨਹੀਂ।

ਦੂਜਿਆਂ ਨਾਲ ਸਹਿਮਤੀ ਬਣੀ ਰਹੇ ਏਨੀ ਹੀ ਚਿੰਤਾ ਹੈ। ਸਮਾਜ ਦੇ ਨਾਲ ਵਿਅਕਤੀ ਕਿਵੇਂ ਬਣੀ ਰਹੇ ਏਨੀ ਹੀ ਚਿੰਤਾ ਹੈ।

ਸਮਾਜ ਝੂਠਾ ਹੋਵੇ ਤਾਂ ਵਿਅਕਤੀ ਨੂੰ ਵੀ ਝੂਠਾ ਹੋ ਜਾਣਾ ਪੈਂਦਾ ਹੈ। ਵਿਅਕਤੀ ਬਹੁਤ ਇਕੱਲਾ ਹੈ ਸਮਾਜ ਬਹੁਤ ਵੱਡਾ ਹੈ।


ਲੋਕੀਂ ਝੂਠ ਹੀ ਪਸੰਦ ਕਰਦੇ ਹਨ, ਕਿਉਂਕਿ ਝੂਠ ਖੂਬਸੂਰਤ ਤੇ ਮਿਠਾਸ ਭਰਿਆ ਹੁੰਦਾ ਹੈ।

(ਸੋ ਭੀੜ ਦਾ ਹਿੱਸਾ ਬਣਨ ਤੋਂ ਬਚੋ)

**ਹਰਜੋਤ ਸਿੰਘ**

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਮੁੱਚੀ ਮਨੁੱਖਤਾ ਦੀਆਂ ਰਾਜਨੀਤਕ, ਧਾਰਮਿਕ ਤੇ ਸਮਾਜਿਕ ਮਾਨਸਿਕ ਗੁੰਝਲਾਂ ਦਾ ਹੱਲ ਕਰਨ ਦੇ ਸਮਰੱਥ ਹੈ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਮੋਹਨ ਭਾਗਵਤ ਦੇ ਇਸ ਲੇਖ ਵਿੱਚ ਵਰਣਤ ਬਿਆਨਾਂ ਦਾ ਭਾਵੇਂ ਕੋਈ ਸੰਵਿਧਾਨਿਕ ਆਧਾਰ ਨਹੀਂ ਹੈ ਪਰ ਕਿਉਂਕਿ ਆਰ. ਐੱਸ. ਐੱਸ. ਨੂੰ ਭਾਜਪਾ ਦੀ ਮੋਦੀ ਸਰਕਾਰ ਦਾ ਥਾਪੜਾ ਹੈ, 2014 ਤੋਂ ਜਦੋਂ ਦੀ ਮੋਦੀ ਸਰਕਾਰ ਬਣੀ ਹੈ ਓਦੋਂ ਤੋਂ ਹੀ ਮੋਹਨ ਭਾਗਵਤ ਅਣਅਧਿਕਾਰਤ ਅਜਿਹੇ ਬਿਆਨ ਦੇ ਰਿਹਾ ਹੈ ਕਿ 'ਹਿੰਦੋਸਤਾਨ ਵਿੱਚ ਰਹਿਣ ਵਾਲੇ ਸਭ ਹਿੰਦੂ ਹਨ।' ਭਾਰਤ ਮਾਤਾ ਦੇ ਨਾਂ 'ਤੇ ਦੇਸ਼ ਭਗਤੀ ਦਾ ਜਜ਼ਬਾ ਦੋਹਰਾ ਮਕਸਦ ਪੂਰਾ ਕਰ ਰਿਹਾ ਹੈ।

"20 ਅਗਸਤ 1931 ਨੂੰ ਬਰਤਾਨਵੀ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ ਅਛੂਤਾਂ ਨੂੰ ਉਹਨਾਂ ਦੀ ਅਬਾਦੀ ਦੇ ਲਿਹਾਜ ਨਾਲ਼ ਪ੍ਰਤੀਨਿਧ ਚੁਣਨ ਦਾ ਅਧਿਕਾਰ ਦਿੱਤਾ ਜਾਵੇਗਾ। ਇਹ ਐਲਾਨ ਸੁਣਦਿਆਂ ਹੀ ਹਿੰਦੂਵਾਦੀ ਤਾਕਤਾਂ ਨੂੰ ਫ਼ਿਕਰ ਪੈ ਗਿਆ ਕਿ ਸਦੀਆਂ ਤੋਂ ਗ਼ੁਲਾਮ ਰੱਖੇ ਵਿਭਿੰਨ ਜਾਤਾਂ ਦੇ ਲੋਕ ਹਿੰਦੂ ਸਮਾਜ ਤੋਂ ਅਲੱਗ ਹੋ ਜਾਣਗੇ। ਮਹਾਤਮਾ ਗਾਂਧੀ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਤੁਰੰਤ ਹੀ ਧਮਕੀ ਭਰਿਆ ਪੱਤਰ ਲਿਖਆ ਕਿ ਅਛੂਤਾਂ ਨੂੰ ਵੱਖਰੇ ਅਧਿਕਾਰ ਦੇਣ ਦਾ ਫ਼ੈਸਲਾ ਵਾਪਿਸ ਲੈਣ ਤਕ ਉਹ ਭੁੱਖ ਹੜਤਾਲ ਕਰਨਗੇ। ਧਮਕੀ ਦੇਣ ਦੇ ਸਹੀ ਇੱਕ ਮਹੀਨੇ ਪਿੱਛੋਂ (20 ਸਤੰਬਰ 1932) ਨੂੰ ਮਹਾਤਮਾ ਗਾਂਧੀ ਆਪਣੀ ਧਮਕੀ ਮੁਤਾਬਕ ਭੁੱਖ ਹੜਤਾਲ 'ਤੇ ਬੈਠ ਗਏ। ਦਲਿਤ ਚਿੰਤਕ ਭੀਮ ਰਾਓ ਅੰਬੇਦਕਰ 'ਕਮਿਊਨਲ ਅਵਾਰਡ' ਦੀ ਹਮਾਇਤ ਕਰਦੇ ਸਨ, ਇਸ ਕਰਕੇ ਗਾਂਧੀ ਭਗਤਾਂ ਵੱਲੋਂ ਭੀਮ ਰਾਓ ਅੰਬੇਦਕਰ ਨੂੰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਕਿ ਜੇ ਉਹਨਾਂ ਨੇ 'ਕਮਿਊਨਲ ਅਵਾਰਡ' ਦੀ ਹਮਾਇਤ ਵਾਪਿਸ ਨਹੀਂ ਲਈ ਤਾਂ ਉਹਨਾਂ ਨੂੰ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈਣਗੇ। ਮਹਾਤਮਾ ਗਾਂਧੀ ਨੇ ਤਾਂ ਸਪਸ਼ਟ ਆਖ ਦਿੱਤਾ ਮੇਰੀ ਜਾਨ ਬਚਾਉਣਾ ਅੰਬੇਦਕਰ ਦੇ ਹੱਥ ਵਿੱਚ ਹੈ, ਜੇਕਰ ਉਹ 'ਕਮਿਊਨਲ ਅਵਾਰਡ' ਤੋਂ ਪਿੱਛੇ ਹੱਟ ਜਾਣ ਤਾ ਹਿੰਦੂ ਸਮਾਜ ਬਿਖਰਨ ਤੋਂ ਬਚ ਸਕਦਾ ਹੈ। ਦਰਅਸਲ ਅਛੂਤਾਂ (ਦਲਿਤਾਂ) ਨੀਵੀਆਂ ਜਾਤਾਂ ਦੇ ਲੋਕਾਂ ਲਈ ਅਲੱਗ ਰਾਜਨੀਤਕ ਅਧਿਕਾਰਾਂ ਦੀ ਮੰਗ ਭੀਮ ਰਾਓ ਅੰਬੇਦਕਰ ਦੀ ਰਾਜਨੀਤੀ ਦਾ ਹਿੱਸਾ ਸੀ। ਉਹ ਵਿਚਾਰਧਾਰਕ ਪੱਖੋਂ ਇਹ ਮੰਨਦੇ ਸਨ ਕਿ ਦਲਿਤ/ਅਛੂਤ ਹਿੰਦੂਆਂ ਦਾ ਹਿੱਸਾ ਨਹੀਂ ਹਨ। ਮਹਾਤਮਾ ਗਾਂਧੀ ਦਲਿਤਾਂ ਨੂੰ ਹਿੰਦੂਆਂ ਨਾਲ਼ ਜੋੜਨ ਦੇ ਪੱਖ ਵਿੱਚ ਸਨ। ਮਹਾਤਮਾ ਗਾਂਧੀ ਵਾਰ-ਵਾਰ ਇਹ ਕਹਿ ਰਿਹਾ ਸੀ ਕਿ ਜੇਕਰ 'ਕਮਿਊਨਲ ਅਵਾਰਡ' ਲਾਗੂ ਹੋ ਜਾਂਦਾ ਹੈ ਤਾਂ ਹਿੰਦੂ ਸਮਾਜ ਦੇ ਨਾਲ਼-ਨਾਲ਼ ਰਾਸ਼ਟਰਵਾਦ ਦਾ ਵੀ ਅੰਤ ਹੋ ਜਾਵੇਗਾ। ਉਸ ਨੇ ਅੰਬੇਦਕਰ ਨਾਲ਼ ਵਾਰਤਾ ਦੌਰਾਨ ਵੀ ਆਪਣੀ ਗੱਲ ਦੁਹਰਾਈ ਕਿ ਮੈਂ (ਗਾਂਧੀ) ਨਹੀਂ ਚਾਹੁੰਦਾ ਕਿ ਹਿੰਦੂ ਸਮਾਜ ਵੰਡਿਆ ਜਾਵੇ। ਅਖੀਰ ਮਹਾਤਮਾ ਗਾਂਧੀ ਦੀ ਜ਼ਿੱਦ ਅੱਗੇ ਭੀਮ ਰਾਓ ਅੰਬੇਦਕਰ ਨੂੰ ਝੁਕਣਾ ਪਿਆ। ਦਲਿਤਾਂ ਲਈ ਵੱਖਰੇ ਰਾਜਨੀਤਕ ਅਧਿਕਾਰ ਖੇਤਰ ਦੀ ਥਾਂ 'ਤੇ ਸੀਟਾਂ ਦੇ ਰਾਖਵੇਂਕਰਨ ਦੀ ਨੀਤੀ 'ਤੇ ਅੰਬੇਦਕਰ ਨੂੰ ਹਾਮੀ ਭਰਨੀ ਪਈ। 25 ਦਸੰਬਰ 1932 ਨੂੰ ਸ਼ਾਮ ਦੇ ਪੰਜ ਵਜੇ ਅੰਬੇਦਕਰ ਨੇ 'ਪੂਨਾ ਐਕਟ' ਤੇ ਦਸਤਖ਼ਤ ਕਰ ਦਿੱਤੇ।"
('ਬ੍ਰਾਹਮਣਵਾਦ ਤੋਂ ਹਿੰਦੂਵਾਦ'
ਪੰਨਾ 142-143)।

ਪੂਨਾ ਐਕਟ ਤੋਂ ਬਾਅਦ ਭਾਰਤ ਮਾਤਾ ਦੀ ਜੈ ਅਤੇ ਦੇਸ ਲਈ 'ਭਾਰਤ' ਸ਼ਬਦ ਦੇ ਬ੍ਰਾਹਮਣਵਾਦੀ ਆਰੀਆ ਨਾਹਰੇ ਈਜ਼ਾਦ ਕੀਤੇ। ਭਾਰਤ ਮਾਤਾ ਦੀ ਜੈ ਅਤੇ ਭਾਰਤ ਸ਼ਬਦ ਦੇ ਪਿਛੋਕੜ ਬਾਰੇ ਉਸ ਸਮੇਂ ਕਿਸੇ ਨੂੰ ਸਮਝ ਆਈ ਹੋਵੇ ਜਾਂ ਨਾ, ਪਰ ਆਰ. ਐੱਸ. ਐੱਸ./ ਬੀ. ਜੇ. ਪੀ. ਦੀ ਮੋਦੀ ਦੀ ਅਗਵਾਈ ਵਿੱਚ ਚੱਲ ਰਹੀ ਸਰਕਾਰ ਦੇ ਚਾਰ ਕੁ ਸਾਲਾਂ ਦੇ ਸਮੇਂ ਵਾਪਰ ਰਹੀਆਂ ਘਟਨਾਵਾਂ ਨੇ ਇਸ ਦੇ ਪਿਛੋਕੜ ਦੀ ਸਮਝ ਸਭ ਦੇ ਸਾਮ੍ਹਣੇ ਲਿਆ ਦਿੱਤੀ ਹੈ, ਜਿਸ ਦਾ ਨਤੀਜਾ ਦਲਿਤਾਂ, ਮੁਸਲਮਾਨਾਂ, ਈਸਾਈਆਂ ਅਤੇ ਹੋਰ ਘੱਟ ਗਿਣਤੀਆਂ ਅਤੇ ਗ਼ਰੀਬਾਂ ਨੂੰ ਭੁਗਤਣਾ ਪੈ ਰਿਹਾ ਹੈ।

ਆਰ. ਐੱਸ. ਐੱਸ. ਤੇ ਭਾਜਪਾ ਦਲਿਤਾਂ ਨਾਲ਼ ਦੋਗਲੀ ਨੀਤੀ ਵਰਤ ਰਹੀ ਹੈ। ਇੱਕ ਪਾਸੇ ਤਾਂ ਬਿਆਨ ਦੇ ਰਹੀ ਹੈ ਕਿ ਦਲਿਤ ਹਿੰਦੂ ਸਮਾਜ ਦੀ ਮਾਰਸ਼ਲ ਕੌਮ ਹਨ ਤੇ ਦੂਜੇ ਪਾਸੇ ਦਲਿਤ ਚਿੰਤਕ ਬੀ. ਆਰ. ਅੰਬੇਦਕਰ ਦੇ ਬੁੱਤ ਤੋੜੇ ਜਾ ਰਹੇ ਹਨ। ਆਰ. ਐੱਸ. ਐੱਸ. ਵਾਲ਼ੇ ਹਿੰਦੂ ਮਿਥਿਹਾਸ ਵਿੱਚੋਂ ਵੀ ਆਪਣੇ ਮਤਲਬ ਦੀ ਗੱਲ ਕੱਢ ਕੇ ਪ੍ਰਚਾਰ ਰਹੇ ਹਨ। ਉਦਾਹਰਣ ਵਜੋਂ ਸ਼ੋਸ਼ਲ ਮੀਡੀਏ ਰਾਹੀਂ ਰਾਮ ਚੰਦਰ ਨੂੰ ਭੀਲਣੀ ਦੇ ਹੱਥੋਂ ਬੇਰ ਖਾਂਦੇ ਨੂੰ ਤਾਂ ਵਿਖਾ ਰਹੇ ਹਨ ਪਰ ਇਹ ਨਹੀਂ ਵਿਖਾ ਰਹੇ ਕਿ ਰਾਮ ਚੰਦਰ ਨੇ ਸ਼ਬੂੰਕ ਨਾਮੀ ਸ਼ੂਦਰ ਦੀ ਹੱਤਿਆ ਇਸ ਕਰ ਕੇ ਕਰ ਦਿੱਤੀ ਸੀ ਕਿ ਉਹ ਪਰਮਾਤਮਾ ਦਾ ਨਾਮ ਜਪ ਰਿਹਾ ਸੀ ਪਰ ਮਨੂੰ ਸਿਮਰਤੀ ਅਨੁਸਾਰ ਸ਼ੂਦਰ ਨੂੰ ਨਾਮ ਜਪਣ ਦਾ ਅਧਿਕਾਰ ਨਹੀਂ ਹੈ। ਮਨੂੰ ਸਿਮਰਤੀ ਅਨੁਸਾਰ ਸ਼ੂਦਰ ਲੱਕ ਤੋਂ ਉੱਤੇ ਕਪੜਾ ਨਹੀਂ ਪਹਿਨ ਸਕਦੇ ਅਤੇ ਪੱਗ ਵੀ ਨਹੀਂ ਬੰਨ੍ਹ ਸਕਦੇ।

ਅਜੋਕੇ ਯੁਗ ਵਿੱਚ ਵੀ ਦਲਿਤਾਂ ਨਾਲ਼ ਹੋ ਰਹੇ ਵਿਤਕਰੇ ਬਾਰੇ 'ਰਾਣਾ ਅਯੂਬ' ਦੀ ਪੁਸਤਕ 'ਗੁਜਰਾਤ ਫ਼ਾਇਲਾਂ' ਦੇ ਪੰਨਾ 54-55 ਉੱਤੇ ਦਲਿਤਾਂ ਨਾਲ਼ ਹੁੰਦੇ ਵਿਤਕਰੇ ਬਾਰੇ ਇੱਕ ਹਵਾਲ਼ਾ ਦਰਜ ਹੈ ਅਸੀਂ ਉਹ ਪਹਿਰਾ ਹੂ-ਬਹੂ ਹੇਠ ਲਿਖ ਰਹੇ ਹਾਂ:-

"ਗੁਜਰਾਤ ਦੇ ਬਾਰਡਰ ਰੇਂਜ਼ ਦੇ ਆਈ.ਜੀ. ਦੇ ਅਹੁਦੇ ਉੱਪਰ ਹੋਣ ਦੇ ਬਾਵਜੂਦ ਉਸ ਨੂੰ ਆਪਣਾ ਘਰ ਦਲਿਤ ਬਸਤੀ ਵਿੱਚ ਬਣਾਉਣਾ ਪਿਆ ਸੀ। ਦਲਿਤ ਹੋਣ ਦੀ ਪਛਾਣ ਨੇ ਉਸ ਦਾ ਖਹਿੜਾ ਨਾ ਛੱਡਿਆ। ਗੁਜਰਾਤ ਵਿੱਚ ਉਸ ਦੀ ਨੌਕਰੀ ਦੌਰਾਨ ਉਸ ਨੂੰ ਆਪਣੇ ਸੀਨੀਅਰਾਂ ਦੇ ਘਟੀਆ ਕੰਮ ਕਰਨੇ ਪਏ ਪਰ ਉਹ ਐਸੇ ਕੰਮ ਕਰਨ ਤੋਂ ਨਾਂਹ ਕਰ ਦਿੰਦਾ ਸੀ। ਇਹ ਬਹੁਤ ਹੀ ਅਜੀਬ ਸੀ, ਤੁਸੀਂ ਜਾਣਦੇ ਹੋ ਇਸ ਦਾ ਮਤਲਬ ਸੀ ਕਿ ਜੇ ਤੁਸੀਂ ਦਲਿਤ ਹੋ ਤਾਂ ਕੋਈ ਤੁਹਾਨੂੰ ਕੁਝ ਵੀ ਕਹਿ ਦੇਵੇ ਉਹ ਸਾਫ ਬਚ ਸਕਦਾ ਸੀ। ਓਥੇ ਕੋਈ ਮਾਣ-ਸਨਮਾਣ ਨਹੀਂ ਸੀ। ਮੇਰਾ ਕਹਿਣ ਦਾ ਭਾਵ, ਇੱਕ ਦਲਿਤ ਅਫ਼ਸਰ ਨੂੰ ਬੇਰਹਿਮੀ ਨਾਲ਼ ਕਤਲ ਕਰਨ ਲਈ ਕਿਹਾ ਜਾ ਸਕਦਾ ਸੀ ਕਿਉਂਕਿ ਉਸ ਦਾ (ਜ਼ਾਹਰਾ ਤੌਰ 'ਤੇ) ਕੋਈ ਸਵੈਮਾਨ, ਕੋਈ ਆਦਰਸ਼ ਨਹੀਂ ਸਨ। ਗੁਜਰਾਤ ਪੁਲਸ ਵਿੱਚ ਉੱਚ ਜਾਤੀਆਂ ਹਰ ਕਿਸੇ ਦੀਆਂ ਦੀਆਂ ਨਜ਼ਰਾਂ ਵਿੱਚ ਚੰਗੀਆਂ ਹਨ।" ('ਗੁਜਰਾਤ ਫਾਈਲਾਂ' ਪੰਨਾ 54-55)

ਆਰ. ਐੱਸ. ਐੱਸ. ਦੇ ਸੰਸਥਾਪਕ ਗੋਵ-ਲਕਰ ਨੇ ਆਪਣੀ ਪੁਸਤਕ ਵਿੱਚ ਯਹੂਦੀਆਂ ਦੇ ਕਤਲੇਆਮ ਦਾ ਸਮਰਥਨ ਕੀਤਾ ਅਤੇ ਇਸ ਨੂੰ ਭਾਰਤ ਲਈ ਇੱਕ ਸਬਕ ਮੰਨਦੇ ਹੋਏ ਲਿਖਿਆ- "ਆਪਣੀ ਜਾਤੀ ਤੇ ਸੰਸਕ੍ਰਿਤੀ ਦੀ ਸ਼ੁਧਤਾ ਬਣਾਈ ਰੱਖਣ ਲਈ ਜਰਮਨੀ ਨੇ ਦੇਸ ਤੋਂ ਸਾਮੀ ਜਾਤੀਆਂ ਯਹੂਦੀਆਂ ਦਾ ਸਫਾਇਆ ਕਰ ਕੇ ਵਿਸ਼ਵ ਨੂੰ ਹੈਰਨ ਕਰ ਦਿੱਤਾ, ਜਾਤੀ ਦਾ ਮਾਣ ਇੱਥੇ ਸਰਬ-ਉੱਚ ਰੂਪ ਵਿੱਚ ਪ੍ਰਗਟ ਹੋਇਆ। 'ਮੁਸਲਮਾਨਾਂ ਤੇ ਈਸਾਈਆਂ ਪ੍ਰਤੀ ਸੰਘ ਦੇ ਉਹੀ ਵਿਚਾਰ ਹਨ ਜੋ ਯਹੂਦੀਆਂ ਪ੍ਰਤੀ ਹਿਟਲਰ ਦੇ ਸਨ। 'ਸਾਵਰਕਰ' ਨੇ 1924 ਈ. ਨੂੰ ਹਿੰਦੂ ਸ਼ਬਦ ਦੀ ਪ੍ਰੀਭਾਸ਼ਾ ਇਸ ਪ੍ਰਕਾਰ ਕੀਤੀ:- ਕਿ ਭਾਰਤ ਵਿੱਚ ਰਹਿਣ ਵਾਲ਼ਾ ਹਰ ਵਿਅਕਤੀ ਹਿੰਦੂ ਹੈ ਚਾਹੇ ਉਹ ਮੁਸਲਮਾਨ ਤੇ ਈਸਾਈ ਹੀ ਕਿਉਂ ਨਾ ਹੋਵੇ, ਜਿਨ੍ਹਾਂ ਦੀ ਮਾਤ ਭੂਮੀ ਤੇ ਪੂਜਣਯੋਗ ਭੂਮੀ ਭਾਰਤ ਹੈ, ਉਹ ਹਿੰਦੂ ਹਨ। ਹਿੰਦੂ ਉਹ ਜੋ ਆਰੀਆ ਹੈ ਅਤੇ ਬ੍ਰਾਹਮਣਵਾਦੀ ਵਿਰਸੇ ਵਿੱਚ ਨਿਸਚਾ ਰੱਖਦਾ ਹੈ।"

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਾ ਤਾਂ ਮੁਸਲਮਾਨ ਬ੍ਰਾਹਮਣਵਾਦੀ ਵਿਰਸੇ ਵਿੱਚ ਨਿਸਚਾ ਰੱਖਦੇ ਹਨ ਅਤੇ ਨਾ ਹੀ ਈਸਾਈ ਬ੍ਰਹਾਮਣਵਾਦੀ ਵਿਰਸੇ ਵਿੱਚ ਨਿਸਚਾ ਰੱਖਦੇ ਹਨ। ਸਿੱਖ ਸਭਿਆਚਾਰ ਤਾਂ ਹੈ ਹੀ ਬ੍ਰਾਹਮਣਵਾਦੀ ਸੱਭਿਆਚਾਰ ਦੇ ਬਿਲਕੁਲ ਉਲਟ, ਸਿੱਖਾਂ ਦੀਆਂ ਧਾਰਮਿਕ ਰਹੁ ਰੀਤਾਂ ਅਤੇ ਆਰੀਆ ਬ੍ਰਾਹਮਣਵਾਦੀ (ਹਿੰਦੂਵਾਦੀ) ਇੱਕ ਦੂਜੇ ਦੇ ਉਲਟ ਹਨ। ਸਿੱਖ ਸੱਭਿਆਚਾਰ ਅਤੇ ਹਿੰਦੂ ਸੱਭਿਆਚਾਰ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸਿੱਖ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ-ਬਾਟੇ ਦੇ ਅੰਮ੍ਰਿਤ 'ਤੇ ਨਿਸਚਾ ਰੱਖਦੇ ਹਨ। ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਨੇ ਤਾਂ ਬ੍ਰਾਹਮਣੀ ਵਿਰਸੇ ਨੂੰ ਮੁੱਢੋਂ ਰੱਦ ਕਰ ਕੇ ਖ਼ਾਲਸੇ ਨੂੰ (ਸਿੱਖਾਂ ਨੂੰ) ਸਾਵਧਾਨ ਕੀਤਾ ਸੀ ਕਿ

**'ਜਬ ਲਗ ਖ਼ਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤ
ਮੈ ਨਾ ਕਰੋਂ ਇਨ ਕੀ ਪ੍ਰਤੀਤ॥**

ਅਰਥਾਤ ਸਿੱਖ ਧਰਮ ਮਨੂੰ ਸਿਮਰਤੀ ਦੇ ਵਿਧਾਨ ਬ੍ਰਾਹਮਣਵਾਦ ਨੂੰ ਮੁੱਢ ਤੋਂ ਹੀ ਰੱਦ ਕਰਦਾ ਹੈ।

ਇੱਥੇ ਕਵੀ ਸੰਤੋਖ ਸਿੰਘ ਦੇ ਕਬਿਤ ਦਾ ਹਵਾਲ਼ਾ ਦੇਣਾ ਵੀ ਕੁਥਾਂਹ ਨਹੀਂ ਹੋਵੇਗਾ:-

**'ਸ਼ਾਇ ਜਾਤੀ ਏਕਤਾ ਅਨੇਕਤਾ ਬੁਲਾਇ ਜਾਤੀ
ਹੋਵਤੀ ਪਚੀਲਤਾ ਕਿਤਾਬਨ ਪੁਰਾਨ ਕੀ।
ਧਰਮ ਤਸੱਕ ਜਾਤੇ ਪਾਪ ਹੀ ਪ੍ਰਪੱਕ ਜਾਤੇ
ਬਰਨ ਗਰੱਕ ਜਾਤੇ ਸਾਹਿਤ ਬਿਧਾਨ ਕੀ।**

ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ
ਰੀਤ ਮਿਟ ਜਾਤੀ ਦਬ ਬੇਦਿਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ
ਮੂਰਤਿ ਨ ਹੋਤੀ ਜੋ ਪੈ ਕਰੁਣਾ ਨਿਧਾਨ ਕੀ।

ਅਸੀਂ ਲੇਖ ਦੀ ਅਰੰਭਤਾ ਦੇ ਚੌਥੇ ਨੁਕਤੇ ਨਾਲ਼ ਸਮਾਪਤੀ ਕਰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਹੀ ਅਨੇਕਤਾ ਵਿੱਚ ਏਕਤਾ ਕਾਇਮ ਰੱਖੀ ਜਾ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਰਬ ਸਾਂਝੀ ਵਿਚਾਰਧਾਰਾ ਧਰਮਾਂ ਦੀ ਏਕਤਾ ਨੂੰ ਪੱਕਿਆਂ ਹੀ ਨਹੀਂ ਕਰਦੀ ਸਗੋਂ ਰੱਬੀ ਏਕਤਾ ਤੇ ਮਨੁੱਖੀ ਏਕਤਾ ਵਿੱਚ ਵਿਸ਼ਵਾਸ ਦ੍ਰਿੜਾ ਕੇ ਸਭ ਨੂੰ ਪ੍ਰੇਮ ਪਿਆਰ ਦਾ ਸੰਦੇਸ਼ਾ ਦਿੰਦੀ ਹੈ, "ਭਾਰਤੀ ਸਾਹਿਤ ਦੇ ਇਤਿਹਾਸ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਇੱਕ ਅਨੋਖਾ ਕ੍ਰਿਸ਼ਮਾ ਸੀ ਜਿਸ ਦੁਆਰਾ ਗੁਰੂ ਸਾਹਿਬਾਨਾਂ, ਚਾਰ ਪੰਜ ਸਦੀਆਂ ਦੇ ਰਹੱਸਵਾਦੀ ਸੰਤਾਂ, ਸਾਧੂਆਂ, ਦਰਵੇਸ਼ਾਂ, ਫ਼ਕੀਰਾਂ ਤੇ ਮਹਾਪੁਰਸ਼ਾਂ ਦੇ ਮਨੋਹਰ ਬਚਨ ਸੰਚਤ ਕੀਤੇ ਗਏ। ਵੱਖੋ-ਵੱਖ ਅਕੀਦਿਆਂ ਜਾਤਾਂ, ਪ੍ਰਾਂਤਾਂ ਤੇ ਭਾਸ਼ਾਵਾਂ ਦੇ ਭਿੰਨ ਭੇਦ ਹੁੰਦਿਆਂ ਅਧਿਆਤਮਕ ਏਕਤਾ ਦੇ ਅਧਾਰ 'ਤੇ ਇਹ ਸਰਬ-ਸੰਮੇਲਨ ਰਚਨਾ ਇੱਕ ਸੱਚਮੁੱਚ ਦੀ ਕਰਾਮਾਤ ਸੀ। ਇਸ ਦੁਆਰਾ ਜਿੱਥੇ ਗੁਰੂ ਸਾਹਿਬਾਨ ਨੇ ਆਤਮਕ ਤੇ ਸਮਾਜਕ ਜਾਗਰਤੀ ਲਿਆਂਦੀ, ਓਥੇ ਹਿੰਦੂ ਮੱਤ ਇਸਲਾਮ ਮਤ ਤੋਂ ਵੱਖਰੇ ਤੀਸਰੇ ਨਵੇਂ-ਨਰੋਏ ਸੁਤੰਤਰ ਸਿੱਖ ਧਰਮ ਦੀ ਸਥਾਪਨਾ ਵੀ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿੱਚ ਅੱਜ ਵੀ ਉਹ ਨਰੋਏ ਤੱਤ ਮੌਜੂਦ ਹਨ, ਜੋ ਮਨੁੱਖਤਾ ਦੀਆਂ ਰਾਜਨੀਤਕ ਅਤੇ ਮਾਨਸਿਕ ਗੁੰਝਲਾਂ ਦਾ ਹੱਲ ਕਰਨ ਦੇ ਸਮਰੱਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਇੱਕ ਅਜਿਹੇ ਬੇਮਿਸਾਲ ਗੁਰਮੁਖ ਦੀ ਘਾੜਤ ਘੜਦੀ ਹੈ, ਜਿਸ ਦਾ ਵਿਸ਼ਵ ਧਰਮਾਂ ਦੇ ਸੰਦਰਭ ਵਿੱਚ ਕੋਈ ਬਦਲ ਹਾਲੀ ਤਕ ਪੇਸ਼ ਨਹੀਂ ਹੋਇਆ। ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ ਮਨੂੰ ਸਿਮਰਤੀ ਦੀ ਵਿਚਾਰਧਾਰਾ ਰਿਪਬਲਿਕ ਆਫ਼ ਇੰਡੀਆ ਦੀ ਏਕਤਾ ਅਖੰਡਤਾ ਨੂੰ ਖੇਰੂੰ-ਖੇਰੂੰ ਕਰ ਦੇਵੇਗੀ। ਦੂਜੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਰਿਪਬਲਿਕ ਆਫ਼ ਇੰਡੀਆ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖ ਸਕਦੀ ਹੈ।

# ਇੱਕ ਮੇਰੀ ਅੱਖ ਕਾਸ਼ਣੀ...

**ਲੜੀਵਾਰ ਨਾਵਲ**



ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 41**

**ਮਾਣੋਂ ਨੂੰ ਅਜੇ ਕੱਲ੍ਹ ਵਾਂਗ ਹੀ ਤਾਂ ਯਾਦ ਸੀ, ਜਦ ਉਸ ਦੇ ਬਾਪ ਦੀ ਬਦਲੀ ਉਤਰਾਖੰਡ ਦੀ ਹੋ ਗਈ ਸੀ, ਤਾਂ ਉਸ ਨੇ ਪਾਵੀ ਨੂੰ ਘਰੇ ਮਿਲਣ ਵਾਸਤੇ ਬੁਲਾਇਆ। ਪਰ ਪਾਵੀ ਇੱਕ ਮਸਲੇ ਵਿੱਚ ਬਾਹਰ ਗਿਆ ਹੋਣ ਕਾਰਨ ਮਿਲਣ ਨਾ ਆ ਸਕਿਆ। ਉਸ ਦੇ ਪ੍ਰੀਵਾਰ ਕੋਲ਼ ਸਿਰਫ਼ ਤਿੰਨ ਦਿਨ ਸਨ। ਪਰ ਮਾਣੋਂ ਉਡੀਕ-ਉਡੀਕ ਕੇ ਹਾਰ ਗਈ ਸੀ, ਪਰ ਪਾਵੀ ਨਾ ਬਹੁੜਿਆ। ਉਸ ਨੇ ਉਸ ਦੇ ਦੋਸਤਾਂ ਨੂੰ ਫ਼ੋਨ ਕਰ ਕੇ ਪੁੱਛਿਆ, ਪਰ ਕਿਸੇ ਨੂੰ ਵੀ ਉਸ ਦੇ ਆਉਣ ਬਾਰੇ ਪਤਾ ਨਹੀਂ ਸੀ। ਮਾਣੋਂ ਨੇ ਉਸ ਦੇ ਦੋਸਤ ਗੁਰੀ ਨੂੰ ਉਸ ਦੇ ਘਰ ਪਤਾ ਕਰਨ ਲਈ ਭੇਜਿਆ। ਪਰ ਗੁਰੀ ਵੀ ਖੋਟੇ ਪੈਸੇ ਵਾਂਗ ਬੁੱਲ੍ਹ ਲਟਕਾ ਕੇ ਵਾਪਸ ਪਰਤ ਆਇਆ। ਉਸ ਦੇ ਘਰ ਵੀ ਬਿੱਲੇ ਦੇ ਸਿਰ ਜਿੱਡਾ ਤਾਲਾ ਲੱਗਿਆ ਹੋਇਆ ਸੀ। ਸਾਰਾ ਟੱਬਰ ਕਿੱਧਰ ਗਿਆ ਸੀ...? ਕਿਸੇ ਨੂੰ ਵੀ ਖ਼ਬਰ ਨਹੀਂ ਸੀ।**

## ਕਾਂਡ 20

-"ਚੰਗਾ ਹੁੰਦਾ ਓਸ ਦਿਨ ਤੂੰ ਮੇਰੇ ਨਾਲ਼ 'ਸਭ ਕੁਛ' ਕਰ ਲੈਂਦਾ...।"

-"ਕਿਉਂ...? ਕਾਰਨ...??"

-".................।" ਮਾਣੋਂ ਚੁੱਪ ਹੋ ਗਈ।

-"ਗਿੱਦੜ ਬਘਿਆੜਾਂ ਦੇ ਚੂੰਡਣ ਨਾਲ਼ੋਂ ਤਾਂ ਚੰਗਾ ਹੁੰਦਾ ਤੂੰ ਹੀ ਮੈਨੂੰ ਚੂੰਡ ਧਰਦਾ ਓਸ ਦਿਨ...। ਅੱਜ ਮੈਨੂੰ ਐਡਾ ਅਫ਼ਸੋਸ ਨਾ ਹੁੰਦਾ, ਪਾਵੀ...।"

-"ਕੀ ਭੌਂਕੀ ਜਾਨੀ ਐਂ...?"

ਮਾਣੋਂ ਧਾਹ ਮਾਰ ਕੇ ਪਾਵੀ ਦੇ ਗਲ਼ ਨੂੰ ਚਿੰਬੜ ਗਈ ਅਤੇ ਅਤੀਤ ਵਿੱਚ ਪਹੁੰਚ ਗਈ।.....

.....ਮਾਣੋਂ ਨੂੰ ਅਜੇ ਕੱਲ੍ਹ ਵਾਂਗ ਹੀ ਤਾਂ ਯਾਦ ਸੀ, ਜਦ ਉਸ ਦੇ ਬਾਪ ਦੀ ਬਦਲੀ ਉਤਰਾਖੰਡ ਦੀ ਹੋ ਗਈ ਸੀ, ਤਾਂ ਉਸ ਨੇ ਪਾਵੀ ਨੂੰ ਘਰੇ ਮਿਲਣ ਵਾਸਤੇ ਬੁਲਾਇਆ। ਪਰ ਪਾਵੀ ਇੱਕ ਮਸਲੇ ਵਿੱਚ ਬਾਹਰ ਗਿਆ ਹੋਣ ਕਾਰਨ ਮਿਲਣ ਨਾ ਆ ਸਕਿਆ। ਉਸ ਦੇ ਪ੍ਰੀਵਾਰ ਕੋਲ਼ ਸਿਰਫ਼ ਤਿੰਨ ਦਿਨ ਸਨ। ਪਰ ਮਾਣੋਂ ਉਡੀਕ-ਉਡੀਕ ਕੇ ਹਾਰ ਗਈ ਸੀ, ਪਰ ਪਾਵੀ ਨਾ ਬਹੁੜਿਆ। ਉਸ ਨੇ ਉਸ ਦੇ ਦੋਸਤਾਂ ਨੂੰ ਫ਼ੋਨ ਕਰ ਕੇ ਪੁੱਛਿਆ, ਪਰ ਕਿਸੇ ਨੂੰ ਵੀ ਉਸ ਦੇ ਆਉਣ ਬਾਰੇ ਪਤਾ ਨਹੀਂ ਸੀ। ਮਾਣੋਂ ਨੇ ਉਸ ਦੇ ਦੋਸਤ ਗੁਰੀ ਨੂੰ ਉਸ ਦੇ ਘਰ ਪਤਾ ਕਰਨ ਲਈ ਭੇਜਿਆ। ਪਰ ਗੁਰੀ ਵੀ ਖੋਟੇ ਪੈਸੇ ਵਾਂਗ ਬੁੱਲ੍ਹ ਲਟਕਾ ਕੇ ਵਾਪਸ ਪਰਤ ਆਇਆ। ਉਸ ਦੇ ਘਰ ਵੀ ਬਿੱਲੇ ਦੇ ਸਿਰ ਜਿੱਡਾ ਤਾਲਾ ਲੱਗਿਆ ਹੋਇਆ ਸੀ। ਸਾਰਾ ਟੱਬਰ ਕਿੱਧਰ ਗਿਆ ਸੀ...? ਕਿਸੇ ਨੂੰ ਵੀ ਖ਼ਬਰ ਨਹੀਂ ਸੀ।

ਮਾਣੋਂ ਬੜੀ ਅਵਾਜ਼ਾਰ ਹੋਈ।

ਉਸ ਨੂੰ ਪਾਵੀ ਦੇ ਜਾਣ ਦਾ ਨਹੀਂ, ਉਸ ਦੇ ਅਚਾਨਕ ਗਾਇਬ ਹੋ ਜਾਣ ਦਾ ਫ਼ਿਕਰ ਸੀ।

ਉਹ ਕਦੇ ਵੀ ਮਾਣੋਂ ਨੂੰ ਦੱਸੇ ਬਗੈਰ ਕਿਤੇ ਨਹੀਂ ਗਿਆ ਸੀ। ਪਰ ਇਸ ਵਾਰ ਉਸ ਨੂੰ ਕੀ ਹੋ ਗਿਆ...? ਐਡੀ ਕਿਹੜੀ ਬਿਪਤਾ ਆ ਗਈ, ਜਿਹੜਾ ਪਾਵੀ ਚੋਰਾਂ ਵਾਂਗ ਪੈਰ ਦੱਬ ਕੇ ਨਿਕਲ਼ ਗਿਆ...? ਉਸ ਨੂੰ ਕੋਈ ਸਮਝ ਨਹੀਂ ਆ ਰਹੀ ਸੀ।

-"ਮਾਣੋਂ...!" ਮਾਂ ਦੀ ਅਵਾਜ਼ ਸੀ। ਮਾਂ ਦੀ ਅਵਾਜ਼ ਉਸ ਦੇ ਕਿਸੇ ਹੁੱਝ ਵਾਂਗ ਵੱਜੀ ਸੀ। ਮਾਣੋਂ ਚਾਹੁੰਦੀ ਸੀ ਕਿ ਮੈਨੂੰ ਕੋਈ ਨਾ ਬੁਲਾਵੇ। ਕਿਸੇ ਨਾਲ਼ ਗੱਲ ਕਰਨ ਨੂੰ ਉਸ ਦੀ ਵੱਢੀ ਰੂਹ ਨਹੀਂ ਕਰਦੀ ਸੀ। ਉਸ ਨੇ ਅੰਦਰ ਵੜ ਕੇ ਕੁੰਡਾ ਲਾ ਲਿਆ ਅਤੇ ਰੋਣ ਲੱਗ ਪਈ।

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

-"ਕੁੜ੍ਹੇ ਭਾਈ ਦਿਨ ਛਿਪਦੈ, ਚੜ੍ਹਦਾ ਨੀ...! ਤੈਨੂੰ ਕਿੰਨੀ ਵਾਰ ਕਿਹੈ ਬਈ ਪੈਕਿੰਗ ਕਰ ਲੈ, ਕਿਹੋ ਜੀ ਮੱਟਰ ਕੁੜੀ ਐ, ਕੋਈ ਗੱਲ ਈ ਨੀ ਸੁਣਦੀ...!"

-".....................।" ਮਾਣੋਂ ਨੇ ਕੰਨਾਂ ਉਪਰ ਹੱਥ ਰੱਖ ਲਏ। ਉਹ ਪਾਵੀ ਦੀ ਅਵਾਜ਼ ਤੋਂ ਬਿਨਾ ਕੁਝ ਵੀ ਸੁਣਨਾ ਨਹੀਂ ਚਾਹੁੰਦੀ ਸੀ। ਤਰਸ ਗਈ ਸੀ ਉਹ ਪਾਵੀ ਦੀ ਮਿੱਠੀ ਅਵਾਜ਼ ਸੁਣਨ ਲਈ।

-"ਕਿਸੇ ਪਾਸਿਓਂ ਆ ਕੇ ਚਾਰ ਗਾਲ੍ਹਾਂ ਈ ਕੱਢ ਦੇ...! ਜਿਵੇਂ ਆਮ ਕੱਢਦਾ ਹੁੰਨੈ...।" ਮਾਣੋਂ ਦਾ ਮਨ ਬੋਲਿਆ। ਪਰ ਸਰੀਰਕ ਪੱਖੋਂ ਉਹ ਸਿਲ-ਪੱਥਰ ਹੋਈ ਬੈਠੀ ਸੀ। ਹਾਲਾਂ ਕਿ ਉਸ ਨੇ ਪਾਵੀ ਨੂੰ ਹਮੇਸ਼ਾ ਗਾਲ੍ਹਾਂ ਕੱਢਣ ਤੋਂ ਵਰਜਿਆ ਸੀ। ਪਰ ਅੱਜ ਉਸ ਦਾ ਮਨ ਉਸ ਦੀਆਂ ਗਾਲ੍ਹਾਂ ਸੁਣਨ ਨੂੰ ਵੀ ਬਿਹਵਲ ਹੋਇਆ ਪਿਆ ਸੀ। ਉਸ ਦੀਆਂ ਅੱਖਾਂ ਗੰਗਾ ਜਮਨਾ ਬਣੀਆਂ ਹੋਈਆਂ ਸਨ। ਉਸ ਦੇ ਦਿਲ ਅੰਦਰ 'ਹਾੜ' ਬੋਲ ਰਿਹਾ ਸੀ। ਪਾਵੀ ਤੋਂ ਬਗੈਰ ਜਿਵੇਂ ਉਸ ਦੀ ਦੁਨੀਆਂ ਉਜੜੀ ਪਈ ਸੀ।

ਘਰ ਦਾ ਵੱਡਾ ਦਰਵਾਜ਼ਾ ਖੁੱਲ੍ਹਿਆ।

ਸ਼ਾਇਦ ਮਾਣੋਂ ਦਾ ਬਾਪ "ਰਾਠੌਰ ਸਾਹਿਬ" ਵਾਪਸ ਆ ਗਿਆ ਸੀ।

-"ਗਣੇਸ਼...!" ਮਾਣੋਂ ਦੀ ਮਾਂ ਨੇ ਨੌਕਰ ਨੂੰ ਅਵਾਜ਼ ਦਿੱਤੀ।

-"ਜੀ ਆਇਆ...!" ਨੌਕਰ ਅਵਾਜ਼ ਨਾਲ਼ ਹੀ ਟੰਗਿਆ ਆ ਹਾਜ਼ਰ ਹੋਇਆ।

-"ਸਰ ਜੀ ਆ ਗਏ, ਪਾਣੀ ਤੇ ਗਿਲਾਸ ਬਗੈਰਾ ਰੱਖੋ...!"

-"ਜੀ ਰੱਖਦੈਂ...।" ਨੌਕਰ ਤੁਰ ਗਿਆ ਅਤੇ "ਸਰ ਜੀ" ਲਈ ਪੈੱਗ ਲਾਉਣ ਦਾ ਪ੍ਰਬੰਧ ਕਰਨ ਲੱਗ ਪਿਆ।

ਸਰ ਜੀ ਕੱਪੜੇ ਬਦਲ ਕੇ ਮੇਜ਼ ਕੋਲ਼ ਆ ਸਜੇ।

-"ਗੁੰਨੀ...!" ਉਸ ਨੇ ਆਪਣੀ ਘਰਵਾਲ਼ੀ ਨੂੰ ਅਵਾਜ਼ ਮਾਰੀ।

ਉਹ ਹਾਜ਼ਰ ਸੀ।

-"ਮਾਣੋਂ ਕਿੱਥੇ ਐ...?"

-"ਖਣਪੱਟੀ ਲੈ ਕੇ ਪਈ ਆ...!" ਉਸ ਨੇ ਬੜਾ ਰੁੱਖਾ ਅਤੇ ਅੱਕਿਆਂ ਵਾਂਗ ਉੱਤਰ ਦਿੱਤਾ।

-"ਕਿਉਂ....?" ਉਸ ਨੇ ਪੈੱਗ ਪਾ ਕੇ ਖਿੱਚ ਲਿਆ।

-"ਉਹਦੇ ਸੁਪਨਿਆਂ ਦਾ ਸੌਦਾਗਰ ਜਿਉਂ ਨੀ ਮਿਲ਼ ਰਿਹਾ...।" ਉਸ ਨੇ ਦੁਖੀ, ਪਰ ਵਿਅੰਗਮਈ ਟਕੋਰ ਨਾਲ਼ ਉੱਤਰ ਮੋੜਿਆ।

-"ਤੂੰ ਹਰ ਗੱਲ ਘਰੋੜ ਨਾਲ਼ ਨਾ ਕਰਿਆ ਕਰ...!"

-"ਤੇ ਹੋਰ ਮੈਂ ਕੀ ਇਹਨੂੰ ਸਨਮਾਨਤ ਕਰਾਂ...? ਵੀਹ ਵਾਰੀ ਕਿਹੈ ਬਈ ਮਰਦਾਂ 'ਤੇ ਬਾਹਲ਼ਾ ਵਿਸ਼ਵਾਸ ਨੀ ਕਰੀਦਾ ਹੁੰਦਾ...। ਇਹ ਤਾਂ ਹੁੰਦੇ ਈ ਧੋਖੇਬਾਜ਼ ਨੇ...। ਇਹਨਾਂ ਨੂੰ ਬਾਹਲ਼ਾ ਮੂੰਹ ਨੀ ਲਾਈਦਾ ਤੇ ਨਾ ਬਾਹਲ਼ਾ ਸਿਰ ਚੜ੍ਹਾਈਦੈ, ਪਰ ਕਾਹਨੂੰ...! ਇਹ ਤਾਂ ਅਗਲੇ ਦੀਆਂ ਲਾਲ੍ਹਾਂ ਚੱਟਣ ਤੱਕ ਜਾਂਦੀ ਐ...!"

-"ਕੀ ਬਕਵਾਸ ਕਰਨ ਡਹੀ ਏਂ...?" ਰਾਠੌਰ ਸਾਹਿਬ ਨੇ ਝਿੜਕਿਆ।

-"ਤੇ ਹੋਰ ਕੀ ਕਰਾਂ...? ਰਾਤ ਦੀ ਨੇ ਨਾ ਰੋਟੀ ਖਾਧੀ ਐ ਤੇ ਨਾ ਦੁੱਧ ਪੀਤੈ, ਗਾਂਧੀ ਵਾਂਗੂੰ ਵਰਤ ਰੱਖੀ ਪਈ ਐ...। ਮੈਂ ਵੀਹ ਵਾਰੀ ਕਿਹੈ ਬਈ ਓਸ ਲੰਡਰ ਜੇ ਮੁੰਡੇ ਦਾ ਖਹਿੜਾ ਛੱਡ ਤੇ ਆਬਦੀ ਸਟੱਡੀ ਵੱਲ ਧਿਆਨ ਦੇ, ਪਰ ਕਾਹਨੂੰ...! ਗੰਦੀ 'ਲਾਦ ਨੇ ਸੂਲ਼ੀ ਟੰਗੇ ਪਏ ਆਂ...। ਕਿਤੇ ਤਾਂ ਧੀ ਪੁੱਤ ਗੱਲ ਸੁਣਦੈ...। ਇਹਨੂੰ ਤਾਂ ਪਾਵੀ ਜੀ ਬਿਨਾ ਕੁਛ ਸੁਣਦਾ ਈ ਨੀ...।"

-"ਤੂੰ ਆਬਦੀ ਟੈਂਅ-ਟੈਂਅ ਬੰਦ ਕਰ, ਤੇ ਜਾਹ ਬੁਲਾ ਕੇ ਲਿਆ ਉਹਨੂੰ...!" ਘਰਵਾਲ਼ੇ ਦੇ ਕਹਿਣ 'ਤੇ ਉਹ ਅਣਮੰਨੇ ਜਿਹੇ ਮਨ ਨਾਲ਼ ਅੰਦਰ ਚਲੀ ਗਈ।

-"ਮਾਣੋਂ...! ਬਾਹਰ ਆ, ਤੇਰਾ ਪਿਉ ਬੁਲਾਉਂਦੈ...।"


-"............।" ਪਰ ਅੰਦਰੋਂ ਕੋਈ ਅਵਾਜ਼ ਨਾ ਆਈ।

ਜਦ ਕਈ ਅਵਾਜ਼ਾਂ ਮਾਰਨ ਤੋਂ ਬਾਅਦ ਵੀ ਕੋਈ ਉੱਤਰ ਨਾ ਆਇਆ ਤਾਂ ਮਾਂ ਅਤੇ ਬਾਪ, ਦੋਵਾਂ ਨੂੰ ਫ਼ਿਕਰ ਹੋਇਆ।

ਮਾਣੋਂ ਦੇ ਬਾਪ ਨੇ ਦੂਜਾ ਪੈੱਗ ਲਾ ਕੇ ਮਾਣੋਂ ਦੇ ਕਮਰੇ ਦਾ ਦਰਵਾਜ਼ਾ ਜਾ ਖੋਲ੍ਹਿਆ।

ਮਾਣੋਂ ਬੈੱਡ ਉਪਰ ਮੂਧੀ ਪਈ ਰੋ ਰਹੀ ਸੀ।

-"ਮਾਣੋਂ...! ਮਾਣੋਂ ਪੁੱਤ...!" ਬਾਪ ਨੇ ਧੀ ਦੇ ਸਿਰ 'ਤੇ ਮੋਹ ਅਤੇ ਅਪਣੱਤ ਭਰਿਆ ਹੱਥ ਫੇਰਿਆ ਤਾਂ ਧੀ ਬੱਚਿਆਂ ਵਾਂਗ ਡਡਿਆ ਕੇ ਬਾਪ ਦੇ ਗਲ਼ ਲੱਗ ਗਈ। ਦੇਖ ਕੇ ਮਾਂ ਨੇ ਬੁੱਲ੍ਹ ਟੇਰੇ, "ਕਿਵੇਂ ਚੱਚਰ ਕਰਦੀ ਐ...!" ਉਸ ਨੇ ਮੂੰਹ ਵਿੱਚ ਹੀ ਕਿਹਾ। ਘਰਵਾਲ਼ੇ ਦੇ ਡਰ ਕਾਰਨ ਉਹ ਮੂੰਹੋਂ ਨਾ ਬੋਲੀ। ਉਸ ਨੂੰ ਅਹਿਸਾਸ ਸੀ ਕਿ ਜਦ ਉਸ ਦੇ ਘਰਵਾਲ਼ੇ ਨੂੰ ਗੁੱਸਾ ਚੜ੍ਹਦਾ ਸੀ, ਤਾਂ ਉਹ ਖ਼ਰੂਦੀ ਬਣ ਤੁਰਦਾ ਸੀ। ਨਹੀਂ ਤਾਂ ਚਾਹੇ ਉਸ ਉਪਰ ਦੀ ਹਾਥੀ ਲੰਘੀ ਜਾਣ, ਉਸ ਨੂੰ ਪ੍ਰਵਾਹ ਨਹੀਂ ਸੀ।




-"ਮੈਂ ਤੈਨੂੰ ਇੱਕ ਖ਼ੁਸ਼ਖ਼ਬਰੀ ਦੇਣੀ ਸੀ, ਤੇ ਤੂੰ ਐਥੇ ਬੁੱਲ੍ਹ ਜੇ ਸਿੱਟੀ ਪਿਐਂ...।" ਬਾਪ ਨੇ ਧੀ ਨੂੰ ਕਿਹਾ। "ਖ਼ੁਸ਼ਖ਼ਬਰੀ" ਦੇ ਨਾਂ ਨੂੰ ਮਾਣੋਂ ਨੇ ਕੰਨ ਚੁੱਕੇ, "ਪਾਵੀ ਆ ਗਿਆ....?" ਪੁੱਛਣ ਲਈ ਉਸ ਦਾ ਜੀਅ ਕਾਹਲ਼ਾ ਸੀ। ਪਰ ਬਾਪ ਦੀ ਸ਼ਰਮ ਅੱਗੇ ਉਹ ਚੁੱਪ ਸੀ।

-"ਤੇਰੇ ਵਾਸਤੇ ਇੱਕ ਰਿਸ਼ਤਾ ਆਇਐ ਕੈਨੇਡਾ 'ਚੋਂ...!" ਨਸ਼ੇ ਦੇ ਸਰੂਰ ਵਿੱਚ ਬਾਪ ਨੇ ਜਿਵੇਂ "ਮੌਤ ਦੀ ਖ਼ਬਰ" ਸੁਣਾਈ ਸੀ, "ਮੇਰੀ ਧੀ ਸਾਰੀ ਉਮਰ ਐਸ਼ ਕਰੂ, ਬੁੱਲੇ ਵੱਢੂ...!"

-"ਸ਼ੁਕਰ ਐ ਓਸ ਲਗਾੜੇ ਤੋਂ ਖਹਿੜਾ ਛੁੱਟੂ...!" ਮਾਂ ਮਨ ਵਿੱਚ ਖ਼ੁਸ਼ ਹੋ ਗਈ। ਪਤਾ ਨਹੀਂ ਪਾਵੀ ਉਸ ਨੂੰ ਕਿਉਂ ਚੰਗਾ ਨਹੀਂ ਲੱਗਦਾ ਸੀ। ਹਾਲਾਂ ਕਿ ਪਾਵੀ ਨੇ ਕਦੇ ਵੀ ਕੋਈ ਬਦ-ਇਖ਼ਲਾਕੀ ਜਾਂ ਮਾੜੀ ਹਰਕਤ ਨਹੀਂ ਕੀਤੀ ਸੀ। ਉਸ ਦਾ "ਬੀਜੀ - ਬੀਜੀ" ਜਾਂ "ਆਂਟੀ - ਆਂਟੀ" ਕਹਿੰਦੇ ਦਾ ਮੂੰਹ ਸੁੱਕਦਾ ਸੀ। ਪਰ ਫ਼ਿਰ ਵੀ ਮਾਣੋਂ ਦੀ ਮਾਂ ਉਸ ਨੂੰ ਆਪਣਾ ਅੱਖਤਿਣ ਬਣਾਈ ਫ਼ਿਰਦੀ ਸੀ।

-"ਕੈਨੇਡੀਅਨ ਪ੍ਰੀਵਾਰ ਦੀ ਆਪਣੀ ਟਰੱਕਿੰਗ ਕੰਪਨੀ ਐਂ, ਡਰਾਈਵਰ ਰੱਖੇ ਵੇ ਐ, ਤੇ ਘਰੇ ਨੌਕਰ ਚਾਕਰ ਕੰਮ ਕਰਦੇ ਆ, ਮੇਰੇ ਪੁੱਤ ਨੂੰ ਡੱਕਾ ਦੂਹਰਾ ਕਰਨ ਦੀ ਲੋੜ ਨੀ ਪੈਣੀ, ਬੱਸ ਐਸ਼ਾਂ ਈ ਐਸ਼ਾਂ...!"

-"ਹੋਰ ਇਹਨੇ ਕੀ ਲੈਣੈ...?" ਮਾਂ ਬੋਲੀ। ਉਹ ਕਦੋਂ ਦੀ ਕੁਛ ਕਹਿਣ ਲਈ ਮੱਝ ਵਾਂਗ ਵੱਟ ਜਿਹਾ ਕਰ ਰਹੀ ਸੀ।

-"ਇੱਕ ਗੱਲ ਹੋਰ ਐ...!"

-"ਸਿਰਫ਼ 'ਕੱਲਾ-'ਕੱਲਾ ਪੁੱਤ ਐ, ਨਾ ਲੱਲਾ ਨਾ ਖੱਖਾ...! ਸਾਰੇ ਕਾਰੋਬਾਰ ਦੇ ਇਹੋ ਦੋ ਜੀਅ ਮਾਲਕ ਹੋਣਗੇ...। ਚੱਲ ਉਠ ਪੁੱਤ..! ਖ਼ੁਸ਼ੀ ਦੀ ਖ਼ਬਰ ਤੈਨੂੰ ਦੇ ਦਿੱਤੀ, ਤੇ ਹੁਣ ਮੇਰਾ ਅਗਲੇ ਪੈੱਗ ਦਾ ਸਮਾਂ ਹੋ ਗਿਆ...।" ਬਾਪ ਨਵੇਂ ਦੁੱਧ ਹੋਣ ਵਾਲੀ ਮੱਝ ਵਾਂਗ ਪਾਸੇ ਮਾਰਦਾ ਬਾਹਰ ਨਿਕਲ਼ ਗਿਆ।

-"ਚੱਲ ਉਠ ਹੁਣ...! ਆ ਜਾ..! ਹੁਣ ਤਾਂ ਤੇਰੇ ਪਿਉ ਨੇ ਤੈਨੂੰ ਖ਼ੁਸ਼ੀ ਦੀ ਖ਼ਬਰ ਵੀ ਸੁਣਾਤੀ..! ਕਰ ਹਿੰਮਤ, ਉਠ...!" ਆਖ ਕੇ ਮਾਂ ਬਾਹਰ ਚਲੀ ਗਈ।

ਮਾਣੋਂ ਨੂੰ ਉਠਣਾ ਦੁੱਭਰ ਹੋ ਗਿਆ। ....ਮੇਰਾ ਰਿਸ਼ਤਾ ਕੈਨੇਡਾ...? ਇਸ ਦਾ ਮਤਲਬ ਪਾਵੀ ਤੋਂ ਸਦੀਵੀ ਵਿਛੋੜਾ...? ਨਹੁੰਆਂ ਨਾਲ਼ੋਂ ਮਾਸ ਵੱਖ...? ਦੋ ਰੂਹਾਂ ਦਾ ਕਤਲ...? ਸੋਚ ਕੇ ਮਾਣੋਂ ਦੀ ਆਤਮਾ ਛਿੱਲੀ ਗਈ।

(ਚਲਦਾ)....

ਭਗਵਾਨ ਸਿੰਘ ਜੌਹਲ

### 24 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼


# ਪੰਥ ਪ੍ਰਕਾਸ਼ ਦੇ ਕਰਤਾ-ਗਿਆਨੀ ਗਿਆਨ ਸਿੰਘ ਨੂੰ ਯਾਦ ਕਰਦਿਆਂ

19ਵੀਂ ਸਦੀ ਦੇ ਆਖਰੀ ਦਿਨਾਂ ਤੱਕ ਸਿੱਖ ਇਤਿਹਾਸ ਨੂੰ ਪਾਠਕਾਂ ਤੱਕ ਪਹੁੰਚਾਉਣ ਵਾਲੇ ਉਂਗਲਾਂ 'ਤੇ ਗਿਣਨ ਯੋਗ ਵਿਦਵਾਨ ਬਹੁਤ ਵਿਰਲੇ ਸਨ। ਇਤਿਹਾਸ ਨੂੰ ਖੋਜਣਾ ਤੇ ਵਿਚਾਰਨਾ ਕੋਈ ਸੁਖੇਲ ਕਾਰਜ ਨਹੀਂ। ਇਸ ਕਾਰਜ ਨੂੰ ਕਰਨ ਵਾਲੇ ਖੋਜੀ ਵਿਦਵਾਨਾਂ ਵਿੱਚੋਂ ਗਿਆਨੀ ਗਿਆਨ ਸਿੰਘ ਨੂੰ ਅੱਜ ਤੱਕ ਬੜੀ ਸ਼ਿੱਦਤ ਨਾਲ ਯਾਦ ਕੀਤਾ ਜਾਂਦਾ ਹੈ। ਜਿਨ੍ਹਾਂ ਆਪਣੀ ਹਿਯਾਤੀ ਦੌਰਾਨ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ ਵਰਗੇ ਮਹਾਨ ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਸੰਗਤ ਤੋਂ ਭਰਪੂਰ ਪ੍ਰਸ਼ੰਸਾ ਪ੍ਰਾਪਤ ਕੀਤੀ। ਗਿਆਨੀ ਗਿਆਨ ਸਿੰਘ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਆਰੰਭ ਕੀਤੀ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਤੇ ਇਤਿਹਾਸਕਾਰ ਸਨ। ਗਿਆਨੀ ਗਿਆਨ ਸਿੰਘ ਦਾ ਜਨਮ ਸ. ਭਾਗਾ ਸਿੰਘ ਦੁੱਲਟ ਅਤੇ ਮਾਤਾ ਮਾਈ ਦੇਸਾਂ ਦੇ ਗ੍ਰਹਿ ਵਿਖੇ 15 ਅਪ੍ਰੈਲ 1822 ਈ: ਨੂੰ ਜ਼ਿਲ੍ਹਾ ਸੰਗਰੂਰ ਦੇ ਕਸਬੇ ਪੰਜਾਬ ਦੇ ਉਘੇ ਪਿੰਡ ਲੌਂਗੋਵਾਲ ਵਿੱਚ ਹੋਇਆ। ਇਸ ਪਰਿਵਾਰ ਦਾ ਪਿਛੋਕੜ ਸ਼ਹੀਦ ਭਾਈ ਮਨੀ ਸਿੰਘ ਦੇ ਭਰਾ ਭਾਈ ਨਗਾਹੀਆ ਸਿੰਘ ਦੀ ਵੰਸ਼ ਨਾਲ ਜੁੜਦਾ ਹੈ। ਗਿਆਨੀ ਗਿਆਨ ਸਿੰਘ ਬਚਪਨ ਤੋਂ ਹੀ ਬੜੀ ਤੇਜ ਤਰਾਰ ਬੁੱਧੀ ਦਾ ਮਾਲਕ ਸੀ।

ਭਰ ਜਵਾਨੀ ਦੀ ਉਮਰ 18-19 ਸਾਲ ਵਿੱਚ ਮਹਾਰਾਜਾ ਪਟਿਆਲਾ ਦੀ ਫ਼ੌਜ ਵਿੱਚ ਭਰਤੀ ਹੋ ਗਿਆ। ਇਤਿਹਾਸਕ ਜ਼ਿਕਰ ਮਿਲਦਾ ਹੈ ਕਿ 1849 ਈ: ਵਿੱਚ ਜੀਂਦ ਪਤੀ ਮਹਾਰਾਜਾ ਸਰੂਪ ਸਿੰਘ ਵਿਰੁੱਧ ਬਾਂਗਰੂਆਂ ਵੱਲੋਂ ਕੀਤੀ ਬਗਾਵਤ ਨੂੰ ਕੁਚਲਣ ਲਈ ਮਹਾਰਾਜਾ ਕਰਮ ਸਿੰਘ ਨੇ ਜੋ ਫੌਜੀ ਟੁਕੜੀ ਭੇਜੀ ਸੀ, ਉਸ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਿਲ ਸਨ। ਇਸ ਗਹਿਗੱਚ ਲੜਾਈ ਵਿੱਚ ਜ਼ਖ਼ਮੀ ਹੋ ਕੇ ਇਨ੍ਹਾਂ ਦੀ ਇਕ ਲੱਤ ਨਕਾਰਾ ਹੋ ਗਈ। ਹੁਣ ਫੌਜੀ ਨੌਕਰੀ ਵੀ ਖ਼ਤਮ ਹੋ ਗਈ। ਆਰਥਿਕ ਤੰਗੀ ਨਾਲ ਪਰਿਵਾਰ ਦਾ ਗੁਜ਼ਾਰਾ ਹੋਣਾ ਵੀ ਔਖਾ ਹੋ ਗਿਆ, ਉਨ੍ਹਾਂ ਦੀ ਮਾਜ਼ੂਮੀ ਨੂੰ ਦੇਖ ਕੇ ਇਨ੍ਹਾਂ ਦੇ ਤਾਇਆ ਸ: ਪ੍ਰੇਮ ਸਿੰਘ, ਗਿਆਨੀ ਜੀ ਨੂੰ ਆਪਣੇ ਨਾਲ ਪਟਿਆਲਾ ਲੈ ਗਏ। ਇਥੇ ਆ ਕੇ ਗ੍ਰੰਥੀ ਸਿੰਘ ਦੀ ਡਿਊਟੀ ਨਿਭਾਉਣ ਲੱਗ ਪਏ। ਪਰ ਛੇਤੀ ਹੀ ਗ੍ਰੰਥੀ ਦੀ ਡਿਊਟੀ ਤੋਂ ਵੀ ਮਨ ਉਚਾਟ ਹੋ ਗਿਆ, ਡਿਊਟੀ ਤੋਂ ਫਾਰਗ ਹੋ ਕੇ ਬਿਹੰਗਮ ਸਾਧੂ ਬਣ ਕੇ ਦੇਸ਼ ਦਾ ਭਰਮਣ ਸ਼ੁਰੂ ਕਰ ਦਿੱਤਾ। ਸਾਧੂ ਬਣ ਕੇ ਜਿਥੇ ਪ੍ਰਭੂ ਬੰਦਗੀ ਨੂੰ ਆਪਣੇ ਜੀਵਨ ਦਾ ਅਹਿਮ ਅੰਗ ਬਣਾ ਲਿਆ, ਉਥੇ ਵੱਖ-ਵੱਖ ਥਾਵਾਂ 'ਤੇ ਵਿਚਰਦਿਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਖੋਜ ਸਮੱਗਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ। 1857 ਈ: ਦੀ ਗ਼ਦਰ ਲਹਿਰ ਸਮੇਂ ਆਪ ਵਾਪਸ ਪੰਜਾਬ ਪਰਤ ਆਏ। ਪੰਜਾਬ ਪਰਤ ਕੇ ਬਰਨਾਲੇ ਉਘੇ ਨਿਰਮਲੇ ਸੰਤਾਂ ਦੇ ਡੇਰਾ ਬਾਬਾ ਗਾਂਧਾ ਸਿੰਘ ਵਿਖੇ ਪਹੁੰਚ ਕੇ ਬਾਬਾ ਬੀਰ ਸਿੰਘ ਤੋਂ ਨਿਰਮਲ ਭੇਖ ਧਾਰਨ ਕੀਤਾ। ਇਸ ਤੋਂ ਛੇਤੀ ਹੀ ਪਿੱਛੋਂ ਛੇਤੀ ਨਿਰਮਲ ਸੰਪ੍ਰਦਾਇ ਦੀ ਉਘੀ ਵਿਦਵਾਨ ਸ਼ਖ਼ਸੀਅਤ ਪੰਡਿਤ ਤਾਰਾ ਸਿੰਘ ਨਰੋਤਮ ਨਾਲ ਸੰਪਰਕ ਹੋ ਗਿਆ। ਹੁਣ ਪੰਡਿਤ ਤਾਰਾ ਸਿੰਘ ਨਰੋਤਮ ਦੀ ਪ੍ਰੇਰਨਾ ਨਾਲ ਸਿੱਖ ਇਤਿਹਾਸ ਦੀ ਖੋਜ ਗੰਭੀਰਤਾ ਨਾਲ ਆਰੰਭ ਕੀਤੀ। ਸਭ ਤੋਂ ਪਹਿਲਾਂ 1880 ਈ: ਵਿੱਚ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਮਹਾਨ ਰਚਨਾ ਪ੍ਰਕਾਸ਼ਿਤ ਕੀਤੀ ਗਈ। ਇਸ ਤੋਂ ਬਾਅਦ 1891-92 ਵਿੱਚ ਤਵਾਰੀਖ ਗੁਰੂ ਖ਼ਾਲਸਾ ਦੇ ਪਹਿਲੇ ਤਿੰਨ ਭਾਗ, ਪਹਿਲਾਂ ਗੁਰਮੁਖੀ ਅੱਖਰਾਂ ਵਿੱਚ ਤੇ ਪਿੱਛੋਂ ਉਰਦੂ ਵਿੱਚ ਪ੍ਰਕਾਸ਼ਿਤ ਕੀਤੇ।

ਇਹ ਦੋਨੋਂ ਮਹਾਨ ਰਚਨਾਵਾਂ ਆਪਣੇ ਸਮੇਂ ਦਾ ਮਹਾਨ ਇਤਿਹਾਸਕ ਕਾਰਜ ਸੀ। ਇਸ ਕਾਰਜ ਤੋਂ ਬਾਅਦ ਸਰੀਰਕ ਬਿਮਾਰੀ ਨੇ ਘੇਰ ਲਿਆ, ਜਦੋਂ ਥੋੜ੍ਹਾ ਤੰਦਰੁਸਤ ਹੋਏ ਤਾਂ ਮੁੜ ਗਿਆਨੀ ਜੀ ਮਹਾਰਾਜਾ ਪਟਿਆਲਾ ਪਾਸ ਆ ਗਏ। ਆਪ ਨੇ 9 ਮਾਰਚ, 1908 ਈ: ਨੂੰ ਇਨ੍ਹਾਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਅਨੰਦ ਕਾਰਜ ਦੇ ਫਰਜਾਂ ਨੂੰ ਨਿਭਾਇਆ। ਪਟਿਆਲਾ ਰਿਆਸਤ ਦੇ ਅਹਿਲਕਾਰਾਂ ਨੇ ਜਦੋਂ ਗਿਆਨੀ ਜੀ ਵੱਲੋਂ ਕੀਤੇ ਇਤਿਹਾਸਕ ਗ੍ਰੰਥਾਂ ਨੂੰ ਵੇਖਿਆ, ਤਾਂ ਇਨ੍ਹਾਂ ਦੀਆਂ ਸਮੁੱਚੀਆਂ ਰਚਨਾਵਾਂ ਦੇ ਪ੍ਰਕਾਸ਼ਨ ਲਈ ਇਕ ਸੁਸਾਇਟੀ ਬਨਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਗਿਆਨੀ ਗਿਆਨ ਸਿੰਘ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ ਤੋਂ ਇਲਾਵਾ ਹੋਰ ਵੱਡੀਆਂ ਪ੍ਰਕਾਸ਼ਿਤ ਪੁਸਤਕਾਂ/ਗ੍ਰੰਥਾਂ ਵਿੱਚ ਨਿਰਮਲ ਪੰਥ ਪ੍ਰਦੀਪਕਾ, ਗੁਰਧਾਮ ਸੰਗ੍ਰਹਿ, ਖ਼ਾਲਸਾ ਧਰਮ ਪਤਿਤ ਪਾਵਨ, ਤਵਾਰੀਖ ਅੰਮ੍ਰਿਤਸਰ, ਤਵਾਰੀਖ ਲਾਹੌਰ, ਰਿਪੁਦਮਨ ਪ੍ਰਕਾਸ਼, ਭੁਪਿੰਦਰਾਨੰਦ, ਇਤਿਹਾਸ ਰਿਆਸਤ ਬਾਗੜੀਆ, ਸੂਰਜ ਪ੍ਰਕਾਸ਼ ਵਾਰਤਿਕ ਆਦਿ ਲਈ ਵਡਮੁੱਲਾ ਕਾਰਜ ਕੀਤਾ।



ਇਨ੍ਹਾਂ ਸਾਰੀਆਂ ਰਚਨਾਵਾਂ ਵਿੱਚੋਂ ਬਹੁਤ ਸਾਰੀਆਂ ਬੇਸ਼ਕੀਮਤੀ ਰਚਨਾਵਾਂ ਅਣਛਪੀਆਂ ਹੀ ਰਹਿ ਗਈਆਂ।

ਇਸ ਮਹਾਨ ਇਤਿਹਾਸਕਾਰ ਤੇ ਸਿੱਖ ਵਿਦਵਾਨ ਨੇ ਜਿਥੇ ਸਿੱਖਾਂ ਦੀ ਮਹਾਨ ਜਥੇਬੰਦੀ ਨਿਰਮਲ ਸੰਪ੍ਰਦਾਇ ਲਈ ਬੇਮਿ-ਸਾਲ ਕਾਰਜ ਕੀਤਾ, ਉਥੇ ਸਿੱਖ ਪੰਥ ਦੇ ਇਤਿਹਾਸਕ ਖੋਜ ਕਾਰਜਾਂ ਵਿੱਚ ਬਹੁਮੁੱਲਾ ਯੋਗਦਾਨ ਪਾਇਆ। ਆਪਣੀ ਪੂਰੀ ਉਮਰ ਜਿਹੜੀ ਸਖ਼ਤ ਘਾਲਣਾ ਘਾਲੀ ਉਸ ਦੀ ਕੋਈ ਕੀਮਤ ਚੁਕਾਈ ਹੀ ਨਹੀਂ ਜਾ ਸਕਦੀ। ਉਸ ਸਮੇਂ ਤੱਕ ਕੌਮ ਕੋਲ ਕੋਈ ਜਥੇਬੰਦਕ ਸੰਸਥਾਵਾਂ ਵੀ ਨਹੀਂ ਸਨ। ਜਿਹੜੀਆਂ ਸੰਸਥਾਵਾਂ ਉਦੋਂ ਕਾਰਜਸ਼ੀਲ ਵੀ ਸਨ, ਉਹ ਆਪਣੇ ਪੈਰਾਂ ਉਪਰ ਅਜੇ ਚੰਗੀ ਤਰ੍ਹਾਂ ਨਾਲ ਮਜ਼ਬੂਤੀ ਨਹੀਂ ਸਨ ਫੜ ਸਕੀਆਂ। ਗਿਆਨੀ ਜੀ ਵਡਮੁੱਲੇ ਕਾਰਜਾਂ ਨੂੰ ਸੰਪੂਰਨਾ ਦੇ ਕੇ ਆਪਣੀ ਆਯੂ ਦੇ 100ਵੇਂ ਵਰ੍ਹੇ ਵਿੱਚ 24 ਸਤੰਬਰ, 1921 ਈ: ਨੂੰ ਨਾਭਾ ਵਿਖੇ ਸੱਚਖੰਡ ਜਾ ਬਿਰਾਜੇ। ਇਨ੍ਹਾਂ ਦੀ ਯਾਦ ਸਦੀਵੀ ਬਣੀ ਰਹੇਗੀ।

* * * * * *

# ਅੰਮ੍ਰਿਤਸਰ ਏਅਰਪੋਰਟ 'ਤੇ ਹੁਣ ਫਾਸਟ ਟ੍ਰੈਕ ਇਮੀਗ੍ਰੇਸ਼ਨ ਈ-ਗੇਟ ਸੇਵਾ ਉਪਲਬਧ

## ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਕੀਤਾ ਸਵਾਗਤ; ਯਾਤਰੀਆਂ ਨੇ ਜਤਾਈ ਖੁਸ਼ੀ



ਅੰਮ੍ਰਿਤਸਰ-ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਯਾਤਰੀ ਹੁਣ ਇਮੀਗ੍ਰੇਸ਼ਨ ਲਈ ਲੰਬੀਆਂ ਲਾਈਨਾਂ ਤੋਂ ਬਚ ਸਕਣਗੇ। ਹਵਾਈ ਅੱਡੇ 'ਤੇ ਫਾਸਟ ਟ੍ਰੈਕ ਇਮੀਗ੍ਰੇਸ਼ਨ / ਟਰੱਸਟਡ ਟ੍ਰੈਵਲਰ ਪ੍ਰੋਗਰਾਮ ਦੀ ਸ਼ੁਰੂਆਤ ਹੋ ਚੁੱਕੀ ਹੈ। ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਨੇ ਇਸ ਵਿਸ਼ਵ-ਪੱਧਰੀ ਸਹੂਲਤ ਦੀ ਸ਼ੁਰੂਆਤ ਦਾ ਸਵਾਗਤ ਕੀਤਾ ਹੈ, ਜਿਸ ਦੇ ਤਹਿਤ ਹਵਾਈ ਅੱਡੇ 'ਤੇ ਹੁਣ ਅੱਠ ਆਟੋਮੈਟਿਡ ਈ-ਗੇਟ — ਚਾਰ ਆਗਮਨ ਲਈ ਅਤੇ ਚਾਰ ਰਵਾਨਗੀ ਲਈ — ਲਗਾਏ ਗਏ ਹਨ, ਜਿਨ੍ਹਾਂ ਰਾਹੀਂ ਯਾਤਰੀ ਸਿਰਫ ਕੁਝ ਸਕਿੰਟਾਂ 'ਚ ਬਾਇਓਮੈਟਰਿਕ ਤਸਦੀਕ ਨਾਲ ਇਮੀਗ੍ਰੇਸ਼ਨ ਕਲੀਅਰ ਕਰ ਸਕਣਗੇ।

ਯਾਤਰੀ ਇਸ ਲਈ ਆਨਲਾਈਨ ਰਜਿਸਟ੍ਰੇਸ਼ਨ fitttp.mha.govi.n 'ਤੇ ਕਰ ਸਕਦੇ ਹਨ। ਇੱਕ ਵਾਰ ਰਜਿਸਟ੍ਰੇਸ਼ਨ ਅਤੇ ਬਾਇਓਮੈਟਰਿਕ ਡਾਟਾ ਹਵਾਈ ਅੱਡੇ ਜਾਂ ਐੱਫ. ਆਰ. ਆਰ. ਓ ਦਫ਼ਤਰ 'ਚ ਦਰਜ ਹੋਣ ਤੋਂ ਬਾਅਦ, ਇਹ ਸੁਵਿਧਾ ਪੰਜ ਸਾਲ ਜਾਂ ਪਾਸਪੋਰਟ ਦੀ ਮਿਆਦ ਸਮਾਪਤ ਹੋਣ ਤੱਕ ਵਰਤੀ ਜਾ ਸਕਦੀ ਹੈ। ਇਹ ਸਹੂਲਤ ਭਾਰਤੀ ਪਾਸ-ਪੋਰਟ ਧਾਰਕਾਂ ਅਤੇ ਓ. ਸੀ. ਆਈ ਕਾਰਡ ਧਾਰਕਾਂ ਲਈ ਮੁਫ਼ਤ ਉਪਲਬਧ ਹੈ।

ਇਸ ਨਵੀਂ ਸਹੂਲਤ ਦਾ ਸਵਾਗਤ ਕਰਦੇ ਹੋਏ, ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ ਯੋਗੇਸ਼ ਕਾਮਰਾ ਨੇ ਕਿਹਾ, "ਅੰਮ੍ਰਿਤਸਰ ਲਈ ਇਹ ਇਕ ਇਤਿਹਾਸਕ ਕਦਮ ਹੈ। ਇਸ ਨਾਲ ਅੰਤਰਰਾਸ਼ਟਰੀ ਯਾਤਰੀਆਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਹੋਰ ਤੇਜ਼, ਸੁਚਾਰੂ, ਆਸਾਨ ਅਤੇ ਬਿਨਾਂ ਤਣਾਅ ਵਾਲੀ ਹੋਵੇਗੀ। ਇਸ ਰਾਹੀਂ ਯਾਤਰੀਆਂ ਨੂੰ ਇਮੀਗ੍ਰੇਸ਼ਨ ਕਾਊਂਟਰਾਂ 'ਤੇ ਖੜ੍ਹਾ ਨਹੀਂ ਹੋਣਾ ਪਵੇਗਾ ਅਤੇ ਬਿਨਾਂ ਬੇਵਜ੍ਹਾ ਸਵਾਲਾਂ ਤੋਂ ਬਚਦੇ ਹੋਏ ਕਰੀਬ ਇੱਕ ਘੰਟਾ ਸਮਾਂ ਬਚਾਇਆ ਜਾ ਸਕੇਗਾ। ਦੋਹਾ, ਦੁਬਈ, ਸ਼ਾਰਜਾਹ, ਮਿਲਾਨ, ਕੁਆਲਾਲੰਪੁਰ, ਸਿੰਗਾਪੁਰ, ਬੈਂਕਾਕ, ਲੰਡਨ ਅਤੇ ਬਰਮਿੰਘਮ ਵਰਗੇ ਸਥਾਨਾਂ ਲਈ ਉਡਾਣ ਭਰਨ ਵਾਲੇ ਅੰਤਰਰਾਸ਼ਟਰੀ ਯਾਤਰੀ ਸਿੱਧੇ ਤੌਰ 'ਤੇ ਇਸਦਾ ਲਾਭ ਲੈਣਗੇ।"



ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅਮਰੀਕਾ ਨਿਵਾਸੀ ਸਮੀਪ ਸਿੰਘ ਗੁਮਟਾਲਾ ਨੇ ਅੱਗੇ ਕਿਹਾ, "ਐਨ. ਆਰ. ਆਈਜ਼ ਜਿੰਨ੍ਹਾਂ ਵਿੱਚ ਓ. ਸੀ. ਆਈ ਕਾਰਡ ਧਾਰਕ ਅਤੇ ਗ੍ਰੀਨ ਕਾਰਡ ਵਾਲੇ ਭਾਰਤੀ ਪਾਸਪੋਰਟ ਧਾਰਕ ਜੋ ਅਮਰੀਕਾ, ਕੈਨੇਡਾ ਜਾਂ ਹੋਰਨਾਂ ਦੇਸ਼ਾਂ ਦੇ ਪਰਮਾਨੈਂਟ ਰੈਜ਼ੀਡੈਂਟ (ਪੀਆਰ) ਦਾ ਦਰਜਾ ਰੱਖਦੇ ਹਨ, ਉਨ੍ਹਾਂ ਲਈ ਇਹ ਵੱਡੀ ਰਾਹਤ ਹੈ। ਹੁਣ ਨਾ ਤਾਂ ਲੰਬੀਆਂ ਲਾਈਨਾਂ ਵਿੱਚ ਇੰਤਜ਼ਾਰ ਕਰਨਾ ਪਵੇਗਾ ਅਤੇ ਨਾ ਹੀ ਸਵਾਲਾਂ ਨਾਲ ਦੇਰੀ ਹੋਵੇਗੀ। ਯਾਤਰੀਆਂ ਨੂੰ ਅੰਮ੍ਰਿਤਸਰ 'ਤੇ ਹੁਣ ਇਕ ਵਿਸ਼ਵ-ਪੱਧਰੀ ਅਤੇ ਬਿਨਾਂ ਝੰਜਟ ਵਾਲੀ ਇਮੀਗ੍ਰੇਸ਼ਨ ਪ੍ਰਕਿਰਿਆ ਮਿਲੇਗੀ।"

ਕਾਮਰਾ ਅਤੇ ਗੁਮਟਾਲਾ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਹਵਾਈ ਅੱਡੇ 'ਤੇ ਪਹਿਲਾਂ ਤੋਂ ਹੀ ਲਗਾਏ ਗਏ ਇਨਲਾਈਨ ਬੈਗੇਜ ਸਕ੍ਰੀਨਿੰਗ ਸਿਸਟਮ ਨੂੰ ਵੀ ਬਿਨਾਂ ਹੋਰ ਦੇਰੀ ਤੋਂ ਚਾਲੂ ਕੀਤਾ ਜਾਵੇ ਤਾਂ ਜੋ ਯਾਤਰੀਆਂ ਨੂੰ ਆਧੁਨਿਕ ਸੁਵਿਧਾਵਾਂ ਦਾ ਪੂਰਾ ਲਾਭ ਮਿਲ ਸਕੇ। ਇਸ ਤੋਂ ਇਲਾਵਾ ਉਹਨਾਂ ਨੇ ਅਥਾਰਟੀ ਨੂੰ ਹਵਾਈ ਅੱਡੇ 'ਤੇ "ਡਿਜੀ ਯਾਤਰਾ ਸਿਸਟਮ" ਦੀ ਸਹੂਲਤ ਵੀ ਜਲਦ ਸ਼ੁਰੂ ਕਰਨ ਦੀ ਮੰਗ ਕੀਤੀ ਹੈ ਜਿਸ ਨਾਲ ਯਾਤਰੀਆਂ ਲਈ ਉਡੀਕ ਸਮਾਂ ਘਟੇਗਾ। ਇਹ ਇਕ ਆਧੁਨਿਕ, ਬਿਨਾਂ ਸੰਪਰਕ ਵਾਲੀ ਬਾਇਓਮੈਟਰਿਕ ਅਤੇ ਚਿਹਰਾ ਪਹਿਚਾਣ ਕਰਨ ਵਾਲੀ ਪ੍ਰਣਾਲੀ ਹੈ, ਜੋ ਭਾਰਤ ਦੇ ਕਈ ਹਵਾਈ ਅੱਡਿਆਂ 'ਤੇ ਸਫਲਤਾਪੂਰਵਕ ਸ਼ੁਰੂ ਕੀਤੀ ਜਾ ਚੁੱਕੀ ਹੈ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 27'ਤੇ ਪੜ੍ਹੋ

**621. ਸਤਸੰਗਤਿ ਕੀ ਹੈ ਤੇ ਸਤਸੰਗਤਿ ਦੀ ਮਹਿਮਾ ਕੀ ਹੈ?**

ਹੇ ਭਾਈ! ਹਰੀ ਹੀਰਾ ਗੁਰੂ ਦੇ ਹਿਰਦੇ ਵਿਚ ਹੈ। ਸਤਸੰਗਤਿ ਵਿਚ ਸਤਿਗੁਰੂ ਨਾ਼ਲ ਮਿਲਾਪ ਕਰੋ ਤੇ ਰਾਤ ਦਿਨ ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੋ। "ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਗੁਰੁ ਪਾਈਐ ਅਹਿ ਨਿਸਿ ਸਬਦਿ ਸਲਾਹਿ ॥1॥ਰਹਾਉ॥ ਅੰਗ 22"। ਸਤਸੰਗਤਿ ਨੂੰ ਮਿਲ ਕੇ ਹੀ ਪ੍ਰਭੂ ਪ੍ਰਾਪਤੀ ਹੁੰਦੀ ਹੈ, ਗੁਰੂ ਅਨੁਸਾਰੀ ਪ੍ਰਭੂ ਨਾ਼ਲ ਇਕ ਸਾਰ/ਲਗਾਤਾਰ ਸੁਰਤੀ ਜੋੜੀ ਰੱਖਦੇ ਹਨ। (ਜਿਸ ਕਰਕੇ) ਉਹਨਾਂ ਦੇ ਅੰਦਰੋਂ ਆਪਾ-ਭਾਵ ਦੂਰ ਹੋ ਜਾਂਦਾ ਹੈ, ਸ਼੍ਰੋਮਣੀ ਸੁਖ (ਆਤਮਿਕ ਅਨੰਦ) ਮਿਲਦਾ ਹੈ ਤੇ ਪ੍ਰਭੂ ਨਾਲ ਮਿਲ ਕੇ ਉਹ ਇਉਂ ਇਕ-ਮਿਕ ਹੋ ਜਾਂਦੇ ਹਨ ਜਿਵੇਂ ਪਾਣੀ ਨਾਲ ਪਾਣੀ ਮਿਲ ਕੇ ਇਕ-ਰੂਪ ਹੋ ਜਾਂਦਾ ਹੈ। "ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥ ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ॥2॥ ਅੰਗ 22"। ਸਤਸੰਗਤਿ ਵਿਚ ਪਰਮਾਤਮਾ ਵਸਦਾ ਹੈ; ਸਤਸੰਗਤਿ ਨਾ਼ਲ ਮਿਲ ਕੇ ਪਰਮਾਤਮਾ ਦੇ ਗੁਣਾਂ ਨੂੰ ਜਾਣੋ। ਵੱਡੇ ਭਾਗਾਂ ਨਾ਼ਲ ਸਤਸੰਗਤਿ ਪ੍ਰਾਪਤ ਹੋ ਗਈ ਤੇ ਗੁਰੂ ਸਤਿਗੁਰੂ (ਦੇ ਚਰਨ) ਛੂਹ ਕੇ ਸ੍ਰੀ ਭਗਵਾਨ ਦਾ ਮਿਲਾਪ ਹੋ ਗਿਆ। "ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥ ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥3॥ ਅੰਗ 1335"। ਸਤਸੰਗਤਿ ਨੂੰ ਮਿਲਕੇ ਮਨ ਨੂੰ ਜਨਮ ਜਨਮਾਂਤਰਾਂ ਦੀ ਲੱਗੀ ਹੋਈ ਮੈਲ ਲੱਥ ਜਾਂਦੀ ਹੈ। "ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ ਅੰਗ 1309"। (ਸਤਸੰਗਤਿ ਵਿਚ) ਪ੍ਰਭੂ ਦਾ ਨਾਮ ਧਿਆਈਏ; ਸਤਸੰਗਤਿ ਪ੍ਰਭੂ ਨਾ਼ਲ ਮੇਲ ਮਿਲਾਉਂਦੀ ਹੈ। "ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ॥2॥ ਅੰਗ 26"। ਵਡਭਾਗੀਆਂ ਨੂੰ ਸਤਸੰਗਤਿ ਦੀ ਪ੍ਰਾਪਤੀ ਹੁੰਦੀ ਹੈ। "ਵਡਭਾਗੀ ਵਡਭਾਗੀ ਸਤਸੰਗਤਿ ਪਾਈ ਰਾਮ ॥ ਅੰਗ 453"। ਸਤਸੰਗਤਿ ਵਿਚ ਉਹਨਾਂ ਦਾ ਵਾਸਾ ਹੁੰਦਾ ਹੈ ਜਿਹਨਾਂ ਦੇ ਮੱਥੇ ਤੇ ਧੁਰੋਂ ਸਤਸੰਗਤਿ ਲਿਖ ਕੇ ਪਾਈ ਜਾਂਦੀ ਹੈ। "ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥15॥ ਅੰਗ 1044"। ਜਿਹਨਾਂ ਦੇ ਭਾਗਾਂ ਰੂਪੀ ਖਜ਼ਾਨੇ 'ਚ ਪੁੰਨ ਕਰਮ ਹੁੰਦੇ ਹਨ, (ਪ੍ਰਭੂ) ਉਹਨਾਂ ਦਾ ਸਤਸੰਗਤਿ ਨਾ਼ਲ ਮਿਲਾਪ ਕਰਾਉਂਦਾ ਹੈ। "ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥1॥ ਅੰਗ 30"। ਅਗਲੇ ਦੋ ਗੁਰਵਾਕ ਦਰਸਾਉਂਦੇ ਹਨ ਕਿ ਵੱਡੇ/ਪੂਰੇ ਭਾਗਾਂ ਨਾ਼ਲ ਜਿਸਦੀ ਗੁਰੂ ਨਾ਼ਲ ਭੇਂਟ ਹੁੰਦੀ ਹੈ, ਉਸਨੂੰ ਸਤਸੰਗਤਿ ਦੀ, ਪ੍ਰਭੂ ਦੀ, ਆਤਮਿਕ ਅਡੋਲਤਾ ਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। "ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥2॥ ਅੰਗ 29"। ਅਤੇ "ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸ ਆਇ ॥ ਅੰਗ 35"। ਸਤਸੰਗਤਿ ਨੂੰ ਮਿਲ ਕੇ ਮੈਂ ਪ੍ਰਭੂ ਦਾ ਰਸਤਾ ਪੁੱਛਦਾ ਹਾਂ; ਸੰਗਤ ਵਿਚ ਹਰੀ ਪ੍ਰਭੂ ਵਸਦਾ ਹੈ। "ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥2॥ ਅੰਗ 94"। ਸਤਸੰਗਤਿ ਨੂੰ ਮਿਲ ਕੇ, (ੳ) ਪ੍ਰਭੂ ਦੇ ਗੁਣ ਗਾ ਕੇ ਔਖਾ ਤਰਿਆ ਜਾਣ ਵਾ਼ਲਾ ਡਰਾਉਣਾ ਸੰਸਾਰ ਸਮੁੰਦਰ ਤਰ ਜਾਈਦਾ ਹੈ। "ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥1॥ ਅੰਗ 95" ਅਤੇ "ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ ॥3॥ ਅੰਗ 1295"।, (ਅ) ਹਰੀ ਸਤਸੰਗਤਿ ਰਾਹੀਂ ਅਵਿਨਾਸ਼ੀ ਸਰਬ ਵਿਆਪਕ ਪ੍ਰਭੂ ਨੂੰ ਮਿਲਾ ਦਿੰਦਾ ਹੈ। "ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ ॥ ਅੰਗ 96", (ੲ) ਪ੍ਰਭੂ ਦੇ ਨਾਮ ਨੂੰ ਧਿਆਈਦਾ ਹੈ। "ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ ॥ ਅੰਗ 96"। ਅਤੇ (ਸ) ਹਰੀ ਸਜਣ ਲੱਭ ਪਿਆ, ਮੈਂ ਸਤਿਗੁਰੂ ਤੋਂ ਵਾਰਨੇ ਜਾਂਦਾ ਹਾਂ॥ "ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ ਜੀਉ॥1॥ ਅੰਗ 96"। ਇਸ ਕਰਕੇ, ਪ੍ਰਭੂ ਪ੍ਰੇਮੀ ਸਦਾ ਹੀ ਸਤਸੰਗਤਿ ਵਿਚ, ਪ੍ਰਭੂ ਦੇ ਸ੍ਰੇਸ਼ਟ ਪ੍ਰੇਮ 'ਚ ਰੰਗੇ, ਪ੍ਰਭੂ ਦਾ ਜਸ ਗਾਉਂਦੇ ਰਹਿੰਦੇ ਹਨ। "ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ॥ ਅੰਗ 1404"। ਸਤਸੰਗਤਿ ਵਿਚ ਨਾਮ ਦਾ ਖਜ਼ਾਨਾ ਹੈ, ਜਿੱਥੋਂ ਪ੍ਰਭੂ ਦੀ ਪ੍ਰਾਪਤੀ ਕੀਤੀ। ਗੁਰੂ ਕਿਰਪਾ ਨਾ਼ਲ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ। "ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥ ਅੰਗ 1244"। ਇਸ ਕਰਕੇ ਸਤਿਗੁਰੂ ਜੀ ਊਠ ਵਰਗੇ ਸਾਡੇ ਆਪ ਮੁਹਾਰੇ ਮਨ ਨੂੰ ਪਿਆਰ ਨਾ਼ਲ ਸਮਝਾਉਂਦੇ ਹਨ ਕਿ ਸਤਸੰਗਤਿ ਵਿਚ ਸਤਿਗੁਰੂ ਨੂੰ ਢੂੰਡ। ਸਤਸੰਗਤਿ ਨਾ਼ਲ ਜੁੜ ਕੇ ਪ੍ਰਭੂ ਦਾ ਧਿਆਨ ਧਰ, (ਜਿਹੜਾ) ਪ੍ਰਭੂ ਅੰਤ ਨੂੰ ਤੇਰੇ ਨਾ਼ਲ ਚੱਲੇਗਾ। "ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥ ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ॥3॥ ਅੰਗ 234"। ਹੇ ਪ੍ਰਭੂ! ਤੂੰ ਸ਼ਰਨ ਤੇ ਸੁਖਾਂ ਦਾ ਦੇਣ ਵਾ਼ਲਾ ਹੈਂ; ਸਤਸੰਗਤਿ ਵਿਚ ਤੇਰਾ ਨਾਮ ਜਪਣ ਨਾ਼ਲ ਤੂੰ ਪ੍ਰਗਟ ਹੁੰਦਾ ਹੈਂ। "ਤੂ ਸਾਹਿਬੁ ਸਰਣਿ ਸੁਖਦਾਤਾ ਸਤਸੰਗਤਿ ਜਪਿ ਪ੍ਰਗਟਾਵਣਿਆ॥7॥ ਅੰਗ 132"। ਇਸ ਕਰਕੇ ਸਤਸੰਗਤਿ 'ਚ ਮਿਲਕੇ ਰਾਮ ਭਜਨ ਦਾ ਉਪਦੇਸ਼ ਹੈ। "ਸਤਸੰਗਤਿ ਮਿਲੁ ਭਜੁ ਰਾਮ ॥ ਅੰਗ 1297"। ਲੇਕਿਨ ਜਿਸਤੇ ਮਾਲਕ ਪ੍ਰਭੂ ਪ੍ਰਸੰਨ ਹੁੰਦਾ ਹੈ ਉਸਦਾ ਹੀ ਸਤਸੰਗਤਿ ਨਾ਼ਲ ਪਿਆਰ ਪੈਂਦਾ ਹੈ। "ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥ ਅੰਗ 1386"।

ਪ੍ਰਭੂ ਸਤਸੰਗਤਿ ਨਾ਼ਲ ਆਪ ਹੀ ਮਿਲਾਪ ਕਰਾਉਂਦਾ ਹੈ, ਗੁਰੂ ਦੇ ਸ਼ਬਦ ਰਾਹੀਂ (ਸਤਸੰਗਤਿ ਵਿਚ) ਪ੍ਰਭੂ ਦੇ ਗੁਣ ਗਾਏ ਜਾਂਦੇ ਹਨ। "ਗੋਬਿੰਦ ਸਤਸੰਗਤਿ ਮੇਲਾਇ ॥ ਅੰਗ 164", "ਹਰਿ ਜੀਉ ਸਤਸੰਗਤਿ ਮੇਲਾਇ ॥ ਅੰਗ 1130", "ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥1॥ ਰਹਾਉ ॥ ਅੰਗ 114", "ਸਤਸੰਗਤਿ ਬਹਿ ਹਰਿ ਗੁਣ ਗਾਇਆ ॥ ਅੰਗ 115", "ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥5॥ ਅੰਗ 120"। ਅਤੇ, "ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥6॥ ਅੰਗ 129"। ਹੇ ਪ੍ਰਭੂ! ਮੈਨੂੰ ਸਤਸੰਗਤਿ ਨਾ਼ਲ ਮਿਲਾ ਤਾਂ ਕਿ ਮੈਂ ਤੈਨੂੰ ਤੇ ਤੇਰੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਸਾਂਭ ਰੱਖਾਂ। "ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ ॥1॥ ਰਹਾਉ ॥ ਅੰਗ 233"। ਪ੍ਰਭੂ ਦੇ ਸਾਧੂਆਂ ਦੀ ਸੰਗਤ ਨੂੰ ਮਿਲੀਏ ਤੇ ਮਿਲ ਕੇ ਪ੍ਰਭੂ ਦੇ ਗੁਣ ਗਾਈਏ। "ਸਤਸੰਗਤਿ ਮਿਲੀਐ ਹਰਿ ਸਾਧੂ ਮਿਲ ਸੰਗਤਿ ਹਰਿ ਗੁਣ ਗਾਇ ॥ ਅੰਗ 368" ਸਤਸੰਗਤਿ ਨਾ਼ਲ ਮਿਲਾਪ ਕਰੋ ਜਿੱਥੇ ਸਦਾ ਪ੍ਰਭੂ ਦੇ ਗੁਣ ਉਚਾਰੇ ਜਾਂਦੇ ਹਨ। ਹੇ ਨਾਨਕ! ਸੱਚੇ ਸ਼ਬਦ ਦੀ ਵਡਿਆਈ ਕਰ ਕੇ ਸਦਾ ਥਿਰ ਪ੍ਰਭੂ ਨੂੰ ਪਛਾਣ ਲਈਏ।

**ਬਾਕੀ ਅਗਲੇ ਹਫ਼ਤੇ**

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME........................................................
ADDRESS....................................................
..........................................POST CODE....................
TEL..........................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

## ਕੈਨੇਡਾ ਡਿਪੋਰਟ ਕਰੇਗਾ 2,857 ਭਾਰਤੀ

ਖਾਲਿਸਤਾਨ ਹਮਾਇਤੀ ਹੋਣ ਦਾ ਦਾਅਵਾ ਕਰਦਿਆਂ ਕੈਨੇਡਾ ਵਿਚ ਪੱਕਾ ਹੋਣ ਦਾ ਸੁਪਨੇ ਦੇਖ ਰਹੇ ਸੈਂਕੜੇ ਪੰਜਾਬੀਆਂ ਨੂੰ ਵੱਡਾ ਝਟਕਾ ਲੱਗਾ ਜਦੋਂ ਰਫ਼ਿਊਜੀ ਬੋਰਡ ਨੇ ਉਨ੍ਹਾਂ ਦੇ ਅਸਾਇਲਮ ਕਲੇਮ ਰੱਦ ਕਰ ਦਿਤੇ ਅਤੇ ਹੁਣ ਇਨ੍ਹਾਂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਕੈਨੇਡੀਅਨ ਅਦਾਲਤਾਂ ਵਿਚ ਦਾਇਰ ਅਪੀਲਾਂ ਵੀ ਕਾਰਗਰ ਸਾਬਤ ਨਹੀਂ ਹੋ ਰਹੀਆਂ ਹਾਂ ਅਤੇ ਮੌਜੂਦਾ ਵਰ੍ਹੇ ਦੌਰਾਨ ਸਾਹਮਣੇ ਆਏ 34 ਫੈਸਲਿਆਂ ਵਿਚੋਂ 30 ਨਾਂਹਪੱਖੀ ਰਹੇ। ਤਾਜ਼ਾ ਫੈਸਲਾ ਪ੍ਰਦੀਪ ਸਿੰਘ ਬਨਾਮ ਲੋਕ ਸੁਰੱਖਿਆ ਮੰਤਰੀ ਮਾਮਲੇ ਵਿਚ ਆਇਆ ਹੈ ਜਿਥੇ ਡਿਪੋਰਟੇਸ਼ਨ ਹੁਕਮਾਂ ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਸੀ।ਪ੍ਰਦੀਪ ਸਿੰਘ ਨੇ ਖਾਲਿਸਤਾਨ ਹਮਾਇਤੀ ਹੋਣ ਅਤੇ ਭਾਰਤ ਡਿਪੋਰਟ ਕੀਤੇ ਜਾਣ ਤੇ ਜਾਨ ਦਾ ਖਤਰਾ ਹੋਣ ਦਾ ਦਾਅਵਾ ਸਾਬਤ ਕਰਦਿਆਂ ਆਪਣੇ ਮਾਪਿਆਂ ਦੇ ਹਲਫ਼ੀਆ ਬਿਆਨ ਅਤੇ ਸੋਸ਼ਲ ਮੀਡੀਆ ਤੇ ਆਧਾਰਤ ਸਬੂਤ ਪੇਸ਼ ਕੀਤੇ ਪਰ ਜੱਜ ਨੇ ਇਨ੍ਹਾਂ ਨੂੰ ਮੰਨਣ ਤੋਂ ਨਾਂਹ ਕਰ ਦਿਤੀ।

ਟੋਰਾਂਟੋ ਸਥਿਤ ਫੈਡਰਲ ਅਦਾਲਤ ਨੇ 6 ਸਤੰਬਰ ਨੂੰ ਸੁਣਾਏ ਫੈਸਲੇ ਵਿਚ ਕਿਹਾ ਕਿ ਬਿਨੈਕਾਰ ਵੱਲੋਂ ਪੇਸ਼ ਦਸਤਾਵੇਜ਼ਾਂ ਨੂੰ ਧਿਆਨ ਵਿਚ ਰਖਦਿਆਂ ਡਿਪੋਰਟੇਸ਼ਨ ਤੇ ਰੋਕ ਨਹੀਂ ਲਾਈ ਜਾ ਸਕਦੀ। ਪ੍ਰਦੀਪ ਸਿੰਘ ਪਹਿਲੀ ਵਾਰ ਫ਼ਰਵਰੀ 2023 ਵਿਚ ਸਪਾਊਜ਼ਲ ਵਰਕ ਪਰਮਿਟ ਤੇ ਕੈਨੇਡਾ ਪੁੱਜਾ ਸੀ। 10 ਨਵੰਬਰ 2024 ਨੂੰ ਵਰਕ ਪਰਮਿਟ ਖਤਮ ਹੋ ਗਿਆ ਪਰ ਉਸ ਵੱਲੋਂ ਮਿਆਦ ਵਧਾਉਣ ਦੀ ਅਰਜ਼ੀ ਦਾਇਰ ਨਾ ਕੀਤੀ ਗਈ। ਇਸੇ ਦੌਰਾਨ 16 ਨਵੰਬਰ ਨੂੰ 2024 ਨੂੰ ਅਸਾਇਲਮ ਕਲੇਮ ਕਰ ਦਿਤਾ

# ਹੜ੍ਹਾਂ ਦੀ ਰੋਕਥਾਮ ਲਈ ਵਿਸ਼ਾਲ ਤੇ ਠੋਸ ਯੋਜਨਾਬੰਦੀ ਦੀ ਲੋੜ

ਪ੍ਰੋ: ਕੁਲਬੀਰ ਸਿੰਘ
9417153513



ਪੰਜਾਬ ਦੇ ਬਹੁਤੇ ਹਿੱਸੇ ਵਿਚ ਹੜ੍ਹ ਆਏ ਹੋਏ ਹਨ। ਪੀੜ੍ਹਤ ਪ੍ਰਭਾਵਤ ਲੋਕ ਡਾਹਢੇ ਪ੍ਰੇਸ਼ਾਨ ਹਨ। ਜਿਹੜੇ ਪ੍ਰਭਾਵਤ ਨਹੀਂ ਉਹ ਵੀ ਉਨ੍ਹਾਂ ਬਾਰੇ ਸੋਚ ਸੋਚ ਕੇ ਪ੍ਰੇਸ਼ਾਨ ਹਨ। ਹਰ ਕੋਈ ਆਪਣੀ-ਆਪਣੀ ਪੱਧਰ 'ਤੇ ਬਚਣ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਾਨ-ਮਾਲ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਅਖ਼ਬਾਰਾਂ ਦੇ ਪੰਨਿਆਂ 'ਤੇ, ਟੈਲੀਵਿਜ਼ਨ ਦੀ ਸਕਰੀਨ 'ਤੇ ਦੁਖਦਾਈ ਤਸਵੀਰਾਂ ਨਜ਼ਰ ਆ ਰਹੀਆਂ ਹਨ। ਪੰਜਾਬ ਵਿਚ ਹੜ੍ਹ ਪਹਿਲੀ ਵਾਰ ਨਹੀਂ ਆਏ। ਪਰ ਇਹ ਆਉਂਦੇ ਕਿਉਂ-ਕਿਵੇਂ ਹਨ? ਕੀ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ? ਜੇ ਆ ਹੀ ਗਏ ਤਾਂ ਕਿਹੜੇ ਕਦਮ ਉਠਾਏ ਜਾਣ ਕਿ ਨੁਕ-ਸਾਨ ਘੱਟ ਤੋਂ ਘੱਟ ਹੋਵੇ?

ਜਿਨ੍ਹਾਂ ਦੇ ਖੇਤਾਂ ਵਿਚ, ਜਿਨ੍ਹਾਂ ਦੇ ਘਰਾਂ ਵਿਚ ਹੜ੍ਹਾਂ ਦਾ ਸ਼ੂਕਦਾ ਪਾਣੀ ਆਣ ਵੜਦਾ ਹੈ ਉਹੀ ਜਾਣਦੇ ਹਨ ਉਨ੍ਹਾਂ 'ਤੇ ਕੀ ਬੀਤਦੀ ਹੈ। ਕੋਈ ਦੂਸਰਾ ਉਸ ਭੈੜੀ ਡਰਾਉਣੀ ਪੀੜ ਦੀ ਸ਼ਿੱਦਤ ਦਾ ਅਹਿਸਾਸ ਨਹੀਂ ਕਰ ਸਕਦਾ। ਹੜ੍ਹਾਂ ਲਈ ਵਧੇਰੇ ਕਰਕੇ ਪ੍ਰਾਕਿਰਤਕ ਕਾਰਨ ਜ਼ਿੰਮੇਵਾਰ ਹੁੰਦੇ ਹਨ। ਜਿਵੇਂ ਲੰਮੇ ਸਮੇਂ ਤੱਕ ਭਾਰੀ ਵਰਖਾ ਦਾ ਪੈਣਾ। ਪਰ ਰਾਹਾਂ ਵਿਚ ਮਨੁੱਖ ਦੁਆਰਾ ਡਾਹੇ ਅੜਿੱਕਿਆਂ ਕਰਨ ਵੀ ਹੜ੍ਹ ਆਉਂਦੇ ਹਨ। ਰੋਕਾਂ ਰੁਕਾਵਟਾਂ ਸਥਿਤੀ ਨੂੰ ਹੋਰ ਸੰਗੀਨ ਬਣਾ ਦਿੰਦੀਆਂ ਹਨ। ਲੰਮੀਆਂ ਕਾਰਗਰ ਯੋਜਨਾਵਾਂ ਉਲੀਕ ਕੇ, ਡੈਮਾਂ ਅਤੇ ਪਾਣੀ ਦੀਆਂ ਨਿਕਾਸ ਪ੍ਰਣਾਲੀਆਂ ਨੂੰ ਬਿਹਤਰ ਕਰਕੇ, ਰੋਕਾਂ ਰੁਕਾਵਟਾਂ ਨੂੰ ਹਟਾ ਕੇ, ਕੰਢੇ ਕਿਨਾਰਿਆਂ ਨੂੰ ਪੱਕਿਆਂ ਕਰਕੇ, ਵੱਡੀ ਪੱਧਰ 'ਤੇ ਰੁੱਖ ਅਤੇ ਬਨਸਪਤੀ ਲਗਾ ਕੇ ਹੀ ਭਿਆਨਕ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ। ਧਰਤੀ 'ਤੇ ਸਭ ਤੋਂ ਵੱਧ ਹੜ੍ਹ ਨੀਦਰਲੈਂਡ ਵਿਚ ਆਉਂਦੇ ਹਨ। ਦੂਸਰਾ ਨੰਬਰ ਬੰਗਲਾਦੇਸ਼ ਦਾ ਹੈ। ਇਨ੍ਹਾਂ ਦੇਸ਼ਾਂ ਦੀ ਅੱਧੀ ਵਸੋਂ ਹਰ ਵੇਲੇ ਖਤਰੇ ਵਿਚ ਰਹਿੰਦੀ ਹੈ। ਨੀਦਰਲੈਂਡ ਵਿਚ ਹੜ੍ਹਾਂ ਦੀ ਰੋਕਥਾਮ ਵੱਡਾ ਮੁੱਦਾ ਹੈ। ਪਰੰਤੂ ਵਿਕਾਸ ਦੇ ਨਾਂ 'ਤੇ ਹੋ ਰਹੀ ਉਸਾਰੀ ਰੋਕਥਾਮ ਦੇ ਰਾਹ ਵਿਚ ਵੱਡੀ ਰੁਕਾਵਟ ਹੈ।

ਨੀਦਰਲੈਂਡ ਦਾ ਵਧੇਰੇ ਹਿੱਸਾ ਸਮੁੰਦਰੀ-ਤਲ ਤੋਂ ਨੀਵਾਂ ਹੈ। ਇਸ ਲਈ ਉਥੇ ਹੜ੍ਹ ਆਏ ਹੀ ਰਹਿੰਦੇ ਹਨ। ਪਰੰਤੂ ਉਨ੍ਹਾਂ ਨੇ ਇਸਦਾ ਸਥਾਈ ਠੋਸ ਹੱਲ ਲੱਭ ਲਿਆ ਹੈ। ਦੁਨੀਆ ਦੇ ਬਹੁਤ ਸਾਰੇ ਦੇਸ਼ ਨੀਦਰਲੈਂਡ ਤੋਂ ਪਾਣੀ-ਪ੍ਰਬੰਧ ਸਿੱਖ ਰਹੇ ਹਨ। ਸਾਲ 1953 ਵਿਚ ਨੀਦਰਲੈਂਡ ਵਿਚ ਵਿਨਾਸ਼ਕਾਰੀ ਹੜ੍ਹ ਆਏ ਸਨ। ਛੇ ਸੌ ਵਰਗ ਮੀਲ ਹਿੱਸਾ ਪੂਰੀ ਤਰ੍ਹਾਂ ਪਾਣੀ ਵਿਚ ਡੁੱਬ ਗਿਆ ਸੀ। ਉਦੋਂ ਤੋਂ ਨੀਦਰਲੈਂਡ ਨੇ ਪੱਕਾ ਇਰਾਦਾ ਕਰ ਲਿਆ ਸੀ ਹੜ੍ਹਾਂ ਨੂੰ ਕਾਬੂ ਕਰਨ ਦਾ, ਹੜ੍ਹਾਂ ਨੂੰ ਆਪਣੀ ਲੋੜ ਸਹੂਲਤ ਅਨੁਸਾਰ ਵਰਤਣ-ਢਾਲਣ ਦਾ। ਇਹਦੇ



ਲਈ ਹੜ੍ਹਾਂ ਦੀ ਰੋਕਥਾਮ ਦੀ ਦੁਨੀਆ ਭਰ ਤਕਨੀਕ ਨੂੰ ਸਮਝਦਿਆਂ, ਸਥਾਨਕ ਸਥਿਤੀਆਂ ਅਨੁਸਾਰ ਢਾਲ ਕੇ ਪ੍ਰਯੋਗ ਵਿਚ ਲਿਆਂਦਾ ਗਿਆ।

### ਪਾਣੀ ਵਿਚ ਤੈਰਨ ਵਾਲੇ ਘਰ:

ਘਰ ਪਾਣੀ ਵਿਚ ਤੈਰਨ ਵਾਲੇ ਬਣਾ ਲਏ ਗਏ। ਪਾਣੀ ਦੇ ਨਿਕਾਸੀ-ਪ੍ਰਬੰਧ ਨੂੰ ਬਿਹਤਰੀਨ ਰੂਪ ਦਿੱਤਾ ਗਿਆ ਅਤੇ ਉਸਦੀ ਦੇਖ-ਭਾਲ 'ਤੇ ਲਗਾਤਾਰ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਸ਼ਹਿਰਾਂ ਵਿਚੋਂ ਪਾਣੀ ਬਾਹਰ ਕੱਢਣ ਲਈ ਪੀਪਿੰਗ-ਸਿਸਟਮ ਦੀ ਵਿਵਸਥਾ ਕੀਤੀ ਗਈ।

ਸ਼ਹਿਰਾਂ ਵਿਚ ਸਮੁੰਦਰੀ ਕੰਢਿਆਂ 'ਤੇ ਵਿਸ਼ਾਲ ਗੇਟ ਬਣਾਏ ਗਏ ਹਨ ਜਿਹੜੇ ਪਾਣੀ ਨੂੰ ਰੋਕਣ ਦਾ ਕੰਮ ਕਰਦੇ ਹਨ। ਜਦ ਹੜ੍ਹ ਦਾ ਪਾਣੀ ਇਕੱਠਾ ਹੋ ਜਾਂਦਾ ਹੈ ਤਾਂ ਉਥੇ ਪਾਣੀ ਦੀਆਂ ਖੇਡਾਂ ਦਾ ਆਯੋਜਨ ਕੀਤਾ ਜਾਂਦਾ ਹੈ। ਆਮ ਲੋਕਾਂ ਨੇ ਵੀ ਹੜ੍ਹਾਂ ਨੂੰ ਆਪਣੀ ਸਹੂਲਤ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਪੀਪਿੰਗ-ਸਿਸਟਮ ਨਾਲ ਸ਼ਹਿਰਾਂ ਵਿਚੋਂ ਕੱਢੇ ਗਏ ਪਾਣੀ ਨੂੰ ਖੇਤੀ ਲਈ ਇਸਤੇਮਾਲ ਕੀਤਾ ਜਾਂਦਾ ਹੈ।

### ਮਕੈਨੀਕਲ ਬੈਰੀਅਰ

ਇੰਗਲੈਂਡ ਨੇ ਲੰਡਨ ਦੀ ਥੇਮਸ ਨਦੀ 'ਤੇ ਮਕੈਨੀਕਲ ਬੈਰੀਅਰ ਬਣਾਇਆ ਹੋਇਆ ਹੈ ਜਿਹੜਾ ਸ਼ਹਿਰ ਵਿਚ ਪਾਣੀ ਭਰਨ ਤੋਂ ਬਚਾ ਕਰਦਾ ਹੈ। ਫਰਾਂਸ ਵਿਚ ਪਾਣੀ ਲਈ ਅਨੇਕਾਂ ਜਲ-ਭੰਡਾਰ ਤਿਆਰ ਕੀਤੇ ਗਏ ਹਨ। ਤਕਨੀਕ ਅਤੇ ਦਿਮਾਗ ਦੀ ਵਰਤੋਂ ਕਰਦਿਆਂ ਸਥਾਨਕ ਸਥਿਤੀਆਂ ਤੇ ਲੋੜਾਂ ਅਨੁਸਾਰ ਸਾਨੂੰ ਵੀ ਹੜ੍ਹਾਂ ਦੀ ਰੋਕਥਾਮ ਲਈ ਵੱਡੇ ਯਤਨ ਆਰੰਭਣੇ ਪੈਣਗੇ। ਤਦ ਹੀ ਭਵਿੱਖ ਵਿਚ ਹੜ੍ਹਾਂ ਤੋਂ ਹੋਣ ਵਾਲੇ ਜਾਨੀ-ਮਾਲੀ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

### ਸੁਚੱਜੀ ਵਰਤੋਂ

ਬਗਜ਼ੀਲ, ਨਿਊਜ਼ੀਲੈਂਡ, ਚੀਨ ਅਤੇ ਥਾਈਲੈਂਡ ਉਹ ਦੇਸ਼ ਹਨ ਜਿਨ੍ਹਾਂ ਨੇ ਵਰਖਾ ਦੇ ਪਾਣੀ ਨੂੰ ਸੰਕਟ ਬਣਨ ਤੋਂ ਰੋਕਣ ਲਈ ਵਿਸ਼ਾਲ ਕਾਰਗਰ ਯੋਜਨਾਵਾਂ ਉਲੀਕੀਆਂ ਹੋਈਆਂ ਹਨ। ਜਰਮਨੀ ਨੇ ਇਸ ਦਿਸ਼ਾ ਵਿਚ 1980 ਤੋਂ 'ਰੇਨ ਵਾਟਰ ਹਾਰਵੈਸਟਿੰਗ' 'ਤੇ ਕਾਰਜ ਆਰੰਭ ਕਰ ਦਿੱਤਾ ਸੀ। ਅਸਟਰੇਲੀਆ ਅਤੇ ਸਿੰਗਾਪੁਰ ਵੀ ਬਰਸਾਤ ਦੇ ਪਾਣੀ ਦੀ ਸੁਚੱਜੀ ਵਰਤੋਂ ਲਈ ਜਾਣੇ ਜਾਂਦੇ ਹਨ। ਵੀਅਤਨਾਮ, ਇਜ਼ਰਾਈਲ, ਜਪਾਨ ਵੀ ਇਸ ਪੱਖੋਂ ਪਿੱਛੇ ਨਹੀਂ ਹਨ। ਵਰਖਾ ਦਾ ਪਾਣੀ ਹੜ੍ਹਾਂ ਦੇ ਰੂਪ ਵਿਚ ਡਰਾਉਣੀ ਸਥਿਤੀ ਪੈਦਾ ਨਾ ਕਰੇ ਅਤੇ ਉਸ ਪਾਣੀ ਨੂੰ ਆਪਣੇ ਕੰਟਰੋਲ ਵਿਚ ਕਰਕੇ ਉਸਦੀ ਸੁਚੱਜੀ ਵਰਤੋਂ ਕਰਨ ਲਈ ਉਪਰੋਕਤ ਦੇਸ਼ਾਂ ਨੇ ਕਿਹੜੇ ਪ੍ਰਬੰਧ ਕੀਤੇ ਹੋਏ ਹਨ।

### ਰੇਨ ਵਾਟਰ ਹਾਰਵੈਸਟਿੰਗ:

ਦੁਨੀਆ ਦੇ ਬਹੁਤ ਸਾਰੇ ਦੇਸ਼ ਛੱਤਾਂ ਅਤੇ ਸੜਕਾਂ ਤੋਂ ਵਰਖਾ ਦਾ ਪਾਣੀ ਇਕੱਠਾ ਕਰਕੇ ਉਸਦੀ ਵਰਤੋਂ ਘਰ ਦੇ ਕੰਮਾਂ ਲਈ, ਬਗੀਚੇ ਲਈ, ਕੱਪੜੇ ਧੋਣ ਲਈ, ਫਲੱਸ਼ ਲਈ, ਖੇਤੀਬਾੜੀ ਲਈ ਕਰਦੇ ਹਨ। ਹੁਣ ਤਾਂ ਨਵੀਆਂ ਤਕਨੀਕਾਂ ਅਪਣਾ ਕੇ ਵਰਖਾ ਦੇ ਪਾਣੀ ਦੀ ਪੀਣ ਲਈ ਵੀ ਵਰਤੋਂ ਕੀਤੀ ਜਾਣ ਲੱਗੀ ਹੈ। ਗਟਰ ਅਤੇ ਟੈਂਕ ਵਿਚ ਵੀ ਵਰਖਾ ਦਾ ਪਾਣੀ ਸਾਂਭਿਆ ਜਾਂਦਾ ਹੈ। ਬੋਰ ਵਿਚ ਡੂੰਘੇ ਪਾਈਪ ਪਾ ਕੇ ਇਸ ਪਾਣੀ ਨੂੰ ਧਰਤੀ ਅੰਦਰ ਭੇਜਿਆ ਜਾਂਦਾ ਹੈ। ਹਰੇਕ ਘਰ ਲਈ ਲਾਜ਼ਮੀ ਹੈ ਕਿ ਉਹ ਛੱਤ ਅਤੇ ਵਿਹੜੇ ਦਾ ਪਾਣੀ ਸਟੋਰ ਕਰੇ। ਭਾਰਤ ਦੇ ਕਈ ਸੂਬਿਆਂ ਵਿਚ ਵੀ ਅਜਿਹਾ ਕਰਨਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਸਭ ਤੋਂ ਜ਼ਰੂਰੀ ਨਦੀਆਂ ਦਰਿਆਵਾਂ ਦੇ ਕੰਢੇ-ਕਿਹਾਰੇ ਪੈਦੇ, ਉੱਚੇ, ਮਜ਼ਬੂਤ ਕਰਨ ਦੀ ਯੋਜਨਾ ਉਲੀਕਣੀ ਚਾਹੀਦੀ ਹੈ।

**ਜਿਨ੍ਹਾਂ ਦੇ ਖੇਤਾਂ ਵਿਚ, ਜਿਨ੍ਹਾਂ ਦੇ ਘਰਾਂ ਵਿਚ ਹੜ੍ਹਾਂ ਦਾ ਸ਼ੂਕਦਾ ਪਾਣੀ ਆਣ ਵੜਦਾ ਹੈ ਉਹੀ ਜਾਣਦੇ ਹਨ ਉਨ੍ਹਾਂ 'ਤੇ ਕੀ ਬੀਤਦੀ ਹੈ। ਕੋਈ ਦੂਸਰਾ ਉਸ ਭੈੜੀ ਡਰਾਉਣੀ ਪੀੜ ਦੀ ਸ਼ਿੱਦਤ ਦਾ ਅਹਿਸਾਸ ਨਹੀਂ ਕਰ ਸਕਦਾ। ਹੜ੍ਹਾਂ ਲਈ ਵਧੇਰੇ ਕਰਕੇ ਪ੍ਰਾਕਿਰਤਕ ਕਾਰਨ ਜ਼ਿੰਮੇਵਾਰ ਹੁੰਦੇ ਹਨ। ਜਿਵੇਂ ਲੰਮੇ ਸਮੇਂ ਤੱਕ ਭਾਰੀ ਵਰਖਾ ਦਾ ਪੈਣਾ। ਪਰ ਰਾਹਾਂ ਵਿਚ ਮਨੁੱਖ ਦੁਆਰਾ ਡਾਹੇ ਅੜਿੱਕਿਆਂ ਕਰਨ ਵੀ ਹੜ੍ਹ ਆਉਂਦੇ ਹਨ। ਰੋਕਾਂ ਰੁਕਾਵਟਾਂ ਸਥਿਤੀ ਨੂੰ ਹੋਰ ਸੰਗੀਨ ਬਣਾ ਦਿੰਦੀਆਂ ਹਨ। ਲੰਮੀਆਂ ਕਾਰਗਰ ਯੋਜਨਾਵਾਂ ਉਲੀਕ ਕੇ, ਡੈਮਾਂ ਅਤੇ ਪਾਣੀ ਦੀਆਂ ਨਿਕਾਸ ਪ੍ਰਣਾਲੀਆਂ ਨੂੰ ਬਿਹਤਰ ਕਰਕੇ, ਰੋਕਾਂ ਰੁਕਾਵਟਾਂ ਨੂੰ ਹਟਾ ਕੇ, ਕੰਢੇ ਕਿਨਾਰਿਆਂ ਨੂੰ ਪੱਕਿਆਂ ਕਰਕੇ, ਵੱਡੀ ਪੱਧਰ 'ਤੇ ਰੁੱਖ ਅਤੇ ਬਨਸਪਤੀ ਲਗਾ ਕੇ ਹੀ ਭਿਆਨਕ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ।**

## VACANCY FOR RELIGIOUS WORKER

***Job Title:*** **Religious Worker (Sikh Faith)** ***Location*****: Derby, UK**

**We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***

* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** **To apply, please submit your application detailing your experience and motivation for this role.**

**Deadline for Applications: Applications must be submit before 17-10-2025**

**Applications should be sent to Email: info@sgssderby.com or delivered to the Gurdwara Sahib's Address below:**

## Sri Guru Singh Sabha Gurdwara

**1 Princes Street, Normanton, Derby. DE23 8NT. TEL: 01332 773010**

**PLEASE CONTACT BHAI AJIT SINGH 07533 362911**

# ਜਥੇਦਾਰ ਗੜਗੱਜ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਬਾਰੇ ਅਰਦਾਸ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਦਿਵਸ ਮੌਕੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨਜ਼ਦੀਕ ਪਹੁੰਚ ਕੇ ਗੁਰੂ ਸਾਹਿਬ ਦੇ ਸਨਮੁਖ ਲਾਂਘਾ ਛੇਤੀ ਖੁੱਲ੍ਹਣ, ਸਿੱਖ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਅਤੇ ਪੰਜਾਬ ਨੂੰ ਹੜ੍ਹਾਂ ਦੀ ਸਥਿਤੀ ਵਿੱਚੋਂ ਉਭਰਨ ਦਾ ਬਲ ਬਖ਼ਸ਼ਣ ਲਈ ਅਰਦਾਸ ਕੀਤੀ।

ਇਸ ਤੋਂ ਪਹਿਲਾਂ ਜਥੇਦਾਰ ਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਜੋਤੀ ਜੋਤਿ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਵੀ ਸ਼ਮੂਲੀਅਤ ਕੀਤੀ। ਉਪਰੰਤ ਜਥੇਦਾਰ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਮੌਜੂਦਾ ਹਾਲਾਤ ਦੇਖੇ ਜਿਥੇ ਉਨ੍ਹਾਂ ਨੇ ਗੁਰੂ ਸਾਹਿਬ ਦੇ ਸਨਮੁਖ ਸਿੱਖਾਂ ਦੀ ਭਾਵਨਾਵਾਂ ਅਨੁਸਾਰ ਅਰਦਾਸ ਕੀਤੀ। ਉਨ੍ਹਾਂ ਅਰਦਾਸ ਕਰਦਿਆਂ ਕਿਹਾ ਕਿ ਅੱਜ ਦੇ ਦਿਨ ਸ੍ਰੀ ਗੁਰੂ ਨਾਨਕ ਦੇਵ ਸ੍ਰੀ ਕਰਤਾਰਪੁਰ ਸਾਹਿਬ ਦੀ ਧਰਤੀ ਉੱਤੇ ਜੋਤਿ ਜੋਤਿ ਸਮਾਏ ਸਨ ਅਤੇ ਇਸ ਦਿਨ ਵਿਸ਼ਵ ਭਰ ਦੀ ਸਿੱਖ ਸੰਗਤ ਸ੍ਰੀ ਕਰਤਾਰਪੁਰ ਸਾਹਿਬ ਦੇ ਪਾਵਨ ਅਸਥਾਨ ਦੇ ਦਰਸ਼ਨਾਂ ਦੀ ਤਾਂਘ ਰੱਖਦੀ ਹੈ ਪਰ ਅੱਜ ਬਣੇ ਹੋਏ ਹਾਲਾਤ ਦੇ ਮੱਦੇਨਜ਼ਰ ਚੜ੍ਹਦੇ ਪੰਜਾਬ ਵਾਲੇ ਪਾਸਿਓਂ ਸਿੱਖ ਸੰਗਤ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਤੋਂ ਵਾਂਝੀ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।
4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈੱਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਦੋ ਅੱਖਰੀ ਸ਼ਬਦਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ


Take a Punjabi news paper or a Punjabi book, find & write two letter words which have either of the following letters in it.
ੳ, ਅ, ੲ, ਸ, ਹ

*"ੳ" ਅਤੇ "ੲ" ਨਾਲ ਮੁਕਤਾ ਸ਼ਬਦ ਨਹੀਂ ਬਣਦੇ।*

ਗੁਰਮੁਖੀ – ਗੁਰਮੁਖੀ Page 35 Level I

ਲੜੀਵਾਰ ਨਾਵਲ

ਕਮਲ ਗਿੱਲ



Mob : +44 07454 394684

ਕਿਸ਼ਤ-42

# ਧੁੰਧਲੇ ਰਿਸ਼ਤੇ

**ਮਾਤਾ ਨਿੱਤ ਨਵਾਂ ਕੋਈ ਨਾ ਕੋਈ ਪੰਗਾ ਪਾਈ ਰੱਖਦੀ ਹੁਣ ਮੈਂ ਠਾਣ ਲਈ ਸੀ ਕਿ ਮੈਂ ਕੁਝ ਰਿਐਕਟ ਨਹੀਂ ਕਰਨਾ ਚੁੱਪ-ਚਾਪ ਚਲੀ ਜਾਣਾ ਹੈ। ਜੇ ਮੈਂ ਕਦੇ ਖਿੱਝ ਵੀ ਜਾਣਾ ਤਾਂ ਮੇਰੀ ਮਾਂ ਨੇ ਮੈਨੂੰ ਰੋਕ ਲੈਣਾ ਕਹਿਣਾ ਛੱਡ ਪਰ੍ਹੇ ਹਾਲੇ ਈ ਬੁੜੀ ਮਗਰ ਲਾਉਂਦੀ ਆ ਕਰਕੇ ਉਹ ਸੋਚਦੀ ਆ ਕਿ ਤੂੰ ਭੱਜ ਜਾਣਾ ਆ ਲੜ ਕੇ ਪਰ ਜਦ ਤੇਰੀ ਕੋਰਟ ਮੈਰਿਜ ਹੋ ਗਈ ਇਹਨੇ ਵੀ ਆਪੇ ਬਦਲ ਜਾਣਾ ਤੂੰ ਫਿਕਰ ਨਾ ਕਰ ਪੁੱਤ ਦੁਨੀਆ 'ਚ ਬਹੁਤ ਬੰਦੇ ਇਹੋ ਜਿਹੇ ਹੁੰਦੇ ਆ ਜੋ ਆਪਣੀਆਂ ਬੁੜੀਆਂ ਮਗਰ ਲੱਗ ਕੇ ਆਪਣੇ ਵਸੇ-ਵਸਾਏ ਘਰ ਬਰਬਾਦ ਕਰ ਲੈਂਦੇ ਹਨ। ਪਰ ਤੂੰ ਵਾਹਿਗੁਰੂ ਤੇ ਵਿਸ਼ਵਾਸ ਰੱਖ ਆਪਣੇ ਆਦਮੀ ਨਾਲ ਪਿਆਰ ਨਾਲ ਰਹਿ ਸਭ ਠੀਕ ਹੋ ਜਾਣਾ। ''**

ਡਾਇੰਨਗ ਟੈਬਲ 'ਤੇ ਸਲਾਦ ਦੀਆਂ ਪਲੇਟਾਂ ਪਹਿਲਾਂ ਹੀ ਰੱਖੀਆਂ ਸਨ ਇੱਕ ਛੋਟੀ ਕੌਲੀ 'ਚ ਘਰ ਦਾ ਬਣਿਆ ਅੰਬ ਦਾ ਅਚਾਰ ਮਹਿਕਾਂ ਮਾਰ ਰਿਹਾ ਸੀ । ਆਲੂ ਮਟਰ, ਬਤਾਊਂ ਘਰ ਦਾ ਬਣਿਆ ਦਹੀ, ਮਟਰਾਂ ਵਾਲੇ ਲੂਣ ਵਾਲੇ ਚੌਲ ਮਹਿਕਾਂ ਬਖੇਰ ਰਹੇ ਸਨ।

''ਤੁਸੀ ਕਿਉਂ ਇੰਨਾ ਕੁੱਝ ਬਣਾ ਲਿਆ? ਮੈਂ ਪ੍ਰੋਹਣੀ ਥੋੜੇ ਹਾਂ, ਸਿੰਪਲ ਦਾਲ ਫੁੱਲਕਾ ਖਾਣ ਵਾਲੀ ਹਾਂ।''

"ਕੋਈ ਨਾ ਆਹੀ ਤੇਰੇ ਦੋ-ਚਾਰ ਦਿਨ ਆ ਸੇਵਾ ਕਰਾਉਣ ਦੇ ਫਿਰ ਇੰਗਲੈਂਡ ਜਾ ਕੇ ਆਪ ਹੀ ਬਣਾਉਣੀਆਂ ਆ ਰੋਟੀਆਂ ਤੂੰ। ਫਿਰ ਤੂੰ ਮੈਨੂੰ ਯਾਦ ਕਰੇਂਗੀ।''

"ਸਾਰਾ ਕੁਝ ਬਹੁਤ ਸਵਾਦ ਬਣਿਆ ਅੰਨਦ ਹੀ ਆ ਗਿਆ ਇੰਨਾਂ ਸੋਹਣਾ ਡਿਨਰ ਕਰਕੇ। ਸ਼ੁਕਰ ਹੈ ਤੁਸੀਂ ਮੈਨੂੰ ਮਿਲ ਗਏ ਨਹੀਂ ਤਾਂ ਮੈਂ ਰੋਜ਼ ਸਪੈਨਿਸ਼ਾਂ ਦਾ ਫੋਕਲਾ ਜਿਹਾ ਖਾਣਾ ਹੀ ਖਾਣਾ ਸੀ ਨੋ ਦਿਨ।''

ਖਾਣਾ ਨਬੇੜ ਸਾਫ ਸਫਾਈ ਕਰ ਅਸੀਂ ਰੋਜ਼ਾਨਾਂ ਦੀ ਤਰ੍ਹਾਂ ਇੱਕ ਘੰਟਾ ਵਾਕ ਕਰ ਫਿਰ ਵਿਹਲੀਆਂ ਹੋ ਕੰਨਸਰਵਟੀ 'ਚ ਜਾ ਬੈਠੀਆਂ।

ਮੇਰਾ ਮਨ ਉਤਾਵਲਾ ਸੀ ਜਾਨਣ ਲਈ ਕਿ ਅਗਾਂਹ ਕੈਲਾਸ਼ ਜੀ ਦੀ ਜ਼ਿੰਦਗੀ 'ਚ ਕੀ-ਕੀ ਮੋੜ ਆਏ। ਸੋ ਮੈਂ ਆਪ ਹੀ ਗੱਲ ਅਗਾਂਹ ਛੇੜ ਲਈ ।

"ਕੈਲਾਸ਼ ਜੀ ਫਿਰ ਤੁਸੀਂ ਵਾਪਸ ਗਏ ਮੁੜ ਉੱਥੇ ਉਨ੍ਹਾਂ ਵੱਲ, ਉਸ ਦਿਨ ਤੋ ਬਾਅਦ?

"ਸਮ੍ਹਾਂ ਅਗਾਂਹ ਆਪਣੀ ਰਫਤਾਰੇ ਚੱਲਦਾ ਰਿਹਾ ਉਸ ਦਾ ਕੋਰਟ ਮੈਰਿਜ਼ ਦਾ ਨਵਾਂ ਲਾਰਾ ਫਰਵਰੀ ਮਹੀਨੇ ਦਾ ਸੀ ਤੇ ਫਰਵਰੀ ਚੜ੍ਹ ਗਈ ਸੀ । ਪਤਾ ਨਹੀਂ ਕਿਉਂ ਬੀਰਾ ਮੇਰੇ ਮਨ ਵਿੱਚ ਇਹ ਗੱਲ ਘਰ ਕਰ ਗਈ ਸੀ ਕਿ ਇਹ ਸਭ ਤਾਂ ਹੀ ਮੇਰੇ ਨਾਲ ਹੋ ਰਿਹਾ ਹੈ ਕਿਉਂਕਿ ਮੈਂ ਲੀਗਲ ਨੂੰਹ ਨਹੀਂ ਹਾਂ। ਸੋ ਮੇਰਾ ਮਨ ਵਾਰ-ਵਾਰ ਕੋਰਟ ਮੈਰਿਜ਼ ਵੱਲ ਮੁੜ ਜਾਂਦਾ।''

"ਪਰ ਹੁਣ ਤੱਕ ਤੁਹਾਂਨੂੰ ਉਸ ਦੇ ਸੁਭਾਅ ਦਾ ਪਤਾ ਲੱਗ ਗਿਆ ਸੀ, ਫਿਰ ਵੀ ਤੁਸੀਂ ਉਸ ਇਨਸਾਨ ਨਾਲ ਕੋਰਟ ਮੈਰਿਜ ਕਰ ਕੇ ਫਸਣਾ ਚਾਹੁੰਦੇ ਸੀ?''

"ਹਾਂ, ਸ਼ਾਇਦ ਬੀਰਾ ਮੈਂ ਉਸ ਨੂੰ ਬਹੁਤ ਪਿਆਰ ਕਰਦੀ ਸੀ ਬੇਪਨਾਹ ਪਿਆਰ, ਜਾਂ ਫਿਰ ਇਹ ਕਹਿ ਲੈ ਕਿ ਮੈਂ ਆਪਣੇ ਇੱਕਲੇਪਣ ਤੋਂ ਡਰਦੀ ਸੀ। ਇਸ ਲਈ ਉਸ ਨੂੰ ਗੁਆਉਣਾ ਨਹੀਂ ਚਾਹੁੰਦੀ ਸੀ । ਤਾਂ ਹੀ ਹਰ ਵਾਰ ਉਸ ਦੀ ਗਲਤੀ ਮੁਆਫ ਕਰ ਦਿੰਦੀ। ਹਾਂ, ਇਹ ਕੋਈ ਸਿਆਣਪ ਨਹੀਂ ਸੀ। ਵਾਰ-ਵਾਰ ਸੇਮ ਗਲਤੀ ਕਰੀ ਜਾਣੀ। ਮੈਂ ਇੱਕ ਸੂਝਵਾਨ ਔਰਤ ਸਾਂ ਜੋ ਮਿਡਲ ਏਜ 'ਚ ਪਹੁੰਚ ਗਈ ਸੀ। ਖ਼ੈਰ ਫਰਵਰੀ ਆਇਆ ਤਾਂ ਮੈਂ ਇੱਕ ਵਾਰ ਫਿਰ ਸਾਰਾ ਕੁਝ ਭੁੱਲ-ਭੁਲਾ ਕੇ ਆਪ ਸਾਰੇ ਪੈਸਾ ਖਰਚ ਕੇ ਉਸ ਨੂੰ ਗ੍ਰੀਸ ਦੇ ਇਕ ਖੂਬਸੂਰਤ ਆਈਲੈਂਡ ਤੇ ਬ੍ਰਥਡੇ ਮਨਾਉਣ ਲੈ ਕੇ ਗਈ। ਹੁਣ ਫਰਵਰੀ ਮਹੀਨਾ ਆ ਗਿਆ ਸੀ। ਉੱਥੇ ਗ੍ਰੀਸ ਪਹੁੰਚ ਕੇ ਮੈਂ ਕੁਝ ਦਿਨਾਂ ਬਾਅਦ ਉਸ ਦੇ ਕੀਤੇ ਫਰਵਰੀ 'ਚ ਕੋਰਟ ਮੈਰਜ ਦੇ ਵਾਅਦੇ ਦੀ ਗੱਲ ਕੀਤੀ।''

"ਉਨ੍ਹਾਂ ਨੇ ਕੀ ਕਿਹਾ ਫਿਰ?'' ਮੰਨ ਗਏ ਕਰਨ ਲਈ ਇਸ ਵਾਰ?''

ਮੈਂ ਆਪਣਾ ਸਵਾਲ ਕੀਤਾ।

ਉਸ ਨੇ ਲੰਬਾ ਹੌਕਾ ਲਿਆ ਤੇ ਮੇਰੇ ਵੱਲ ਦੇਖ ਅੱਖਾਂ ਭਰ ਲਈਆਂ।

"ਨਹੀਂ, ਬੀਰਾ ਇਸ ਵਾਰ ਉਹ ਬਹੁਤ ਹੀ ਗੁੱਸੇ ਵਿਚ ਆ ਗਿਆ। "ਮੇਰੇ ਮਾਂ-ਪਿਓ ਅਗਲੇ ਮਹੀਨੇ ਇੰਡੀਆ ਜਾ ਰਹੇ ਆ, ਤੈਨੂੰ ਕੋਰਟ ਮੈਰਿਜ ਦੀ ਅੱਗ ਲੱਗੀ ਆ ।ਹੋਰ ਵੀ ਬਹੁਤ ਕੁਝ ਬੋਲ ਗਿਆ।ਖ਼ੈਰ ਉੱਥੇ ਸਾਡੇ ਬਿਤਾਏ ਸੱਤ ਦਿਨ ਕਲਾ-ਕਲੇਸ਼ 'ਚ ਹੀ ਲੰਘੇ ਬੀਰਾ। ਉਸ ਨਾਲ ਉੱਥੇ ਤੁਰੇ ਫਿਰਦਿਆਂ ਇੱਕ ਦਿਨ ਵੀ ਮੈਨੂੰ ਚੱਜ ਨਾਲ ਆਪਣੇਪਣ ਦਾ ਅਹਿਸਾਸ ਨਾ ਹੋਇਆ। ਉਹ ਜਾਂ ਤਾਂ ਫੂਨ 'ਤੇ ਗੇਮ ਖੇਡਦਾ ਰਹਿੰਦਾ ਜਾਂ ਨੈਟਫਲਿਕਸ 'ਤੇ ਫਿਲਮਾਂ ਦੇਖਦਾ ਰਹਿੰਦਾ । ਜੋ ਮੇਰੇ ਮਨ ਵਿੱਚ ਇੱਕ ਆਸ ਸੀ ਕਿ ਅਸੀਂ ਦੂਰ ਕਿਤੇ ਜਾ ਕੇ ਇੱਕਲੇ ਕੁਝ ਦਿਨ ਬਿਤਾਵਾਂਗੇ ਤਾਂ ਸਭ ਠੀਕ ਹੋ ਜਾਣਾ ਉਹੋ ਜਿਹਾ ਕੁਝ ਨਹੀਂ ਹੋਇਆ, ਮੈਂ ਉਸ ਦੇ ਲਾਰਿਆਂ ਤੋਂ ਅੱਕ ਗਈ ਸੀ। ਦੁੱਖ ਤਾਂ ਇਹ ਸੀ ਕਿ ਉਹ ਨਾ ਮਨ੍ਹਾਂ ਹੀ ਕਰਦਾ ਸੀ ਤੇ ਨਾ ਮੈਨੂੰ ਉਸ ਤਰ੍ਹਾਂ ਅਪਣਾਉਂਦਾ ਹੀ ਸੀ ਜਿਵੇਂ ਮੈਂ ਚਾਹ ਰਹੀ ਸੀ । ਬਹੁਤ ਵਾਰ ਤਾਂ ਮੇਰਾ ਮਨ ਕਰਦਾ ਦਫਾ ਮਾਰਾਂ ਤੇ ਆਪਣਾ ਖਹਿੜਾ ਛੁੜਾ ਲਵਾਂ । ਪਰ ਦਿਲ ਦਿਮਾਗ ਦੀ ਲੜਾਈ 'ਚ ਹਰ ਵਾਰ ਦਿਮਾਗ ਹਾਰ ਜਾਂਦਾ ਤੇ ਦਿਲ ਜਿੱਤ ਜਾਂਦਾ। ਇਸ ਵਾਰ ਮੇਰੇ ਚੁੱਪ ਰਹਿਣ 'ਤੇ ਉਸ ਨੇ ਮੈਨੂੰ ਕੋਰਟ ਦੀ ਨਵੀ ਤਰੀਕ ਦੇ ਦਿੱਤੀ।''

"ਉਹ ਕਿਵੇਂ ਤੇ ਕੱਦ ਦੀ?''

"ਪਤਾ ਨਹੀ ਕੀ ਮਨ 'ਚ ਆਇਆ ਉਹ ਕੀ ਗੇਮ ਖੇਡ ਰਿਹਾ ਸੀ ਆਪ ਹੀ ਮੇਰਾ ਹੱਥ ਆਪਣੇ ਹੱਥਾਂ 'ਚ ਫੜ ਕੇ ਕਹਿੰਦਾ ਕਿ ਆਪਾਂ ਸਤੰਬਰ 'ਚ ਪੱਕਾ ਕੋਰਟ ਮੈਰਿਜ਼ ਕਰ ਲਵਾਂਗੇ.... ਮੇਰਾ ਪ੍ਰੋਮਿਸ ਹੈ ਤੇਰੇ ਨਾਲ। ਪਰ ਮੈਂ ਪ੍ਰੀਨਪ ਕਰ ਕੇ ਕਰਨੀ ਹੈ ਤਾਂ ਕਿ ਜੇਕਰ ਭਵਿੱਖ ਵਿਚ ਸਾਡੇ ਦਰਮਿਆਨ ਡਿਵੋਰਸ ਦੇ ਹਾਲਾਤ ਆਉਣ ਤਾਂ ਤੂੰ ਮੇਰੇ ਕੋਲੋਂ ਕੁਝ ਨਾ ਲੈ ਸਕੇ।''

"ਪਰ ਕੈਲਾਸ਼ ਜੀ, ਇਹ ਤਾਂ ਰਿਸ਼ਤਾ ਨਹੀਂ ਸੌਦਾ ਸੀ, ਜੋ ਹਰ ਪੰਜ-ਛੇ ਮਹੀਨੇ ਬਾਅਦ ਉਹ ਦੁਹਰਾਉਂਦਾ ਸੀ ਤੇ ਆਪ ਹੀ ਸੌਦਾ ਤੈਅ ਕਰ ਕੇ ਫਿਰ ਆਪ ਹੀ ਮੁਕਰ ਜਾਂਦਾ ਸੀ।''

"ਹਾਂ, ਤੂੰ ਸਹੀ ਕਹਿ ਰਹੀ ਹੈ...ਇਸ ਵਾਰ ਇਸ ਸੌਦੇ ਦੀ ਦਿਨ-ਤਰੀਕ ਸਤੰਬਰ ਮਹੀਨੇ ਦੀ ਤੈਅ ਹੋ ਗਈ। ਅਸੀਂ ਵੀਕ ਬਾਅਦ ਵਾਪਸ ਇੰਗਲੈਂਡ ਆ ਗਏ।''


''ਫਿਰ ਅਗਾਂਹ ਕੀ ਹੋਇਆ?''

"ਉਹੀ ਜੋ ਪਹਿਲਾਂ ਹੋ ਰਿਹਾ ਸੀ, ਮਾਤਾ ਦੇ ਨਾਮ 'ਤੇ ਲੜਾਈ-ਝਗੜੇ, ਬੁਰੇ ਭਰੇ ਲਫਜ਼, ਫਿਰ ਸੁਲਾਹ ।"

''ਮਾਤਾ ਨਿੱਤ ਨਵਾਂ ਕੋਈ ਨਾ ਕੋਈ ਪੰਗਾ ਪਾਈ ਰੱਖਦੀ ਹੁਣ ਮੈਂ ਠਾਣ ਲਈ ਸੀ ਕਿ ਮੈਂ ਕੁਝ ਰਿਐਕਟ ਨਹੀਂ ਕਰਨਾ ਚੁੱਪ-ਚਾਪ ਚਲੀ ਜਾਣਾ ਹੈ। ਜੇ ਮੈਂ ਕਦੇ ਖਿੱਝ ਵੀ ਜਾਣਾ ਤਾਂ ਮੇਰੀ ਮਾਂ ਨੇ ਮੈਨੂੰ ਰੋਕ ਲੈਣਾ ਕਹਿਣਾ ਛੱਡ ਪਰ੍ਹੇ ਹਾਲੇ ਈ ਬੁੜੀ ਮਗਰ ਲਾਉਂਦੀ ਆ ਕਰਕੇ ਉਹ ਸੋਚਦੀ ਆ ਕਿ ਤੂੰ ਭੱਜ ਜਾਣਾ ਆ ਲੜ ਕੇ ਪਰ ਜਦ ਤੇਰੀ ਕੋਰਟ ਮੈਰਿਜ ਹੋ ਗਈ ਇਹਨੇ ਵੀ ਆਪੇ ਬਦਲ ਜਾਣਾ ਤੂੰ ਫਿਕਰ ਨਾ ਕਰ ਪੁੱਤ ਦੁਨੀਆ 'ਚ ਬਹੁਤ ਬੰਦੇ ਇਹੋ ਜਿਹੇ ਹੁੰਦੇ ਆ ਜੋ ਆਪਣੀਆਂ ਬੁੜੀਆਂ ਮਗਰ ਲੱਗ ਕੇ ਆਪਣੇ ਵਸੇ-ਵਸਾਏ ਘਰ ਬਰਬਾਦ ਕਰ ਲੈਂਦੇ ਹਨ। ਪਰ ਤੂੰ ਵਾਹਿਗੁਰੂ ਤੇ ਵਿਸ਼ਵਾਸ ਰੱਖ ਆਪਣੇ ਆਦਮੀ ਨਾਲ ਪਿਆਰ ਨਾਲ ਰਹਿ ਸਭ ਠੀਕ ਹੋ ਜਾਣਾ।''

ਮਾਂ ਦੀ ਗੱਲ ਸੁਣ ਮੇਰੀ ਆਸ ਹੋਰ ਵੱਧ ਜਾਣੀ । ਕਰਦਿਆਂ ਕਰਾਉਂਦਿਆਂ ਅਗਸਤ ਆ ਗਿਆ । ਇਸ ਟਾਈਮ 'ਚ ਮੈਂ ਕਦੇ ਕੋਰਟ ਮੈਰਿਜ ਦਾ ਜਿਕਰ ਨਾ ਕੀਤਾ। ਅਗਸਤ ਆਉਂਦਿਆਂ ਮੈਂ ਇੱਕ ਦਿਨ ਬੜਾ ਹੌਸਲਾ ਕਰ ਕੇ ਫੂਨ 'ਤੇ ਉਸ ਨੂੰ ਕੋਰਟ ਮੈਰਿਜ ਦਾ ਪੁੱਛਿਆ ਤਾਂ ਉਹ ਇਕ- ਦਮ ਚੀਕ ਪਿਆ, ਅੱਜ ਵੀ ਮੈਨੂੰ ਉਸ ਦੇ ਬੋਲ ਯਾਦ ਹਨ,

"ਕੀ ਕੋਰਟ ਮੈਰਿਜ ਕੋਰਟ, ਮੈਰਿਜ ਲਾਈ ਆ ਤੂੰ ਦੋ ਸਾਲ ਹੋ ਗਏ, ਭੈ.....ਦ.. ਕੰਨ ਖੋਲ੍ਹ ਕੇ ਸੁਣ, ਮੈਂ ਨੀ ਕੋਈ ਵੀ ਕੋਰਟ




ਮੈਰਿਜ-ਮੁਰੀਜ ਕਰਾਉਣੀ ਤੇਰੇ ਨਾਲ। ਤੇਰੇ ਮੂੰਹ 'ਤੇ ਮੈਂ ਕਹਿੰਦਾ ਹਾਂ ਤੂੰ ਮੈਰਿਜ ਮਟੀਰੀਅਲ ਹੈ ਹੀ ਨਹੀਂ।''

"ਕੀ...!!!!

ਕੈਲਾਸ਼ ਜੀ ਦੀ ਗੱਲ ਸੁਣ ਕੇ ਮੈਂ ਹੈਰਾਨ ਰਹਿ ਗਈ।

"ਦੋ ਸਾਲ ਤੁਹਾਡੇ ਨਾਲ ਘੁੰਮਣ-ਫਿਰਨ ਅਣਗਿਣਤ ਵਾਅਦੇ ਕਰਨ ਤੋਂ ਬਾਅਦ ਉਸ ਨੇ ਆਹ ਕਿਹਾ ਤੁਹਾਨੂੰ?''

''ਹਾਂ ਕਹਿਣ ਲੱਗਾ ਤੂੰ ਮੈਰਿਜ ਮਟੀਰੀਅਲ ਨਹੀਂ ਹੈ।''

"ਤੁਸੀਂ ਪੁੱਛਿਆ ਨਹੀਂ ਕਿ ਉਹ ਕਿਵੇਂ !''

"ਹਾਂ, ਮੈ ਪੁੱਛਿਆ ਕਿ ਜੇ ਇੰਨੀ ਵੱਡੀ ਗੱਲ ਕਹਿ ਰਹੇ ਹੈ ਤਾਂ ਕੁਝ ਤਾਂ ਹੋਵੇਗਾ ਹੀ ਇਸ ਪਿਛੇ।" ਉਸ ਨੇ ਜਵਾਬ ਦਿੱਤਾ ਕਿ ਤੇਰੀ ਮੇਰੇ ਮਾਂ-ਪਿਓ ਨਾਲ ਨਹੀਂ ਬਣਦੀ ਇਸ ਲਈ ਤੂੰ ਮੈਰਿਜ ਮਟੀਰੀਅਲ ਨਹੀਂ ਹੈ ਤੇ ਮੈਂ ਕੋਈ ਕੋਰਟ ਮੈਰਿਜ-ਮੁਰਿਜ ਨਹੀਂ ਕਰਨੀ। ਜੇ ਇੱਦਾਂ ਰਹਿਣਾ ਤਾਂ ਰਹੀ ਜਾ ਨਹੀਂ ਤਾਂ ਬੇਸ਼ੱਕ ਕੋਈ ਹੋਰ ਬੰਦੋਬਸਤ ਕਰ ਲੈ। ਫਿਰ ਮੈਂ ਕੋਈ ਵਿਆਹ-ਵਿਊ ਨਹੀਂ ਕਰਾਉਣਾ।''

"ਹੈਰਾਨੀ ਦੀ ਗੱਲ ਹੈ ਕਿਹੋ ਜਿਹੇ ਬੰਦੇ ਮਗਰ ਤੁਸੀਂ ਆਪਣੇ ਇੰਨੇ ਕੀਮਤੀ ਵਰ੍ਹੇ ਖਰਾਬ ਕਰ ਲਏ, ਉਹ ਤਾਂ ਨਾਮਰਦ ਇਨਸਾਨ ਸੀ ਜੋ ਵਾਰ-ਵਾਰ ਆਪ ਹੀ ਵਾਅਦੇ ਕਰਦਾ ਤੇ ਆਪ ਹੀ ਮੁਕਰ ਜਾਂਦਾ।" ਇਹੋ ਜਿਹੇ ਇਨਸਾਨ ਨਾਲ ਜ਼ਿੰਦਗੀ ਜੀਅ ਕੇ ਤੁਸੀਂ ਕੀ ਕਰਨਾ ਸੀ। ਭਗੌੜਾ ਕਿਸੇ ਥਾਂ ਦਾ। ਫਿਰ ਤੁਸੀਂ ਕੀ ਕਿਹਾ?''

"ਕੁਝ ਚਿਰ ਲਈ ਤਾਂ ਮੈ ਉਸ ਦੀ ਗੱਲ ਸੁਣ ਕੇ ਸੁੰਨ ਹੀ ਹੋ ਗਈ ਪਰ ਬਾਅਦ ਵਿਚ ਹੌਸਲਾ ਕਰਕੇ ਮੈਂ ਆਪ ਹੀ ਉਸ ਨੂੰ ਆਖਿਆ ਕਿ ਜੇ ਮੈਂ ਮੈਰਿਜ਼ ਮਟੀਰੀਅਲ ਨਹੀਂ ਤਾਂ ਮੈਂ ਸੈਕਸ ਮਟੀਰੀਅਲ ਵੀ ਨਹੀਂ ਹਾਂ। ਖ਼ਬਰਦਾਰ ਜੇ ਅੱਜ ਤੋਂ ਬਾਅਦ ਮੈਨੂੰ ਫੂਨ ਕੀਤਾ ਜਾਂ ਟੈਕਸ। ਇੰਨਾਂ ਆਖ ਮੈਂ ਉਸ ਦਾ ਫੂਨ ਕੱਟ ਦਿੱਤਾ।''

"ਫਿਰ ਉਸ ਨੇ ਤੁਹਾਨੂੰ ਸੰਪਰਕ ਕੀਤਾ?''

"ਹਾਂ, ਦੂਸਰੇ ਦਿਨ ਫਿਰ ਮੇਰੇ ਫੂਨ 'ਤੇ ਫੂਨ ਆਇਆ, ਤੇ ਉਸ ਨੇ ਆਪ ਦੀ ਕਹੀ ਹੋਈ ਗੱਲ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਵਾਰ ਮੈਂ ਬਹੁਤ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ।

ਚਲਦਾ....

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਅੰਮ੍ਰਿਤਸਰ

ਅੰਮ੍ਰਿਤਸਰ ਵਿੱਚ ਹੀ 1870 ਕੂਕਾ ਲਹਿਰ ਚੱਲੀ ਜਿਸ ਨੇ ਸਿਆਸੀ ਤੌਰ 'ਤੇ ਜ਼ਲ੍ਹਿਆ ਵਾਲਾ ਬਾਗ ਦੇ ਸ਼ਹੀਦੀ ਕਾਂਡ 1919 ਨੂੰ ਉਜਾਗਰ ਕੀਤਾ। 1920 ਅਕਤੂਬਰ ਨੂੰ ਗੁਰਦੁਆਰਾ ਸੁਧਾਰ ਲਹਿਰ ਤੇਜ਼ੀ ਨਾਲ ਵਧੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿੱਚ ਬਣਨ ਕਾਰਨ, ਅੰਮ੍ਰਿਤਸਰ ਸਿੱਖਾਂ ਦਾ ਸਿਆਸੀ ਕੇਂਦਰ ਹੋ ਨਿਬੜਿਆ। ਉਸ ਸਮੇਂ ਤੋਂ ਅੱਜ ਤੀਕ ਸਾਰੇ ਧਾਰਮਿਕ, ਸਿਆਸੀ ਆਦਿ ਮੋਰਚੇ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਚੱਲਦੇ ਰਹੇ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ ਆਦਿ ਜਥੇਬੰਦੀਆਂ ਦੇ ਮੁੱਖ ਦਫ਼ਤਰ ਹਨ।

ਅੰਮ੍ਰਿਤਸਰ ਵਿੱਚ ਜਨਗਣਨਾ ਸਮੇਂ-ਸਮੇਂ ਵੱਧਦੀ ਘੱਟਦੀ ਰਹੀ ਹੈ। 1991 ਦੀ ਜਨਗਣਨਾ ਅਨੁਸਾਰ ਆਬਾਦੀ 7,09,456 ਹੈ। ਭਾਵੇਂ ਅੰਮ੍ਰਿਤਸਰ ਸਿੱਖ ਗੁਰੂ ਸਾਹਿਬਾਨ ਵੱਲੋਂ ਵਸਾਇਆ ਗਿਆ ਸੀ, ਪਰ ਸਿੱਖ ਵੱਸੋਂ ਘੱਟਦੀ ਹੀ ਰਹੀ ਹੈ। ਦੇਸ਼ ਵੰਡ ਤੋਂ ਪਹਿਲਾਂ ਇਥੇ 1931 ਦੀ ਜਨਗਣਨਾ ਅਨੁਸਾਰ ਸਿੱਖ ਆਬਾਦੀ 12.9 ਫੀਸਦੀ, ਮੁਸਲਮਾਨ 19.98 ਫੀਸਦੀ ਅਤੇ ਹਿੰਦੂ 36.91 ਫੀਸਦੀ ਸਨ। 1947 ਤੋਂ ਬਾਅਦ ਸਾਰੀ ਮੁਸਲਮਾਨ ਆਬਾਦੀ ਪਾਕਿਸਤਾਨ ਵਿੱਚ ਚਲੀ ਗਈ ਅਤੇ ਇੰਜ 1971 ਦੀ ਜਨਗਣਨਾ ਅਨੁਸਾਰ ਸਿੱਖ 34.18 ਫੀਸਦੀ ਅਤੇ ਹਿੰਦੂ 64.21 ਫੀਸਦੀ ਹੋ ਗਏ। ਅੱਜ ਵੀ ਅੰਮ੍ਰਿਤਸਰ ਸਿੱਖਾਂ ਦਾ ਪਵਿੱਤਰ ਅਸਥਾਨ ਹੋਣ ਕਾਰਨ ਸਿੱਖ ਗੁਰਦੁਆਰਿਆਂ, ਸ਼ਹੀਦਾਂ ਅਤੇ ਜਰਨੈਲਾਂ ਦੀਆਂ ਯਾਦਗਾਰਾਂ ਵਜੋਂ ਅਹਿਮ ਸ਼ਹਿਰ ਹੈ। ਬਹੁਤ ਸਾਰੇ ਮੋਰਚੇ ਸਿੱਖਾਂ ਨੇ ਇਸੇ ਸ਼ਹਿਰ ਵਿੱਚੋਂ ਅਕਾਲ ਤਖ਼ਤ ਸਾਹਿਬ ਦੇ ਪਰਛਾਵਿਆਂ ਹੇਠ ਸ਼ੁਰੂ ਕੀਤੇ ਜਿਵੇਂ ਗੁਰ-ਦੁਆਰਾ ਸੁਧਾਰ ਲਹਿਰ (1920-23), ਪੰਜਾਬੀ ਸੂਬਾ ਮੋਰਚਾ (1955 ਅਤੇ 1960), ਦਰਸ਼ਨ ਸਿੰਘ ਫ਼ੇਰੂਮਾਨ ਦਾ ਵਰਤ ਸ਼ਹੀਦੀ ਤੱਕ (1969) ਅਤੇ ਧਰਮ-ਯੁੱਧ ਮੋਰਚਾ (1982)।

## ਅੰਮ੍ਰਿਤਸਰ

ਇਸੇ ਸ਼ਹਿਰ ਵਿੱਚ 13 ਅਪ੍ਰੈਲ 1978 ਨੂੰ ਨਕਲੀ ਨਿਰੰਕਾਰੀਆਂ ਨੇ ਭਾਈ ਫੌਜਾ ਸਿੰਘ ਅਤੇ 12 ਹੋਰ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ, ਜਿਸ ਦੀ ਯਾਦ ਵਿੱਚ ਸ਼ਹੀਦੀ ਥਾਂ 'ਤੇ ਗੁਰਦੁਆਰਾ ਸਾਹਿਬ ਰਾਤੋ-ਰਾਤ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਰਕਰਾਂ ਨੇ ਉਸਾਰਿਆ ਸੀ। ਇਨ੍ਹਾਂ ਸਤਰਾਂ ਦਾ ਲਿਖਾਰੀ ਵੀ ਉਸ ਸਮੇਂ ਪੇਸ਼-ਪੇਸ਼ ਸੀ। ਭਾਰਤੀ ਫੌਜਾਂ ਵੱਲੋਂ ਜੂਨ 4, 1984 ਨੂੰ ਟੈਂਕਾਂ, ਹੈਲੀਕਾਪਟਰਾਂ ਅਤੇ ਹੋਰ ਜੰਗੀ ਹਥਿਆਰਾਂ ਨਾਲ ਹਮਲਾ ਕਰਕੇ ਹਜ਼ਾਰਾਂ ਦੀ ਗਿਣਤੀ ਵਿੱਚ ਨਿਹੱਥੇ ਸਿੰਘ, ਸਿੰਘਣੀਆਂ ਅਤੇ ਬੱਚੇ ਮੌਤ ਦੇ ਘਾਟ ਉਤਾਰੇ ਗਏ। ਉਨ੍ਹਾਂ ਦੇ ਸਰੀਰਾਂ ਨੂੰ ਬੇਦਰਦੀ ਨਾਲ ਸਾੜਿਆ ਗਿਆ। ਇਸ ਹਮਲੇ ਦੇ ਪਿੱਛੇ ਸਿੱਖਾਂ ਦੀ ਦੁਸ਼ਮਣ ਇੰਦਰਾ ਗਾਂਧੀ ਦਾ ਹੱਥ ਸੀ। ਇਸ ਨੂੰ ਬਾਅਦ ਵਿੱਚ ਸਿੰਘ ਸੂਰਮਿਆਂ ਨੇ ਮੌਤ ਦੇ ਘਾਟ ਉਤਾਰ ਕੇ ਨਵਾਂ ਇਤਿਹਾਸ ਸਿਰਜਿਆ। ਸ਼ਹੀਦ ਹੋਣ ਵਾਲਿਆਂ ਵਿੱਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਵੀ ਸ਼ਾਮਿਲ ਸਨ।

ਇਸ ਨੀਲਾ ਤਾਰਾ ਘਟਨਾ ਤੋਂ ਬਾਅਦ ਜੋ ਦਰਬਾਰ ਸਾਹਿਬ ਵੱਲ ਹਮਲੇ ਕੀਤੇ ਗਏ, ਉਨ੍ਹਾਂ ਵਿੱਚ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵੱਲੋਂ ਅਪ੍ਰੈਲ 30, 1976 ਅਤੇ ਰਾਜੀਵ ਗਾਂਧੀ ਦੀ ਸਰਕਾਰ ਵੱਲੋਂ ਮਈ 9, 1988 ਜ਼ਿਕਰਯੋਗ ਹਨ। ਕੇਂਦਰੀ ਸਿੱਖ ਅਜਾਇਬ ਘਰ ਅਤੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿੱਚੋਂ ਕੌਮ ਦਾ ਦੁਰਲੱਭ ਤੇ ਕੀਮਤੀ ਸਰਮਾਇਆ ਲੁੱਟ ਕੇ ਭਾਰਤੀ ਫੌਜ ਨੇ ਬਾਅਦ ਵਿੱਚ ਆਮ ਅਖ਼ਬਾਰਾਂ ਨੂੰ ਅੱਗ ਲਾ ਦਿੱਤੀ। ਇਹ ਸਾਰਾ ਰਿਕਾਰਡ ਤੇ ਅਨਮੋਲ ਪੁਸਤਕਾਂ ਸੀ.ਬੀ.ਆਈ. ਦੇ ਸਪੁਰਦ ਕੀਤੀਆਂ ਗਈਆਂ, ਜਿਸ ਦੀ ਪੁਸ਼ਟੀ ਪਿੱਛੇ ਜਿਹੇ ਹੀ ਰੱਖਿਆ ਮੰਤਰੀ ਨੇ ਕੀਤੀ ਹੈ।

ਅੰਮ੍ਰਿਤਸਰ ਵਿੱਚ ਉਨੀਵੀਂ ਸਦੀ ਦੇ ਸ਼ੁਰੂ ਵਿੱਚ 70 ਬੁੰਗੇ ਸਨ ਜੋ ਸਿੱਖ ਰਾਜਿਆਂ, ਜਰਨੈਲਾਂ ਤੇ ਜਥਿਆਂ ਨੇ ਬਣਵਾਏ ਸਨ। ਹੁਣ ਇਨ੍ਹਾਂ ਬੁੰਗਿਆਂ ਵਿੱਚੋਂ ਬਹੁਤੇ ਨਹੀਂ ਪਰ ਕੁਝ ਅਜੇ ਵੀ ਸੁਰੱਖਿਅਤ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਇਹ ਬੁੰਗੇ ਇਸ ਪ੍ਰਕਾਰ ਸਨ/ਹਨ:


ਦਰਬਾਰ ਵਿੱਚ ਰਾਮਗੜ੍ਹੀਆ ਬੁੰਗਾ

**(ੳ) ਦਰਬਾਰ ਸਾਹਿਬ ਦੇ ਪੂਰਬ ਵੱਲ ਜੋ ਬੁੰਗੇ ਸਨ:**

ਬੁੰਗਾ ਬੁਰਾਇਆ ਵਾਲਾ, ਬੁੰਗਾ ਜੱਸਾ ਸਿੰਘ ਰਾਮਗੜ੍ਹੀਆ, ਬੁੰਗਾ ਜਵਾਲਾ ਸਿੰਘ ਬੁਰਾਇਆ, ਬੁੰਗਾ ਜੇਠੂਵਾਲੀਆ ਮਹੰਤ, ਬੁੰਗਾ ਮਜ਼ਬੀ ਸਿੱਖਾਂ, ਬੁੰਗਾ ਰਾਮ ਸਿੰਘ ਗਿਆਨੀ, ਬੁੰਗਾ ਟੇਕ ਸਿੰਘ ਵਾਲਾ, ਬੁੰਗਾ ਭਾਈ ਵਸਤ ਰਾਮ।

**(ਅ) ਦਰਬਾਰ ਸਾਹਿਬ ਦੇ ਪੱਛਮ ਵੱਲ ਜੋ ਬੁੰਗੇ ਹਨ:**

ਬੁੰਗਾ ਅਬੈ ਸਿੰਘ ਹੁਕਮਨਾਮਿਆਂ, ਅਕਾਲ ਬੁੰਗਾ (ਅਕਾਲ ਤਖ਼ਤ ਸਾਹਿਬ ਦੇ ਨਾਲ), ਬੁੰਗਾ ਬਾਰਾਂਦਰੀ ਵਾਲਿਆਂ, ਬੁੰਗਾ ਜਲਿਆਂ ਵਾਲਾ, ਬੁੰਗਾ ਸ਼ਾਹਬਾਦੀਆਂ, ਬੁੰਗਾ ਮੰਜੀਠੀਆਂ, ਬੁੰਗਾ ਸਿੰਘ ਪੁਰੀਆਂ (ਦੂਜਾ), ਬੁੰਗਾ ਸੁਰੋਂਵਾਲੀਆਂ, ਬੁੰਗਾ ਖ਼ੁਸ਼ਹਾਲ ਸਿੰਘ (ਬੁੰਗਾ ਤਿੰਨ ਮੰਜ਼ਲਾ), ਬੁੰਗਾ ਘਨੀਆ ਸਰਦਾਰਾਂ, ਬੁੰਗਾ ਰਾਜਾ ਧਿਆਨ ਸਿੰਘ, ਬੁੰਗਾ ਜੋਧ ਸਿੰਘ ਚਪਾਵਾਲਿਆਂ, ਬੁੰਗਾ ਭਾਗ ਸਿੰਘ ਸ਼ਹੀਦ, ਬੁੰਗਾ ਦੇਵਾ ਸਿੰਘ ਸ਼ਹੀਦ, ਬੁੰਗਾ ਰਾਗੀ ਧਨਪਤਿ ਸਿੰਘ, ਬੁੰਗਾ ਜਨਰਲ ਮੀਆਂ ਸਿੰਘ, ਬੁੰਗਾ ਭਾਈ ਗੁਰਦਾਸ ਗਿਆਨੀ, ਬੁੰਗਾ ਨਿੱਕਿਆਂ, ਬੁੰਗਾ ਬਰਕੀ ਵਾਲਿਆਂ, ਬੁੰਗਾ ਘਰਿਆਲ ਵਾਲਿਆਂ, ਝੰਡਾ ਬੁੰਗਾ, ਬੁੰਗਾ ਚਮਾਰੀਵਾਲਿਆਂ, ਬੁੰਗਾ ਖੁਦਰਿਆਂ, ਬੁੰਗਾ ਸਿਆਲਕੋਟੀਆਂ, ਬੁੰਗਾ ਗੋਬਿੰਦ ਦਾਸੀਆਂ, ਬੁੰਗਾ ਚੀਚੀ ਵਾਲਿਆਂ, ਬੁੰਗਾ ਸ਼ੁਕਰਚੱਕੀਆਂ।

**(ੲ) ਦਰਬਾਰ ਸਾਹਿਬ ਦੇ ਉੱਤਰ ਵੱਲ ਜੋ ਬੁੰਗੇ ਹਨ:**

ਬੁੰਗਾ ਸਰਦਾਰਾਂ (ਲਡਵਾਂ), ਬੁੰਗਾ ਸੋਢੀਆਂ, ਬੁੰਗਾ ਕਾਨ੍ਹ ਸਿੰਘ ਨਿਰਮਲਾ, ਬੁੰਗਾ ਨੂਰ ਮਹਿਲੀਆਂ, ਬੁੰਗਾ ਆਹਲੂਵਾਲੀਆਂ, ਬੁੰਗਾ ਮਲਵਈਆਂ, ਬੁੰਗਾ ਭਾਈ ਸ਼ਾਹਬਾਜ (ਆਫ ਕੈਂਬਲ), ਬੁੰਗਾ ਜਲ੍ਹੇਵਾਲੀਆ।

**(ਸ) ਦਰਬਾਰ ਸਾਹਿਬ ਦੇ ਦੱਖਣ ਵੱਲ ਜੋ ਬੁੰਗੇ ਹਨ:**

ਬੁੰਗਾ ਸੋਹਲਾਵਾਲੀਆਂ, ਬੁੰਗਾ ਬੁੱਧ ਸਿੰਘ ਵਾਲਾ, ਬੁੰਗਾ ਸੋਹਲਵਾਲਾ, ਸ਼ਹੀਦ ਬੁੰਗਾ, ਬੁੰਗਾ ਕੇਸਗੜ੍ਹੀਆਂ, ਬੁੰਗਾ ਅਨੰਦਪੁਰੀਆਂ, ਬੁੰਗਾ ਦਸੋਂਧਾ ਸਿੰਘ ਸਿਧਵਾਂ, ਬੁੰਗਾ ਝਬਾਲੀਆਂ, ਬੁੰਗਾ ਕਿਲ੍ਹੇ ਵਾਲੀ ਸਰਦਾਰਾਂ, ਬੁੰਗਾ ਤਾਰਾ ਸਿੰਘ ਕਾਨ੍ਹ ਸਿੰਘ ਮਾਨ, ਬੁੰਗਾ ਤਾਰਾ ਸਿੰਘ ਗੈਬਿਆ, ਬੁੰਗਾ ਭੰਗਾ ਸਿੰਘ ਥਾਨਸਰ, ਬੁੰਗਾ ਮਜਾ ਸਿੰਘ ਸਨਾਨਵਾਲੀ-ਆ, ਬੁੰਗਾ ਬਘੇਲ ਸਿੰਘ, ਬੁੰਗਾ ਮੀਰਾਂਕੋਟੀਆਂ, ਬੁੰਗਾ ਸ਼ਾਮ ਸਿੰਘ ਅਟਾਰੀਵਾਲਾ, ਬੁੰਗਾ ਲੱਖਾ ਸਿੰਘ ਨਿਰਮ-ਲਾ, ਬੁੰਗਾ ਚੜ੍ਹਤ ਸਿੰਘ ਰਾਗੀ, ਬੁੰਗਾ ਜੋਧ ਸਿੰਘ ਸੂਫੀਆਂ ਵਾਲਾ, ਬੁੰਗਾ ਜਵਾਲਾ ਸਿੰਘ ਬੈਰਾਨੀਆਂ ਅਤੇ ਬੁੰਗਾ ਕਬੂਲੇਵਾਲੀਆਂ।

ਇਨ੍ਹਾਂ ਤੋਂ ਛੁੱਟ ਜਿਨ੍ਹਾਂ ਅਖਾੜਿਆਂ ਦਾ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਉਨ੍ਹਾਂ ਦੀ ਗਿਣਤੀ ਇਕ ਦਰਜਨ ਸੀ ਜਿਵੇਂ ਅਖਾੜਾ ਸੰਤੋਖ ਦਾਸ (ਅਖਾੜਾ ਬ੍ਰਹਮ ਬੂਟਾ), ਅਖਾੜਾ ਘਮੰਡ ਦਾਸ, ਅਖਾੜਾ ਚਿੱਟਾ, ਅਖਾੜਾ ਟਹਿਲ ਦਾਸ, ਅਖਾੜਾ ਬਾਲਾ ਨੰਦ, ਅਖਾੜਾ ਮਹੰਤ ਪ੍ਰੇਮ ਦੇਸ, ਅਖਾੜਾ ਸਿੰਘਲ ਵਾਲੀਆ ਅਤੇ ਅਖਾੜਾ ਕਾਨਸ਼ੀ ਵਾਲਾ (ਨੇੜੇ ਦਰਵਾਜ਼ਾ ਘੀ ਮੰਡੀ), ਅਖਾੜਾ ਕਾਨਸ਼ੀ ਵਾਲਾ (ਨੇੜੇ ਦਰਵਾਜ਼ਾ ਸੁਲਤਾਨਵਿੰਡ), ਅਖਾੜਾ ਪ੍ਰਾ-ਗਦਾਸ, ਅਖਾੜਾ ਬਿਬੇਕਸਰ, ਅਖਾੜਾ ਸਮਾਧੀਆਂ ਵਾਲਾ।

**ਪੁਸਤਕ ਸੂਚੀ:-**

(1) ਗਿਆਨ ਸਿੰਘ, ਗਿਆਨੀ- ਤਵਾਰੀਖ ਸ੍ਰੀ ਅੰਮ੍ਰਿਤਸਰ, ਅੰਮ੍ਰਿਤਸਰ, ਛਾਪ 1977
(2) ਠਾਕਰ ਸਿੰਘ ਗਿ.- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
(3) ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
(4) ਭੰਗੂ, ਰਤਨ ਸਿੰਘ- ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ, 1983
(5) ਰਾਮਗੜ੍ਹੀਆ, ਸੁੰਦਰ ਸਿੰਘ- ਦੀ ਐਨਲਜ਼ ਆਫ਼ ਰਾਮਗੜ੍ਹੀਆ ਸਿਰਦਾਰਜ਼, ਅੰਮ੍ਰਿਤਸਰ, 1902
(6) ਮਦਨਜੀਤ ਕੌਰ, ਪ੍ਰੋ.- ਦੀ ਗੋਲਡਨ ਟੈਂਪਲ, ਅੰਮ੍ਰਿਤਸਰ, 1977
(7) ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998
(8) ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997
(9) ਸਰਨਾ, ਜਸਬੀਰ ਸਿੰਘ (ਡਾ.)- ਬਾਜ਼ਨਾਮਾ (ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਵਾਰੀਖ), ਬੈਲਜੀਅਮ, 1999

ਬਾਕੀ ਅਗਲੇ ਹਫ਼ਤੇ ਪੜ੍ਹੋ

## ਗੈਰ ਕਾਨੂੰਨੀ ਪ੍ਰਵਾਸੀ ਨੇ ਪੁਲਿਸ ਅਫਸਰ ਨੂੰ ਆਪਣੀ ਕਾਰ ਨਾਲ ਘੜੀਸਿਆ, ਮਾਰੀ ਗੋਲੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨੀਮ ਸ਼ਹਿਰੀ ਸ਼ਿਕਾਗੋ ਵਿੱਚ ਇੱਕ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਫਸਰ ਨੇ ਇੱਕ ਵਿਅਕਤੀ ਨੂੰ ਉਸ ਵੇਲੇ ਗੋਲੀ ਮਾਰ ਦਿੱਤੀ ਜਦੋਂ ਉਹ ਇੱਕ ਹੋਰ ਅਫਸਰ ਨੂੰ ਆਪਣੀ ਕਾਰ ਨਾਲ ਕਾਫੀ ਦੂਰ ਤੱਕ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਇਹ ਘਟਨਾ ਇੱਕ ਨਾਕਾਬੰਦੀ ਸਥਾਨ ਫ਼ਲਸਤੂੱਤੇ ਵਾਪਰੀ। ਵਿਭਾਗ ਅਨੁਸਾਰ ਸਿਲਵਰੀਓ ਵਿਲਗਾਸ-ਗੋਨਜ਼ਾਲੇਜ਼ ਨਾਮੀ ਕਾਰ ਚਾਲਕ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਅਫਸਰ ਦੇ ਗੰਭੀਰ ਸੱਟਾਂ ਵੱਜੀਆਂ ਹਨ ਪਰੰਤੂ ਉਸ ਦੀ ਹਾਲਤ ਸਥਿੱਰ ਹੈ। ਇਹ ਘਟਨਾ ਫਰੈਂਕਲਿਨ ਪਾਰਕ ਵਿੱਚ ਵਾਪਰੀ ਜਿਥੇ ਗੈਰ ਕਾਨੂੰਨੀ ਪ੍ਰਵਾਸੀ ਗੋਨਾਜ਼ਾਲੇਜ਼ ਨੇ ਆਪਣੀ ਕਾਰ ਇੱਕ ਪੁਲਿਸ ਅਫਸਰ ਵਿੱਚ ਮਾਰੀ ਤੇ ਬਾਅਦ ਵਿੱਚ ਉਸ ਨੂੰ ਆਪਣੀ ਕਾਰ ਨੀਲ ਹੀ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਅਸਿਸਟੈਂਟ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਉਹ ਜ਼ਖ਼ਮੀ ਪੁਲਿਸ ਅਫਸਰ ਦੀ ਛੇਤੀ ਸਿਹਤਯਾਬੀ ਦੀ ਪ੍ਰਾਰਥਨਾ ਕਰਦੇ ਹਨ।**

# * ਚੂੰਢੀਆਂ-ਪ੍ਰੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਕਰ ਕੇ ਚੋਣ ਕਮਿਸ਼ਨ ਨੂੰ ਸ਼ਰਮਿੰਦਾ ਕੀਤਾ ਜਾਣਾ ਚਾਹੀਦੈ- ਕਾਂਗਰਸ ਨੇਤਾ ਜੈ ਰਾਮ ਰਮੇਸ਼

-ਹੋਰ ਲੋਕਾਂ ਨੂੰ ਸਜ਼ਾਵਾਂ ਤੇ ਚੋਣ ਕਮਿਸ਼ਨ ਨੂੰ ਸਿਰਫ਼ ਸ਼ਰਮਿੰਦਗੀ। ਵਾਹ ਰੇ ਇਨਸਾਫ਼!

*ਨੇਤਾ ਨੂੰ ਮੋਟੀ ਚਮੜੀ ਵਾਲਾ ਹੋਣਾ ਚਾਹੀਦੈ-ਸੁਪਰੀਮ ਕੋਰਟ

-ਯਾਨੀ ਕਿ ਸੁਖ......ਬਾ.......... ਵਰਗਾ।




*ਸ਼੍ਰੋਮਣੀ ਕਮੇਟੀ ਪ੍ਰਧਾਨ ਹੁਣ ਤਕ ਵੰਡੀ ਰਾਹਤ ਸਾਮੱਗਰੀ ਦੇ ਵੇਰਵੇ ਜਨਤਕ ਕਰਨ- ਸ਼੍ਰੋਮਣੀ ਕਮੇਟੀ ਮੈਂਬਰ ਜਸਵੰਤ ਸਿੰਘ ਪੁੜੈਣ

-ਛੜੇ ਜੇਠ ਦੀ ਮੈਂ ਅੱਖ ਵਿਚ ਰੜਕਾਂ, ਕੰਧ ਉੱਤੋਂ ਰਹੇ ਝਾਕਦਾ।



*ਸ਼੍ਰੋਮਣੀ ਕਮੇਟੀ ਵਲੋਂ ਹੜ੍ਹ ਪੀੜਤਾਂ ਨੂੰ ਦਿਤੀ ਜਾ ਰਹੀ ਰਾਹਤ ਪਾਰਦਰਸ਼ੀ- ਧਾਮੀ

-ਧਾਮੀ ਸਾਹਿਬ ਇਹ ਸਫ਼ਾਈ ਦੇਣ ਦੀ ਲੋੜ ਕਿਉਂ ਪਈ? 'ਚੋਰ ਕੀ ਦਾੜ੍ਹੀ ਮੇਂ ਤਿਨਕਾ' ਵਾਲੀ ਗੱਲ ਤਾਂ ਨਹੀਂ ਕਿਤੇ!



*ਭਾਰਤ- ਮਾਰੀਸ਼ਸ ਦੋ ਦੇਸ਼ ਪਰ ਇਨ੍ਹਾਂ ਦਾ ਸੁਪਨਾ ਇਕ-ਮੋਦੀ

-ਉਂਜ ਵੇਖਣ ਨੂੰ ਅਸੀਂ ਦੋ ਕਿ ਤੇਰੀ ਮੇਰੀ ਇਕ ਜਿੰਦੜੀ।

*ਧਰਨਾ ਲਗਾਉਣ ਦੀ ਵਿਉਂਤ ਬਣਾ ਰਹੇ ਕਿਸਾਨਾਂ ਨੂੰ ਪੁਲਿਸ ਨੇ ਲਿਆ ਹਿਰਾਸਤ ਵਿਚ- ਇਕ ਖ਼ਬਰ

-ਨਾ ਤੜਪਨੇ ਕੀ ਇਜਾਜ਼ਤ ਹੈ ਨਾ ਫ਼ਰਿਆਦ ਕੀ, ਘੁਟ ਕੇ ਮਰ ਜਾਊਂ ਯੇਹ ਮਰਜ਼ੀ ਹੈ ਮਿਰੇ ਸੱਯਾਦ ਕੀ।



*ਸ਼੍ਰੋਮਣੀ ਕਮੇਟੀ ਦੇ ਪੈਸਿਆਂ ਨਾਲ ਸੁਖਬੀਰ ਬਾਦਲ ਹੜ੍ਹ ਪੀੜਤਾਂ ਨੂੰ ਵੰਡ ਰਹੇ ਹਨ ਰਾਹਤ- ਸ਼੍ਰੋਮਣੀ ਕਮੇਟੀ ਮੈਂਬਰ

-ਤੇਲ ਨੇ ਬਣਾਈਆਂ ਤੋਰੀਆਂ, ਵੱਡੀ ਨੂੰਹ ਦੀਆਂ ਸਿਫ਼ਤਾਂ।

*14 ਸਾਲ ਬੀਤਣ ਦੇ ਬਾਵਜੂਦ ਵੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਕੋਈ ਉਮੀਦ ਨਹੀਂ- ਇਕ ਖ਼ਬਰ

-ਕੋਈ ਊਠਾਂ ਵਾਲੇ ਨੀ, ਲੁੱਟ ਕੇ ਸੇਜ ਸੱਸੀ ਦੀ ਲੈ ਗਏ।



*ਪ੍ਰਧਾਨ ਮੰਤਰੀ ਵਲੋਂ ਦਿਤੀ ਗਈ ਰਾਹਤ 'ਊਠ ਦੇ ਮੂੰਹ 'ਚ ਜ਼ੀਰਾ'- ਰਾਜਾ ਵੜਿੰਗ

-ਉਡਦੀ ਧੂੜ ਦਿਸੇ, ਬੋਤਾ ਯਾਰ ਦਾ ਨਜ਼ਰ ਨਾ ਆਵੇ।

*ਖ਼ਾਲਸਾ ਏਡ ਦੀ ਟੀਮ ਵਲੋਂ ਸਿਆਲਕੋਟ ਅਤੇ ਮੁਲਤਾਨ ਇਲਾਕੇ 'ਚ ਰਾਹਤ ਕਾਰਜ ਜਾਰੀ- ਇਕ ਖ਼ਬਰ

-ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।



*ਨੇਪਾਲ ਦਾ ਪ੍ਰਧਾਨ ਮੰਤਰੀ ਹੈਲੀਕਾਪਟਰ 'ਤੇ ਹੋਇਆ ਫ਼ਰਾਰ- ਇਕ ਖ਼ਬਰ

-ਹੋਰ ਉਹ ਉੱਥੇ ਰਹਿ ਕੇ ਛਿੱਤਰ ਖਾਂਦਾ!

*ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਲੰਗਰ 'ਚੋਂ ਰਸਦ ਚੋਰੀ ਕਰਦੇ ਤਿੰਨ ਕਰਮਚਾਰੀ ਫੜੇ ਗਏ- ਇਕ ਖ਼ਬਰ

-ਜਿਨ੍ਹਾਂ ਨੇ ਸੁੱਕੀਆਂ ਰੋਟੀਆਂ ਡਕਾਰ ਲਈਆਂ ਉਹ ਘਿਉ ਦੇ ਪੀਪਿਆਂ ਨੂੰ ਬਖ਼ਸ਼ਣਗੇ!




*ਪ੍ਰਧਾਨ ਮੰਤਰੀ ਮੋਦੀ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਗਏ- ਪੰਜਾਬ ਸਰਕਾਰ

-ਮਿੱਤਰਾਂ ਨੂੰ ਮਾਰ ਗਿਆ, ਤੇਰਾ ਮੁੜ ਕੇ ਆਉਣ ਦਾ ਲਾਰਾ।



*ਸਾਡੀ ਪਾਰਟੀ 'ਚ ਕੋਈ ਧੜਾ ਨਹੀਂ, ਮੈਂ ਹੀ ਮੁੱਖ ਮੰਤਰੀ ਬਣਿਆ ਰਹਾਂਗਾ- ਭਗਵੰਤ ਮਾਨ

ਮੈਂ ਸੂਬਾ ਸਰਹੰਦ ਦਾ, ਤੁਸੀਂ ਨਿਕੜੇ ਨਿਕੜੇ ਬਾਲ।



*ਟਰੰਪ ਨੇ ਸਾਰੇ ਨਾਟੋ ਦੇਸ਼ਾਂ ਨੂੰ ਰੂਸੀ ਤੇਲ ਖ਼ਰੀਦਣਾ ਬੰਦ ਕਰਨ ਦੀ ਮੰਗ ਕੀਤੀ-ਇਕ ਖ਼ਬਰ

-ਸੇਵੀਆਂ ਦੀ ਪਿੱਛ ਮੰਗਦਾ, ਮੇਰੀ ਸੱਸ ਨੇ ਕਲਹਿਣਾ ਪੁੱਤ ਜੰਮਿਆਂ।

*ਚੋਣ ਕਮਿਸ਼ਨ ਰਾਹੁਲ ਗਾਂਧੀ ਪ੍ਰਤੀ ਅਪਮਾਨਜਨਕ ਭਾਸ਼ਾ ਵਰਤਣ ਦੀ ਬਜਾਏ ਜਾਂਚ ਕਰਵਾਉਂਦਾ- ਸਾਬਕਾ ਮੁੱਖ ਚੋਣ ਕਮਿਸ਼ਨਰ ਕੁਰੈਸ਼ੀ

*ਹੜ੍ਹ ਮਾਰੇ ਲੋਕਾਂ ਦੇ ਖੇਤਾਂ ਅਤੇ ਘਰਾਂ 'ਚੋਂ ਪਾਣੀ ਤਾਂ ਸੁੱਕ ਜਾਵੇਗਾ ਪਰ ਹੰਝੂ ਨਹੀਂ ਸੁੱਕਣੇ- ਇਕ ਸੱਚ

*ਵਰਦੀ ਪਹਿਨਦਿਆਂ ਹੀ ਪੁਲਸ ਨਿਜੀ ਅਤੇ ਧਾਰਮਕ ਸੋਚ ਤਿਆਗੇ- ਸੁਪਰੀਮ ਕੋਰਟ

*ਵਿੱਤ ਮੰਤਰੀ ਹਰਪਾਲ ਚੀਮਾ ਨੇ ਸੂਬਾ ਆਫ਼ਤ ਰਾਹਤ ਫੰਡ ਦੇ ਵੇਰਵੇ ਜਨਤਕ ਕਰ ਕੇ ਵਿਰੋਧੀਆਂ ਦੇ ਦਾਅਵੇ ਕੀਤੇ ਰੱਦ- ਇਕ ਖ਼ਬਰ

*ਰਾਜਪਾਲਾਂ ਵਲੋਂ ਵਾਜਬ ਸਮੇਂ ਅੰਦਰ ਬਿੱਲਾਂ ਉੱਪਰ ਕਾਰਵਾਈ ਕਰਨ ਦੀ ਉਮੀਦ- ਸੁਪਰੀਮ ਕੋਰਟ

*ਪੰਜਾਬ ਦੀ ਬਾਂਹ ਫੜਨ ਦੀ ਹੁਣ ਸਾਡੀ ਵਾਰੀ-ਸਲਮਾਨ ਖ਼ਾਨ

*ਸਿਮਰਜੀਤ ਸਿੰਘ ਬੈਂਸ ਭਤੀਜੇ ਵਲੋਂ ਚਲਾਈਆਂ ਗੋਲੀਆਂ 'ਚੋਂ ਵਾਲ ਵਾਲ ਬਚਿਆ-ਇਕ ਖ਼ਬਰ

*ਰਾਜਪਾਲ ਕੈਬਨਿਟ ਦੀ ਸਲਾਹ ਮੰਨਣ ਲਈ ਪਾਬੰਦ-ਸੁਪਰੀਮ ਕੋਰਟ

*ਮੁੱਖ ਮੰਤਰੀ ਵਲੋਂ ਹੜ੍ਹਾਂ ਦੇ ਮੁੱਦੇ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ- ਰਾਜਾ ਵੜਿੰਗ

*12 ਹਜ਼ਾਰ ਕਰੋੜ ਦੇ ਰਾਹਤ ਫੰਡ ਅਤੇ ਬੀ.ਬੀ.ਐਮ.ਬੀ. ਬਾਰੇ ਅੰਕੜੇ ਜਨਤਕ ਕਰੇ ਪੰਜਾਬ ਸਰਕਾਰ- ਪਰਗਟ ਸਿੰਘ

*ਭਾਰਤ ਤੇ ਅਮਰੀਕਾ ਵਿਚਾਲੇ ਵਪਾਰਕ ਰੁਕਾਵਟਾਂ ਦੂਰ ਕਰਨ ਲਈ ਗੱਲਬਾਤ ਜਾਰੀ- ਟਰੰਪ

* * * * * * *

## ਕੈਨੇਡਾ: 'ਖ਼ਾਲਸਾ ਏਡ' ਵੱਲੋਂ ਪੰਜਾਬ ਹੜ੍ਹ ਪੀੜਤਾਂ ਲਈ ਢਾਈ ਲੱਖ ਡਾਲਰ ਦੀ ਰਾਸ਼ੀ ਇਕੱਤਰ




ਵਿਸ਼ਵ ਭਰ ਵਿਚ ਮਨੁੱਖਤਾ ਦੀ ਸੇਵਾ ਕਰ ਰਹੀ ਸੰਸਥਾ ਖ਼ਾਲਸਾ ਏਡ ਨੇ ਕੈਨੇਡਾ ਦੇ ਸੂਬੇ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਵਿਚ ਪੰਜਾਬ ਹੜ੍ਹ ਪੀੜਤਾਂ ਲਈ ਢਾਈ ਲੱਖ ਡਾਲਰ ਇਕੱਤਰ ਕੀਤੇ ਹਨ। ਇਸ ਵਿਚ ਮੈਨੀਟੋਬਾ ਸਰਕਾਰ ਵੱਲੋਂ ਜਾਰੀ ਕੀਤੀ ਗਈ ਇਕ ਲੱਖ ਡਾਲਰ ਦੀ ਸਹਾਇਤਾ ਰਾਸ਼ੀ ਵੀ ਸ਼ਾਮਲ ਹੈ। ਮੈਨੀਟੋਬਾ ਸੂਬੇ ਦੀਆਂ ਸਿੱਖ ਸੰਗਤਾਂ ਵੱਲੋਂ ਵੱਖਰੇ ਤੌਰ ਤੇ ਡੇਢ ਲੱਖ ਦੀ ਰਾਸ਼ੀ ਇਕੱਠੀ ਕਰਕੇ ਖ਼ਾਲਸਾ ਏਡ ਨੂੰ ਦਿੱਤੀ ਗਈ ਹੈ। ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਖ਼ਾਲਸਾ ਏਡ ਦੇ ਮੁਖੀ ਰਵੀ ਸਿੰਘ ਨੂੰ ਸੂਬੇ ਦੇ ਮੁੱਖ ਮੰਤਰੀ ਵੈੱਬ ਕਿਨਉ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਵੱਲੋਂ ਇਕ ਲੱਖ ਡਾਲਰ ਦਾ ਚੈੱਕ ਸੌਂਪਿਆ ਗਿਆ। ਮੁੱਖ ਮੰਤਰੀ ਵੈੱਬ ਕਿਨਉ ਨੇ ਖ਼ਾਲਸ ਏਡ ਵੱਲੋਂ ਪੂਰੀ ਦੁਨੀਆ ਵਿੱਚ ਮਾਨਵਤਾ ਦੀ ਭਲਾਈ ਲਈ ਵੱਖ-ਵੱਖ ਸਮਿਆਂ ਤੇ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਕੁਦਰਤੀ ਆਫ਼ਤਾਂ ਜਾਂ ਹੋਰ ਮੁਸੀਬਤਾਂ ਵਿੱਚ ਕੀਤੇ ਜਾਂਦੇ ਯਤਨਾਂ ਨੇ ਪੂਰੀ ਦੁਨੀਆ ਵਾਸਤੇ ਇਕ ਮਿਸਾਲ ਕਾਇਮ ਕੀਤੀ ਹੈ।

ਉਨ੍ਹਾਂ ਕਿਹਾ ਇਸ ਸਹਾਇਤਾ ਰਾਸ਼ੀ ਨਾਲ ਭਾਰਤ ਅਤੇ ਪਾਕਿਸਤਾਨ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਤਾਲਮੇਲ ਵਾਲੇ ਐਮਰਜੈਂਸੀ ਰਾਹਤ ਯਤਨਾਂ ਵਿਚ ਸਹਾਇਤਾ ਮਿਲੇਗੀ।

## ਜਪਾਨ 'ਚ 1 ਲੱਖ ਬਜ਼ੁਰਗਾਂ ਦੀ ਉਮਰ 100 ਸਾਲ ਤੋਂ ਵੱਧ, ਦੁਨੀਆ ਦੀ ਸਭ ਤੋਂ ਵੱਧ ਉਮਰ ਦੀ ਆਬਾਦੀ ਵਾਲਾ ਬਣਿਆ ਦੇਸ਼




ਜਪਾਨ ਵਿੱਚ ਲਗਭਗ 1 ਲੱਖ ਲੋਕਾਂ ਨੇ 100 ਸਾਲ ਤੋਂ ਵੱਧ ਉਮਰ ਪੂਰੀ ਕਰ ਲਈ ਹੈ। ਜਪਾਨ ਦੇ ਸਿਹਤ ਮੰਤਰੀ ਤਾਕਾਮਾਰੋ ਫੁਕੂਓਕਾ ਨੇ ਸ਼ੁੱਕਰਵਾਰ ਨੂੰ ਕਿਹਾ ਕਿ 87,784 ਔਰਤਾਂ ਅਤੇ 11,979 ਪੁਰਸ਼ 100 ਸਾਲ ਤੋਂ ਵੱਧ ਉਮਰ ਦੇ ਹਨ। ਕੁੱਲ 99,763 ਬਜ਼ੁਰਗ, ਜਿਨ੍ਹਾਂ ਵਿੱਚ ਮਰਦ ਅਤੇ ਔਰਤਾਂ ਸ਼ਾਮਲ ਹਨ, ਨੇ 100 ਸਾਲ ਦੀ ਉਮਰ ਪੂਰੀ ਕਰ ਲਈ ਹੈ, ਜਿਨ੍ਹਾਂ ਵਿੱਚੋਂ 88% ਔਰਤਾਂ ਹਨ। ਇਹ ਦੇਸ਼ ਦੀ ਕੁੱਲ ਆਬਾਦੀ 12.4 ਕਰੋੜ ਦਾ 0.81% ਹੈ। ਜਾਪਾਨ ਨੇ ਲਗਾਤਾਰ 55ਵੇਂ ਸਾਲ ਇਹ ਰਿਕ-ਾਰਡ ਬਣਾਇਆ ਹੈ।ਜਪਾਨ ਵਿੱਚ, ਬਜ਼ੁਰਗ ਦਿਵਸ 15 ਸਤੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ, ਜਾਪਾਨੀ ਪ੍ਰਧਾਨ ਮੰਤਰੀ 100 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਵਧਾਈ ਪੱਤਰ ਅਤੇ ਚਾਂਦੀ ਦੇ ਗਲਾਸ ਦਿੰਦੇ ਹਨ। ਇਸ ਵਾਰ, 52,310 ਬਜ਼ੁਰਗਾਂ ਨੂੰ ਇਹ ਸਨਮਾਨ ਦਿੱਤਾ ਜਾਵੇਗਾ। ਦੇਸ਼ ਦੀ ਸਭ ਤੋਂ ਬਜ਼ੁਰਗ ਔਰਤ 114 ਸਾਲਾ ਸ਼ਿਗੇਕੋ ਕਾਗ-ਾਵਾ ਹੈ, ਅਤੇ ਸਭ ਤੋਂ ਬਜ਼ੁਰਗ ਆਦਮੀ 111 ਸਾਲਾ ਕਿਓਤਾਕਾ ਮਿਜ਼ੁਨੋ ਹੈ।ਜਪਾਨ ਵਿੱਚ ਜੀਵਨ ਦੀ ਸੰਭਾਵਨਾ 95.1 ਹੈ, ਜਿਸ ਦਾ ਅਰਥ ਹੈ ਕਿ ਇੱਥੇ ਲੋਕਾਂ ਦੀ ਔਸਤ ਉਮਰ 95 ਸਾਲ ਹੈ। ਵਿਸ਼ਵ ਆਬਾਦੀ ਸਮੀਖਿਆ 2024 ਦੇ ਅੰਕੜਿਆਂ ਅਨੁਸਾਰ, ਜਾਪਾਨ ਦੁਨੀਆ ਦੇ ਉਨ੍ਹਾਂ ਦੇਸ਼ਾਂ ਵਿੱਚ ਚੌਥੇ ਸਥਾਨ 'ਤੇ ਹੈ ਜਿੱਥੇ ਲੋਕਾਂ ਦੀ ਔਸਤ ਉਮਰ ਸਭ ਤੋਂ ਵੱਧ ਹੈ। ਇਨ੍ਹਾਂ ਵਿੱਚ ਔਰਤਾਂ ਮਰਦਾਂ ਨਾਲੋਂ ਜ਼ਿਆਦਾ ਜਿਉਂਦੀਆਂ ਹਨ।ਵਰਲਡ ਪਾਪੂਲੇਸ਼ਨ ਰਿਵਿਊ 2025 ਦੇ ਅੰਕੜਿਆਂ ਅਨੁਸਾਰ, ਜਾਪਾਨ ਦੁਨੀਆ ਦੇ ਸਭ ਤੋਂ ਸਿਹਤਮੰਦ ਦੇਸ਼ਾਂ ਵਿੱਚੋਂ ਦੂਜੇ ਸਥਾਨ 'ਤੇ ਹੈ। ਇਹ ਰਿਪੋਰਟ ਜੀਵਨ ਸੰਭਾਵਨਾ, ਮੋਟਾਪਾ, ਸ਼ੂਗਰ, ਖੁਸ਼ੀ ਅਤੇ ਸਿਹਤ 'ਤੇ ਖਰਚ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਭਗਤੀ ਮੱਤ ਦਾ ਇਤਿਹਾਸ ਤੇ ਸ਼ਾਸਤ੍ਰੀ ਪਛਾਣ ਦੱਸਣ ਵਾਲੇ, ਭਗਤੀ ਦਾ ਆਰੰਭ ਨਾਰਦ ਮੁਨੀ ਤੋਂ ਮੰਨਦੇ ਹਨ, ਜਿਸ ਦਾ ਸੰਕੇਤ ਭਗਤ ਨਾਰਦੀ ਰਿਦੈ ਨ ਆਈ – ਤੁਕਾਂ ਤੋਂ ਭੀ ਮਿਲਦਾ ਹੈ। ਕਬੀਰ ਜੀ ਕਹਿੰਦੇ ਹਨ ਤਨ ਵਿੱਚ ਮਨ ਉਸਨੇ ਭੀ ਨਹੀਂ ਦੇਖਿਆ ਸੀ। ਭਗਤੀ ਦੇ ਸਖੀ ਭਾਵ ਦਾ ਰੰਗ ਭਾਰਤ ਵਿੱਚ ਨਵੇਂ ਆਏ ਮੁਸਲਮਾਨੀ ਮਜ਼੍ਹਬ ਦੇ ਸ਼ੇਖ਼ਾਂ ਔਲੀਆਂ ਉੱਤੇ ਭੀ ਚੜ੍ਹਿਆ। ਜਿਸ ਕਾਰਨ ਇਸਲਾਮ ਵਿੱਚ ਵਿਵੱਰਜਤ ਸੰਗੀਤ ਦੀਆਂ ਮਹਿਫਲਾਂ ਸਜਣ ਲੱਗੀਆਂ। ਸੂਫੀ ਮਹਿਫਲਾਂ ਵਿੱਚ ਮਸਤ ਮਲੰਗਾਂ ਨੂੰ ਹਾਲ ਪੈਣ ਦੇ ਦ੍ਰਿਸ਼ ਸਾਹਮਣੇ ਆਏ। ਦੀਵਾਨਗੀ ਦਾ ਵਾਯੂ ਮੰਡਲ ਤਾਰੀ ਹੋਣ ਲੱਗਿਆ, ਸਾਹਿਤ ਉੱਤੇ ਭੀ ਇਨ੍ਹਾਂ ਭਾਵਾਂ ਦਾ ਅਸਰ ਪਿਆ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ–11**

ਰੋਟੀਆਂ ਕਾਰਣਿ ਪੂਰਹਿ ਤਾਲ ॥
ਆਪ ਪਛਾੜਹਿ ਧਰਤੀ ਨਾਲਿ ॥
ਗਾਵਨਿ ਗੋਪੀਆਂ ਗਾਵਨਿ ਕਾਨ੍ਹ ॥
ਗਾਵਨਿ ਸੀਤਾ ਰਾਜੇ ਰਾਮ ॥
ਨਿਰਭਉ ਨਿਰੰਕਾਰੁ ਸੁਚਨਾਮੁ ॥
ਜਾਕਾ ਕੀਆ ਸਗਲ ਜਹਾਨੁ ॥
ਨਚਣੁ ਕੁਦਣੁ ਮਨ ਕਾ ਚਾਉ।
ਨਾਨਕ ਜਿਨ੍ਹ ਮਨਿ ਭਉ ਤਿਨਾ ਮਨਿ ਭਾਉ॥
(ਸਲੋਕ ਮ. 1 ਆਸਾ ਦੀ ਵਾਰ 465)

ਗੁਰੂ ਨਾਨਕ ਦੇਵ ਜੀ ਨੇ ਦੱਸਿਆ, ਭਗਤੀ ਨਿਰਭਉ ਨਿਰੰਕਾਰ ਦੀ, ਸੱਚੇ ਨਾਮ (ਸਤਿਨਾਮ) ਰਾਹੀਂ ਹੀ ਹੁੰਦੀ ਹੈ। ਇਸ ਜਗਤ ਨੂੰ ਚਲਾਉਣ ਵਾਲੇ ਮਾਲਕ ਦੀ ਭਗਤੀ, ਕੁਦਰਤ ਵੀ ਕਰਦੀ ਹੈ, ਅਨੇਕਾਂ ਕਿਸਮਾਂ ਦੇ ਗਹਿਣੇ, ਪਉਣ ਪਾਣੀ ਬੈਸੰਤਰ ਪਹਿਨਕੇ ਕਰਦੀ ਹੈ। ਨਿਤ ਚੜ੍ਹਨ ਛਿਪਣ ਦੀ ਲੀਲਾ ਕਰਨ ਵਾਲੇ ਚੰਦ ਸੂਰਜ ਕਿਉਂ ਨਾ ਅਵਤਾਰ ਮੰਨੇ ਜਾਣ ਜੋ ਦਿਨ ਰਾਤ ਚਾਨਣਾ ਕਰਦੇ ਹਨ?

ਘੜੀਆ ਸਭੇ ਗੋਪੀਆਂ
ਪਹਰ ਕੰਨ੍ਹ ਗੋਪਾਲ॥
ਗਹਣੇ ਪਉਣੁ ਪਾਣੀ ਬੈਸੰਤਰੁ
ਚੰਦ ਸੂਰਜ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ
ਵਰਤਣਿ ਸਰਬ ਜੰਜਾਲ ॥
ਨਾਨਕ ਮੁਸੈ ਗਿਆਨ
ਵਿਹੂਣੀ ਖਾਇ ਗਇਆ ਜਮਕਾਲੁ ॥
(ਸਲੋਕ ਮ. 1, ਆਸਾ ਦੀ ਵਾਰ 465)

ਭਗਤੀ ਇਕ ਸੂਖਮ ਭਾਵਨਾ ਹੈ। ਇਸ ਦੇ ਅਕਾਰ ਅਤੇ ਪ੍ਰਕਾਰ ਸਿੱਧ ਪੁੱਠ ਨੂੰ ਸਥੂਲ ਵਸਤੂਆਂ ਵਾਂਗ ਪਲਟ ਕੇ ਕਿਵੇਂ ਦੇਖਿਆ ਜਾ ਸਕਦਾ ਹੈ? ਸ਼ਾਸਤ੍ਰਕਾਰ ਗਿਆਨ ਖੁਸ਼ਬੋ ਜਿਹੀ ਨਿਰਾਕਾਰ ਵਸਤੂ ਦੇ ਪ੍ਰਭਾਵਾਂ ਨੂੰ ਜੜ੍ਹ ਤੋਂ ਸਥੂਲ ਰੂਪ ਸਮਝਕੇ ਜਦੋਂ ਆਪਣੇ ਔਜ਼ਾਰ ਚਲਾਉਂਦੇ ਹਨ, ਕਵੀ ਟੈਗੋਰ ਦਾ ਕਥਨ ਸਾਹਮਣੇ ਆ ਜਾਂਦਾ ਹੈ:–

ਔਹ ਦੇਖੋ ਇਕ ਪਾਰਖੂ ਪੱਥਰ ਦੀ ਵੱਟੀ ਲੈ ਕੇ, ਫੁੱਲਾਂ ਦੇ ਬਾਗ ਵਿੱਚ ਆ ਖੜ੍ਹਾ ਹੈ, ਫੁੱਲਾਂ ਦੀਆਂ ਪੱਤੀਆਂ ਤੋੜ ਤੋੜ ਆਪਣੀ ਕਸਵੱਟੀ ਉੱਤੇ ਘਸਾ ਘਸਾ ਕੇ ਉਨ੍ਹਾਂ ਦੀ ਪਰਖ ਕਰ ਰਿਹਾ ਹੈ, ਕਿ ਫੁੱਲ ਦੀ ਸੁਗੰਧੀ ਕਿੰਨੀ ਖਰੀ ਅਤੇ ਕਿੰਨੀ ਖੋਟੀ ਹੈ।

ਫੁੱਲਾਂ ਦੀ ਸੁਗੰਧੀ ਦਾ ਰਹੱਸ ਗਿਆਨ ਇੰਦਰੇ ਦਾ ਵਿਸ਼ਾ ਹੈ। ਨਾ ਕਿ ਪੱਥਰ ਦੀਆਂ ਵੱਟੀਆਂ ਜਾਂ ਕਸਵੱਟੀਆਂ ਦੀ ਨਿਰਖ ਪਰਖ ਦਾ। ਭਗਤੀ ਦੇ ਰੰਗ ਰੂਪ ਗੁਣ ਤੇ ਦੋਸ਼ ਉਨ੍ਹਾਂ ਭਗਤਾਂ ਦੀ ਰਚਨਾ ਤੋਂ ਹੀ ਜਾਣੇ ਜਾ ਸਕਦੇ ਹਨ, ਜਿਨ੍ਹਾਂ ਨੇ ਪ੍ਰੇਮਾ ਭਗਤੀ ਨਾਲ ਮਨ ਨੂੰ ਸਾਧਿਆ। ਆਪਣਾ (ਜੋਤ ਸਰੂਪੀ) ਮੂਲ ਪਛਾਨਣ ਦੀ ਪ੍ਰਾਪਤੀ ਕੀਤੀ। ਜਿਨ੍ਹਾਂ ਭਗਤਾਂ ਨੇ ਗੁਰੂ ਰੰਗੇ ਅਨੁਭਵ, ਆਪਣੀ ਬਾਣੀ ਵਿੱਚ ਸਮੋਏ ਉਨ੍ਹਾਂ ਦੀ ਰਚਨਾ ਵਿੱਚੋਂ ਜਾਣਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਭਗਤੀ ਕਿਸ ਭਾਂਤ ਦੀ ਸੀ।

ਗੁਰੂ ਗ੍ਰੰਥ ਸਾਹਿਬ ਦੇ ਭਗਤਾਂ ਦੀ ਮਿੱਟੀ ਗੁਰਮਤਿ ਰੱਸ ਨਾਲ ਗੁੱਧੀ ਹੋਈ ਹੈ ਨਾ ਕਿ ਭਗਤੀ ਮਤ ਦੇ ਰਾਧਾ ਕ੍ਰਿਸ਼ਨ ਸੀਤਾ ਰਾਮ ਦੀ ਰਾਸ ਕ੍ਰੀੜਾ ਵਿੱਚ ਰੰਗੀ ਹੋਈ। ਭਗਤ ਕਬੀਰ ਜੀ ਨੇ ਇਕ ਬਹੁਤ ਵੱਡੀ ਗੱਲ ਕਹੀ ਹੈ:–

ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀਂ ਪੰਖਾ ॥
ਇਸ ਮਨ ਕਉ ਕੋਈ ਖੋਜਹੁ ਭਾਈ ॥
ਤਨ ਛੂਟੇ ਮਨੁ ਕਹਾ ਸਮਾਈ ॥
ਗੁਰ ਪਰਸਾਦੀ ਜੇ ਦੇਉ ਨਾਮਾ ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾ ॥
ਇਸ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥
(ਗਉੜੀ ਕਬੀਰ 330)

ਭਗਤੀ ਮੱਤ ਦਾ ਇਤਿਹਾਸ ਤੇ ਸ਼ਾਸਤ੍ਰੀ ਪਛਾਣ ਦੱਸਣ ਵਾਲੇ, ਭਗਤੀ ਦਾ ਆਰੰਭ ਨਾਰਦ ਮੁਨੀ ਤੋਂ ਮੰਨਦੇ ਹਨ, ਜਿਸ ਦਾ ਸੰਕੇਤ ਭਗਤ ਨਾਰਦੀ ਰਿਦੈ ਨ ਆਈ – ਤੁਕਾਂ ਤੋਂ ਭੀ ਮਿਲਦਾ ਹੈ। ਕਬੀਰ ਜੀ ਕਹਿੰਦੇ ਹਨ ਤਨ ਵਿੱਚ ਮਨ ਉਸਨੇ ਭੀ ਨਹੀਂ ਦੇਖਿਆ ਸੀ। ਭਗਤੀ ਦੇ ਸਖੀ ਭਾਵ ਦਾ ਰੰਗ ਭਾਰਤ ਵਿੱਚ ਨਵੇਂ ਆਏ ਮੁਸਲਮਾਨੀ ਮਜ਼੍ਹਬ ਦੇ ਸ਼ੇਖ਼ਾਂ ਔਲੀਆਂ ਉੱਤੇ ਭੀ ਚੜ੍ਹਿਆ। ਜਿਸ ਕਾਰਨ ਇਸਲਾਮ ਵਿੱਚ ਵਿਵੱਰਜਤ ਸੰਗੀਤ ਦੀਆਂ ਮਹਿਫਲਾਂ ਸਜਣ ਲੱਗੀਆਂ। ਸੂਫੀ ਮਹਿਫਲਾਂ ਵਿੱਚ ਮਸਤ ਮਲੰਗਾਂ ਨੂੰ ਹਾਲ ਪੈਣ ਦੇ ਦ੍ਰਿਸ਼ ਸਾਹਮਣੇ ਆਏ। ਦੀਵਾਨਗੀ ਦਾ ਵਾਯੂ ਮੰਡਲ ਤਾਰੀ ਹੋਣ ਲੱਗਿਆ, ਸਾਹਿਤ ਉੱਤੇ ਭੀ ਇਨ੍ਹਾਂ ਭਾਵਾਂ ਦਾ ਅਸਰ ਪਿਆ। ਕਵਿਤ੍ਰੀ ਤਾਜ ਦਾ ਕਥਨ ਹੈ:–

ਹੋ ਤਉ ਤੁਰਕਾਨੀ
ਹਿੰਦੂਆਨੀ ਹੋ ਰਹੂੰਗੀ ਮੈਂ।

ਗੁਰਮਤਿ ਦੇ ਪ੍ਰਕਾਸ਼ ਸਮੇਂ ਭਗਤੀ ਮੱਤ ਵਿੱਚ ਸਖੀ ਭਾਵਨਾ ਦਾ ਚਰਚਾ ਅਤੇ ਵਰਤਾਰਾ ਸਾਰੇ ਭਾਰਤੀ ਸਾਹਿਤ ਵਿੱਚ ਪ੍ਰਵਿਰਤ ਹੋ ਚੁੱਕਿਆ ਸੀ। ਗੁਰੂ ਨਾਨਕ ਜੀ ਨੇ ਰਾਧਾ, ਕ੍ਰਿਸ਼ਨ, ਸੀਤਾ, ਰਾਮ ਅਤੇ ਸਖੀ ਭਾਵਨਾ ਦੀਆਂ ਪ੍ਰੇਮ ਲੀਲਾ ਦਾ ਕੋਈ ਪ੍ਰਭਾਵ ਨਹੀਂ ਕਬੂਲਿਆ, ਕ੍ਰਿਸ਼ਨ ਜੀ ਦਾ ਰਾਸ, ਰੰਗ ਅਤੇ ਰਾਮਲੀਲਾ ਦਾ ਵਿਰੋਧ ਕੀਤਾ ਹੈ:–

ਗਾਵਨਿ ਗੋਪੀਆਂ ਗਾਵਨਿ ਕਾਨ੍ਹ। ਗਾਵਨਿ ਸੀਤਾ ਰਾਜੇ ਰਾਮ॥ (ਆਸਾ ਦੀ ਵਾਰ, 65)

ਬੇਸ਼ੱਕ ਜਿਵੇਂ ਭਗਤੀ ਸ਼ਬਦ ਦੀ ਥਾਂ–ਥਾਂ ਵਰਤੋਂ ਕੀਤੀ ਹੈ। ਸਖੀ ਸ਼ਬਦ ਦੀ ਵਰਤੋਂ ਭੀ ਗੁਰਬਾਣੀ ਵਿੱਚ ਚੋਖੀ ਮਿਲਦੀ ਹੈ, ਕਿਸੇ ਅਵਤਾਰ ਜਾਂ ਵਿਅਕਤੀ ਵਿਸ਼ੇਸ਼ ਪ੍ਰਤੀ ਨਹੀਂ ਏਕਾ ਪੁਰਖ ਸਬਾਈ ਨਾਰ ਦੇ ਰੂਪ ਵਿੱਚ:–

1. ਆਊ ਸਖੀ ਵਸ ਆਊ ਸਖੀ
ਅਸੀ ਪਿਰ ਕਾ ਮੰਗਲ ਗਾਵਹਿ ॥
2. ਹਮ ਸਹ ਕੇਰੀਆ ਦਾਸੀਆਂ ਸਾਚਾ
ਖਸਮੁ ਹਮਾਰਾ ॥ (ਸੂਹੀ ਮਹਲਾ 1–729)

ਕਬੀਰ ਜੀ ਕਹਿੰਦੇ ਹਨ, ਅਜਿਹਾ ਕਰਨ ਵਾਲਿਆਂ ਸ਼ੇਖ਼ਾਂ ਮਸਾਇਕਾਂ ਨੇ ਭੀ ਤਨ ਵਿੱਚ ਮਨ ਨਹੀਂ ਦੇਖਿਆ। ਜਿਨ੍ਹਾਂ ਨੇ ਤਨ ਵਿੱਚ ਮਨ ਦੇਖਿਆ, ਭਗਤੀ ਦੇ ਅਸਲੀ ਪ੍ਰੇਮ ਨੂੰ ਉਨ੍ਹਾਂ ਨੇ ਹੀ ਜਾਣਿਆ ਹੈ।

**ਪਹਿਲੀਆਂ ਦੋ ਤੁਕਾਂ ਵਿੱਚ** – ਤਨ ਮਹਿ ਮਨ ਪੇਖਣ ਵਾਲੀ ਸਾਧਨਾ ਦਾ ਮਾਰਗ, ਦੂਜੇ ਵਾਕ ਵਿੱਚ ਉਸ ਸਾਧਨਾ ਦਾ ਫਲ, ਤਨ ਵਿੱਚ ਮਨ ਦੇਖਣ ਦਾ ਸੰਕੇਤ ਦੇ ਕੇ ਦੱਸਿਆ ਹੈ। ਕਿਸੇ ਵਿਅਕਤੀ ਵਿਸ਼ੇਸ਼, ਅਚਾਰੀਆ ਜਾਂ ਭਗਤੀ ਧਾਰਾ ਦੀ ਸੰਚਾਲਕ ਹਸਤੀ ਦਾ ਨਜ਼ਰੀਆ ਨਹੀਂ ਛੋਹਿਆ। ਮਨ ਨੂੰ ਅਸਥਿਰ ਕਰਕੇ ਅੰਮ੍ਰਿਤ ਪੀਣਾ, ਮਨ ਵਿੱਚੋਂ ਸੱਚ ਸਰੂਪ ਨੂੰ ਦੇਖਣਾ। ਇਹ ਗੁਰਮਤਿ ਨਜ਼ਰੀਆ ਹੀ ਕਬੀਰ ਜੀ ਨੇ ਨਿਰੂਪਣ ਕੀਤਾ ਹੈ:–

ਇਸੁ ਮਨ ਕਉ ਨਹੀ ਆਵਨ ਜਾਨਾ॥
ਜਿਸ ਕਾ ਭਰਮੁ ਗਇਆ
ਤਿਨਿ ਸਾਚੁ ਪਛਾਨਾ॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥
ਇਸ ਮਨ ਕਾ ਕੋਈ ਜਾਨੈ ਭੇਉ॥
ਇਹ ਮਨਿ ਲੀਣ ਭਏ ਸੁਖਦੇਉ॥
ਜੀਉ ਏਕੁ ਅਰੁ ਸਗਲ ਸਰੀਰਾ॥
ਇਸੁ ਮਨ ਕਉ ਰਵਿ ਰਹੇ ਕਬੀਰਾ॥
(ਗਉੜੀ ਕਬੀਰ 330)

ਮਨ ਨੂੰ ਲੀਨ ਅਤੇ ਅਸਥਿਰ ਰੱਖਣ ਦੀ ਜੁਗਤੀ ਕਬੀਰ ਜੀ ਦੱਸਦੇ ਹਨ, ਮੈਂ ਗੁਰਮਤਿ ਰਾਹੀਂ ਪ੍ਰਾਪਤ ਕੀਤੀ ਹੈ:–

ਗੁਰਮਤਿ ਮਨੂਆ ਅਸਥਿਰੁ ਰਾਖਹੁ
ਇਨ ਬਿਧਿ ਅੰਮ੍ਰਿਤ ਪੀਓਈਐ॥
(ਗਉੜੀ ਰਾਗ, 332)

ਗੁਰਮਤਿ ਹਾਮੈ ਨਾਮਿ ਬਸਾਈ॥ ਅਸਥਿਰੁ ਰਹੈ ਨ ਕਤਹੂੰ ਜਾਈ॥ (ਰਾਗ ਆਸਾ 481)
ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ॥
ਰਾਮੈ ਰਾਮ ਰਮਤ ਸੁਖੁ ਪਾਵੈ॥
(ਗਾਉੜੀ ਕਬੀਰ ਜੀ 326)

ਗੁਰੂ ਨਾਨਕ ਜੀ ਨੇ ਮਨ ਦਾ ਮਸਲਾ ਇਸ ਤੋਂ ਭੀ ਸੂਖਮ ਛੋਹਾਂ ਨਾਲ ਸੁਲਝਾਉਂਦਿਆਂ ਪ੍ਰੇਮ ਭਗਤੀ ਦਾ ਸਰੂਪ ਇਉਂ ਦਰਸਾਇਆ ਹੈ – ਤਨ ਵਿੱਚ ਮਨ, ਮਨ ਵਿੱਚ ਸਾਚੇ ਦੇ ਰਚਣ ਦਾ ਸਿਖਰਲਾ ਅਧਿਆਤਮਕ ਰਹੱਸ ਹੈ। ਦੋ ਤੁਕਾਂ ਵਿੱਚ, ਨਿਚੋੜਵੀਂ ਤੱਤ ਵਸਤੂ ਇਸ ਤਰ੍ਹਾਂ ਆਈ ਹੈ:–

(1) ਤਨ ਮਹਿ ਮਨੂਆ ਮਨੁ ਮਹਿ ਸਾਚਾ ॥
(2) ਸੋ ਸਾਚਾ ਮਿਲ ਸਾਚੇ ਰਾਤਾ ॥
(ਧਨਾਸਿਰੀ ਮ. 1)

ਗੁਰੂ ਨਾਨਕ ਜੀ ਨੇ ਜਿਸ ਪ੍ਰੇਮ ਦੀ ਗੱਲ ਕੀਤੀ ਹੈ, ਉਹ ਪ੍ਰੇਮ, ਰਾਧਾ ਕ੍ਰਿਸ਼ਨ ਵਾਲੀ ਕੋਟੀ ਦਾ ਨਹੀਂ, ਨਾ ਹੀ ਸੀਤਾ ਰਾਮ ਵਾਲਾ ਹੈ। ਸਖੀ ਭਾਵ ਵਾਲਾ ਭੀ ਨਹੀਂ, ਜਿਸ ਪ੍ਰਤਿ ਦੇਵਦਾਸੀਆਂ ਦੇ ਵਿਕ੍ਰਿਤ ਕਰਮ ਅਤੇ ਸਮਾਜਿਕ ਪਤਨ ਦਾ ਨਮੂਨਾ ਬਣਿਆ। ਇਹ ਪ੍ਰੇਮ (ਭਾਉ) ਦੇ ਭਾਂਡੇ ਵਿੱਚ ਅੰਮ੍ਰਿਤ ਨੂੰ ਢਾਲਣ ਦੀਆਂ ਪਉੜੀਆਂ ਚੜ੍ਹਨ ਵਾਲਾ ਹੈ।

## ਭਗਤੀ ਮਤ ਅਤੇ ਮੁਕਤੀ

ਮੁਕਤੀ ਦੀ ਪ੍ਰਭਾਸ਼ਾ ਭਗਤੀ ਮਤ ਦੇ ਅਚਾਰੀਆ ਨੇ ਇਉਂ ਕੀਤੀ ਹੈ:– ਵਾਸਤਵਿਕ ਸੁੱਖ ਦੀ ਅਨੁਭੂਤੀ ਹੀ ਮੁਕਤੀ ਹੈ। ਮੁਕਤੀ ਗਿਆਨਵਾਨ ਹੀ ਪਾ ਸਕਦਾ ਹੈ। ਗਿਆਨ ਦੇ ਬੋਧ ਲਈ ਸ਼ਾਸਤ੍ਰ ਦਾ ਬੋਧ ਹੋਣਾ ਜ਼ਰੂਰੀ ਹੈ। ਸਾਧਨਾ–ਮਾਰਗ ਉਨ੍ਹਾਂ ਕ੍ਰਿਸ਼ਨ ਭਗਤੀ ਮਤ ਵਾਲਾ ਹੀ ਰੱਖਿਆ ਹੈ। ਕ੍ਰਿਸ਼ਨ ਜੀ ਅਤੇ ਰਾਮ ਜੀ ਪ੍ਰਤੀ ਉਪਾਸ਼ਨਾ ਦੀਆਂ ਵਿਧੀਆਂ ਨੀਯਤ ਕੀਤੀਆਂ। ਨਿੰਬਾਰਕ ਚਾਰੀਆ ਨੇ ਭੀ, ਭਗਤੀ ਮਤ ਉੱਤੇ ਭਾਸ਼ ਲਿਖੇ, ਦ੍ਵੈਤਾ ਦ੍ਵੈਤ, ਭੇਦਾ ਭੇਦ ਨਾਮ ਦੇ ਕੇ ਆਪਣੇ ਵਿਚਾਰਾਂ ਨੂੰ ਪ੍ਰਚਾਰਿਆ। ਏਨ੍ਹਾਂ ਨੇ ਭਗਤੀ ਦੇ ਬਰਾਬਰ ਦੇ (ਪ੍ਰਾਯਵਾਚੀ) ਸ਼ਬਦ (ਪ੍ਰਪਤੀ) ਦੀ ਵਰਤੋਂ ਭਗਤੀ ਦੀ ਥਾਂ ਕੀਤੀ। ਇਸ ਅਚਾਰੀਆ ਨੇ ਮੁਕਤੀ ਦਾ ਲਖਸ਼ਣ ਇਹ ਕੀਤਾ ਹੈ:– ਜੀਵ, ਪ੍ਰਪਤੀ (ਭਗਤੀ) ਦਵਾਰਾ ਭਗਵਾਨ ਕੀ ਅਨੁਗ੍ਰਹਿ ਕਾ ਅਧਿਕਾਰੀ ਹੋਤਾ ਹੈ। ਭਗਵਾਨ ਕੇ ਸਾਖਸ਼ਾਤ ਕੀ ਸਿਧੀ ਹੋਤੀ ਹੈ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

# ਪੰਜਾਬੀਆਂ ਨੂੰ ਜਾਣਬੁੱਝ ਕੇ ਹੜ੍ਹਾਂ ਚ ਡਬੋਇਆ ਜਾ ਰਿਹਾ ਹੈ !

**ਸ਼ਿੰਗਾਰਾ ਸਿੰਘ ਢਿੱਲੋਂ**






ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਕੇ ਜੀ ਐਸ ਢਿੱਲੋਂ ਨੇ ਚਾਰ ਕੁ ਮਹੀਨੇ ਪਹਿਲਾਂ ਆਪਣੀ ਇਕ ਇੰਟਰਵਿਊ, ਜੋ ਇਸ ਵੇਲੇ ਮੁੜ ਤੋਂ ਸ਼ੋਸ਼ਲ ਮੀਡੀਏ ਉੱਤੇ ਵਾਇਰਲ ਹੈ, ਵਿਚ ਕਿਹਾ ਸੀ ਕਿ ਡੈਮਾਂ ਦੇ ਪਾਣੀ ਨੂੰ ਹਥਿਆਰ ਵਜੋਂ ਵਰਤਿਆ ਜਾ ਸਕਦਾ ਹੈ। ਉਸ ਮੁਤਾਬਿਕ ਲੋੜ ਵੇਲੇ ਪਾਣੀ ਦੀ ਸਪਲਾਈ ਰੋਕ ਦਿਓ ਤੇ ਜਦੋਂ ਬਰਸਾਤੀ ਸੀਜਨ ਹੋਵੇ, ਹਰ ਪਾਸੇ ਪਾਣੀ ਦੀ ਬਹੁਤਾਤ ਹੋਵੇ ਤੇ ਪਾਣੀ ਦੀ ਲੋੜ ਨਾ ਹੋਵੇ ਤਾਂ ਡੈਮਾਂ ਨੂੰ ਉੱਪਰ ਤੱਕ ਭਰਕੇ, ਯਕਦਮ ਉਹਨਾਂ ਦੇ ਗੇਟ ਖੋਹਲ ਦਿਓ। ਕਹਿਣ ਦਾ ਭਾਵ ਇਹ ਕਿ ਪੰਜਾਬ (ਚੜ੍ਹਦਾ ਤੇ ਲਹਿੰਦਾ) ਮੈਦਾਨੀ ਇਲਾਕਾ ਹੈ ਜਿਸਦਾ ਦਾ ਨੁਕਸਾਨ ਦੋਵੇਂ ਤਰਾਂ ਹੀ ਕੀਤਾ ਜਾ ਸਕਦਾ ਹੈ, ਇਹ ਉਕਤ ਦੋਵੇਂ ਤਰੀਕੇ ਪੰਜਾਬ ਦਾ ਆਰਥਿਕ ਪੱਖੋਂ ਲੱਕ ਤੋੜਨ ਵਾਸਤੇ ਬਹੁਤ ਹੀ ਕਾਰਗਾਰ ਹਨ, ਪੰਜਾਬ 'ਤੇ ਹੋਰ ਕੋਈ ਹਥਿਆਰ ਵਰਤਣ ਦੀ ਲੋੜ ਨਹੀਂ ਬੱਸ ਵਾਟਰ ਬੰਬ ਦਾ ਵਾਰ ਹੀ ਕਾਫੀ ਹੈ। ਇਕ ਵਾਰ ਅਜਿਹਾ ਕੀਤਿਆਂ, ਇਥੋਂ ਦੇ ਲੋਕਾਂ ਨੂੰ ਮੁੜ ਪੈਰੀ ਆਉਂਦਿਆਂ ਕਰਦਿਆਂ ਸਾਲ ਦੋ ਸਾਲ ਲੱਗ ਜਾਣਗੇ, ਉਸ ਤੋਂ ਬਾਅਦ ਦੁਬਾਰਾ ਫਿਰ ਵਾਟਰ ਬੰਬ ਦਾ ਇਸਤੇਮਾਲ ਕਰਕੇ ਮੁੜ ਇਹਨਾਂ ਦਾ ਸਭ ਕੁੱਝ ਹੜ੍ਹਾਅ ਦਿੱਤਾ ਜਾਵੇ ਤੇ ਇਹ ਸਿਲਸਿਲਾ ਲਗਾਤਾਰ ਚਾਲੂ ਰੱਖਿਆ ਜਾਵੇ। ਇਸ ਤਰਾਂ ਵਾਰ ਵਾਰ ਕਰਨ ਦੇ ਦੋ ਮੁੱਖ ਨਤੀਜੇ ਸਾਹਮਣੇ ਆਉਣਗੇ - ਪਹਿਲਾ ਇਹ ਕਿ ਪੰਜਾਬ ਦੇ ਲੋਕ ਮਾਲੀ ਤੌਰ 'ਤੇ ਉੱਠਣ ਜੋਗੇ ਨਹੀਂ ਰਹਿਣਗੇ ਤੇ ਦੂਜਾ ਇਥੋਂ ਦੀ ਨੌਜਵਾਨੀ ਵਿਦੇਸ਼ਾਂ ਵੱਲ ਪਲਾਇਨ ਕਰ ਜਾਵੇਗੀ। ਇਹਨਾਂ ਉਕਤ ਦੋਵੇਂ ਨਤੀਜਿਆਂ ਦਾ ਲਾਭ ਇਹ ਹੋਵੇਗਾ ਕਿ ਇਥੋਂ ਦੇ ਲੋਕ ਨੂੰ ਆਪਣੇ ਹੱਕਾਂ ਦੀ ਮੰਗ ਕਰਨ ਵਾਸਤੇ ਫੁਰਸਤ ਹੀ ਨਹੀਂ ਮਿਲੇਗੀ ਤੇ ਫਿਰ ਕੇਂਦਰ ਸਰਕਾਰ ਆਪਣੀ ਜੋ ਵੀ ਮਨ ਮਾਨੀ ਕਰਨੀ ਚਾਹੇ ਉਹ ਕਰ ਸਕੇਗੀ, ਕਿਸਾਨ ਵਿਰੋਧੀ ਕਾਲੇ ਕਾਨੂੰਨ ਬਣਾ ਕੇ ਜ਼ਮੀਨਾਂ ਹੜੱਪ ਕਰ ਸਕੇਗੀ ਤੇ ਪੰਜਾਬ ਨੂੰ ਜਿਵੇਂ ਵੀ ਇਸਤੇਮਾਲ ਕਰਨਾ ਹੈ, ਕਰ ਸਕੇਗੀ।

ਦਰਅਸਲ ਪਿਛਲੇ ਕੁੱਝ ਕੁ ਸਾਲਾਂ ਤੋਂ ਲਗਾਤਾਰ ਪੰਜਾਬ ਵਿਚ ਆ ਰਹੇ ਹੜ੍ਹ ਏਹੀ ਦਰਸਾਉਂਦੇ ਹਨ ਕਿ ਪੰਜਾਬ ਵਿਚ ਵਾਟਰ ਬੰਬ ਦੀ ਵਰਤੋਂ ਬਹੁਤ ਹੀ ਧੜੱਲੇ ਤੇ ਯੋਜਨਾਬੱਧ ਸਾਜ਼ਿਸ਼ ਤਹਿਤ ਹੋ ਰਹੀ ਹੈ। ਇਸ ਰਾਜ ਵਿਚ ਹਰ ਸਾਲ ਦੋ ਸਾਲ ਬਾਅਦ ਡੈਮਾਂ ਦਾ ਬੇਤਹਾਸ਼ਾ ਪਾਣੀ ਛੱਡਿਆ ਜਾਂਦਾ ਹੈ ਤੇ ਫਿਰ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਕੁਦਰਤੀ ਕਰੋਪੀ ਦਾ ਨਾਮ ਦੇ ਕੇ ਢਕ ਦਿੱਤਾ ਜਾਂਦਾ ਹੈ। ਕੁੱਝ ਕੁ ਦਿਨ ਸਰਵਿਆਂ ਦੇ ਬਹਾਨੇ ਮੰਤਰੀਆਂ ਵਲੋਂ ਹੈਲੀਕਾਪਟਰ ਝੂਟੇ ਜਾਂਦੇ ਹਨ, ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੇ ਐਲਾਨ ਕੀਤੇ ਜਾਂਦੇ ਹਨ ਤੇ ਮੁੜ ਗੱਲ ਅਗਲੇ ਸਾਲਾਂ ਵਿਚ ਆਉਣ ਵਾਲੇ ਹੜ੍ਹਾਂ ਦੀ ਇੰਤਜਾਰ ਤੱਕ ਆਈ ਗਈ ਕਰ ਦਿੱਤੀ ਜਾਂਦੀ ਹੈ। ਕਿਹਨੂੰ, ਕਿੰਨਾ ਮੁਆਵਜਾ ਮਿਲਿਆ ? ਕਦੋਂ, ਕਿਸਨੇ ਤੇ ਕਿਥੇ ਦਿੱਤਾ, ਇਸ ਦਾ ਕਦੇ ਬਾਦ ਚ ਨਾਂ ਤੋਪਾ ਵੀ ਨਹੀਂ ਭਰਿਆ ਗਿਆ ਤੇ ਨਾ ਹੀ ਕੋਈ ਉੱਘ ਸੁੱਘ ਹੀ ਨਿਕਲੀ ਹੈ।

ਆਮ ਤੌਰ 'ਤੇ ਹਰ ਵਾਰ ਹੀ ਜਿਹਨਾਂ ਲੋਕਾਂ ਦਾ ਹੜ੍ਹਾਂ ਨਾਲ ਨੁਕਸਾਨ ਹੋ ਗਿਆ ਹੁੰਦਾ ਹੈ, ਉਹ ਆਪਣੀ ਜਿੰਦਗੀ ਨੂੰ ਹੜ੍ਹਾਂ ਦੀ ਮਾਰ 'ਚੋਂ ਬਾਹਰ ਕੱਢਕੇ ਆਪ ਹੀ ਲੀਹੇ ਪਾਉਂਦੇ ਦੇਖੇ ਜਾਂਦੇ ਰਹੇ ਹਨ, ਪਰ ਇਸ ਵਾਰ ਪੰਜਾਬੀਆਂ ਨੇ ਪੂਰੇ ਜਗਤ ਨੂੰ ਦਿਖਾ ਦਿੱਤਾ ਹੈ ਕਿ ਬੇਸ਼ਕ ਕਿਸੇ ਆਫਤ ਵੇਲੇ ਉਹ ਦੁਨੀਆ ਦੇ ਹਰ ਕੋਨੇ ਚ ਪਹੁੰਚਕੇ ਨਿਸ਼ਕਾਮ ਸੇਵਾ ਕਰਦੇ ਹਨ ਤੇ ਹੁਣ ਉਹਨਾਂ ਨੂੰ ਨਵਾਂ ਸਬਕ ਮਿਲ ਗਿਆ ਹੈ ਕਿ ਆਪਣੇ ਲੋਕਾਂ 'ਤੇ ਜੇਕਰ ਕੋਈ ਆਫਤ ਆਣ ਬਣੇ ਤਾਂ ਉਸ ਮੁਸ਼ਕਲ 'ਚੋਂ ਬਾਹਰ ਨਿਕਲਣ ਵਾਸਤੇ ਉੱਦਮ ਉਪਰਾਲੇ, ਉਹਨਾਂ ਨੂੰ ਪੰਜਾਬੋਂ ਬਾਹਰਲੇ ਕਿਸੇ ਸਰਕਾਰੀ ਗੈਰ ਸਰਕਾਰੀ ਅਦਾਰੇ ਤੋਂ ਮੱਦਦ ਦੀ ਆਸ ਰੱਖਣ ਦੀ ਬਜਾਏ ਆਪਣੀ ਮੱਦਦ ਆਪ ਹੀ ਕਰਨੀ ਪਵੇਗੀ ਤੇ ਪੰਜਾਬੀਆਂ ਨੇ ਇਸ ਵਾਰ ਇਸ ਨੂੰ ਸਾਕਾਰ ਕਰਕੇ ਪੂਰੀ ਦੁਨੀਆਂ ਨੂੰ ਦੱਸ ਵੀ ਦਿੱਤਾ ਹੈ ਕਿ ਉਹ ਕਿਸ ਜ਼ਰਖੇਜ ਧਰਤ ਦੇ ਜਾਏ ਹਨ, ਉਹਨਾਂ ਦੇ ਸੰਸਕਾਰ ਕੀ ਹਨ ਤੇ ਉਹ ਕਿਵੇਂ ਅਸੰਭਵ ਨੂੰ ਵੀ ਸੰਭਵ ਬਣਾ ਸਕਦੇ ਹਨ ?

ਇਸ ਹੁਣਵੇਂ ਹੜ੍ਹ ਤੋਂ ਬਾਅਦ ਪੰਜਾਬੀਆਂ ਨੇ ਇਹ ਸਬਕ ਵੀ ਸਿੱਖ ਲਿਆ ਹੈ ਤੇ ਇਹ ਗੱਲ ਪੂਰੀ ਤਰਾਂ ਲੜ ਬੰਨ੍ਹ ਲਈ ਹੈ ਕਿ ਇਹ ਆਏ ਸਾਲ ਆਉਣ ਵਾਲੇ ਹੜ੍ਹ ਉਹਨਾਂ ਦੀ ਹੋਣੀ ਨਹੀਂ, ਇਹ ਕੋਈ ਕੁਦਰਤੀ ਆਫਤ ਨਹੀਂ, ਬਲਕਿ ਇਹ ਤਾਂ ਸ਼ੈਤਾਨਾਂ ਤੇ ਹੈਵਾਨਾਂ ਦੀ ਪੰਜਾਬ ਵਿਰੁੱਧ ਕੁਦਰਤੀ ਆਫਤ ਦੇ ਓਹਲੇ ਹੇਠ ਕੀਤੀ ਜਾ ਰਹੀ ਇੱਕ ਬਹੁਤ ਹੀ ਵਿਓਂਤੀ ਹੋਈ ਕੋਝੀ ਸਾਜ਼ਿਸ਼ ਹੈ।

ਪਿਛਲੇ ਛੇ ਸਾਲਾਂ ਵਿਚ (2019, 2023 ਅਤੇ 2025 ) ਤਿੰਨ ਵਾਰ ਹੜ੍ਹ ਆ ਚੁੱਕੇ ਹਨ ਤੇ ਸਰਕਾਰਾਂ ਕਦੇ ਮੁਆਵਜੇ ਦੇ ਐਲਾਨਾਂ ਤੋਂ ਅੱਗੇ ਨਹੀਂ ਵਧੀਆਂ। ਇਹ ਮੁਆਵਜੇ ਕਿਹਨਾਂ ਲੋਕਾਂ ਨੂੰ ਕਿੰਨੇ ਦਿੱਤੇ ਗਏ, ਇਸ ਦਾ ਕੋਈ ਲੇਖਾ ਜੋਖਾ ਕਦੇ ਵੀ ਨਹੀਂ ਕੀਤਾ ਗਿਆ ਤੇ ਨਾ ਹੀ ਕਦੇ ਕਿਸੇ ਨੇ ਅਜਿਹਾ ਕੀਤੇ ਜਾਣ ਦੀ ਕਦੇ ਕੋਈ ਮੰਗ ਹੀ ਕੀਤੀ ਹੈ। । ਹੜ੍ਹਾਂ ਨੂੰ ਕੁਦਰਤੀ ਕਰੋਪੀ ਮੰਨਕੇ ਹੀ ਗੱਲ ਆਈ ਗਈ ਕਰ ਦਿੱਤੀ ਜਾਂਦੀ ਹੈ। ਕੁੱਝ ਸਮੇਂ ਬਾਅਦ ਹਾਲਾਤ ਆਮ ਵਰਗੇ ਹੋ ਜਾਂਦੇ ਹਨ ਤੇ ਲੋਕ ਸਭ ਕੁੱਝ ਭੁੱਲ ਭੁਲਾ ਕੇ ਆਪਣੀ ਜਿੰਦਗੀ ਵਿਚ ਅੱਗੇ ਵਧ ਜਾਂਦੇ ਹਨ, ਪਰ ਇਹਨਾਂ ਹੜ੍ਹਾਂ ਦੇ ਪਿਛੇ ਕਿਹੜੀ ਸ਼ਾਜਿਸ਼ ਕਥਿਤ ਰੂਪ ਵਿਚ ਕਾਰਜਸ਼ੀਲ ਰਹੀ, ਉਸ ਦੀਆਂ ਤੰਦਾਂ ਪਰਤੀਂ ਖੇਹਲਣ ਦੀ ਕਦੇ ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਅਦਾਰੇ ਨੇ ਕੋਸ਼ਿਸ਼ ਹੀ ਨਹੀਂ ਕੀਤੀ। ਸਿੱਟਾ ਇਹ ਨਿਕਲਦਾ ਰਿਹਾ ਹੈ ਕਿ ਪੰਜਾਬ ਵਿਚ ਹੜ੍ਹਾਂ ਦਾ ਆਉਣਾ ਆਮ ਹੋ ਗਿਆ, ਲੋਕਾਂ ਨੇ ਇਸ ਨੂੰ ਆਪਣੀ ਹੋਣੀ ਮੰਨ ਲਿਆ, ਜਦ ਕਿ ਅਜਿਹਾ ਬਿਲਕੁਲ ਵੀ ਨਹੀਂ ਹੈ, ਇਹਨਾਂ ਹੜ੍ਹਾਂ ਦੇ ਪਿੱਛੇ ਬਹੁਤ ਹੀ ਗਹਿਰੀ ਤੇ ਸੋਚੀ ਸਮਝੀ ਸਾਜਿਸ਼ ਹੈ, ਜਿਸ ਦਾ ਪਰਦਾ ਫਾਸ਼ ਹੋਣਾ ਬਹੁਤ ਜਰੂਰੀ ਹੈ।

ਹੜ੍ਹ ਆਉਂਦੇ ਨਹੀਂ ਲਿਆਏ ਜਾਂਦੇ ਹਨ। ਏਹੀ ਕਾਰਨ ਹੈ ਹਰ ਵਾਰ ਸਰਕਾਰਾਂ ਨੇ ਗੋਂਗਲੂਆਂ ਤੋਂ ਮਿੱਟੀ ਝਾੜਨ ਤੇ ਸਿਆਸੀ ਪਾਰਟੀਆਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੋਂ ਸਿਵਾਏ ਇਸ ਦਿਸ਼ਾ ਵਿਚ ਕਦੇ ਵੀ ਕੋਈ ਠੋਸ ਕੰਮ ਨਹੀਂ ਕੀਤਾ। ਅਸੀਂ ਦੇਖਿਆ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਫਗਾਨਿਸਤਾਨ ਚ ਆਏ ਭੁਚਾਲ ਝਟਕਿਆ ਬਾਰੇ ਤਾਂ ਚਿੰਤਾ ਗ੍ਰਸਤ ਹਨ ਤੇ ਦੋ ਘੰਟੇ ਅੰਦਰ ਹੀ ਟਵੀਟ ਕਰਕੇ ਅਫਗਾਨਿਸਤਾਨ ਨੂੰ ਹਰ ਤਰਾਂ ਦੀ ਮੱਦਦ ਦੇਣ ਦਾ ਭਰੋਸਾ ਦੇ ਦਿੰਦੇ ਹਨ ਜਦ ਕਿ ਦੂਜੇ ਪਾਸੇ ਪੰਜਾਬ ਵਿਚ ਹੜ੍ਹ ਆਇਆ ਲਗਭਗ ਮਹੀਨਾਂ ਹੋ ਗਿਆ ਹੈ, ਉਹਨਾਂ ਨੇ ਮੂੰਹ ਚ ਘੁੰਗਣੀਆਂ ਪਾ ਰੱਖੀਆਂ ਹਨ, ਹੜ੍ਹਾਂ ਨਾਲ ਹੋਈ ਤਬਾਹੀ ਉੱਤੇ ਸੱਚੇ ਝੂਠੇ ਮਨੋਂ ਇਕ ਵੀ ਸਟੇਟਮੈਂਟ ਦੇਣ ਦੀ ਜਰੂਰਤ ਨਹੀਂ ਸਮਝੀ, ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਾਂ ਤਾਂ ਦੇਸ਼ ਦੀ ਸਰਕਾਰ ਪੰਜਾਬ ਨੂੰ ਭਾਰਤ ਦਾ ਹਿੱਸਾ ਨਹੀਂ ਮੰਨਦੀ ਤੇ ਜਾਂ ਫੇਰ ਡੈਮਾਂ ਦੇ ਫੱਟੇ ਕਿਸੇ ਗੁੱਝੀ ਸ਼ਾਜਿਸ਼ ਤਹਿਤ ਖੋਹਲੇ ਜਾਂਦੇ ਹਨ।

ਪੰਜਾਬ ਵਿਚ ਹੋਈ ਘੋਰ ਆਲੋਚਨਾ ਤੋਂ ਬਾਅਦ, ਦੇਸ਼ ਦਾ ਪ੍ਰਧਾਨਮੰਤਰੀ ਬੀਤੇ ਦਿਨ ਪੰਜਾਬ ਵਿੱਚ ਹੜ੍ਹਾਂ ਦਾ ਦੌਰਾ ਕਰਨ ਵਾਸਤੇ ਆਇਆ ਤੇ 1600 ਕਰੋੜ ਦੀ ਛੋਟੀ ਜਿਹੀ ਰਾਸ਼ੀ ਦਾ ਐਲਾਨ ਕਰਕੇ ਵਾਪਸ ਚਲਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਤੋਂ ਇੰਜ ਲੱਗਾ ਕਿ ਜਿਵੇਂ ਉਹਨਾਂ ਨੂੰ ਪੰਜਾਬ ਚ ਆਏ ਹੜ੍ਹਾਂ ਦੀ ਕੋਈ ਸੰਵੇਦਨਾ ਨਾ ਹੋਵੇ ਤੇ ਉਹ ਬਸ ਇਕ ਫਾਰਮਿਲਟੀ ਜਿਹੀ ਹੀ ਪੂਰੀ ਕਰਨ ਆਏ ਹੋਣ।

ਸੋ ਪੰਜਾਬੀਆਂ ਨੂੰ ਹੁਣ ਇਹ ਗੱਲ ਚੰਗੀ ਤਰਾਂ ਸਮਝ ਲੈਣੀ ਚਾਹੀਦੀ ਹੈ ਕਿ ਅਜਿਹੇ ਕਠਿਨ ਮੌਕਿਆਂ ਉੱਤੇ ਸਰਕਾਰੀ ਮੱਦਦ ਦੀ ਆਸ ਬਿਲਕੁਲ ਨਾ ਰੱਖਣ ਤੇ ਨਾ ਹੀ ਕਿਸੇ ਸਰਕਾਰ ਨੇ ਇਹ ਕਰਨੀ ਹੀ ਹੈ।

ਇਸ ਵੇਲੇ ਹਰ ਪੰਜਾਬੀ ਆਪੋ ਆਪਣੇ ਵਿੱਤ ਮੁਜਬ ਇਕ ਦੂਸਰੇ ਦੀ ਮੱਦਦ ਕਰ ਰਿਹਾ ਹੈ। ਬਹੁਤ ਸਾਰੇ ਕਲਾਕਾਰ ਤੇ ਸਮਾਜ ਸੇਵੀ ਅੱਗੇ ਆਏ ਹਨ, ਉਹਨਾਂ ਨੇ ਹੜ੍ਹ ਪੀੜਤਾਂ ਦੀ ਬਾਂਹ ਫੜੀ ਹੈ ਤੇ ਮੁੜ ਵਲੇਬੇ ਦਾ ਅਹਿਦ ਲਿਆ ਹੈ ਜੋ ਕਿ ਬਹੁਤ ਵੱਡਾ ਪੁੰਨ ਹੈ। ਹੜ੍ਹ ਪੀੜਤਾਂ ਨੂੰ ਉਹਨਾਂ ਦੀ ਇਸ ਬਹੁਤ ਹੀ ਔਖੀ ਘੜੀ ਚ ਸਹਾਰਾ ਦੇਣਾ ਬਹੁਤ ਵੱਡਾ ਕਾਰਜ ਹੈ ਜਿਸ ਵਾਸਤੇ ਸ਼ੁਕਰੀਆ ਜਾਂ ਧਨਵਾਦ ਆਦਿ ਲਫ਼ਜ ਬਹੁਤ ਬੌਨੇ ਹਨ ਤੇ ਉਹਨਾਂ ਦੁਆਰਾ ਕੀਤਾ ਜਾ ਰਿਹਾ ਕਾਰਜ ਬਹੁਤ ਮਹਾਨ ਹੈ। ਇਸ ਵਾਸਤੇ ਸਮੂਹ ਪੰਜਾਬੀ ਉਹਨਾਂ ਦੇ ਰੋਮ ਰੋਮ ਤੋਂ ਹਮੇਸ਼ਾਂ ਵਾਸਤੇ ਰਿਣੀ ਰਹਿਣਗੇ।

ਅਗਲੀ ਗੱਲ ਇਹ ਹੈ ਕਿ ਭਵਿੱਖ ਵਿਚ ਇਹਨਾਂ ਹੜ੍ਹਾਂ ਨੂੰ ਡੱਕਾ ਵੀ ਸਾਨੂੰ ਆਪ ਹੀ ਰਲ ਮਿਲਕੇ ਲਾਉਣਾ ਪੈਣਾ ਹੈ, ਇਸ ਕਰਕੇ ਅੱਗੋਂ ਤੋਂ ਪੱਕੇ ਕਮਰ ਕੱਸੇ ਕਰ ਲੈਣੇ ਚਾਹੀਦੇ ਹਨ। ਇਹ ਆਮ ਕਹਿੰਦੇ ਹਨ ਕਿ ਦਰਿਆਵਾਂ ਨੂੰ ਨੱਕੇ ਨਹੀਂ ਲਗਦੇ, ਪਰ ਪੰਜਾਬੀਆਂ ਨੇ ਲਗਾ ਕੇ ਦਿਖਾਉਣੇ ਆ ਕਿ ਪੰਜਾਬ ਦੇ ਜਾਏ ਆਪਣੀ ਆਈ ਤੇ ਆ ਜਾਣ ਤਾਂ ਫਿਰ ਦਰਿਆਵਾਂ ਨੂੰ ਨੱਕੇ ਹੀ ਨਹੀਂ ਬਲਕਿ ਦਰਿਆਵਾ ਦੇ ਵਹਿਣਾ ਦਾ ਰੁੱਖ ਵੀ ਮੋੜ ਸਕਦੇ ਹਨ।

ਇਥੇ ਇੱਕ ਗੱਲ ਬਹੁਤ ਡੂੰਘੀ ਵਿਚਾਰ ਦੀ ਮੰਗ ਕਰਦੀ ਹੈ ਕਿ ਪੰਜਾਬ ਦੇ ਚਾਰ ਮੁੱਖ ਡੈਮਾਂ (ਭਾਖੜਾ, ਰਣਜੀਤ ਸਾਗਰ, ਥੀਨਡੈਮ ਤੇ ਪੌਂਗਡੈਮ) ਦੀ ਉਸਾਰੀ ਪਾਣੀ ਦੀ ਸਹੀ ਵੰਡ ਅਤੇ ਹੜ੍ਹਾਂ ਦੀ ਰੋਕਥਾਮ ਵਾਸਤੇ ਕੀਤੀ ਗਈ ਸੀ। ਇਸ ਦੇ ਨਾਲ ਹੀ ਇਹਨਾਂ ਡੈਮਾਂ ਦਾ ਮਕਸਦ ਇਹ ਵੀ ਸੀ ਕਿ ਪੰਜਾਬ ਵਿਚ ਨਹਿਰਾਂ ਦਾ ਜਾਲ ਵਿਛਾ ਕੇ ਪੂਰੇ ਪੰਜਾਬ ਦੀ ਜਮੀਨ ਨੂੰ ਜ਼ਰਖੇਜ ਬਣਾਇਆ ਜਾਵੇਗਾ ਤੇ ਸਸਤੀ ਬਿਜਲੀ ਪੈਦਾ ਕਰਕੇ ਪੰਜਾਬ ਦੇ ਹਰ ਕੌਨੇ ਨੂੰ ਰੁਸ਼ਨਾਇਆ ਜਾਵੇਗਾ।

ਬਾਕੀ ਹਿਸਾ ਸਫਾ 42 ਤੇ ਪੜ੍ਹੋ

# ਕੈਨੇਡਾ ਵਿੱਚ ਖਾਲਿਸਤਾਨ ਸਮਰਥਕ ਗੋਸਲ ਦੀ ਜਾਨ ਨੂੰ ਖਤਰਾ

## ✪ ਕਾਰਨੀ ਨੇ ਭਾਰਤ ਨਾਲ ਰਾਜਨੀਤਕ ਸਬੰਧ ਬਹਾਲ ਕੀਤੇ ਪਰ ਧਮਕੀਆਂ ਜਾਰੀ

ਬਰੈਂਪਟਨ - ਓਨਟਾਰੀਓ ਵਿੱਚ ਖਾਲਿਸਤਾਨ ਸਮਰਥਕ ਕਾਰਕੁੰਨ ਇੰਦਰਜੀਤ ਸਿੰਘ ਗੋਸਲ ਨੇ ਕਿਹਾ ਕਿ ਪੁਲਿਸ ਨੇ ਉਸ ਨੂੰ ਚੇਤਾਵਨੀ ਦਿੱਤੀ ਹੈ ਕਿ ਉਸ ਦੀ ਜਾਨ ਨੂੰ ਖਤਰਾ ਹੈ। ਖਾਲਿਸਤਾਨੀ ਧਿਰਾਂ ਦਾ ਮੰਨਣਾ ਹੈ ਕਿ ਭਾਰਤੀ ਏਜੰਸੀਆਂ ਅਜੇ ਵੀ ਕੈਨੇਡੀਅਨ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਜਦਕਿ ਓਟਾਵਾ ਇਸ ਭਾਰਤ ਨਾਲ ਵਪਾਰਕ ਸਬੰਧ ਵਧਾਉਣ ਲਈ ਕੋਸ਼ਿਸ਼ਾਂ ਕਰ ਰਿਹਾ ਹੈ।




ਇੰਦਰਜੀਤ ਸਿੰਘ ਗੋਸਲ ਨੇ ਕੈਨੇਡਾ ਦੀ ਗਲੋਬਲ ਨਿਊਜ਼ ਨਾਲ ਗੱਲਬਾਤ ਵਿੱਚ ਦੱਸਿਆ ਸੀ ਕਿ ਆਰਸੀਐੱਮਪੀ ਦੇ ਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਨੇ ਪਿਛਲੇ ਮਹੀਨੇ ਉਸ ਨੂੰ ਰਸਮੀ ਤੌਰ ਤੇ ਚੇਤਾਵਨੀ ਦਿੱਤੀ ਸੀ ਕਿ ਉਹ ਅਗਲੇ ਹਫ਼ਤਿਆਂ ਵਿੱਚ ਮਾਰਿਆ ਜਾ ਸਕਦਾ ਹੈ। ਉਸ ਨੇ ਕਿਹਾ ਕਿ ਉਹਨਾਂ ਨੇ ਨਵੀਂ ਖੁਫ਼ੀਆ ਜਾਣਕਾਰੀ ਬਾਰੇ ਦੱਸਿਆ ਕਿ ਸ਼ੱਕੀ ਕਾਤਲ ਇੱਥੇ ਹਨ ਅਤੇ ਉਸ ਨੂੰ ਮਾਰਨ ਲਈ ਤਿਆਰ ਹਨ। ਪੁਲਿਸ ਨੇ ਗੋਸਲ ਨੂੰ ਸੁਰੱਖਿਆ ਵਰਗੀ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ, ਪਰ 36 ਸਾਲਾ ਬਰੈਂਪਟਨ ਵਾਸੀ ਨੇ ਇਨਕਾਰ ਕਰ ਦਿੱਤਾ, ਕਿਉਂਕਿ ਇਸ ਨਾਲ ਉਸ ਦੀ ਸਰਗਰਮੀ ਵਿੱਚ ਵਿਘਨ ਪੈਂਦਾ। ਗੋਸਲ ਭਾਰਤ ਦੇ ਸਿੱਖ ਬਹੁਗਿਣਤੀ ਵਾਲੇ ਪੰਜਾਬ ਰਾਜ ਨੂੰ ਆਜ਼ਾਦੀ ਲਈ ਵਿਰੋਧ ਪ੍ਰਦਰਸ਼ਨ ਮੁਹਿੰਮ ਦਾ ਕੈਨੇਡੀਅਨ ਸੰਗਠਨਕਰਤਾ ਹੈ। ਉਸ ਨੇ ਇਹ ਭੂਮਿਕਾ ਉਦੋਂ ਸੰਭਾਲੀ ਜਦੋਂ ਪਿਛਲੇ ਆਗੂ ਹਰਦੀਪ ਸਿੰਘ ਨਿੱਝਰ ਨੂੰ 2023 ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਕੈਨੇਡਾ ਨੇ ਭਾਰਤ ਤੇ ਇਲਜ਼ਾਮ ਲਾਇਆ ਹੈ ਕਿ ਉਸ ਨੇ ਨਿੱਝਰ ਦੇ ਕਤਲ ਦੀ ਸਾਜ਼ਿਸ਼ ਰਚੀ ਅਤੇ ਹੋਰਨਾਂ ਨੂੰ ਵੀ ਨਿਸ਼ਾਨਾ ਬਣਾਇਆ ਜਿਨ੍ਹਾਂ ਨੇ ਵੱਖਵਾਦੀ ਅੰਦੋਲਨ ਵਿੱਚ ਹਿੱਸਾ ਲਿਆ ਹੈ। ਖਾਲਿਸਤਾਨੀ ਧਿਰਾਂ ਨੇ ਕਿਹਾ ਕਿ ਅਸੀਂ ਕੈਨੇਡੀਅਨ ਸਰਕਾਰ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਬੇਨਤੀ ਕਰਦੇ ਹਾਂ ਕਿ ਲੋੜੀਂਦੇ ਕਦਮ ਚੁੱਕੇ ਜਾਣ।"

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ ਦੇ ਬਲਪ੍ਰੀਤ ਸਿੰਘ ਨੇ ਕਿਹਾ ਕਿ "ਇਹ ਸਾਫ ਚਿੰਨ੍ਹ ਹੈ ਕਿ ਭਾਰਤ ਅਜੇ ਵੀ ਕੈਨੇਡਾ ਵਿੱਚ ਖਾਲਿਸਤਾਨੀ ਸਿਖਾਂ ਨੂੰ ਨਿਸ਼ਾਨੇ ਬਣਾਉਣ ਲਈ ਪਿੱਛੇ ਪਿਆ ਹੈ।"

ਸੀਐੱਸਆਈਐੱਸ ਦੀ ਬੁਲਾਰਾ ਨੇ ਕਿਹਾ ਕਿ ਉਹ ਭਾਰਤ ਬਾਰੇ ਜਾਂਚਾਂ ਦੇ ਵੇਰਵੇ ਨਹੀਂ ਦੱਸ ਸਕਦੀ। ਪਰ ਸੀਐੱਸਆਈਐੱਸ ਭਾਰਤ ਦੀਆਂ ਕੈਨੇਡਾ ਵਿੱਚ ਸਰਗਰਮੀਆਂ ਦਾ ਨਿਰੀਖਣ ਅਤੇ ਮੁਲਾਂਕਣ ਕਰ ਰਿਹਾ ਹੈ, ਅਤੇ ਜਿੱਥੇ ਉਹ ਕੈਨੇਡੀਅਨ ਹਿੱਤਾਂ ਲਈ ਨੁਕਸਾਨਦੇਹ ਹੋਣਗੀਆਂ, ਉੱਥੇ ਸਰਕਾਰ ਨੂੰ ਸਲਾਹ ਦੇਵੇਗਾ ਜਾਂ ਕਾਰਵਾਈ ਕਰੇਗਾ।"

ਸਿੱਖ ਫੈਡਰੇਸ਼ਨ ਕੈਨੇਡਾ ਦੇ ਰਾਸ਼ਟਰੀ ਬੁਲਾਰੇ ਮੋਨਿੰਦਰ ਸਿੰਘ ਨੇ ਕਿਹਾ ਕਿ ਆਰਸੀਐੱਮਪੀ ਨੈਸ਼ਨਲਸੁਰੱਖਿਆ ਅਧਿਕਾਰੀਆਂ ਨੇ ਛੇ ਮਹੀਨੇ ਪਹਿਲਾਂ ਉਸ ਨੂੰ ਨਵੀਂ ਡਿਊਟੀ-ਟੂ-ਵਾਰਨ ਨੋਟਿਸ ਨਾਲ ਮਿਲੇ ਅਤੇ ਜਾਨ ਦੇ ਖਤਰੇ ਬਾਰੇ ਦੱਸਿਆ ਸੀ। ਬਲਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਨੂੰ ਆਪਣੀਆਂ ਖੁਫ਼ੀਆ ਕਾਰਵਾਈਆਂ ਬੰਦ ਕਰਨ ਤੇ ਕੈਨੇਡੀਅਨ ਜਾਂਚਕਰਤਾਵਾਂ ਨਾਲ ਸਹਿਯੋਗ ਕਰਨ ਲਈ "ਪੱਕਾ ਵਾਅਦਾ" ਕਰਨਾ ਚਾਹੀਦਾ ਹੈ। ਉਸ ਨੇ ਫੈਡਰਲ ਸਰਕਾਰ ਨੂੰ ਬੇਨਤੀ ਕੀਤੀ ਕਿ ਲਾਰੰਸ ਬਿਸ਼ਨੋਈ ਗਿਰੋਹ ਨੂੰ ਤੁਰੰਤ ਕੈਨੇਡਾ ਦੀ ਅੱਤਵਾਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ, ਜਿਸ ਨੂੰ ਭਾਰਤ ਨੇ ਹਮਲੇ ਕਰਨ ਲਈ ਵਰਤਿਆ ਹੈ। ਖਤਰੇ ਵਾਲੇ ਲੋਕਾਂ ਨੂੰ ਢੁੱਕਵੀਂ ਪੁਲਿਸ ਸੁਰੱਖਿਆ ਵੀ ਦਿੱਤੀ ਜਾਵੇ।"

ਪਿਛਲੇ ਹਫ਼ਤਿਆਂ ਵਿੱਚ, ਗੋਸਲ ਨੇ ਓਟਾਵਾ ਵਿੱਚ 23 ਨਵੰਬਰ ਨੂੰ ਹੋਣ ਵਾਲੇ ਖਾਲਿਸਤਾਨ ਰੈਫ਼ਰੈਂਡਮ ਲਈ ਮੁਹਿੰਮ ਚਲਾਈ ਹੈ। ਗੋਸਲ ਨੂੰ ਪਿਛਲੇ ਨਵੰਬਰ ਵਿੱਚ ਬਰੈਂਪਟਨ ਵਿੱਚ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਝੜਪ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ।

**41 ਸਫ਼ੇ ਦੀ ਬਾਕੀ**

ਇਸ ਕਰਕੇ ਡੈਮ ਉਸਾਰੇ ਗਏ, ਨਹਿਰਾਂ ਕੱਢੀਆਂ ਗਈਆਂ ਗਈਆਂ ਤੇ ਬਿਜਲੀ ਪੈਦਾ ਕਰਨ ਵਾਸਤੇ ਹਾਈਡਲ ਪਰੋਜੈਕਟ ਲਗਾਏ ਗਏ, ਪਰ ਇਹ ਸਭ ਕੁੱਝ ਕਰ ਲੈਣ ਤੋਂ ਬਾਅਦ, ਉਸੇ ਸਮੇਂ ਬਿਨਾ ਕਿਸੇ ਦੇਰੀ ਕੇਂਦਰ ਸਰਕਾਰ ਵਲੋਂ ਇਸ ਦੀ ਯੋਜਨਾਂਬੱਧ ਲੁੱਟ ਸ਼ੁਰੂ ਕਰ ਦਿੱਤੀ ਗਈ। ਸਸਤੀ ਬਿਜਲੀ ਪੰਜਾਬੋਂ ਬਾਹਰ ਦਿੱਲੀ ਤੇ ਹਰਿਆਣੇ ਨੂੰ ਭੇਜੀ ਗਈ, ਪਾਣੀ ਮੁਫਤ ਦੇ ਭਾਅ ਦੂਜੇ ਰਾਜਾਂ ਨੂੰ ਤੇ ਬਰਸਾਤਾਂ ਦੇ ਓਹਲੇ ਹੇਠ ਡੈਮ ਪੰਜਾਬ ਵਿਚ ਹੜ੍ਹ ਲਿਆਉਣ ਲਈ ਵਰਤੇ ਜਾਣ ਲੱਗ ਪਏ।

ਆਰਥਿਕਤਾ ਕਿਸੇ ਵਿਅਕਤੀ, ਰਾਜ ਅਤੇ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ, ਪੰਜਾਬ ਦੀ ਰੀੜ੍ਹ ਦੀ ਹੱਡੀ ਤੋੜਨ ਵਾਸਤੇ ਡੈਮਾਂ ਦੀ ਵਾਰ ਵਾਰ ਵਰਤੋਂ ਕੀਤੀ ਜਾ ਰਹੀ ਹੈ। ਇਸ ਨੁਕਤੇ ਨੂੰ ਅਸੀਂ ਪੰਜਾਬੀ ਜਿੰਨੀ ਜਲਦੀ ਹੁਣ ਸਮਝ ਲਈਏ, ਉਂਨਾ ਹੀ ਚੰਗਾ ਹੈ। ਮੈ ਪਹਿਲਾਂ ਵੀ ਇਸ ਬਾਰੇ ਲਿਖਿਆ ਸੀ ਕਿ ਪੰਜਾਬ ਵਿਚਲੇ ਹੜ੍ਹ ਕੋਈ ਕੁਦਰਤੀ ਕਰੋਪੀ ਜਾਂ ਆਫਤ ਨਹੀਂ, ਇਹ ਤਾਂ ਇਕ ਬਹੁਤ ਹੀ ਸੋਚੀ ਸਮਝੀ ਸ਼ਜਿਸ਼ ਹੈ। ਡੈਮਾਂ ਤੇ ਹਾਈਡਲ ਪਰੋਜੈਕਟਾਂ ਦਾ ਸਮੁੱਚਾ ਪਰਬੰਧ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ, ਇਹਨਾਂ ਉੱਤੇ ਬਹੁ ਗਿਣਤੀ ਅਮਲਾ ਫੈਲਾ ਵੀ ਪੰਜਾਬੋਂ ਬਾਹਰਲੇ ਉਹਨਾਂ ਲੋਕਾਂ ਦਾ ਹੈ, ਜਿਹਨਾਂ ਨੂੰ ਪੰਜਾਬ ਦੇ ਭੂਗੋਲਿਕ ਹਲਾਤਾਂ ਬਾਰੇ ਜਾਣਕਾਰੀ ਹੀ ਨਹੀਂ। ਉਹਨਾਂ ਵਾਸਤੇ ਡੈਮਾਂ ਦੇ ਫਲੱਡ ਗੇਟ ਖੋਹਲਣੇ ਬਹੁਤ ਮਾਮੂਲੀ ਜਿਹੀ ਗੱਲ ਹੈ।

ਚਲੋ ਮੰਨ ਲੈਂਦੇ ਹਾਂ ਕਿ 1955 ਤੇ 1988 ਦੇ ਹੜ੍ਹ ਕੁਦਰਤੀ ਕਰੋਪੀ ਹੋਣਗੇ, ਪਰ ਇਸ ਸਮੇਂ ਹਾਲਾਤ ਉਹ ਨਹੀਂ, ਮੌਸਮ ਦੀ ਪਲ ਪਲ ਦੀ ਅਗਾਊਂ ਜਾਣਕਾਰੀ ਦੇਣ ਵਾਸਤੇ ਉਪ ਗ੍ਰਹਿ ਹਨ, ਮੌਸਮ ਵਿਭਾਗ ਹੈ, ਕਹਿਣ ਦਾ ਭਾਵ ਵਾਤਾਵਰਨ ਵਿਚਲੀ ਹਰ ਨਿੱਕੀ ਤੋਂ ਨਿੱਕੀ ਤਬਦੀਲੀ ਮਾਪੀ ਜਾ ਸਕਦੀ ਹੈ, ਭੁਚਾਲ, ਤੁਫਾਨ, ਸੁਨਾਮੀ ਹੋਵੇ ਜਾਂ ਹੜ੍ਹ, ਇਹਨਾਂ ਦਾ ਸਮਾਂ ਰਹਿੰਦਿਆ ਪਤਾ ਲਗਾਉਣ ਵਾਲੇ ਵਿਗਿਆਨਕ ਯੰਤਰ ਮੌਜੂਦ ਹਨ, ਇਸ ਕਰਕੇ ਕਿਸੇ ਵੀ ਮੁਸ਼ਕਲ ਨਾਲ ਨਿਪਟਣ ਵਾਸਤੇ ਅਗਾਊਂ ਹੀ ਪੁਖਤਾ ਪ੍ਰਬੰਧ ਕੀਤੇ ਜਾ ਸਕਦੇ ਹਨ, ਪਰ ਬਹੁਤ ਦੁੱਖ ਹੈ ਕਿ ਪੰਜਾਬ ਵਿਚ ਪਿਛਲੇ ਪੰਝੀ ਛੱਬੀ ਦਿਨਾਂ ਤੋਂ ਜੋ ਕੁੱਝ ਵਾਪਰ ਰਿਹਾ ਹੈ, ਉਸ ਸੰਬੰਧੀ ਅਹਿਤਿਆਤ ਵਜੋਂ ਕੁੱਝ ਵੀ ਨਹੀਂ ਕੀਤਾ ਗਿਆ।

ਦੱਸਿਆ ਜਾਂਦਾ ਹੈ ਕੇ ਡੈਮਾਂ ਦੇ ਪਾਣੀ ਦਾ ਪੱਧਰ ਹਮੇਸ਼ਾ ਹੀ ਵੀਹ ਤੋਂ ਪੰਝੀ ਫੁੱਟ ਨੀਵਾਂ ਰੱਖਿਆ ਜਾਂਦਾ ਹੈ ਤੇ ਇਹ ਸਤਰ ਮੇਨਟੇਨ ਰੱਖਣ ਵਾਸਤੇ ਡੈਮਾਂ ਵਿਚੋਂ ਦਰਿਆਵਾਂ ਤੇ ਨਹਿਰਾਂ ਵਿੱਚ ਲੋੜ ਮੁਤਾਬਿਕ ਲਗਾਤਾਰ ਪਾਣੀ ਰਿਲੀਜ ਕੀਤਾ ਜਾਂਦਾ ਰਹਿੰਦਾ ਹੈ, ਪਰ ਇਸ ਵਾਰ ਲਗਾਤਾਰ ਪਾਣੀ ਰਿਲੀਜ ਕਰਦੇ ਰਹਿਣ ਦੀ ਬਜਾਏ, ਡੈਮਾਂ ਵਿਚ ਪਾਣੀ ਖਤਰੇ ਦੇ ਨਿਸ਼ਾਨ ਤੱਕ ਪਹਿਲਾਂ ਜਮਾਂ ਕੀਤਾ ਗਿਆ ਤੇ ਫਿਰ ਰਾਤੋ ਰਾਤ ਡੈਮਾਂ ਦੇ ਫਲੱਡ ਗੇਟ ਖੋਹਲ ਦਿੱਤੇ ਗਏ, ਲੋਕਾਂ ਨੂੰ ਫਲੱਡ ਗੇਟ ਖੋਹਲਣ ਬਾਰੇ ਅਗਾਊਂ ਸੂਚਿਤ ਵੀ ਨਹੀਂ ਕੀਤਾ ਗਿਆ।

ਇਸ ਸਾਰੇ ਘਟਨਾ ਕ੍ਰਮ ਤੋਂ ਇਸ ਤਰਾਂ ਲਗਦਾ ਹੈ ਕਿ ਜਿਵੇਂ ਇਹ ਸਾਰਾ ਕੁੱਝ ਬਹੁਤ ਹੀ ਗਿਣੀ ਮਿਥੀ ਸ਼ਜਿਸ ਤਹਿਤ ਕੀਤਾ ਗਿਆ ਹੈ। ਜਿਹੜੀ ਬਹੁਤ ਹੀ ਖਾਸ ਗੱਲ ਇਥੇ ਮੈਂ ਦੱਸਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਇਸ ਹੜ੍ਹ ਨੂੰ ਲੈ ਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਭਭੰਬ) ਉੱਤੇ ਦੇਸ਼ ਦੀ ਸੁਪਰੀਮ ਕੋਰਟ ਵਿਚ ਇਕ ਲੋਕ ਹਿੱਤ ਪੁਟੀਸ਼ਨ ਪਾਈ ਜਾਣੀ ਚਾਹੀਦੀ ਹੈ, ਜਿਸ ਵਿਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਵੀ ਧਿਰ ਬਣਾਇਆ ਜਾਵੇ। ਇਹਨਾਂ ਨੂੰ ਹੜ੍ਹ ਵਾਸਤੇ ਜਿੰਮੇਵਾਰ ਮੰਨਕੇ ਲੋਕਾਂ ਦੇ ਜਾਨ ਮਾਲ ਦੀ ਭਰਪਾਈ ਕਰਾਉਣ ਦਾ ਕੇਸ ਲੜਿਆ ਜਾਵੇ, ਹੜ੍ਹਾਂ ਬਾਰੇ ਡੂੰਘੀ ਪੜਤਾਲ ਕਰਵਾਈ ਜਾਵੇ ਤੇ ਹਰ ਹੜ੍ਹ ਪੀੜਤ ਵਾਸਤੇ ਮੁਆਵਜਾ ਕਲੇਮ ਕੀਤਾ ਜਾਵੇ।

ਇਸ ਤਰਾਂ ਕਰਨ ਨਾਲ ਡੈਮਾਂ ਦੇ ਫਲੱਡ ਗੇਟ ਖੋਹਲਣ ਅਤੇ ਖੁਲਵਾਉਣ ਵਾਲਿਆਂ ਦੀ ਪਾਜ ਵੀ ਖੁਲ੍ਹੇਗੀ, ਉਹਨਾਂ ਨੂੰ ਸਜਾ ਵੀ ਮਿਲ ਸਕੇਗੀ ਤੇ ਅੱਗੋਂ ਤੋਂ ਇਹ ਹਰਕਤ ਕਰਨ ਦੀ ਕੋਈ ਹਿਮਾਕਤ ਵੀ ਨਹੀਂ ਕਰੇਗਾ।

ਸੋ ਇਸ ਹੜ੍ਹ ਨੂੰ ਕੁਦਰਤੀ ਕਰੋਪੀ ਮੰਨਕੇ ਇਥੇ ਹੀ ਗੱਲ ਆਈ ਗਈ ਨਾ ਕੀਤੀ ਜਾਵੇ ਸਗੋਂ ਹੜ੍ਹ ਪੀੜਤਾਂ ਦੀ ਮੱਦਦ ਦੇ ਨਾਲ ਨਾਲ ਹੀ ਇਸ ਦੀ ਕਨੂੰਨੀ ਚਾਰਾਜੋਈ ਵੀ ਕੀਤੀ ਜਾਵੇ। ਪੰਜਾਬ ਦਾ ਹਰ ਪੱਖੋਂ ਇਸ ਵੇਲੇ ਬਹੁਤ ਨੁਕਸਾਨ ਹੋ ਚੁੱਕਾ ਹੈ, ਹੜ੍ਹ ਪੀੜਤਾਂ ਨੂੰ ਪੈਰੀਂ ਆਉਂਦਿਆਂ ਕਰਦਿਆਂ ਚਾਰ ਤੋਂ ਪੰਜ ਸਾਲ ਦਾ ਸਮਾਂ ਵੀ ਲੱਗ ਸਕਦਾ ਹੈ, ਦੂਜੀ ਗੱਲ ਇਹ ਕਿ ਇਹ ਵੀ ਕੋਈ ਗਰੰਟੀ ਨਹੀਂ ਕਿ ਭਵਿੱਖ ਵਿਚ ਇਸ ਤਰਾਂ ਦੁਬਾਰਾ ਨਹੀਂ ਵਾਪਰੇਗਾ।

ਬੇਸ਼ੱਕ ਹਰ ਕੋਈ ਆਪੋ ਆਪਣੇ ਵਿੱਤ ਮੁਜਬ ਇਸ ਵੇਲੇ ਹੜ੍ਹ ਪੀੜਤਾਂ ਦੀ ਮੱਦਦ ਕਰ ਰਿਹਾ ਹੈ, ਉਹਨਾਂ ਦੀ ਜਿੰਦਗੀ ਮੁੜ ਤੋਂ ਲੀਹੇ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਇਸ ਦੇ ਨਾਲ ਭਵਿੱਖ ਵਿਚ ਇਹ ਵੀ ਯਕੀਨੀ ਬਣਾਉਣਾ ਜਰੂਰੀ ਹੈ ਕਿ ਮੁੜ ਇਸ ਤਰਾਂ ਕਦੇ ਨਾ ਵਾਪਰੇ। ਇਸ ਕਰਕੇ ਹੁਣ ਪੱਕੇ ਪੈਰੀਂ ਹੱਥ ਪਾਉਣਾ ਪਊ। ਵੱਡਾ ਨੁਕਤਾ ਏਹੀ ਹੈ ਕਿ ਜਿਹਨਾਂ ਡੈਮਾਂ ਦੀ ਉਸਾਰੀ ਕੀਤੀ ਹੀ ਹੜ੍ਹਾਂ ਨੂੰ ਰੋਕਣ ਵਾਸਤੇ ਸੀ, ਫਿਰ ਅੱਜ ਓਹੀ ਡੈਮ ਹੜਾਂ ਦਾ ਕਾਰਨ ਕਿਓਂ ਬਣ ਰਹੇ ਹਨ ? ਸਾਡੀ ਜਾਨ ਤੇ ਮਾਲ ਦਾ ਖੌਅ ਕਿਓਂ ਬਣੇ ਹੋਏ ਹਨ ?

ਮੁੱਕਦੀ ਗੱਲ ਇਹ ਹੈ ਕਿ ਹੜ੍ਹ ਇਕ ਕੁਦਰਤੀ ਘਟਨਾ ਹੋ ਸਕਦੇ ਹਨ, ਇਹਨਾਂ ਨੂੰ ਅਗਾਊਂ ਢੁਕਵੇਂ ਇੰਤਜਾਮ ਕਰਕੇ ਰੋਕਿਆ ਜਾ ਸਕਦਾ ਹੈ, ਪਰ ਜੇਕਰ ਪੰਜਾਬ ਚ ਆ ਰਹੇ ਹੜ੍ਹਾਂ ਦੇ ਸਾਰੇ ਘਟਨਾ ਕ੍ਰਮ ਨੂੰ ਨੀਝ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਪੰਜਾਬ ਵਿਚ ਹੜ੍ਹ ਕੁਦਰਤੀ ਕਰੋਪੀ ਤੋਂ ਵਧਕੇ ਅਣਮਨੁੱਖੀ ਸਿਆਸਤ ਤੇ ਸਾਜ਼ਿਸ਼ ਦਾ ਨਤੀਜਾ ਹਨ ਤੇ ਇਹ ਉਨਾ ਚਿਰ ਨਹੀਂ ਰੋਕੇ ਜਾ ਸਕਦੇ ਜਿੰਨਾ ਚਿਰ ਪੰਜਾਬੀ ਇਹ ਮੰਨਕੇ ਨਹੀਂ ਚਲਦੇ ਕਿ ਹੜ੍ਹਾਂ ਦੇ ਓਹਲੇ ਹੇਠ ਉਹਨਾਂ ਨੂੰ ਜਾਣ ਬੁਝਕੇ ਕਿਸੇ ਗਹਿਰੀ ਸ਼ਜਿਸ ਤਹਿਤ ਹੜ੍ਹਾਂ ਚ ਡੋਬਿਆ ਜਾ ਰਿਹਾ ਹੈ। ਇਹ ਹੜ੍ਹ ਸਾਡੀ ਹੋਣੀ ਨਹੀਂ ਹੈ ਬਲਕਿ ਸਾਡੀ ਹੋਂਦ ਉੱਤੇ ਇਕ ਬਹੁਤ ਹੀ ਵਿਓਂਤਬੱਧ ਹਮਲਾ ਹੈ। ਇਸ ਨੁਕਤੇ ਨੂੰ ਜਿੰਨੀ ਜਲਦੀ ਸਮਝ ਲਿਆ ਜਾਵੇ, ਓਨਾ ਹੀ ਸਾਡਾ ਭਲਾ ਹੈ।

# ਪਾਠਕਾਂ ਦੇ ਪੱਤਰ

TO. H. S. Mander
Editor, Panjab Times,
24 Cotton Brook Road,
Derby DE23 8YJ. UK.

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼


## ਹਿੰਦੂ-ਸਿੱਖ ਏਕਤਾ ਦਾ ਨਾਅਰਾ ਲਾਉਣ ਵਾਲੀਆਂ ਹਿੰਦੂ ਸੰਸਥਾਵਾਂ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਕਿਉਂ ਨਹੀਂ ਆ ਰਹੀਆਂ

ਸਤਿਕਾਰ ਯੋਗ ਸੰਪਾਦਕ ਜੀਓ

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫਤਹਿ

ਪੰਜਾਬ ਵਿੱਚ ਜਿੱਧਰ ਵੀ ਵੇਖੋ ਆਪਣੀ ਜਾਨ ਜੋਖਮ ਵਿੱਚ ਪਾਕੇ ਹੜ੍ਹ ਪੀੜਤਾਂ ਦੀ ਮਦਦ ਕਰਦੇ ਹੋਏ ਭਾਈ ਘਨ੍ਹਈਆ ਜੀ ਦੇ ਵਾਰਿਸ ਸਿੱਖ ਨੌਜੁਆਨ ਹੀ ਨਜ਼ਰ ਆਉਂਦੇ ਹਨ। ਖ਼ਾਲਸਈ ਨਿਸ਼ਾਨਾਂ ਵਾਲੇ ਟਰੈਕਟਰ, ਟਰਾਲੀਆਂ ਤੇ ਵੱਖ ਵੱਖ ਸਿੱਖ ਸੰਸਥਾਵਾਂ ਹੜ੍ਹ ਪੀੜਤਾਂ ਲਈ ਰਾਸ਼ਨ ਤੇ ਹੋਰ ਲੋੜੀਂਦੀਆਂ ਵਸਤਾਂ ਪਹੁੰਚਾ ਰਹੀਆਂ ਹਨ। ਮੁਸਲਮਾਨ ਵੀਰ ਵੀ ਆਪਣੀ ਸਮਰੱਥਾ ਅਨੁਸਾਰ ਹੜ੍ਹ ਪੀੜਤਾਂ ਦੀ ਮਦਦ ਕਰ ਰਹੇ ਹਨ। ਪਰ ਖਾਕੀ ਨਿੱਕਰਾਂ ਵਾਲੇ ਆਰ.ਐੱਸ.ਐੱਸ. ਦੇ ਹਿੰਦੂ ਸਿਪਾਹੀ ਕਿਧਰੇ ਵੀ ਹੜ੍ਹ ਪੀੜਤਾਂ ਦੀ ਮਦਦ ਕਰਦੇ ਵਿਖਾਈ ਨਹੀਂ ਦਿੰਦੇ। ਹਾਲੇ ਤੱਕ ਕਿਤੇ ਪੜ੍ਹਨ ਸੁਣਨ ਵਿੱਚ ਨਹੀਂ ਆਇਆ ਕਿ ਹਿੰਦੂ ਸੰਸਥਾਵਾਂ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈਆਂ ਹੋਣ। ਭਾਜਪਾ ਨੇ ਸਿਆਸੀ ਲਾਹਾ ਲੈਣ ਲਈ ਕਿਤੇ ਕਿਤੇ ਡਰਾਮਾ ਜਰੂਰ ਕੀਤਾ ਹੈ। ਸੰਤ ਜਰਨੈਲ ਸਿੰਘ ਨੂੰ ਇਕ ਪੱਤਰਕਾਰ ਨੇ ਸੁਆਲ ਕੀਤਾ ਸੀ ਕਿ ਹਿੰਦੂ-ਸਿੱਖਾਂ ਦਾ ਆਪਸੀ ਨਹੁੰ ਮਾਸ ਦਾ ਰਿਸ਼ਤਾ ਹੈ ਤਾਂ ਸੰਤ ਜਰਨੈਲ ਸਿੰਘ ਨੇ ਕਿਹਾ ਸੁਣਿਆ ਤਾਂ ਮੈਂ ਵੀ ਇਹੀ ਹੈ ਕਿਜ਼ ਹਿੰਦੂ ਸਿੱਖਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ, ਪਰ ਤੁਸੀਂ ਇਹ ਦੱਸੋ ਕਿ ਕਦੀ ਪੰਜਾਬ ਦੀਆਂ ਮੰਗਾਂ ਲਈ ਵੈਸ਼ਨੋ ਦੇਵੀ ਤੋਂ ਕੋਈ ਐਜੀਟੇਸ਼ਨ ਚੱਲੀ ਏ? ਕੀ ਕਦੇ ਹਿੰਦੂ ਵੀਰਾਂ ਨੇ ਪੰਜਾਬ ਨਾਲ ਹੁੰਦੇ ਧਕਿਆਂ ਜਾਂ ਵਿਤਕਰਿਆਂ ਦਾ ਵਿਰੋਧ ਕਰਨ ਲਈ ਹਿੰਦੂਆਂ ਦੇ ਜਥੇ ਗ੍ਰਿਫ਼ਤਾਰੀ ਲਈ ਭੇਜੇ? ਜਦੋਂ ਵੀ ਪੰਜਾਬ ਦੇ ਹਿੱਤਾਂ ਲਈ ਮੋਰਚਾ ਲਾਇਆ, ਸਿੱਖਾਂ ਨੇ ਲਾਇਆ। ਹੁਣ ਤੱਕ ਕਈ ਮੋਰਚੇ ਪੰਜਾਬ ਦੇ ਹਿੱਤਾਂ ਲਈ ਲੱਗ ਚੁੱਕੇ ਹਨ। ਕੀ ਕਦੇ ਕਿਸੇ ਹਿੰਦੂ ਵੀਰ ਨੇ ਮੋਰਚਿਆਂ ਜਾਂ ਕੁਰਬਾਨੀ ਕਰਨ ਵਿੱਚ ਕੋਈ ਹਿੱਸਾ ਲਿਆ। ਕੇਵਲ ਅਖ਼ਬਾਰੀ ਬਿਆਨਾਂ ਰਾਹੀਂ ਫੋਕੀ ਹਮਾਇਤ ਨੂੰ ਅਸੀਂ ਕੀ ਕਰੀਏ? ਜੇਕਰ ਉਹ ਨਹੁੰ ਮਾਸ ਦਾ ਰਿਸ਼ਤਾ ਰੱਖਦੇ ਹਨ ਤਾਂ ਸਾਡੇ ਨਾਲ ਮੋਢਾ ਡਾਹਕੇ ਕੇਂਦਰ ਵਿਰੁੱਧ ਲੜਨ: ਤਾਂ ਤੇ ਹੋਈ ਸਾਡੀ ਹਮਾਇਤ। ਅਸੀਂ ਅਖ਼ਬਾਰਾਂ ਵਿੱਚ ਬਿਆਨ ਬਾਜੀ ਵਿੱਚ ਯਕੀਨ ਨਹੀਂ ਰੱਖਦੇ। ਕਥਨੀ ਨਾਲੋਂ ਕੁਝ ਕਰਨਾ ਜਰੂਰੀ ਹੈ। ਜੇਕਰ ਉਹ ਹਮਾਇਤ ਕਰਦੇ ਹਨ ਤਾਂ ਉਹ ਵੀ ਸਾਡੇ ਮੋਰਚੇ ਵਿੱਚ ਸ਼ਾਮਿਲ ਹੋ ਕੇ ਗ੍ਰਿਫ਼ਤਾਰੀਆਂ ਦੇਣ ਕਿਉਂਕਿ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਕੇਵਲ ਸਿੱਖਾਂ ਲਈ ਨਹੀਂ ਸਗੋਂ ਸਮੁੱਚੇ ਪੰਜਾਬੀਆਂ ਲਈ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਉਕਤ ਜੁਆਬ ਸੁਣਕੇ ਪੱਤਰਕਾਰ ਲਾਜੁਆਬ ਹੋ ਗਿਆ ਸੀ। ਅੰਤ ਵਿੱਚ ਸਰਬਜੀਤ ਸਿੰਘ ਘੁਮਾਣ ਦੇ ਸਤੰਬਰ 2023 ਦੇ ਖ਼ਾਲਸਾ ਫ਼ਤਹਿਨਾਮਾ ਵਿੱਚ ਛਪੇ ਇਹ ਲੇਖ ਕਿ, ਪੰਜਾਬੀ ਹਿੰਦੂ, ਪੰਜਾਬ ਦਾ ਕਿਉਂ ਨਹੀਂ ਬਣਦਾ, ਦੀਆਂ ਇਨ੍ਹਾਂ ਕੁਝ ਸਤਰਾਂ ਨਾਲ ਸਮਾਪਤੀ ਕਰਦਾ ਹਾਂ। ਸਰਬਜੀਤ ਸਿੰਘ ਘੁਮਾਣ ਜੀ ਲਿਖਦੇ ਹਨ : ਪੰਜਾਬੀ ਹਿੰਦੂ ਪੰਜਾਬ ਵਿੱਚ ਜਨਮ ਲੈ ਕੇ, ਪੰਜਾਬ ਦਾ ਖਾ ਕੇ, ਪੰਜਾਬ ਤੋਂ ਕਮਾ ਕੇ ਹਮੇਸ਼ਾ ਪੰਜਾਬ ਦੇ ਉਲਟ ਹੀ ਭੁਗਤਦਾ ਹੈ। ਪੰਜਾਬੀ ਹਿੰਦੂ ਦੀ ਵਫ਼ਾਦਾਰੀ ਹਰਿਆਣੇ, ਹਿਮਾਚਲ, ਰਾਜਸਥਾਨ ਤੇ ਸਾਰੇ ਭਾਰਤ ਨਾਲ ਹੈ ਪਰ ਪੰਜਾਬ ਨਾਲ ਨਹੀਂ। ਪੰਜਾਬੀ ਹਿੰਦੂ ਹਮੇਸ਼ਾ ਪੰਜਾਬ ਦੇ ਵਿਰੋਧ ਵਿੱਚ ਹੀ ਡਟਿਆ ਦਿਸੇਗਾ। ਪੰਜਾਬ ਵਿੱਚ ਹੜ੍ਹਾਂ ਨਾ ਸਭ ਤੋਂ ਜ਼ਿਆਦਾ ਨੁਕਸਾਨ ਸਿੱਖ ਕਿਸਾਨਾਂ ਦਾ ਹੀ ਹੋਇਆ ਹੈ, ਦੁਨੀਆਂ ਭਰ ਵਿੱਚ ਵੱਸਦੇ ਸਿੱਖ ਪੰਜਾਬ ਦੇ ਸਿੱਖ ਕਿਸਾਨਾਂ ਦਾ ਦਰਦ ਮਹਿਸੂਸ ਕਰਕੇ ਉਨ੍ਹਾਂ ਨੂੰ ਮਦਦ ਭੇਜ ਰਹੇ ਹਨ। ਪਰ ਪੰਜਾਬ ਦਾ ਹਿੰਦੂ ਚੁੱਪ ਕਿਉਂ ਹੈ? ਇਹ ਵੀ ਇਕ ਬੁਝਾਰਤ ਬਣੀ ਹੋਈ ਹੈ ਕਿ ਹਿੰਦੂ-ਸਿੱਖ ਏਕਤਾ ਦਾ ਨਾਅਰਾ ਲਾਉਣ ਵਾਲੀਆਂ ਹਿੰਦੂ ਸੰਸਥਾਵਾਂ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਕਿਉਂ ਨਹੀਂ ਆ ਰਹੀਆਂ। ਭੁੱਲਾਂ ਚੁੱਕਾਂ ਦੀ ਖਿਮਾਂ



ਗੁਰੂ ਪੰਥ ਦਾ ਦਾਸ

ਜਥੇਦਾਰ ਮਹਿੰਦਰ ਸਿੰਘ


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ


ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**01332 372 851**

**07966 388 388**


# ਪੰਜਾਬ ਵਿੱਚ ਹੜ੍ਹਾਂ ਦੀ ਆਫਤ

ਖ਼ੈਰ ਹੜ੍ਹ ਹਰ ਸਾਲ ਅਕਸਰ ਆਉਂਦੇ ਰਹਿੰਦੇ ਹਨ ਆਉਂਦੇ ਰਹਿਣੇ ਹਨ। ਪਹਿਲਾਂ ਸਰਕਾਰਾਂ ਦਾ ਰੋਲ ਦੇਖੋ, ਭਾਵੇਂ ਸਰਕਾਰ ਹਰ ਤਰ੍ਹਾਂ ਬਿਆਨ ਦੇ ਰਹੀ ਹੈ। ਇਹ ਕੀਤਾ ਉਹ ਕੀਤਾ ਪਰ ਅਖ਼ਬਾਰਾਂ ਵਿੱਚ ਇਸ਼ਤਿਹਾਰ ਤੋਂ ਬਗੈਰ ਜ਼ਿਆਦਾ ਕੁਝ ਨਹੀਂ, ਅਖ਼ਬਾਰਾਂ ਵਿੱਚ ਪੈਸਾ ਜ਼ਿਆਦਾ ਨਸ਼ਟ ਹੋ ਰਿਹਾ ਹੈ, ਪਰ ਸਹੀ ਅਰਥਾਂ ਵਿੱਚ ਜਨਤਾ ਜਾਣਦੀ ਹੈ ਪਹਿਲਾਂ ਚੋਅ ਬਾਕੀ ਜ਼ਿਲ੍ਹਿਆਂ ਦੀ ਗੱਲ ਕਰੀਏ ਦਰਿਆਵਾਂ ਵਾਨ ਵਿੱਚ ਸਹੀ ਅਗਰ ਛੋਅ ਠੀਕ ਤਰੀਕੇ ਨਾਲ ਸਾਫ਼ ਹੋਵੇ ਉਹ ਆਪਣੇ ਕੰਢੇ ਤੋਂ ਪਾਣੀ ਬਾਹਰ ਨਹੀਂ ਜਾ ਸਕਦਾ, ਬਾਕੀ ਰਹੀ ਨਾਲੇ ਜਾਂ ਜੋ ਬੇਈਂ ਵਗੈਰਾ ਹਨ ਪਹਿਲੀ ਗੱਲ ਬੇਈਆਂ ਜਿਤਨੀਆਂ ਹਨ ਜੋ ਸਰਕਾਰ ਵੱਲੋਂ ਸਹੀ ਚੌੜੀਆਂ ਹਨ ਅਗਰ 18 ਜਾਂ 20 ਫੁੱਟ ਚੌੜੀ ਬੇਈਂ ਹੈ ਤਾਂ ਲੋਕਾਂ ਨੇ ਮਸੀਂ 8-10 ਫੁੱਟ ਚੌੜੀ ਛੱਡੀ ਹੈ ਆਲੇ ਦੁਆਲੇ ਜਾਂ ਤਾਂ ਮਕਾਨ ਬਣਾ ਲਏ ਹਨ, ਨਹੀਂ ਤਾਂ ਵਾਹ ਲਈ, ਫਿਰ ਉਸ ਵਿੱਚ ਜ਼ਿਆਦਾ ਕੂੜਾ ਕਰਕਟ ਹੁੰਦਾ ਹੈ, ਹਰ ਪਿੰਡ ਵਾਸੀ ਜਿਥੇ ਬੇਈਂ ਹੈ ਸੁੱਟਦਾ ਰਹਿੰਦਾ ਹੈ ਸਾਫ ਕਰਨ ਵਾਲਾ ਕੋਈ ਕਹਿ ਜਰੂਰ ਦਿੰਦੇ ਕੁਝ ਚਿਰ ਚਿੱਕੜ ਕੱਢਣ ਵਾਲੇ ਆਉਂਦੇ ਭੀ ਜਰੂਰ ਹਨ ਪਰ ਲੋੜ ਮੁਤਾਬਕ ਸਫਾਈ ਨਹੀਂ ਹੁੰਦੀ, ਸਿਰਫ਼ ਨਾ ਮਾਤਰ ਹੀ ਸਫਾਈ ਹੁੰਦੀ ਹੈ। ਫਿਰ ਪਾਣੀ ਕੀ ਕਰੇ ਉਸ ਨੇ ਵੱਗਣਾ ਹੈ। ਬੇਈਂ ਦੀ ਹੱਦ ਟੱਪ ਜਾਂਦੀਆਂ ਹਨ ਫਿਰ ਪਾਣੀ ਘਰਾਂ ਵਿੱਚ ਜਾਊ ਜਾਂ ਫਿਰ ਹਵੇਲੀ ਵਿੱਚ, ਅਗਰ ਸਹੀ ਸਫਾਈ ਹੋਵੇ ਇਸ ਤਰ੍ਹਾਂ ਨਹੀਂ ਹੋ ਸਕਦਾ। ਜ਼ਿਆਦਾ ਨੁਕਸਾਨ ਪਿੰਡਾਂ ਦਾ ਇਸ ਨਾਲ ਹੋਇਆ, ਕਾਲੀ ਬੇਈਂ ਹੈ ਜੋ ਜਿਹੜੀ ਵੀ ਸਹੀ ਸਫਾਈ ਨਹੀਂ ਕੀਤੀ। ਸਿਰਫ਼ ਪੈਸੇ ਇਤਨੇ ਆਏ ਇਤਨੇ ਗਏ ਸਿਰਫ ਹੁਣ ਦੀ ਸਰਕਾਰ ਨੂੰ ਦੋਸ਼ ਨਾ ਦੇਵੋ, ਹਰ ਸਰਕਾਰ ਵੇਲੇ ਇਹੋ ਕੁਝ ਹੁੰਦਾ ਹੈ। ਇਸ ਸਾਲ ਬਾਰਸ਼ਾਂ ਹੱਦ ਤੋਂ ਜ਼ਿਆਦਾ ਹੋਈਆਂ ਹਨ ਇਸ ਕਰਕੇ ਨੁਕਸਾਨ ਜ਼ਿਆਦਾ ਹੈ। ਬੱਸ ਮਨਿਸਟਰ ਆਏ ਬਿਆਨਬਾਜੀ ਕਰਕੇ ਚਲੇ ਗਏ, ਹੜ੍ਹ ਤਾਂ ਆਏ ਜਿਹੜੀ ਮਿੱਟੀ ਜਾਂ ਰੇਤਾ ਪੁੱਟਦੇ ਹਨ ਨਜਾਇਜ਼ ਇਸ ਕਰਕੇ ਆਏ। ਖ਼ੈਰ ਰੇਤਾ ਜ਼ਿਆਦਾ ਵਿੱਚੋਂ ਦਰਿਆ ਦੇ ਚੁੱਕ ਹੁੰਦੀ, ਫਿਰ ਉਹ ਖ਼ੂਹ ਬਣਦੇ ਹਨ ਹੜ੍ਹ ਦਾ ਜ਼ਿਆਦਾ ਕਾਰਨ ਨਹੀਂ ਬਣ ਸਕਦੇ ਪਰ ਬਹਾਨਾ ਜਰੂਰ ਹੈ ਫਿਰ ਸਰਕਾਰ ਨੇ 2023 ਦੇ ਹੜ੍ਹ ਦੀ ਮਾਰ ਦੇ ਪੈਸੇ ਹਾਲੇ ਤੀਕਰ ਨਹੀਂ ਦਿੱਤੇ, ਇਹ ਕਿਸਾਨ ਦੱਸਦੇ ਹਨ ਹੋਰ ਨਹੀਂ ਪਰ ਦੇਖੋ ਹਰ ਭੈਣ-ਭਰਾ, ਕਲਾਕਾਰ ਹੈ ਅਫਸਰ ਮੋਢੇ ਨਾਲ ਮੋਢਾ ਜੋੜ ਕੇ ਖੜ੍ਹ ਗਏ ਹਨ ਜਿਤਨੀ ਹਿੰਮਤ ਸੀ ਉਸ ਤੋਂ ਵੱਧ ਸਹਾਇਤਾ ਕਰ ਰਹੇ ਹਨ, ਮੌਕੇ 'ਤੇ ਜਾਂਦੇ ਡੰਗਰਾਂ ਦਾ ਚਾਰਾ food ਹੈ ਜਿਸ ਚੀਜ਼ ਦੀ ਜਰੂਰਤ ਹੈ ਦੇ ਰਹੇ ਹਨ, ਇਹ ਪੰਜਾਬੀ ਜਿਨ੍ਹਾਂ ਨੇ ਦੂਸਰੇ ਦੇ ਦੁੱਖ ਨੂੰ ਆਪਣਾ ਦੁੱਖ ਜਾਣ ਕੇ ਬੱਚੇ ਤੋਂ ਲੈ ਬੁੱਢੀਆਂ ਬੁੱਢੇ old man-woman ਜਿਵੇਂ ਤਿੰਨ ਚਾਰ ਚਾਰ ਫੁੱਟ ਪਾਣੀ ਵਿੱਚ ਜਾ ਕੇ ਬੰਨ ਬਣਾ ਰਹੇ ਹਨ, ਹਰ ਇਕ ਇਹ ਸਮਝ ਰਿਹਾ ਹੈ ਕਿ ਇਹ ਮੇਰਾ ਦੁੱਖ ਹੈ ਹਰ ਦਾ ਸਹਾਰਾ ਬਣ ਰਹੇ ਹਨ, ਅਕਸਰ ਪੰਜਾਬੀ ਹੋਣ ਦਾ ਸਬੂਤ ਹੈ।



ਗਲਤੀ ਮੁਆਫ਼-K.Singh Jogi

## ਚਾਰਲੀ ਕਿਰਕ ਦੀ ਹੱਤਿਆ ਦੇ ਮਾਮਲੇ ਵਿੱਚ ਗ੍ਰਿਫਤਾਰ ਸ਼ੱਕੀ ਜਾਂਚ ਵਿੱਚ ਨਹੀਂ ਕਰ ਰਿਹਾ ਸਹਿਯੋਗ-ਗਵਰਨਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਉਟਾਹ ਦੇ ਗਵਰਨਰ ਸਪੈਨਸਰ ਕਾਕਸ ਨੇ ਕਿਹਾ ਹੈ ਕਿ ਕੰਜਰਵੇਟਿਵ ਕਾਰਕੁੰਨ ਚਾਰਲੀ ਕਿਰਕ ਦੀ ਹੱਤਿਆ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸ਼ੱਕੀ ਟਾਇਲਰ ਰਾਬਿਨਸਨ ਜਾਂਚ ਵਿੱਚ ਐਫ ਬੀ ਆਈ ਨਾਲ ਸਹਿਯੋਗ ਨਹੀਂ ਕਰ ਰਿਹਾ ਪਰੰਤੂ ਉਸ ਨਾਲ ਜੁੜੇ ਲੋਕ ਸਹਿਯੋਗ ਕਰ ਰਹੇ ਹਨ। ਸਹਿਯੋਗ ਕਰਨ ਵਾਲਿਆਂ ਵਿੱਚ ਰਾਬਿਨਸਨ ਦੀ ਸਹੇਲੀ ਵੀ ਸ਼ਾਮਿਲ ਹੈ ਜਿਸ ਨਾਲ 22 ਸਾਲਾ ਰਾਬਿਨਸਨ ਰਹਿੰਦਾ ਸੀ। ਗਵਰਨਰ ਨੇ ਹੋਰ ਕਿਹਾ ਹੈ ਕਿ ਸ਼ੱਕੀ ਵਿਰੁੱਧ ਰਸਮੀ ਦੋਸ਼ ਮੰਗਲਵਾਰ ਨੂੰ ਲਾਏ ਜਾਣਗੇ। ਕਾਕਸ ਅਨੁਸਾਰ ਰਾਬਿਨਸਨ ਦੇ ਨੇੜਲੇ ਲੋਕਾਂ ਵੱਲੋਂ ਸਹਿਯੋਗ ਕਰਨਾ ਮਹੱਤਵਪੂਰਨ ਹੈ। ਇਸ ਮਾਮਲੇ ਵਿਚ ਉਸ ਦੇ ਨਜ਼ਦੀਕੀਆਂ ਦਾ ਸਹਿਯੋਗ ਫੈਸਲਾਕੁੰਨ ਸਾਬਤ ਹੋਵੇਗਾ। ਕਾਕਸ ਨੇ ਹੋਰ ਕਿਹਾ ਕਿ ਰਾਬਿਨਸਨ ਦਾ ਪਾਲਣ ਪੋਸਣ ਧਾਰਮਿਕ ਮਾਪਿਆਂ ਦੁਆਰਾ ਕੀਤਾ ਗਿਆ ਪਰੰਤੂ ਉਸ ਦੀ ਵਿਚਾਰਧਾਰਾ ਆਪਣੇ ਮਾਪਿਆਂ ਨਾਲੋਂ ਬਹੁਤ ਵੱਖਰੀ ਹੈ। ਗਵਰਨਰ ਨੇ ਵੱਖਰੀ ਵਿਚਾਰਧਾਰਾ ਬਾਰੇ ਹੋਰ ਵਿਸਥਾਰ ਨਹੀਂ ਦਿੱਤਾ। ਪਿਛਲੇ ਹਫਤੇ ਉਟਾਹ ਕਾਲਜ ਕੈਂਪਸ ਵਿੱਚ ਕਿਰਕ ਦੀ ਹੋਈ ਹੱਤਿਆ ਨੇ ਕੌਮੀ ਪੱਧਰ 'ਤੇ ਰਾਜਸੀ ਹਿੰਸਾ ਦੇ ਮੁੱਦੇ 'ਤੇ ਬਹਿਸ ਛੇੜ ਦਿੱਤੀ ਹੈ। ਆਉਣ ਵਾਲੇ ਸਮੇ ਵਿੱਚ ਵੀ ਇਹ ਮੁੱਦਾ



ਚਾਰਲੀ ਕਿਰਕ ਟਾਇਲਰ ਰਾਬਿਨਸਨ

ਗਰਮਾਇਆ ਰਹਿਣ ਦੀ ਸੰਭਾਵਨਾ ਹੈ। ਉਧਰ ਕੈਨੇਡੀ ਸੈਂਟਰ ਵਾਸ਼ਿੰਗਟਨ ਵਿੱਚ ਕਿਰਕ ਦੇ ਆਖਰੀ ਦਰਸ਼ਨਾਂ ਲਈ ਭਾਰੀ ਭੀੜ ਇਕੱਠੀ ਹੋਈ। ਕੁਝ ਨੇ ਆਪਣੀਆਂ ਟੋਪੀਆਂ ਤੇ ਟੀ ਸ਼ਰਟਾਂ ਉਪਰ 'ਮੇਕ ਅਮੈਰਿਕਾ ਗਰੇਟ ਅਗੇਨ' ਵਰਗੇ ਵੰਨ ਸਵੰਨੇ ਨਾਅਰੇ ਲਿਖੇ ਹੋਏ ਸਨ। ਕੈਨੇਡੀ ਸੈਂਟਰ ਦੇ ਬਾਹਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਕਿਰਕ ਦੀ ਮੌਤ ਉਪਰ ਸੋਗ ਮਨਾ ਰਹੇ ਲੋਕਾਂ ਦਾ ਮੰਨਣਾ ਹੈ ਕਿ ਕਿਰਕ ਦੀ ਮੌਤ ਇੱਕ 'ਟਰਨਿੰਗ ਪੁਆਇੰਟ' ਸਾਬਤ ਹੋਵੇਗੀ। ਕੁਝ ਲੋਕ ਤਾਂ ਇਹ ਵੀ ਮੰਨਦੇ ਹਨ ਕਿ ਜੇਕਰ ਕਿਰਕ ਵਰਗੇ ਲੋਕ ਰਿਪਬਲੀਕਨ ਪਾਰਟੀ ਵਿੱਚ ਨਾ ਹੁੰਦੇ ਤਾਂ ਡੋਨਲਡ ਟਰੰਪ ਲਈ ਸੱਤਾ ਉਪਰ ਆਉਣਾ ਅਸੰਭਵ ਸੀ।

# ਮਾਇਆਵਤੀ ਬਸਪਾ ਦੀ ਮਜਬੂਤੀ ਲਈ ਹੋਈ ਸਰਗਰਮ

## ✪ ਬਸਪਾ ਕਾਂਸ਼ੀ ਰਾਮ ਦੀ ਵਿਰਾਸਤ ਨੂੰ ਤਿਆਗਕੇ ਨਿਘਰੀ, ਚੰਦਰ ਸ਼ੇਖਰ ਬਸਪਾ ਲਈ ਚੈਲਿੰਜ ✪ ਬਿਹਾਰ ਚੋਣਾਂ ਦੌਰਾਨ ਬਸਪਾ ਦੀ ਨਵੀਂ ਰਣਨੀਤੀ ਘੜੀ, ਕੀ ਭਾਜਪਾ ਨਾਲ ਹੋਵੇਗਾ ਸਮਝੌਤਾ ? ✪ ਕੀ ਪੰਜਾਬ ਵਿਚ ਬਸਪਾ ਮਜ਼ਬੂਤ ਹੋਵੇਗੀ ?

### ਨਿਊਜ ਵਿਸ਼ਲੇਸ਼ਣ

ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਪਾਰਟੀ ਨੂੰ ਲਗਾਤਾਰ ਚੋਣ ਹਾਰਾਂ ਤੋਂ ਬਾਅਦ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਪੂਰਾ ਜ਼ੋਰ ਲਾ ਰਹੀ ਹੈ। 2022 ਦੀਆਂ ਵਿਧਾਨ ਸਭਾ ਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਫੇਲ ਹੋਣ ਮਗਰੋਂ ਬਸਪਾ ਦੀ ਹਾਲਤ ਬਹੁਤ ਮਾੜੀ ਹੋ ਗਈ। ਉੱਤਰ ਪ੍ਰਦੇਸ਼ ਵਿਚ ਪਾਰਟੀ ਨੂੰ ਸਿਰਫ 9 ਫੀਸਦੀ ਵੋਟਾਂ ਮਿਲੀਆਂ ਤੇ ਇੱਕ ਵੀ ਸੀਟ ਨਾ ਜਿੱਤੀ। ਜਨਤਾ ਦਾ ਮੰਨਣਾ ਸੀ ਕਿ ਜੇਕਰ ਹਾਲਾਤ ਅਜਿਹੇ ਰਹੇ ਤਾਂ ਬਸਪਾ ਦਾ ਨਾਮੋ-ਨਿਸ਼ਾਨ ਮਿੱਟ ਜਾਏਗਾ। ਉੱਤੋਂ ਚੰਦਰਸ਼ੇਖਰ ਆਜ਼ਾਦ ਨੇ ਆਜ਼ਾਦ ਸਮਾਜ ਪਾਰਟੀ ਬਣਾ ਕੇ ਬਸਪਾ ਦੇ ਵੋਟਰਾਂ ਤੇ ਬਾਬੂ ਕਾਂਸ਼ੀ ਰਾਮ ਦੀ ਵਿਰਾਸਤ ਉਪਰ ਹੱਕ ਜਮਾ ਲਿਆ। ਆਜ਼ਾਦ ਨੇ ਆਪਣੀ ਪਾਰਟੀ ਦੀ ਟਿਕਟ 'ਤੇ ਲੋਕ ਸਭਾ ਸੀਟ ਜਿੱਤ ਲਈ, ਜਦੋਂਕਿ ਬਸਪਾ ਦੇ ਹੱਥ ਕੁਝ ਨਾ ਲੱਗਾ।

ਹੁਣ ਮਾਇਆਵਤੀ ਨੇ ਪਾਰਟੀ ਨੂੰ ਇਕਜੁਟ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਲੰਮੇ ਅਰਸੇ ਮਗਰੋਂ 9 ਅਕਤੂਬਰ ਨੂੰ ਕਾਂਸ਼ੀ ਰਾਮ ਦੀ ਬਰਸੀ 'ਤੇ ਲਖਨਊ ਵਿਚ ਵੱਡਾ ਪ੍ਰੋਗਰਾਮ ਕਰਕੇ ਪਾਰਟੀ ਦੀ ਤਾਕਤ ਵਿਖਾਏਗੀ।



ਮਾਇਆਵਤੀ ਦੀ ਰਣਨੀਤੀ ਸਪੱਸ਼ਟ ਹੈ - ਪਾਰਟੀ ਨੂੰ ਅੰਦਰੋਂ ਮਜ਼ਬੂਤ ਕਰੋ ਪੁਰਾਣੇ ਵੋਟਰ ਵਾਪਸ ਲਿਆਉ। ਉਨ੍ਹਾਂ ਨੇ ਆਪਣੇ ਭਤੀਜੇ ਆਕਾਸ਼ ਆਨੰਦ ਨੂੰ ਮੁੜ ਰਾਸ਼ਟਰੀ ਕੋਆਰਡੀਨੇਟਰ ਬਣਾ ਦਿੱਤਾ, ਜਿਸ ਨਾਲ ਨੌਜਵਾਨ ਆਗੂਆਂ ਵਿਚ ਜੋਸ਼ ਵਧਿਆ ਹੈ। ਆਕਾਸ਼ ਦੇ ਸਹੁਰੇ ਤੇ ਸਾਬਕਾ ਰਾਜ ਸਭਾ ਮੈਂਬਰ ਸਿਧਾਰਥ ਅਸ਼ੋਕ ਵੀ ਪਾਰਟੀ ਵਿਚ ਮੁੜ ਸ਼ਾਮਲ ਹੋ ਗਏ।

ਇਹ ਸਭ ਪਾਰਟੀ 'ਚ ਵਿਸ਼ਵਾਸ ਜਗਾਉਣ ਦੀਆਂ ਕੋਸ਼ਿਸ਼ਾਂ ਹਨ। ਮਾਇਆਵਤੀ ਨੇ ਬਿਹਾਰ ਦੀਆਂ ਚੋਣਾਂ ਪੂਰੇ ਦਮ ਨਾਲ ਲੜਨ ਦਾ ਐਲਾਨ ਕੀਤਾ ਹੈ। ਬਿਹਾਰ 'ਚ ਬਸਪਾ 243 ਸੀਟਾਂ 'ਤੇ ਲੜੇਗੀ, ਤੇ ਰਾਸ਼ਟਰੀ ਸੰਯੋਜਕ ਰਾਮਜੀ ਗੌਤਮ ਨੇ ਆਖਿਆ ਕਿ ਬਸਪਾ ਦੇ ਸਮਰਥਨ ਬਿਨਾਂ ਕੋਈ ਸਰਕਾਰ ਨਹੀਂ ਬਣ ਸਕੇਗੀ।

ਪਰ ਕੁਝ ਰਾਜਨੀਤਕ ਮਾਹਿਰਾਂ ਮੁਤਾਬਕ, ਬਿਹਾਰ ਵਿਚ ਬਸਪਾ ਭਾਜਪਾ ਦੇ ਹੱਕ ਵਿਚ ਵੀ ਕੰਮ ਕਰ ਸਕਦੀ ਹੈ, ਕਿਉਂਕਿ ਭਾਜਪਾ ਸਮਝਦੀ ਹੈ ਕਿ ਰਾਸ਼ਟਰੀ ਜਨਤਾ ਦਲ ਵੱਲ ਜਾਂਦੀ ਦਲਿਤ ਵੋਟ ਨੂੰ ਬਸਪਾ ਖਿੱਚ ਸਕਦੀ ਹੈ। ਇਹ ਰਣਨੀਤੀ ਗੁਪਤ ਸਮਝੌਤੇ ਵਰਗੀ ਜਾਪਦੀ ਹੈ, ਜੋ ਬਸਪਾ ਨੂੰ ਵੀ ਫਾਇਦਾ ਪਹੁੰਚਾ ਸਕਦੀ ਹੈ।

ਬੀਬੀ ਮਾਇਆਵਤੀ ਦੀ ਆਪਣੀ ਨੀਤੀ ਕਾਂਸ਼ੀ ਰਾਮ ਦੀ ਨੀਤੀ ਨਾਲੋਂ ਵੱਖਰੀ ਹੈ, ਜਿਸ ਕਾਰਨ ਪਾਰਟੀ ਨੂੰ ਝਟਕੇ ਲੱਗੇ ਹਨ। ਕਾਂਸ਼ੀ ਰਾਮ ਨੇ ਬਸਪਾ ਨੂੰ ਇੱਕ ਅੰਦੋਲਨ ਵਜੋਂ ਖੜ੍ਹਾ ਕੀਤਾ ਸੀ ਜੋ ਕਿ ਦਲਿਤ, ਪਛੜੇ ਤੇ ਘੱਟ-ਗਿਣਤੀਆਂ ਦਾ ਗਠਜੋੜ ਸੀ,ਜਿਸ ਦਾ ਮਨੋਰਥ ਗਰੀਬੀ ਅਤੇ ਬੇਇਨਸਾਫੀ ਨਾਲ ਜੂਝਣਾ ਸੀ। ਉਨ੍ਹਾਂ ਨੇ ਪਾਰਟੀ ਨੂੰ ਫੌਜ ਵਰਗੀ ਤਰਤੀਬ ਨਾਲ ਬਣਾਇਆ।

ਬੀਬੀਮਾਇਆਵਤੀ ਨੇ ਇਸ ਨੂੰ ਅੱਗੇ ਵਧਾਇਆ, ਪਰ 2007 ਵਿਚ ਬ੍ਰਾਹਮਣ ਵੋਟਰਾਂ ਨੂੰ ਜੋੜ ਕੇ ਸਰਕਾਰ ਬਣਾਈ। ਇਹ ਗਠਜੋੜ ਕਾਂਸ਼ੀ ਰਾਮ ਦੀ ਬਹੁਜਨ ਸੋਚ ਨਾਲੋਂ ਵੱਖ ਸੀ। ਇਸ ਨੀਤੀ ਨਾਲ ਬਹੁਜਨ ਆਗੂ ਪਾਰਟੀ ਨਾਲੋਂ ਅਲੱਗ ਹੋ ਗਏ। ਕੇਡਰ ਖੁਰ ਗਿਆ। ਇਸ ਵੱਖਰੀ ਸੋਚ ਨੇ ਬਸਪਾ ਨੂੰ ਮੁਲਕ ਪੱਧਰ 'ਤੇ ਕਮਜ਼ੋਰ ਕੀਤਾ, ਜਦੋਂਕਿ ਕਾਂਸ਼ੀ ਰਾਮ ਦੇ ਸਮੇਂ ਪਿੰਡਾਂ 'ਵਿਚ ਪਾਰਟੀ ਦੀ ਜੜ੍ਹ ਮਜ਼ਬੂਤ ਸੀ।


ਹੁਣ ਮਾਇਆਵਤੀ ਕਾਂਸ਼ੀ ਰਾਮ ਦੇ ਰਾਹ 'ਤੇ ਮੁੜਨ ਦੀ ਕੋਸ਼ਿਸ਼ 'ਚ ਹਨ। ਉਨ੍ਹਾਂ ਨੇ 59 ਪੰਨਿਆਂ ਦੀ ਇੱਕ ਪੰਫਲਿਟ ਜਾਰੀ ਕੀਤਾ ਹੈ, ਜਿਸ ਵਿਚ ਪਾਰਟੀ ਦੀ ਅਗਲੀ ਰਣਨੀਤੀ ਦੱਸੀ ਗਈ। ਇਸ ਵਿਚ ਬ੍ਰਾਹਮਣ ਵੋਟਰਾਂ ਨੂੰ ਜੋੜਨ ਦੀ ਅਪੀਲ ਹੈ, ਤੇ ਸਮਾਜਵਾਦੀ ਪਾਰਟੀ, ਕਾਂਗਰਸ ਤੇ ਭਾਜਪਾ ਨੂੰ ਬਹੁਜਨ ਵਿਰੋਧੀ ਆਖਿਆ ਹੈ। ਉਨ੍ਹਾਂ ਨੇ ਈਵੀਐਮ ਨੂੰ ਧੋਖਾ ਦੱਸ ਕੇ ਪੇਪਰ ਬੈਲਟ ਵਾਪਸ ਲਿਆਉਣ ਦੀ ਮੰਗ ਵੀ ਚੁੱਕੀ। ਇਹ ਸਭ ਬਹੁਜਨ ਵੋਟਰਾਂ ਨੂੰ ਵਾਪਸ ਖਿੱਚਣ ਦੀ ਕੋਸ਼ਿਸ਼ ਹੈ, ਪਰ ਚੰਦਰਸ਼ੇਖਰ ਵਰਗੇ ਆਗੂ ਬਸਪਾ ਦੀ ਰਾਜਨੀਤੀ ਲਈ ਚੈਲਿੰਜ ਹਨ। 9 ਅਕਤੂਬਰ ਦੀ ਲਖਨਊ ਰੈਲੀ ਨਾਲ ਬਸਪਾ ਨੂੰ ਨਵਾਂ ਜੋਸ਼ ਮਿਲੇਗਾ, ਜਿੱਥੇ ਆਕਾਸ਼ ਆਨੰਦ ਮੁੱਖ ਰੋਲ ਵਿਚ ਹੋਵੇਗਾ।

ਪੰਜਾਬ ਵਿਚ ਬਸਪਾ ਨੂੰ ਮੁੜ ਮਜ਼ਬੂਤ ਕਰਨਾ ਵੀ ਵੱਡੀ ਚੁਣੌਤੀ ਹੈ। ਪੰਜਾਬ ਵਿਚ ਬਸਪਾ ਦਾ ਵੋਟ ਬੈਂਕ 6 ਫੀਸਦੀ ਹੈ, ਜੋ ਜ਼ਿਆਦਾਤਰ ਦਲਿਤਾਂ ਤੋਂ ਆਉਂਦਾ ਹੈ। 2022 ਵਿਚ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਨੇ ਦਲਿਤ ਵੋਟਰ ਖੋਹ ਲਏ, ਪਰ 2027 ਦੀਆਂ ਚੋਣਾਂ ਲਈ ਬਸਪਾ ਨੂੰ ਨਵੀਂ ਸੋਚ ਅਪਣਾਉਣੀ ਪਵੇਗੀ। ਮਾਇਆਵਤੀ ਨੂੰ ਪਿੰਡਾਂ-ਪਿੰਡਾਂ, ਘਰਾਂ-ਘਰਾਂ ਵਿਚ ਜਾ ਕੇ ਮੁਹਿੰਮ ਚਲਾਉਣੀ ਪਵੇਗੀ, ਜਿਵੇਂ 2016 ਵਿਚ 'ਪਿੰਡ ਪਿੰਡ ਚਲੋ, ਘਰ ਘਰ ਚਲੋ' ਨਾਲ ਕੀਤਾ ਸੀ। ਉਸ ਮੁਹਿੰਮ 'ਚ 'ਪੰਜਾਬ ਬਚਾਓ, ਬਸਪਾ ਲਿਆਓ' ਦੇ ਨਾਅਰੇ ਨਾਲ 29 ਮਿਲੀਅਨ ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਹੋਈ ਸੀ। ਹੁਣ ਆਕਾਸ਼ ਆਨੰਦ ਨੂੰ ਨੌਜਵਾਨਾਂ ਨੂੰ ਜੋੜਨ ਲਈ ਭੇਜਣਾ ਪਵੇਗਾ। ਸ਼੍ਰੋਮਣੀ ਅਕਾਲੀ ਦਲ ਨਾਲ ਪੁਰਾਣੇ ਸਮਝੌਤੇ ਨੂੰ ਮੁੜ ਜੋੜਿਆ ਜਾ ਸਕਦਾ ਹੈ, ਜਿਵੇਂ 2022 ਵਿਚ ਹੋਇਆ ਸੀ। ਦਲਿਤਾਂ ਨੂੰ ਖੇਤੀ ਕਾਨੂੰਨਾਂ, ਨੌਕਰੀਆਂ 'ਚ ਰਾਖਵਾਂਕਰਨ ਤੇ ਸਮਾਜਿਕ ਮਸਲਿਆਂ 'ਤੇ ਜਾਗਰੂਕ ਕਰਨਾ ਜ਼ਰੂਰੀ ਹੈ। ਸਥਾਨਕ ਆਗੂਆਂ ਨੂੰ ਮਜ਼ਬੂਤ ਕਰਕੇ ਆਪ ਤੇ ਕਾਂਗਰਸ ਨਾਲ ਵੋਟ ਵੰਡ ਨੂੰ ਰੋਕਣਾ ਹੋਵੇਗਾ। ਜੇ ਇਹ ਸੋਚ ਅਪਨਾਈ ਤਾਂ ਬਸਪਾ ਪੰਜਾਬ ਵਿਚ 10-15 ਸੀਟਾਂ ਤੱਕ ਜਿੱਤ ਸਕਦੀ ਹੈ।

ਅੰਤ ਵਿਚ, ਮਾਇਆਵਤੀ ਦੀਆਂ ਕੋਸ਼ਿਸ਼ਾਂ ਨਾਲ ਬਸਪਾ ਮੁੜ ਜਾਗ ਸਕਦੀ ਹੈ, ਪਰ ਨਤੀਜੇ ਚੋਣਾਂ ਵਿਚ ਹੀ ਸਾਹਮਣੇ ਆਉਣਗੇ। ਬਿਹਾਰ ਤੇ ਪੰਜਾਬ ਵਿਚ ਮਜ਼ਬੂਤ ਸੋਚ ਤੇ ਸਮਝੌਤਿਆਂ ਨਾਲ ਪਾਰਟੀ ਮੁੜ ਉਭਰ ਸਕਦੀ ਹੈ।

## ਕੋਕੀਨ ਪੀਕੇ ਪੰਜਾਬੀ ਨੇ ਬ੍ਰਿਟੇਨ ਵਿਚ ਆਪਣੀ ਮਾਂ ਦਾ ਕੀਤਾ ਕਤਲ

ਲੰਡਨ-ਬਰਤਾਨੀਆ ਵਿਚ ਬਰਮਿੰਘਮ ਕ੍ਰਾਊਨ ਕੋਰਟ ਨੇ ਬੀਤੇ ਦਿਨੀਂ ਮਾਂ ਦਾ ਕਤਲ ਕਰਨ ਵਾਲੇ ਭਾਰਤੀ ਮੂਲ ਦੇ ਸ਼ਖ਼ਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।



ਅਦਾਲਤ ਨੇ ਇਸ ਦੇ ਨਾਲ ਹੀ ਕਿਹਾ ਕਿ ਉਸ ਨੂੰ ਪੈਰੋਲ ਦੇਣ ਤੋਂ ਪਹਿਲਾਂ ਘੱਟ ਤੋਂ ਘੱਟ 15 ਸਾਲ ਦੀ ਜੇਲ੍ਹ ਦੀ ਕੈਦ ਕੱਟਣੀ ਪਵੇਗੀ। ਵੈਸਟ ਮਿਡਲੈਂਡਸ ਪੁਲਿਸ ਦੇ ਡਿਟੈਕਟਿਵ ਇੰਸਪੈਕਟਰ ਨਿਕ ਬਾਰਨਸ ਨੇ ਕਿਹਾ ਕਿ ਇਸ ਕਤਲ ਨੇ ਇਕ ਪਰਿਵਾਰ ਤੋੜ ਦਿੱਤਾ ਹੈ। ਸੁਰਜੀਤ ਸਿੰਘ ਬਰਮਿੰਘਮ ਦੇ ਸੋਹੋ ਇਲਾਕੇ ਵਿਚ ਆਪਣੀ 76 ਸਾਲਾ ਮਾਂ ਮਹਿੰਦਰ ਕੌਰ ਨਾਲ ਰਹਿ ਰਿਹਾ ਸੀ। ਕਤਲ ਦੀ ਘਟਨਾ ਪਿਛਲੇ ਸਾਲ ਸਤੰਬਰ ਦੀ ਹੈ। ਨਸ਼ੇ ਦੀ ਹਾਲਤ 'ਚ ਸੁਰਜੀਤ ਘਰ ਪੁੱਜਾ ਸੀ। ਜਦੋਂ ਉਸ ਦੀ ਮਾਂ ਨੇ ਉਸ ਨੂੰ ਟੋਕਿਆ ਤਾਂ ਉਸ ਨੇ ਆਪਣਾ ਆਪ ਗੁਆ ਦਿੱਤਾ ਤੇ ਮਾਂ 'ਤੇ ਹਮਲਾ ਕਰ ਦਿੱਤਾ। ਉਸ ਨੇ ਆਪਣੀ ਮਾਂ ਨੂੰ ਲੱਤ ਮਾਰੀ, ਜਿਸ ਕਾਰਨ ਬਿਰਧ ਔਰਤ ਨੂੰ ਗੰਭੀਰ ਸੱਟਾਂ ਲੱਗ ਗਈਆਂ। ਪੁਲਿਸ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ ਗਈ। ਮੌਕੇ 'ਤੇ ਪੁੱਜੀ ਪੁਲਿਸ ਨੇ ਬਿਰਧ ਔਰਤ ਨੂੰ ਨੇੜਲੇ ਹਸਪਤਾਲ ਵਿਚ ਦਾਖ਼ਲ ਕਰਵਾਇਆ, ਹਾਲਾਂਕਿ ਉਸ ਦੀ ਜਾਨ ਨਹੀਂ ਬਚ ਸਕੀ। ਬਾਅਦ ਵਿਚ ਮੁਲਜ਼ਮ ਸੁਰਜੀਤ ਦੇ ਖ਼ੂਨ ਦੀ ਜਾਂਚ ਕਰਵਾਈ ਗਈ ਤਾਂ ਪਤਾ ਲੱਗਾ ਕਿ ਉਸ ਨੇ ਕੋਕੀਨ ਤੇ ਅਲਕੋਹਲ ਦੀ ਵਰਤੋਂ ਕੀਤੀ ਹੋਈ ਸੀ।

# ਕਾਂਗਰਸ ਨੇ ਫੌਜ ਦੀ ਥਾਂ ਅੱਤਵਾਦੀਆਂ ਦਾ ਪੱਖ ਲਿਆ: ਮੋਦੀ

## ✪ ਅਸਾਮ ਵਿਚ 5,000 ਕਰੋੜ ਦਾ ਬਾਂਸ-ਆਧਾਰਿਤ ਈਥਾਨੌਲ ਪਲਾਂਟ ਸ਼ੁਰੂ

ਮੰਗਲਦੋਈ (ਅਸਾਮ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਸਾਮ ਦੇ ਮੰਗਲਦੋਈ 'ਚ ਇੱਕ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ 'ਤੇ ਸਖ਼ਤ ਵਾਰ ਕੀਤਾ। ਉਨ੍ਹਾਂ ਦੋਸ਼ ਲਗਾਇਆ ਕਿ ਕਾਂਗਰਸ ਭਾਰਤੀ ਫੌਜ ਦਾ ਸਮਰਥਨ ਕਰਨ ਦੀ ਬਜਾਏ ਪਾਕਿਸਤਾਨ ਦੇ ਪੈਦਾ ਕੀਤੇ ਅੱਤਵਾਦੀਆਂ ਦਾ ਪੱਖ ਪੂਰ ਰਹੀ ਹੈ। ਮੋਦੀ ਨੇ ਕਿਹਾ, "'ਆਪ੍ਰੇਸ਼ਨ ਸੰਧੂਰ' ਵਿਚ ਸਾਡੀ ਫੌਜ ਨੇ ਪਾਕਿਸਤਾਨ ਦੇ ਅੱਤਵਾਦੀ ਢਾਂਚੇ ਨੂੰ ਢਾਹ ਲਾਇਆ, ਪਰ ਕਾਂਗਰਸ ਨੇ ਸਾਡੇ ਜਵਾਨਾਂ ਦੀ ਵਡਿਆਈ ਕਰਨ ਦੀ ਥਾਂ ਘੁਸਪੈਠੀਆਂ ਅਤੇ ਦੇਸ਼ ਵਿਰੋਧੀ ਤਾਕਤਾਂ ਨੂੰ ਸੁਰੱਖਿਆ ਦੇਣ ਵਿਚ ਲੱਗੀ ਰਹੀ।"



ਮੋਦੀ ਨੇ ਕਾਂਗਰਸ 'ਤੇ ਜਨਸੰਖਿਆ ਬਦਲਣ ਅਤੇ ਘੁਸਪੈਠੀਆਂ ਨੂੰ ਸਰਪ੍ਰਸਤੀ ਦੇਣ ਦਾ ਇਲਜ਼ਾਮ ਲਾਇਆ। ਉਨ੍ਹਾਂ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਘੁਸਪੈਠੀਆਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰਕੇ ਕਿਸਾਨਾਂ ਨੂੰ ਖੇਤੀ ਦੇ ਮੌਕੇ ਦਿੱਤੇ। 1962 ਦੇ ਚੀਨੀ ਹਮਲੇ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਜਵਾਹਰ ਲਾਲ ਨਹਿਰੂ ਦੇ ਫੈਸਲਿਆਂ ਨੇ ਅਸਾਮ ਦੇ ਲੋਕਾਂ ਨੂੰ ਜ਼ਖ਼ਮ ਦਿੱਤੇ, ਜੋ ਅਜੇ ਤੱਕ ਨਹੀਂ ਭਰੇ।

ਸਮਾਗਮ ਵਿਚ ਮੋਦੀ ਨੇ 6,300 ਕਰੋੜ ਦੇ ਪ੍ਰੋਜੈਕਟਾਂ ਦੀ ਨੀਂਹ ਰੱਖੀ, ਜਿਨ੍ਹਾਂ 'ਚ 570 ਕਰੋੜ ਦੇ ਸਿਹਤ ਪ੍ਰੋਜੈਕਟ, 1,200 ਕਰੋੜ ਦਾ ਨਰੈਂਗੀ-ਕੁਰੂਵਾ ਪੁੱਲ ਅਤੇ 4,530 ਕਰੋੜ ਦਾ ਗੁਹਾਟੀ ਰਿੰਗ ਰੋਡ ਸ਼ਾਮਲ ਹਨ। ਨੁਮਾਲੀਗੜ੍ਹ 'ਚ 5,000 ਕਰੋੜ ਦੇ ਬਾਂਸ-ਆਧਾਰਿਤ ਈਥਾਨੌਲ ਪਲਾਂਟ ਦਾ ਉਦਘਾਟਨ ਕੀਤਾ, ਜੋ 'ਜ਼ੀਰੋ-ਵੇਸਟ' ਸਹੂਲਤ ਹੈ ਅਤੇ 50,000 ਲੋਕਾਂ ਨੂੰ ਰੁਜ਼ਗਾਰ ਦੇਵੇਗਾ।

# ਭਈਆਂ ਵਿਰੁਧ ਕਿਉਂ ਫੈਲ ਰਹੀ ਰੋਸ ਲਹਿਰ

ਪੰਜਾਬ ਵਿੱਚ ਭਈਆਂ ਵਿਰੁੱਧ ਅਪਰਾਧਾਂ ਦੇ ਕੇਸ ਵਧ ਰਹੇ ਹਨ। 6 ਸਤੰਬਰ ਨੂੰ ਨਵਾਂਸ਼ਹਿਰ ਜ਼ਿਲ੍ਹੇ ਦੇ ਰੇਲ ਮਜਰਾ ਵਿੱਚ ਭਈਆਂ ਵੱਲੋਂ ਪੰਜਾਬੀਆਂ ਅਤੇ ਸਿੱਖਾਂ ਨਾਲ ਗਲਤ ਵਿਵਹਾਰ ਕਰਨ ਕਾਰਨ ਰੈਜ਼ੀਡੈਂਟਸ ਨੇ ਫਗਵਾੜਾ-ਚੰਡੀਗੜ੍ਹ ਨੈਸ਼ਨਲ ਹਾਈਵੇ ਨੂੰ ਦੋ ਘੰਟੇ ਬਲਾਕ ਕਰ ਦਿੱਤਾ ਸੀ। ਪੁਲਿਸ ਨੇ ਇਸ ਕਾਰਣ ਪ੍ਰੇਮ ਨਗਰ ਪਿੰਡ ਦੇ ਸਰਪੰਚ ਮੋਹਨ ਗੁਪਤਾ ਅਤੇ ਉਸ ਦੇ ਪੁੱਤਰ ਸੁਜੀਤ ਕੁਮਾਰ ਸਮੇਤ ਛੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ। ਇਹਨਾਂ ਘਟਨਾਵਾਂ ਨੇ ਖੇਤਰੀ ਭਾਵਨਾਵਾਂ ਨੂੰ ਭੜਕਾ ਦਿੱਤਾ ਹੈ ਅਤੇ ਸਰਪੰਚਾਂ ਦੇ ਫੈਸਲੇ ਨੂੰ ਲੋਕਾਂ ਵੱਲੋਂ ਸਮਰਥਨ ਮਿਲ ਰਿਹਾ ਹੈ। ਇਸ ਫੈਸਲੇ ਨਾਲ ਪੰਜਾਬ ਵਿੱਚ ਭਈਆਂ ਦੀ ਆਬਾਦੀ ਅਤੇ ਅਪਰਾਧਾਂ ਨਾਲ ਜੁੜੀਆਂ ਚੁਣੌਤੀਆਂ ਤੇ ਨਵੀਂ ਚਰਚਾ ਸ਼ੁਰੂ ਹੋ ਗਈ ਹੈ।

ਰੂਪਨਗਰ ਤੋਂ ਗ੍ਰਾਮ ਪੰਚਾਇਤ ਲੋਦੀਪੁਰ, ਪੰਚਾਇਤ ਲੋਦੀਪੁਰ ਬਰੋਟੂ ਬਾਸ, ਪੰਚਾਇਤ ਝੁੱਗੀਆਂ ਬਾਸ ਨੇ ਇੱਕ ਮਤਾ ਪਾਸ ਕਰਕੇ ਦੂਜੇ ਰਾਜਾਂ ਦੇ ਲੋਕਾਂ ਨੂੰ ਆਪਣੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਲਈ ਦਸ ਦਿਨ ਦਾ ਸਮਾਂ ਦਿੱਤਾ ਹੈ। ਇਨ੍ਹਾਂ ਤਿੰਨਾਂ ਪੰਚਾਇਤਾਂ ਨੇ ਕਿਹਾ ਕਿ ਜੇਕਰ ਅੰਤਰਰਾਜੀ ਵਿਅਕਤੀ ਦਸ ਦਿਨਾਂ ਦੇ ਅੰਦਰ ਪੁਲਿਸ ਵੈਰੀਫਿਕੇਸ਼ਨ ਨਹੀਂ ਕਰਵਾਉਂਦਾ ਤਾਂ ਉਸਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਜਾਵੇਗਾ।

ਗ੍ਰਾਮ ਪੰਚਾਇਤ ਲੋਦੀਪੁਰ ਝੁੱਗੀਆਂ ਦੀ ਸਰਪੰਚ ਨਵਪ੍ਰੀਤ ਕੌਰ, ਲੋਦੀਪੁਰ ਬਰੋਟੂ ਬਾਸ ਦੀ ਸਰਪੰਚ ਨੀਲਮ ਸ਼ਰਮਾ ਅਤੇ ਪਿੰਡ ਲੋਦੀਪੁਰ ਦੇ ਸਰਪੰਚ ਬਾਬੂ ਰਾਮ ਨੇ ਕਿਹਾ ਕਿ ਦੂਜੇ ਰਾਜਾਂ ਦੇ ਲੋਕ ਪੰਜਾਬ ਵਿੱਚ ਗੈਰ-ਕਾਨੂੰਨੀ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਸਾਡੇ ਪਿੰਡ ਵਿੱਚ ਵੱਡੀ ਗਿਣਤੀ ਵਿੱਚ ਦੂਜੇ ਰਾਜਾਂ ਦੇ ਲੋਕ ਰਹਿੰਦੇ ਹਨ। ਜਿਸ ਕਾਰਨ ਪਿੰਡ ਵਾਸੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




ਉਪਰੋਕਤ ਘਟਨਾਵਾਂ ਕਾਰਨ ਉਨ੍ਹਾਂ ਨੇ ਪਿੰਡ ਵਿੱਚ ਰਹਿਣ ਵਾਲੇ ਦੂਜੇ ਰਾਜਾਂ ਦੇ ਲੋਕਾਂ ਨੂੰ ਜਨਰਲ ਕੋਰਟ ਵਿੱਚ ਆਪਣੀ ਪੰਜਾਬ ਵੈਰੀਫਿਕੇਸ਼ਨ ਕਰਵਾਉਣ ਲਈ ਦਸ ਦਿਨ ਦਾ ਸਮਾਂ ਦਿੱਤਾ। ਪੰਚਾਇਤਾਂ ਨੇ ਕਿਹਾ ਕਿ ਜੇਕਰ ਕੋਈ ਇਨ੍ਹਾਂ ਦਸ ਦਿਨਾਂ ਦੇ ਅੰਦਰ ਵੈਰੀਫਿਕੇਸ਼ਨ ਨਹੀਂ ਕਰਵਾਉਂਦਾ ਤਾਂ ਉਸਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਕਿਰਾਏਦਾਰਾਂ ਅਤੇ ਕੈਂਪਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਲਈ ਇੱਕ ਪ੍ਰਸਤਾਵ ਪਾਸ ਕੀਤਾ ਗਿਆ।

ਸ਼ੋਸ਼ਲ ਵਰਕਰ ਗੰਗਵੀਰ ਰਠੌਰ ਦਾ ਮੰਨਣਾ ਹੈ ਕਿ ਵੱਡੇ ਪੁਲਸ ਅਫ਼ਸਰ ਪੰਜਾਬ ਤੋਂ ਬਾਹਰੋਂ ਹੋਣ ਕਰਕੇ ਇਸ ਖਿੱਤੇ ਦੇ ਲੋਕਾਂ ਅਤੇ ਆਪਣੇ ਖਿੱਤੇ ਦੇ ਲੋਕਾਂ ਵਿਚ ਫਰਕ ਕਰ ਰਹੇ ਹਨ? ਕੁੰਭੜਾ ਵਿਚ ਪ੍ਰਵਾਸੀਆਂ ਵੱਲੋ ਹੋਏ ਕਤਲਾਂ ਤੋਂ ਬਾਅਦ ਜਦੋਂ ਪਿੰਡਾਂ ਵਿਚ ਬਾਈਕਾਟ ਦੀ ਖ਼ਬਰ ਚੱਲੀ ਸੀ ਤਾਂ ਪੁਲਸ ਇੱਕ ਦਮ ਉਸਨੂੰ ਰੋਕਣ ਲਈ ਵੀ ਸ਼ਾਇਦ ਕਿਸੇ ਵੱਡੇ ਪੁਲਸ ਅਫ਼ਸਰ ਦੇ ਇਸ਼ਾਰੇ ਤੇ ਕੰਮ ਕਰ ਰਹੀ ਸੀ।ਪੰਜਾਬ ਵਿਚ ਇਸ ਘਟਨਾ ਕਾਰਣ ਪੰਜਾਬੀਆਂ ਵਿਚ ਸਖਤ ਰੋਸ ਫੈਲ ਰਿਹਾ ਹੈ ਹੁਸ਼ਿਆਰਪੁਰ ਵਿਚ ਹੋਏ ਇਸ ਕਤਲ ਵਾਰੇ ਜ਼ਿਆਦਾ ਗੱਲ ਕਿਉ ਨਹੀਂ ਹੋ ਰਹੀ? ਕੀ ਇਸਦਾ ਵੱਡਾ ਕਾਰਣ ਇਹ ਹੈ ਕੇ ਕਤਲ ਕਰਨ ਵਾਲਾ ਪ੍ਰਵਾਸੀ ਹੈ ਅਤੇ ਕਤਲ ਹੋਣ ਵਾਲਾ ਸਥਾਨਕ ਬੱਚਾ ਹੈ?

ਸਿੱਖ ਚਿੰਤਕ ਪਰਮਿੰਦਰ ਸਿੰਘ ਸ਼ੌਕੀ ਦਾ ਕਹਿਣਾ ਹੈ ਕਿ ਹੁਸ਼ਿਆਰਪੁਰ ਅੰਦਰ ਇਕ ਬੱਚੇ ਨਾਲ ਕੁਕਰਮ ਕਰਨ ਤੋਂ ਬਾਅਦ ਉਸ ਦੀ ਜੋ ਹਾਲਤ ਕਰਕੇ ਹੱਤਿਆ ਕੀਤੀ ਗਈ ਹੈ, ਉਹ ਪੰਜਾਬ ਅੰਦਰ ਭਈਆਂ ਦੇ ਅਪਰਾਧਾਂ ਦਾ ਇਕ ਨਮੂਨਾ ਮਾਤਰ ਹੈ। ਤੁਸੀਂ ਧਿਆਨ ਦਿੱਤਾ ਹੋਣਾ ਕਿ ਸ਼ਹਿਰਾਂ ਵਿਚ ਰੇਹੜੀਆਂ ਲੱਗਣ ਦੇ ਝਗੜੇ ਤੋਂ ਲੈ ਕੇ ਪਿੰਡਾਂ ਵਿਚੋਂ ਕੁੜੀਆਂ ਭਜਾ ਕੇ ਲੈ ਜਾਣ ਤੱਕ ਸਮੇਤ ਹੁਣ ਹਰ ਅਪਰਾਧ ਵਿਚ ਭਈਏ ਹੱਦੋਂ ਵੱਧ ਸ਼ਾਮਲ ਹੋ ਚੁੱਕੇ ਹਨ। ਪੰਜਾਬ ਅੰਦਰ ਵੱਸ ਚੁੱਕੀ ਭਈਆਂ ਦੀ ਇਕ ਵੱਡੀ ਤਾਦਾਦ ਅਪਰਾਧਕ ਕਿਸਮ ਦੀ ਹੈ ਤੇ ਇਸ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚ ਜਿਉਂ-ਜਿਉਂ ਭਈਆਂ ਦੀ ਗਿਣਤੀ ਵਧੀ ਹੈ, ਪੰਜਾਬ ਵਿਚ ਅਪਰਾਧ ਉਸੇ ਦਰ ਨਾਲ ਵਧਿਆ ਹੈ। ਕਮਾਲ ਦੀ ਗੱਲ ਇਹ ਵੀ ਹੈ ਕਿ ਇਸ ਦਰ ਪ੍ਰਤੀ ਕੋਈ ਫਿਕਰਮੰਦ ਵੀ ਨਹੀਂ ਹੈ। ਇਸ ਦੀ ਇਕ ਦਿਲਚਸਪ ਉਦਾਹਰਨ ਤੁਹਾਨੂੰ ਇਸੇ ਤੱਥ ਵਿਚੋਂ ਮਿਲ ਸਕਦੀ ਹੈ ਕਿ ਪੰਜਾਬ ਵਿਚਲੀ ਅਜਿਹੀ ਕਿਸੇ ਵੀ ਦਰ ਨੂੰ ਦਰਜ ਕਰਨ ਵਿਚ ਸਰਕਾਰ ਦੀ ਕੋਈ ਸੁਚੇਤ ਦਿਲਚਸਪੀ ਹੀ ਨਹੀਂ ਹੈ ਕਿ ਉਸ ਦੇ ਰਾਜ ਅੰਦਰ ਆ ਕੇ ਪ੍ਰਵਾਸੀ ਲੋਕ ਕਿਸ ਤਰ੍ਹਾਂ ਅਪਰਾਧ ਨੂੰ ਅੰਜਾਮ ਦੇ ਰਹੇ ਹਨ. ਅਤੇ ਨਾ ਹੀ ਇਸ ਬਾਬਤ ਉਸ ਨੇ ਕਦੀ ਉਨ੍ਹਾਂ ਰਾਜਾਂ ਨਾਲ ਇਸ ਸਮੱਸਿਆ ਬਾਬਤ ਜ਼ਿਕਰ ਕੀਤਾ ਹੈ, ਜਿੱਥੋਂ ਇਹ ਲੋਕ ਆਉਂਦੇ ਹਨ. ਇਸ ਲਈ ਇਸ ਬਾਰੇ ਅਜੇ ਤੱਕ ਕੋਈ ਬੱਝਵਾਂ ਜਤਨ ਹੀ ਨਹੀਂ ਹੋ ਸਕਿਆ ਕਿ ਇਸ ਸਮੱਸਿਆ ਦਾ ਕੀ ਹੱਲ ਕੀਤਾ ਜਾਏ। ਸੋ ਜ਼ਿੰਮੇਵਾਰ ਲੋਕਾਂ ਨੇ ਇਸ ਦਾ ਇੱਕ ਹੱਲ ਭਈਆਂ ਨੂੰ ਪੰਜਾਬ ਵਿੱਚੋਂ ਬਾਹਰ ਕੱਢਣ ਦਾ ਚੁਣਿਆ ਹੈ। ਉਹਨਾਂ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਪੰਜਾਬ ਅੰਦਰ ਇਕ ਸਖ਼ਤ ਨੀਤੀ ਬਣੇ ਜੋ ਨਾ ਸਿਰਫ ਅਪਰਾਧੀ ਪ੍ਰਵਾਸੀਆਂ ਨੂੰ ਬੇਨਕਾਬ ਕਰੇ, ਸਗੋਂ ਉਨ੍ਹਾਂ ਦੀ ਵਾਪਸੀ ਲਈ ਵੀ ਪ੍ਰਬੰਧ ਕਰੇ। ਇਸ ਦੇ ਨਾਲ-ਨਾਲ ਪੰਜਾਬ ਦੇ ਆਪਣੇ ਮਜ਼ਦੂਰ ਵਰਗ ਨੂੰ ਰੋਜ਼ਗਾਰ ਦੇ ਕੇ ਮਜ਼ਬੂਤ ਕੀਤਾ ਜਾਵੇ ਤਾਂ ਜੋ ਪੰਜਾਬੀ ਖੇਤੀਬਾੜੀ, ਉਦਯੋਗ ਤੇ ਵਪਾਰ ਨੂੰ ਗੈਰ-ਪੰਜਾਬੀ ਤਾਕਤਾਂ ਉੱਤੇ ਨਿਰਭਰ ਨਾ ਰਹਿਣਾ ਪਵੇ।

ਪੰਜਾਬੀਆਂ ਦਾ ਮੰਨਣਾ ਹੈ ਕਿੜ ਬਹੁਤੀ ਵਾਰ ਇਹ ਪਰਵਾਸੀ ਆਪਣੇ ਰਾਜ ਵਿਚ ਅਪਰਾਧ ਕਰ ਕੇ ਪੰਜਾਬ ਵਿਚ ਆ ਕੇ ਰਹਿਣ ਲੱਗ ਜਾਂਦੇ ਹਨ ਅਤੇ ਇੱਥੇ ਆਪਣੇ ਨਵੇਂ ਪਛਾਣ ਪੱਤਰ ਬਣਵਾ ਲੈਂਦੇ ਹਨ। ਜ਼ਿਆਦਾ ਕਰਕੇ ਉਹ ਦੋ-ਦੋ ਪਛਾਣ ਪੱਤਰ ਲਈ ਫਿਰਦੇ ਹਨ ਅਤੇ ਇਸ ਮਾਮਲੇ ਵਿਚ ਪ੍ਰਸ਼ਾਸਨ ਨੇ ਕਦੇ ਵੀ ਜਾਂਚ-ਪੜਤਾਲ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਹਨਾਂ ਦੇ ਵਲੋਂ ਪੱਕੇ ਤੌਰ ਤੇ ਰਹਿਣ ਲਈ ਜਗ੍ਹਾ ਲੈਣ ਰਾਸ਼ਨ ਕਾਰਡ ਵੋਟਰ ਕਾਰਡ ਬਣਨ ਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ। ਹਿਮਾਚਲ ਪ੍ਰਦੇਸ਼, ਰਾਜਸਥਾਨ ਸਣੇ ਹੋਰ ਕਈ ਸਟੇਟਾਂ ਵਿਚ ਕਨੂੰਨ ਬਣੇ ਹੋਏ ਹਨ ਕੇ ਪੰਜਾਬੀਆਂ ਸਣੇ ਬਾਕੀ ਬਾਹਰ ਦੀਆ ਸਟੇਟਾਂ ਵਾਲੇ ਜਮੀਨ ਨਹੀਂ ਖਰੀਦ ਸਕਦੇ, ਨਾ ਰਾਸ਼ਨ ਕਾਰਡ ਵੋਟਰ ਕਾਰਡ ਬਣਵਾ ਸਕਦੇ ਹਨ ਪੰਜਾਬ ਵਿਚ ਵੀ ਅਜਿਹਾ ਕਨੂੰਨ ਜਲਦ ਬਣਨਾ ਚਾਹੀਦਾ ਹੈ। ਹੁਣ ਜਦ ਪੰਜਾਬ ਵਿਚ ਇਨ੍ਹਾਂ ਖ਼ਿਲਾਫ਼ ਆਵਾਜ਼ ਉੱਠਣ ਲੱਗੀ ਹੈ ਤਾਂ ਪੁਲਿਸ ਅਤੇ ਪ੍ਰਸ਼ਾਸਨ ਸਥਾਨਕ ਲੋਕਾਂ ਨੂੰ ਦਬਾਉਣ ਲੱਗੇ ਹਨ ਅਤੇ ਲੀਡਰਾਂ ਦੀ ਸ਼ਹਿ 'ਤੇ ਪਰਚੇ ਦਰਜ ਕਰਨ ਦੀਆਂ ਧਮਕੀਆਂ ਦੇਣ ਲੱਗ ਪਏ ਹਨ। ਸਾਨੂੰ ਹਾਲੇ ਵੀ ਸਮਝ ਤੋਂ ਕੰਮ ਲੈਂਦੇ ਹੋਏ ਆਪਣੇ ਪੰਜਾਬ ਨੂੰ ਸੰਭਾਲਣ ਦੀ ਲੋੜ ਹੈ। ਸਾਨੂੰ ਸਾਰੇ ਪੰਜਾਬੀਆਂ ਨੂੰ ਪੰਜਾਬ ਦੇ ਵਾਰਿਸ ਬਣਨਾ ਪੈਣਾ ਹੈ। ਨਹੀਂ ਤਾਂ ਇਕ ਦਿਨ ਅਸੀਂ ਇਹੀ ਕਹਿੰਦੇ ਸੁਣਾਈ ਦੇਵਾਂਗੇ ਕਿ ਸਾਡਾ ਪੰਜਾਬ ਕਿੱਥੇ ਗੁਆਚ ਗਿਆ?

# ਫਤਹਿਗੜ੍ਹ ਸਾਹਿਬ ਵਿਚ ਪਤੀ ਵਲੋਂ ਵਿਆਹੁਤਾ ਦੇ ਕਤਲ ਦਾ ਦੋਸ਼, ਮਾਮਲਾ ਦਰਜ

## ✪ ਪਤੀ ਨੇ ਕਿਹਾ ਕਿ ਹੋਇਆ ਹਾਰਟ ਅਟੈਕ

ਫਤਿਹਗੜ੍ਹ ਸਾਹਿਬ-ਬਡਾਲੀ ਆਲਾ ਸਿੰਘ ਥਾਣੇ ਅਧੀਨ ਪੈਂਦੇ ਪਿੰਡ ਬੀਬੀਪੁਰ ਵਿੱਚ ਇੱਕ ਵਿਆਹੁਤਾ ਔਰਤ ਜਸਪ੍ਰੀਤ ਕੌਰ ਦੀ ਮੌਤ ਹੋ ਗਈ। ਮ੍ਰਿਤਕਾ ਦੇ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਜਸਪ੍ਰੀਤ ਕੌਰ ਦਾ ਕਤਲ ਉਸਦੇ ਪਤੀ ਗੁਰਸੇਵਕ ਸਿੰਘ ਨੇ ਕੀਤਾ ਹੈ।

ਦੂਜੇ ਪਾਸੇ ਗੁਰਸੇਵਕ ਸਿੰਘ ਕਹਿ ਰਹੇ ਹਨ ਕਿ ਉਨ੍ਹਾਂ ਦੀ ਪਤਨੀ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਮਾਮਲੇ ਸਬੰਧੀ ਬਡਾਲੀ ਆਲਾ ਸਿੰਘ ਪੁਲਿਸ ਨੇ ਕਿਹਾ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ

ਸਿਵਲ ਹਸਪਤਾਲ ਫਤਹਿਗੜ੍ਹ ਸਾਹਿਬ ਵਿਖੇ ਮ੍ਰਿਤਕਾ ਦੇ ਭਰਾ ਹਰਚੰਦ ਸਿੰਘ, ਵਾਸੀ ਭਾਗੋ ਮਜਾਰਾ ਅਤੇ ਉਸਦੀ ਭੈਣ ਰਾਜਵੀਰ ਕੌਰ ਨੇ ਦੱਸਿਆ ਕਿ ਜਸਪ੍ਰੀਤ ਕੌਰ ਦਾ ਵਿਆਹ ਲਗਭਗ 6 ਸਾਲ ਪਹਿਲਾਂ ਗੁਰਸੇਵਕ ਸਿੰਘ ਨਾਲ ਹੋਇਆ ਸੀ। ਉਨ੍ਹਾਂ ਕਿਹਾ ਕਿ ਗੁਰਸੇਵਕ ਸਿੰਘ ਨਸ਼ੇ ਦਾ ਆਦੀ ਸੀ ਅਤੇ ਆਪਣੀ ਲਤ ਪੂਰੀ ਕਰਨ ਲਈ ਉਹ ਜਸਪ੍ਰੀਤ ਦੇ ਗਹਿਣੇ ਵੇਚ ਦਿੰਦਾ ਸੀ ਅਤੇ ਉਸਦੀ ਕੁੱਟਮਾਰ ਵੀ ਕਰਦਾ ਸੀ। ਹਰਚੰਦ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਬੀਤੀ ਰਾਤ ਕਰੀਬ 9 ਵਜੇ ਜਸਪ੍ਰੀਤ ਕੌਰ ਨਾਲ ਗੱਲ ਕੀਤੀ ਸੀ ਅਤੇ ਉਨ੍ਹਾਂ ਕਿਹਾ ਕਿ ਉਹ ਠੀਕ ਹੈ।



ਇਸ ਤੋਂ ਬਾਅਦ ਗੁਰਸੇਵਕ ਨੇ ਰਾਤ ਕਰੀਬ 11 ਵਜੇ ਫੋਨ ਕੀਤਾ ਕਿ ਜਸਪ੍ਰੀਤ ਨੂੰ ਦਿਲ ਦਾ ਦੌਰਾ ਪਿਆ ਹੈ ਅਤੇ ਉਹ ਉਸ ਨੂੰ ਹਸਪਤਾਲ ਲੈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਮੁਰਦਾਘਰ ਵਿੱਚ ਜਸਪ੍ਰੀਤ ਦੀ ਲਾਸ਼ ਦੇਖੀ ਤਾਂ ਉਸ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਸਨ। ਉਸਨੇ ਗੁਰਸੇਵਕ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਜਸਪ੍ਰੀਤ ਦਾ ਕਤਲ ਉਸਦੇ ਪਤੀ ਨੇ ਹੀ ਕੀਤਾ ਹੈ।

ਦੂਜੇ ਪਾਸੇ, ਮ੍ਰਿਤਕਾ ਦੇ ਪਤੀ ਗੁਰਸੇਵਕ ਸਿੰਘ ਦਾ ਕਹਿਣਾ ਹੈ ਕਿ ਜਸਪ੍ਰੀਤ ਕੌਰ ਦੀ ਸਿਹਤ ਅਚਾਨਕ ਵਿਗੜ ਗਈ ਜਦੋਂ ਉਸਨੂੰ ਦਿਲ ਦਾ ਦੌਰਾ ਪਿਆ, ਜਿਸ ਤੋਂ ਬਾਅਦ ਉਹ ਉਸਨੂੰ ਇੱਕ ਨਿੱਜੀ ਹਸਪਤਾਲ ਲੈ ਗਏ। ਉੱਥੋਂ ਜਸਪ੍ਰੀਤ ਕੌਰ ਨੂੰ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਲਿਆਂਦਾ ਗਿਆ ਜਿੱਥੇ ਉਸਦੀ ਮੌਤ ਹੋ ਗਈ। ਉਸਨੇ ਜਸਪ੍ਰੀਤ ਦੇ ਪਰਿਵਾਰ ਵੱਲੋਂ ਲਗਾਏ ਗਏ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਅਤੇ ਕਿਹਾ ਕਿ ਉਸਨੇ ਕਦੇ ਉਸਨੂੰ ਕੁੱਟਿਆ ਨਹੀਂ ਅਤੇ ਨਾ ਹੀ ਉਸਨੇ ਕਦੇ ਨਸ਼ੇ ਦਾ ਸੇਵਨ ਕੀਤਾ।

ਥਾਣਾ ਬਡਾਲੀ ਆਲਾ ਸਿੰਘ ਦੇ ਸਹਾਇਕ ਥਾਣੇਦਾਰ ਸਿੰਘ ਰਾਮ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਦੋਵਾਂ ਧਿਰਾਂ ਦੇ ਬਿਆਨ ਦਰਜ ਕਰ ਲਏ ਹਨ। ਮ੍ਰਿਤਕ ਦਾ ਪੋਸਟਮਾਰਟਮ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿੱਚ ਡਾਕਟਰਾਂ ਦੇ ਬੋਰਡ ਵੱਲੋਂ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਪੁਲਿਸ ਲੋੜੀਂਦੀ ਕਾਨੂੰਨੀ ਕਾਰਵਾਈ ਕਰੇਗੀ।

# ਪੰਜਾਬ ਦੇ ਹੜ੍ਹ ਪ੍ਰਭਾਵਿਤਾਂ ਦੇ ਮੁੜ ਵਸੇਬੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨੈਟਰਕ ਸਿਰਜਿਆ, ਵੈੱਬਸਾਈਟ ਦਾ ਐਲਾਨ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ ਅੰਦਰ ਹੜ੍ਹਾਂ ਦੀ ਸਥਿਤੀ ਦੌਰਾਨ ਰਾਹਤ ਸੇਵਾਵਾਂ ਨਿਭਾਅ ਰਹੀਆਂ ਵੱਖ-ਵੱਖ ਸਿੱਖ ਸੰਸਥਾਵਾਂ, ਸਮੂਹਾਂ, ਸ਼ਖ਼ਸੀਅਤਾਂ, ਪੰਜਾਬੀ ਕਲਾਕਾਰਾਂ ਤੇ ਅਦਾਕਾਰਾਂ ਦੀ ਇੱਕ ਵਿਸ਼ੇਸ਼ ਇਕੱਤਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਕੀਤੀ ਗਈ।

ਇਕੱਤਰਤਾ ਤੋਂ ਬਾਅਦ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਐਲਾਨ ਕੀਤਾ ਕਿ ਸੇਵਾਵਾਂ ਕਰ ਰਹੀਆਂ ਸਮੂਹ ਸੰਸਥਾਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਝੰਡੇ ਹੇਠ ਸੰਗਠਤ ਕਰਨ ਅਤੇ ਨੀਤੀਗਤ ਢੰਗ ਨਾਲ ਸੰਪੂਰਨ ਰਾਹਤ ਤੇ ਮੁੜ ਵਸੇਬੇ ਦੇ ਕਾਰਜ ਕਰਵਾਉਣ ਲਈ ਸੋਮਵਾਰ ਤੱਕ sarkarekhalsa.org ਵੈੱਬਸਾਈਟ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੇਵਾ ਕਰਨ ਵਾਲੀਆਂ ਸਮੂਹ ਸੰਸਥਾਵਾਂ ਇਸ ਵੈੱਬਸਾਈਟ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਰਜਿਸਟਰ ਹੋਣ ਅਤੇ ਉਨ੍ਹਾਂ ਨੂੰ ਰਾਹਤ ਕਾਰਜਾਂ ਲਈ ਢੁਕਵੀਂ ਸੇਵਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੀਆਂ ਵੱਖ-ਵੱਖ ਸੰਸਥਾਵਾਂ ਇਕੱਠੀਆਂ ਹੋ ਕੇ ਕੰਮ ਕਰਨਾ ਚਾਹੁੰਦੀਆਂ ਹਨ, ਉਹ ਵੀ ਆਪਣੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੇਣ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਵੈੱਬਸਾਈਟ ਦਾ ਸਮੁੱਚਾ ਪ੍ਰਬੰਧ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੋਲ ਹੋਵੇਗਾ। ਜਥੇਦਾਰ ਗੜਗੱਜ ਨੇ ਕਿਹਾ ਕਿ ਹਰ ਸੰਸਥਾ ਆਪਣੇ ਦੋ-ਦੋ ਵਲੰਟੀਅਰ ਸੇਵਾਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਰਾਬਤਾ ਰੱਖਣ ਅਤੇ ਰਾਹਤ ਕਾਰਜਾਂ ਵਿੱਚ ਤਾਲਮੇਲ ਤੇ ਸਹਿਯੋਗ ਬਣਾਉਣ ਲਈ ਦੇਣ। ਉਨ੍ਹਾਂ ਕਿਹਾ ਕਿ ਮੰਗਲਵਾਰ ਤੱਕ ਇੱਕ ਕੰਟਰੋਲ ਰੂਮ ਵੀ ਬਣਾ ਦਿੱਤਾ ਜਾਵੇਗਾ, ਜਿਸ ਰਾਹੀਂ ਸਮੂਹ ਸੰਸਥਾਵਾਂ ਤੇ ਸੇਵਾ ਕਾਰਜਾਂ ਨਾਲ ਸਬੰਧਤ ਜਾਣਕਾਰੀ ਦਾ ਆਦਾਨ-ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਢਲੇ ਤੌਰ ਉੱਤੇ ਜਾਰੀ ਮੰਚ ਵੱਲੋਂ 20 ਪਿੰਡਾਂ ਪਿੱਛੇ ਇੱਕ ਵਲੰਟੀਅਰ ਦੀ ਸੇਵਾ ਲਗਾਈ ਜਾਵੇਗੀ ਅਤੇ ਪੰਜਾਬ ਦੇ ਲਗਭਗ 1600 ਹੜ੍ਹ ਪ੍ਰਭਾਵਿਤ ਪਿੰਡਾਂ ਤੱਕ ਸੰਗਠਤ ਪਹੁੰਚ ਕੀਤੀ ਜਾਵੇਗੀ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਵਿੱਚ ਸੇਵਾ ਕਰ ਰਹੀਆਂ ਸਿੱਖ ਸੰਸਥਾਵਾਂ ਵਿਰੁੱਧ ਨਕਲੀ ਨਿਹੰਗ ਹਰਜੀਤ ਸਿੰਘ ਰਸੂਲਪੁਰ ਵੱਲੋਂ ਮੀਡੀਆ ਰਾਹੀਂ ਗਲਤ ਬਿਰਤਾਂਤ ਘੜਿਆ ਗਿਆ ਕਿ ਸੇਵਾਵਾਂ ਕਰ ਰਹੀਆਂ ਸੰਸਥਾਵਾਂ ਵੱਲੋਂ ਜਾਤ ਆਧਾਰਿਤ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਗੱਲ ਦਾਅਵੇ ਨਾਲ ਕਹੀ ਕਿ ਸਿੱਖ ਸੰਸਥਾਵਾਂ ਦੇ ਕਿਸੇ ਵੀ ਸੇਵਾਦਾਰ ਨੇ ਵਿਤਕਰਾ ਨਹੀਂ ਕੀਤਾ ਹੋਵੇਗਾ। ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਦਾ ਇਹ ਇਕੱਠ ਹਰਜੀਤ ਸਿੰਘ ਰਸੂਲਪੁਰ ਨੂੰ ਬਹਿਰੂਪੀਆ ਕਰਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹੋ ਜਿਹੇ ਲੋਕਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ, ਜਿਹੜੀ ਆਪਣੇ ਹੀ ਲੋਕਾਂ, ਪੰਥ ਅਤੇ ਪੰਜਾਬ ਦੇ ਖਿਲਾਫ਼ ਬੋਲਦੇ ਹਨ। ਉਨ੍ਹਾਂ ਕਿਹਾ ਕਿ ਹੜ੍ਹਾਂ ਦੌਰਾਨ ਜਾਨਾਂ ਗੁਆਉਣ ਵਾਲੇ ਲੋਕਾਂ ਲਈ ਸਰਕਾਰ ਵੱਲੋਂ ਐਲਾਨੀ ਗਈ ਮੁਆਵਜ਼ਾ ਰਾਸ਼ੀ ਬਹੁਤ ਘੱਟ ਹੈ, ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ ਅਤੇ ਜਿਹੜੀਆਂ ਸੰਸਥਾਵਾਂ ਦੇ ਸੇਵਾਦਾਰਾਂ ਦੀ ਸੇਵਾ ਕਰਦੇ ਹੋਏ ਜਾਨਾਂ ਗਈਆਂ ਹਨ ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

## CHANGE OF NAME

I, MANDEEP KAUR W/O MR JOSHUA NICHOLSON BRAICH WHOSE PERMANENT ADDRESS IN INDIA IS VILLAGE TAHLI, TEHSIL NAKODAR, DIST: JALANDHAR, PUNJAB 144043 AND NOW LIVING AT 106 BEAUCHAMP AVENUE, BIRMINGHAM, B20 1DU, UK HEREBY GIVE NOTICE OF MY INTENTION TO CHANGE MY NAME TO MANDY SARAH (GIVEN NAME) BRAICH (SURNAME). (U/I)

I, GURKAWAL SINGH S/O MR BALDEV SINGH WHOSE PERMANENT ADDRESS IN INDIA IS MOHALLA DHERIAN, SHAHKOT, JALANDHAR, PIN: 144702, PUNJAB AND NOW LIVING AT 32 HAMPTON ROAD, WOLVERHAMPTON, WV10 6UU, UK HEREBY GIVE NOTICE OF MY INTENTION TO CHANGE MY NAME TO GURKAWAL SINGH (GIVEN NAME) DHILLON (SURNAME). (U)


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਯੂਕੇ ਵਿਚ ਸਿੱਖ ਲੜਕੀ 'ਤੇ ਨਸਲੀ ਹਮਲਾ ਅਤੇ ਬਲਾਤਕਾਰ ਦੀ ਐਡਵੋਕੇਟ ਧਾਮੀ ਵਲੋਂ ਨਿੰਦਾ



ਅੰਮ੍ਰਿਤਸਰ-ਇੰਗਲੈਂਡ ਵਿੱਚ ਬਰਮਿੰਘਮ ਦੇ ਓਲਡਬਰੀ ਇਲਾਕੇ 'ਚ ਸਿੱਖ ਲੜਕੀ 'ਤੇ ਕੀਤੇ ਨਸਲੀ ਹਮਲੇ ਅਤੇ ਜਬਰ ਜਨਾਹ ਦੀ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਮਨੁੱਖਤਾ ਲਈ ਸ਼ਰਮਨਾਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਅੰਦਰ ਲਗਾਤਾਰ ਹੋ ਰਹੇ ਨਸਲੀ ਹਮਲਿਆਂ ਨੂੰ ਰੋਕਣ ਲਈ ਸਰਕਾਰਾਂ ਨੂੰ ਸੰਜੀਦਗੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਨੂੰ ਵੀ ਇਹ ਮਾਮਲਾ ਯੂਕੇ ਦੀ ਸਰਕਾਰ ਕੋਲ ਉਠਾਉਣ ਅਤੇ ਉਥੇ ਵੱਸਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਸਮੂਹ ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਕਜੁਟਤਾ ਨਾਲ ਅਜਿਹੇ ਅਪਰਾਧਾਂ ਵਿਰੁੱਧ ਅਵਾਜ਼ ਉਠਾ ਕੇ ਨਫ਼ਰਤ ਫ਼ੈਲਾਉਣ ਵਾਲੀਆਂ ਤਾਕਤਾਂ ਨੂੰ ਨਾਕਾਮ ਕੀਤਾ ਜਾਵੇ।

## ਗੈਰ ਕਾਨੂੰਨੀ ਪ੍ਰਵਾਸੀ ਨੇ ਪੁਲਿਸ ਅਫਸਰ ਨੂੰ ਕਾਰ ਨਾਲ ਘੜੀਸਿਆ, ਮਾਰੀ ਗੋਲੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨੀਮ ਸ਼ਹਿਰੀ ਸ਼ਿਕਾਗੋ ਵਿੱਚ ਇੱਕ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਫਸਰ ਨੇ ਇੱਕ ਵਿਅਕਤੀ ਨੂੰ ਉਸ ਵੇਲੇ ਗੋਲੀ ਮਾਰ ਦਿੱਤੀ ਜਦੋਂ ਉਹ ਇੱਕ ਹੋਰ ਅਫਸਰ ਨੂੰ ਆਪਣੀ ਕਾਰ ਨਾਲ ਕਾਫੀ ਦੂਰ ਤੱਕ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਇਹ ਘਟਨਾ ਇੱਕ ਨਾਕਾਬੰਦੀ ਸਥਾਨ 'ਤੇ ਵਾਪਰੀ। ਵਿਭਾਗ ਅਨੁਸਾਰ ਸਿਲਵਰੀਓ ਵਿਲਗਾਸ-ਗੋਨਜ਼ਾਲੇਜ਼ ਨਾਮੀ ਕਾਰ ਚਾਲਕ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਅਫਸਰ ਦੇ ਗੰਭੀਰ ਸੱਟਾਂ ਵੱਜੀਆਂ ਹਨ ਪਰੰਤੂ ਉਸ ਦੀ ਹਾਲਤ ਸਥਿੱਰ ਹੈ। ਇਹ ਘਟਨਾ ਫਰੈਂਕਲਿਨ ਪਾਰਕ ਵਿੱਚ ਵਾਪਰੀ ਜਿਥੇ ਗੈਰ ਕਾਨੂੰਨੀ ਪ੍ਰਵਾਸੀ ਗੋਨਾਜ਼ਾਲੇਜ਼ ਨੇ ਆਪਣੀ ਕਾਰ ਇੱਕ ਪੁਲਿਸ ਅਫਸਰ ਵਿੱਚ ਮਾਰੀ ਤੇ ਬਾਅਦ ਵਿੱਚ ਉਸ ਨੂੰ ਆਪਣੀ ਕਾਰ ਨਾਲ ਹੀ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਅਸਿਸਟੈਂਟ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਉਹ ਜ਼ਖਮੀ ਪੁਲਿਸ ਅਫਸਰ ਦੀ ਛੇਤੀ ਸਿਹਤਯਾਬੀ ਦੀ ਪ੍ਰਾਰਥਨਾ ਕਰਦੇ ਹਨ।

# ਵੇਲਜ਼ ਵਿੱਚ ਕਰਵਾਈ ਗਈ ਗਤਕਾ ਚੈਂਪੀਅਨਸ਼ਿੱਪ ਦੀਆਂ ਕੁੱਝ ਹੋਰ ਤਸਵੀਰਾਂ



ਗੱਤਕਾ ਖਿਡਾਰੀਆਂ ਨੂੰ ਇਨਾਮ ਦਿੰਦੇ ਹੋਏ ਐਮ ਪੀ ਤਨਮਨਜੀਤ ਸਿੰਘ ਢੇਸੀ, ਜਗਬੀਰ ਸਿੰਘ ਜੱਗਾ ਚੱਕਰ, ਹਰਜੀਤ ਸਿੰਘ ਗਰੇਵਾਲ ਅਤੇ ਹੋਰ – (*ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ*)


# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS PLEASE CONTACT: 07966 388 388

## ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ

**ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ**

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ ।

**ਵਿਸ਼ੇਸ਼ ਨੋਟ :–** ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

**What's App Contact: 07966 388 388**




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ–ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# Get set for Diwali

nectar prices




Nectar Price
**£6.50**
Without Nectar
£8.50
Sainsbury's Pure Sunflower Oil 5L




Nectar Price
**£12**
Without Nectar
£19
Laila Basmati Rice 10kg

Nectar Price
**£5.50**
Without Nectar
£7.50
East End Pure Butter Ghee 500g




Nectar Price
**£7**
Without Nectar
£12.50
Elephant Atta Medium Flour 10kg




Sainsbury's
Good food for all of us

18+. Nectar card/app required. Available in supermarkets and online, excludes Locals. Nectar Price products vary by store size/online. Delivery charges may apply for online purchases. T&Cs and further exclusions apply. Products subject to availability. Laila Basmati Rice 10kg (with Nectar 12p/100g, without Nectar 19p/100g), Sainsbury's Sunflower Oil 5L (with Nectar 13p/100ml, without Nectar 17p/100ml), Elephant Atta Medium Flour 10kg (with Nectar 7p/100g, without Nectar 13p/100g), East End Pure Butter Ghee 500g (with Nectar £1.10/100g, without Nectar £1.50/100g). For full terms see nectar.com/nectar-prices. End 21/10.

# ਅਜੋਕੀ ਰਾਜਨੀਤੀ ਵਿਚ ਗਾਲਾਂ ਦੇ ਕਲਾਕਾਰਾਂ ਨੂੰ ਤਰੱਕੀ ਕਿਉਂ ਮਿਲਦੀ ਹੈ



ਭਾਜਪਾ ’ਚ ਉੱਚ ਅਹੁਦਿਆਂ ’ਤੇ ਬੈਠੇ ਲੋਕਾਂ ਦੀ ਇਹ ਖਾਸੀਅਤ ਹੈ ਕਿ ਉਹ ਆਪਣੀ ਗਾਲ ਕੱਢਣ ਦੀ ਸਮਰੱਥਾ ’ਤੇ ਜਨਤਕ ਰੂਪ ’ਚ ਮਾਣ ਮਹਿਸੂਸ ਕਰਦੇ ਹਨ। ਭਾਜਪਾ ਬਿਹਾਰ ਇਕਾਈ ਦੇ ਪ੍ਰਧਾਨ ਦਿਲੀਪ ਜਾਇਸਵਾਲ ਆਪਣੇ ਇਕ ਵੀਡੀਓ ਵਿਚ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਉਹ ਰਾਹੁਲ ਗਾਂਧੀ ਨੂੰ 50 ਗਾਲਾਂ ਕੱਢਣ ਲਈ ਤਿਆਰ ਹੈ। ਆਪਣੇ ਕੋਲ ਗਾਲਾਂ ਦੀ ਪੂਰੀ ਡਿਕਸ਼ਨਰੀ ਹੋਣ ਦਾ ਦਾਅਵਾ ਕਰਨ ਵਾਲੇ ਜਾਇਸਵਾਲ ਲੋਕਾਂ ਨੂੰ ਮਾਣ ਨਾਲ ਕਹਿੰਦੇ ਹਨ ਕਿ ਤੁਸੀਂ ਸੁਣਿਆ ਹੋਵੇਗਾ ਕਿ ਮੈਂ ਕਿਹੜੀ-ਕਿਹੜੀ ਗਾਲ ਦੇਣਾ ਜਾਣਦਾ ਹਾਂ। ਬਿਹਾਰ ਭਾਜਪਾ ਦੇ ਸਾਬਕਾ ਪ੍ਰਧਾਨ ਸਮਰਾਟ ਚੌਧਰੀ ਤਾਂ ਆਪਣੇ ਇਕ ਭਾਸ਼ਣ ਵਿਚ ਬੜੇ ਮਾਣ ਨਾਲ ਕਹਿੰਦੇ ਹਨ, ਕਿ ਉਨ੍ਹਾਂ ਇਕ ਨੇਤਾ ਨੂੰ ਇੰਨੀਆਂ ਗਾਲਾਂ ਕੱਢੀਆਂ ਕਿ ਪੂਰੇ ਸੂਬੇ ਵਿਚ ਸਿਰਫ਼ ਸਮਰਾਟ ਚੌਧਰੀ ਹੀ ਦਿਖਾਈ ਦੇਣ ਲੱਗ ਗਿਆ। ਇਕ ਵਾਰ ਤਾਂ ਹਿਮਾਚਲ ਪ੍ਰਦੇਸ਼ ਦੇ ਭਾਜਪਾ ਪ੍ਰਧਾਨ ਨੇ ਰਾਹੁਲ ਗਾਂਧੀ ਨੂੰ ਸਟੇਜ ਤੋਂ ਮਾਂ ਦੀ ਗਾਲ ਕੱਢ ਦਿੱਤੀ ਸੀ ਕਿਉਂਕਿ ਰਾਹੁਲ ਨੇ ‘ਚੌਕੀਦਾਰ ਚੋਰ ਹੈ’ ਦਾ ਨਾਅਰਾ ਲਗਾਇਆ ਸੀ। ਦਰਅਸਲ ਭਾਜਪਾ ਦੇ ਕਈ ਨੇਤਾਵਾਂ ਨੇ ਗਾਲਾਂ ਕੱਢਣ ਦੀ ਆਪਣੀ ਸਮਰੱਥਾ ਦੇ ਚਲਦਿਆਂ ਹੀ ਰਾਜਨੀਤੀ ਵਿਚ ਤਰੱਕੀ ਕੀਤੀ ਹੈ।

**ਅਭੈ ਕੁਮਾਰ ਦੂਬੇ**



ਪ੍ਰਧਾਨ ਮੰਤਰੀ ਮੋਦੀ ਵਲੋਂ ਚੀਨ ਤੋਂ ਭਾਰਤ ਆਉਂਦੇ ਹੀ ਇਕ ਆਨਲਾਈਨ ਪ੍ਰੋਗਰਾਮ ਵਿਚ ਉਨ੍ਹਾਂ ਦੀ ਮਾਂ ਨੂੰ ਦਿੱਤੀ ਗਈ ਗਾਲ ਨੂੰ ਚੋਣ ਮੁੱਦਾ ਬਣਾਉਣ ਨਾਲ ਕੁਝ ਪ੍ਰਸ਼ਨ ਪੈਦਾ ਹੋਏ ਹਨ, ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲਾ ਸਵਾਲ ਤਾਂ ਇਹ ਪੁੱਛਿਆ ਜਾ ਸਕਦਾ ਹੈ ਕਿ, ਕੀ ਪ੍ਰਧਾਨ ਮੰਤਰੀ ਦੀ ਮਾਂ ਨੂੰ ਕਿਸੇ ਅਨਜਾਣ ਪਿਕਅੱਪ ਡਰਾਈਵਰ ਦੁਆਰਾ ਦਿੱਤੀ ਗਈ ਗਾਲ ਦਾ ਬਦਲਾ ਪੂਰੇ ਬਿਹਾਰ ਤੋਂ ਲੈਣਾ ਚਾਹੀਦਾ ਹੈ, ਕੀ ਇਸ ਗਾਲ ਨਾਲ ਸਿਰਫ਼ ਬਿਹਾਰ ਦਾ ਹੀ ਹਿਰਦਾ ਛਲਣੀ ਹੋਇਆ ਹੈ? ਤਾਂ ਕੀ ਗੁਜਰਾਤ ਸਮੇਤ ਪੂਰੇ ਦੇਸ਼ ਨੂੰ ਇਹ ਬਦਲਾ ਕਿਉਂ ਨਹੀਂ ਲੈਣਾ ਚਾਹੀਦਾ? ਇਹ ਸੋਚ ਕੇ ਅਜੀਬ ਨਹੀਂ ਲਗਦਾ ਕਿ ਆਪਣੀ ਮਾਂ ਦੇ ਸਨਮਾਨ ਦੀ ਰੱਖਿਆ ਲਈ ਪ੍ਰਧਾਨ ਮੰਤਰੀ ਨੇ ਸਿਰਫ਼ ਉਸੇ ਸੂਬੇ ਨੂੰ ਕਿਉਂ ਚੁਣਿਆ ਜਿੱਥੇ ਵੋਟਾਂ ਪੈਣ ਵਾਲੀਆਂ ਹਨ। ਮਾਂ ਨੂੰ ਕੱਢੀ ਗਾਲ ਦਾ ਚੋਣਾਂ ਨਾਲ ਕੀ ਸੰਬੰਧ ਹੈ? ਦੂਜਾ ਸਵਾਲ ਇਹ ਹੈ ਕਿ ਮੋਦੀ ਜੀ ਤੇ ਉਨ੍ਹਾਂ ਦੇ ਐਨ.ਡੀ.ਏ. ਭਾਈਵਾਲਾਂ ਨੇ ਸਿਰਫ਼ 5 ਘੰਟਿਆਂ ਦਾ ਸੰਕੇਤਕ ਬੰਦ ਹੀ ਕਿਉਂ ਕਰਵਾਇਆ? ਗੁਜਰਾਤ ਵਿਚ ਤਾਂ 5 ਘੰਟਿਆਂ ਦਾ ਸੰਕੇਤਕ ਬੰਦ ਵੀ ਨਹੀਂ ਹੋਇਆ, ਉਸ ਗੁਜਰਾਤ ’ਚ ਜਿੱਥੋਂ ਦੇ ਮੋਦੀ ਜੀ ਖੁਦ ਹਨ ਅਤੇ ਉਨ੍ਹਾਂ ਦੇ ਮਾਤਾ ਜੀ ਵੀ ਉੱਥੋਂ ਦੀ ਹੀ ਸੀ। ਅਜਿਹਾ ਕਿਉਂ ਹੈ ਕਿ ਮੋਦੀ ਜੀ ਸਿਰਫ਼ ਬਿਹਾਰ ਦੇ ਲੋਕਾਂ ਨੂੰ ਹੀ ਆਪਣਾ ਗੁੱਸਾ ਦਿਖਾਉਣ ਦੀ ਅਪੀਲ ਕਰਦੇ ਹੋਏ ਦਿਖਾਈ ਦਿੱਤੇ? ਕੀ ਪੂਰਾ ਦੇਸ਼ ਉਨ੍ਹਾਂ ਦੀ ਮਾਂ ਦੀ ਇੱਜ਼ਤ ਨਹੀਂ ਕਰਦਾ, ਕੀ ਪੂਰੇ ਦੇਸ਼ ਨੂੰ ਪ੍ਰਧਾਨ ਮੰਤਰੀ ਦੀ ਮਾਂ ਦੇ ਘੋਰ ਅਪਮਾਨ ਖ਼ਿਲਾਫ਼ ਨਾਰਾਜ਼ਗੀ ਪ੍ਰਗਟ ਨਹੀਂ ਕਰਨੀ ਚਾਹੀਦੀ ਸੀ? ਕੀ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਪ੍ਰਧਾਨ ਮੰਤਰੀ ਇਸ ਗਾਲ ਕਾਂਡ ਨੂੰ ਕਿਸੇ ਨਾ ਕਿਸੇ ਤਰ੍ਹਾਂ ਵੋਟਾਂ ਵਿਚ ਬਦਲਣਾ ਚਾਹੁੰਦੇ ਹਨ? ਵੈਸੇ ਵੀ ਉਨ੍ਹਾਂ ਲਈ ਬਿਹਾਰ ਚੋਣਾਂ ਜਿੱਤਣੀਆਂ ਜ਼ਰੂਰੀ ਹਨ, ਕਿਉਂਕਿ ਜੇ ਉਹ ਬਿਹਾਰ ਹਾਰ ਗਏ ਤਾਂ ਪਹਿਲਾਂ ਤੋਂ ਕਮਜ਼ੋਰ ਹੁੰਦੀ ਜਾ ਰਹੀ ਉਨ੍ਹਾਂ ਦੀ ਸੱਤਾ ਦਾ ਢਾਂਚਾ ਬੁਰੀ ਤਰ੍ਹਾਂ ਖਿੰਡਰ ਜਾਵੇਗਾ।

ਜਿਸ ਸਮੇਂ ਮੈਂ ਇਨ੍ਹਾਂ ਪ੍ਰਸ਼ਨਾਂ ਬਾਰੇ ਸੋਚ ਰਿਹਾ ਸੀ ਤਾਂ ਉਸੇ ਸਮੇਂ ਮੇਰੇ ਸਾਹਮਣੇ ਅਚਾਨਕ ਸੋਸ਼ਲ ਮੀਡੀਆ ’ਤੇ ਮੌਜੂਦ ਸੋਨੀਆ ਗਾਂਧੀ ਦਾ ਇਕ ਬਿਆਨ ਆ ਗਿਆ, ਜਿਸ ’ਚ ਸੋਨੀਆ ਜੀ ਨੂੰ ਇਹ ਆਖਦਿਆਂ ਪੜ੍ਹਿਆ ਜਾ ਸਕਦਾ ਹੈ ਕਿ ‘ਮੈਂ ਵੀ ਇਕ ਮਾਂ ਹਾਂ’। ਮੋਦੀ ਜੀ ਤੁਸੀਂ ਮੈਨੂੰ ਕਾਂਗਰਸ ਦੀ ‘ਵਿਧਵਾ’ ਕਹਿ ਕੇ ਮੇਰਾ ਅਪਮਾਨ ਕੀਤਾ ਸੀ। ਜਦੋਂ ਮੈਨੂੰ ‘ਜਰਸੀ ਗਾਂ’ ਕਿਹਾ ਸੀ, ਕੀ ਉਹ ਇਕ ਮਾਂ ਦਾ ਅਪਮਾਨ ਨਹੀਂ ਸੀ? ਭਾਜਪਾ ਆਈਟੀ ਸੈੱਲ ਵਾਲੇ ਲੋਕ ਮੇਰੇ ਬਾਰੇ ਅਪਮਾਨਜਨਕ ਮੁਹਿੰਮ ਚਲਾਉਂਦੇ ਹਨ, ਤੁਹਾਡੇ ਲੋਕ ਅੱਜ ਵੀ ਮੈਨੂੰ ‘ਵਿਦੇਸ਼ੀ’ ਕਹਿੰਦੇ ਹਨ। ਮੇਰੀ ਬਿਮਾਰੀ ਦਾ ਮਜ਼ਾਕ ਉਡਾਉਂਦਿਆਂ ਤੁਸੀਂ ਕਿਹਾ ਸੀ ਕਿ ਮੈਂ ਡਰ ਕੇ ਰਾਏਬਰੇਲੀ ਤੋਂ ਭੱਜ ਗਈ ਅਤੇ ਰਾਜਸਥਾਨ ਤੋਂ ਰਾਜ ਸਭਾ ਜਾ ਪੁੱਜੀ ਹਾਂ। ਜਦਕਿ ਹਕੀਕਤ ਇਹ ਹੈ ਕਿ ਮੈਂ ਬਿਮਾਰੀ ਦੀ ਵਜ੍ਹਾ ਕਰਕੇ ਚੋਣ ਪ੍ਰਚਾਰ ਨਹੀਂ ਕਰ ਸਕਦੀ ਸੀ, ਪਰ ਤੁਸੀਂ ਇਸ ਵਿਚ ਵੀ ਮੇਰਾ ਮਜ਼ਾਕ ਉਡਾਇਆ। ਮੈਂ ਆਪਣਾ ਦੇਸ਼ ਛੱਡ ਕੇ ਹਿੰਦੁਸਤਾਨ ਆਈ ਸੀ ਅਤੇ ਆਪਣੀ ਸੱਸ ਤੇ ਪਤੀ ਨੂੰ ਸ਼ਹੀਦ ਹੁੰਦਿਆਂ ਦੇਖਿਆ। ਮੈਂ ਵਾਪਸ ਜਾ ਸਕਦੀ ਸੀ, ਪਰ ਇਸ ਦੇਸ਼ ਦੀ ਮਿੱਟੀ ’ਚੋਂ ਅੱਜ ਵੀ ਮੈਨੂੰ ਆਪਣੀ ਪਤੀ ਦੀ ਖੁਸ਼ਬੂ ਆਉਂਦੀ ਹੈ ਅਤੇ ਮੈਂ ਇਸੇ ਧਰਤੀ ’ਤੇ ਆਪਣੇ ਆਖਰੀ ਸਾਹ ਲਵਾਂਗੀ। ਸੋਨੀਆ ਗਾਂਧੀ ਦਾ ਬਿਆਨ ਇਕ ਹੋਰ ਸਵਾਲ ਪੈਦਾ ਕਰਦਾ ਹੈ, ਕੀ ਉਸ ਨੇ ਕਦੇ ਆਪਣੇ ਖ਼ਿਲਾਫ਼ ਹੋਈ ਗਾਲੀਗਲੋਚ ਨੂੰ ਚੋਣ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ? ਅਸੀਂ ਸਭ ਜਾਣਦੇ ਹਾਂ ਕਿ ਨਾ ਕਦੇ ਰਾਹੁਲ ਗਾਂਧੀ ਅਤੇ ਨਾ ਹੀ ਉਸ ਦੀ ਮਾਂ ਨੇ ਇਨ੍ਹਾਂ ਗੱਲਾਂ ਨੂੰ ਲੈ ਕੇ ਕਦੇ ਵੋਟਾਂ ਮੰਗੀਆਂ ਹਨ।

ਪਰ ਮੋਦੀ ਜੀ ਮੰਗਦੇ ਹਨ। ਉਨ੍ਹਾਂ ਨੇ ਪਹਿਲਾਂ ਕਰਨਾਟਕ ਚੋਣਾਂ ਵਿਚ ਉਨ੍ਹਾਂ ਨੂੰ ਪਈਆਂ ਗਾਲਾਂ ਦੇ ਨਾਂਅ ’ਤੇ ਵੋਟਾਂ ਮੰਗੀਆਂ, ਪਰ ਸੂਬੇ ਦੇ ਲੋਕਾਂ ਨੇ ਇਸ ਨੂੰ ਠੁਕਰਾ ਦਿੱਤਾ। ਜਿਵੇਂ ਸੋਨੀਆ ਗਾਂਧੀ ਦਾ ਸਵਾਲ ਹੈ, ਉਸੇ ਤਰ੍ਹਾਂ ਪ੍ਰਧਾਨ ਮੰਤਰੀ ਨੂੰ ਕਾਂਗਰਸ ਦੇ ਬੁਲਾਰੇ ਸੁਰਿੰਦਰ ਰਾਜਪੂਤ ਦਾ ਵੀ ਇਕ ਸਵਾਲ ਹੈ। ਸੁਰਿੰਦਰ ਰਾਜਪੂਤ ਨੇ ਸੋਸ਼ਲ ਮੀਡੀਆ ’ਤੇ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਦੀ ਇਸ ਗੱਲ ਨਾਲ ਸਹਿਮਤ ਹਨ ਕਿ ਉਨ੍ਹਾਂ ਦੀ ਮਰਹੂਮ ਮਾਤਾ ਨੂੰ ਗਾਲ ਕੱਢਣਾ ਕਰੋੜਾਂ ਮਾਵਾਂ ਦਾ ਅਪਮਾਨ ਹੈ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਜਿਵੇਂ ਉਨ੍ਹਾਂ ਦੀ ਮਾਂ ਹੈ, ਉਸੇ ਤਰ੍ਹਾਂ ਮੇਰੀ ਵੀ ਮਾਂ ਹੈ ਜੋ ਮਰ ਚੁੱਕੀ ਹੈ। ਭਾਜਪਾ ਦੇ ਇਕ ਰਾਸ਼ਟਰੀ ਬੁਲਾਰੇ ਨੇ ਇਕ ਵੱਡੇ ਚੈਨਲ ’ਤੇ ਜਿਸ ਤਰ੍ਹਾਂ ਮੇਰੀ ਮਾਂ ਨੂੰ ਬੜੀ ਬੇਸ਼ਰਮੀ ਨਾਲ ਗੰਦੀਆਂ ਗਾਲਾਂ ਕੱਢੀਆਂ, ਕੀ ਤੁਸੀਂ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਕੀਤੀ ਜਾਂ ਕੋਈ ਮੁਆਫੀ ਮੰਗੀ? ਰਾਜਪੂਤ ਨੇ ਪ੍ਰਧਾਨ ਮੰਤਰੀ ਨੂੰ ਸੰਬੋਧਿਤ ਹੁੰਦਿਆਂ ਪੁੱਛਿਆ ਕਿ ਮੈਂ ਤਾਂ ਤੁਹਾਨੂੰ ਪੱਤਰ ਵੀ ਲਿਖਿਆ ਸੀ, ਤੁਸੀਂ ਕੀ ਕਾਰਵਾਈ ਕੀਤੀ? ਕੀ ਤੁਸੀਂ ਕੋਈ ਐੱਫ. ਆਈ. ਆਰ. ਦਰਜ ਕਰਵਾਈ? ਭਾਜਪਾ ਨੇ ਮੇਰੀ ਮਾਂ ਨੂੰ ਗਾਲਾਂ ਕੱਢਣ ਵਾਲੇ ਆਪਣੇ ਰਾਸ਼ਟਰੀ ਬੁਲਾਰੇ ਨੂੰ ਅਹੁਦੇ ਤੋਂ ਕਿਉਂ ਨਹੀਂ ਹਟਾਇਆ? ਜੋ ਅੱਜ ਵੀ ਪਾਰਟੀ ਦਾ ਬੁਲਾਰਾ ਹੈ।

ਪ੍ਰਧਾਨ ਮੰਤਰੀ ਲਈ ਮੇਰੇ ਕੋਲ ਤੀਜਾ ਸਵਾਲ ਵੀ ਹੈ, ਇਹ ਸਵਾਲ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਵੀ ਪੁੱਛਿਆ ਜਾ ਸਕਦਾ ਹੈ। ਸਾਨੂੰ ਸਾਰਿਆਂ ਨੂੰ ਯਾਦ ਹੈ ਕਿ ਦਿੱਲੀ ਵਿਚ ਭਾਜਪਾ ਸਰਕਾਰ ਦੀ ਮੌਜੂਦਾ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਦੇ ਕੇਜਰੀਵਾਲ ਦੀ ਮਾਂ ਬਾਰੇ ਕਿਹੜੇ ਲਹਿਜੇ ਤੇ ਸੰਦਰਭ ਵਿਚ ਗੱਲ ਕੀਤੀ ਸੀ। ਉਸ ਨੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਬੜੇ ਤਿੱਖੇ ਸ਼ਬਦਾਂ ਵਿਚ ਕਿਹਾ ਸੀ-ਅਰਵਿੰਦ ਕੇਜਰੀਵਾਲ ਦਿੱਲੀ ਤੇਰੇ ਬਾਪ ਦੀ ਨਹੀਂ ਹੈ ਜੋ ਤੂੰ ਇੱਥੇ ਮੁੱਖ ਮੰਤਰੀ ਬਣ ਕੇ ਬਕਵਾਸ ਕਰ ਰਿਹਾ ਏ। ਦਿੱਲੀ ਦੀ ਜਨਤਾ ਤੈਨੂੰ ਤੇਰੀ ਮਾਂ ਦੀ ਕੁੱਖ ਵਿਚ ਵਾਪਸ ਭੇਜੇਗੀ, ਕਮੀਨਾ ਕਿਤੋਂ ਦਾ! ਰੇਖਾ ਗੁਪਤਾ ਤਾਂ ਆਪਣੇ ਬਿਆਨਾਂ ਨੂੰ ਵਾਪਸ ਵੀ ਨਹੀਂ ਲੈ ਸਕਦੀ, ਕਿਉਂਕਿ ਉਸ ਨੇ ਤਾਂ ਲਿਖਤੀ ਰੂਪ ’ਚ ਟਵੀਟ ਕਰਕੇ ਇਹ ਰਿਕਾਰਡ ਵਿਚ ਦਰਜ ਕਰਵਾ ਦਿੱਤੇ ਹਨ। ਦਰਅਸਲ ਰੇਖਾ ਗੁਪਤਾ ਨੂੰ ਆਪਣੇ ਬਿਆਨਾਂ ’ਤੇ ਅਫਸੋਸ ਕਰਨ ਦੀ ਬਜਾਏ ਮਾਣ ਹੈ, ਕਿਉਂਕਿ ਉਸ ਨੂੰ ਮੁੱਖ ਮੰਤਰੀ ਦਾ ਅਹੁਦਾ ਉਸ ਦੀ ਇਸ ਗਾਲੀ-ਗਲੋਚ ਵਾਲੀ ਪ੍ਰਤਿਭਾ ਕਾਰਨ ਹੀ ਮਿਲਿਆ ਹੈ। ਇਸ ਹਿੰਦੂ ਰਾਸ਼ਟਰਵਾਦੀ ਪਾਰਟੀ ਦਾ ਸਿਆਸੀ ਸਭਿਆਚਾਰ ਹੀ ਅਜਿਹਾ ਹੈ ਕਿ ਜੋ ਵਿਰੋਧੀਆਂ ਨੂੰ ਜਿੰਨੀਆਂ ਵਧੇਰੇ ਗਾਲਾਂ ਦਿੰਦਾ ਹੈ, ਉਸ ਦੀਆਂ ਭਾਜਪਾ ਵਿਚ ਅੱਗੇ ਵਧਣ ਦੀਆਂ ਸੰਭਾਵਨਾਵਾਂ ਉਨੀਆਂ ਹੀ ਵਧ ਜਾਂਦੀਆਂ ਹਨ। ਭਾਵੇਂ ਔਰਤਾਂ ਅਕਸਰ ਪੁਰਸ਼ਾਂ ਦੇ ਮੁਕਾਬਲੇ ਵਧੇਰੇ ਸੱਭਿਅਕ ਹੁੰਦੀਆਂ ਹਨ, ਪਰ ਭਾਜਪਾ ਵਿਚ ਰੇਖਾ ਗੁਪਤਾ ਜਿਹੀਆਂ ਮਹਿਲਾਵਾਂ ਨੂੰ ਦੂਜਿਆਂ ਦੀਆਂ ਮਾਵਾਂ ਦਾ ਅਪਮਾਨ ਕਰਨ ’ਤੇ ਤਰੱਕੀ ਮਿਲਦੀ ਹੈ। ਪ੍ਰਧਾਨ ਮੰਤਰੀ ਜੀ ਨੂੰ ਦੱਸਣਾ ਚਾਹੀਦਾ ਹੈ ਕਿ ਭਾਜਪਾ ਵਿਚ ਗਾਲਾਂ ਕੱਢਣ ਵਾਲਿਆਂ ਖਾਸ ਕਰਕੇ ‘ਮਾਂ ਦੀ ਗਾਲ ਕੱਢਣ’ ਵਾਲਿਆਂ ਨੂੰ ਤਰੱਕੀ ਕਿਉਂ ਮਿਲਦੀ ਹੈ!

ਭਾਜਪਾ ’ਚ ਉੱਚ ਅਹੁਦਿਆਂ ’ਤੇ ਬੈਠੇ ਲੋਕਾਂ ਦੀ ਇਹ ਖਾਸੀਅਤ ਹੈ ਕਿ ਉਹ ਆਪਣੀ ਗਾਲ ਕੱਢਣ ਦੀ ਸਮਰੱਥਾ ’ਤੇ ਜਨਤਕ ਰੂਪ ’ਚ ਮਾਣ ਮਹਿਸੂਸ ਕਰਦੇ ਹਨ। ਭਾਜਪਾ ਬਿਹਾਰ ਇਕਾਈ ਦੇ ਪ੍ਰਧਾਨ ਦਿਲੀਪ ਜਾਇਸਵਾਲ ਆਪਣੇ ਇਕ ਵੀਡੀਓ ਵਿਚ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਉਹ ਰਾਹੁਲ ਗਾਂਧੀ ਨੂੰ 50 ਗਾਲਾਂ ਕੱਢਣ ਲਈ ਤਿਆਰ ਹੈ। ਆਪਣੇ ਕੋਲ ਗਾਲਾਂ ਦੀ ਪੂਰੀ ਡਿਕਸ਼ਨਰੀ ਹੋਣ ਦਾ ਦਾਅਵਾ ਕਰਨ ਵਾਲੇ ਜਾਇਸਵਾਲ ਲੋਕਾਂ ਨੂੰ ਮਾਣ ਨਾਲ ਕਹਿੰਦੇ ਹਨ ਕਿ ਤੁਸੀਂ ਸੁਣਿਆ ਹੋਵੇਗਾ ਕਿ ਮੈਂ ਕਿਹੜੀ-ਕਿਹੜੀ ਗਾਲ ਦੇਣਾ ਜਾਣਦਾ ਹਾਂ। ਬਿਹਾਰ ਭਾਜਪਾ ਦੇ ਸਾਬਕਾ ਪ੍ਰਧਾਨ ਸਮਰਾਟ ਚੌਧਰੀ ਤਾਂ ਆਪਣੇ ਇਕ ਭਾਸ਼ਣ ਵਿਚ ਬੜੇ ਮਾਣ ਨਾਲ ਕਹਿੰਦੇ ਹਨ, ਕਿ ਉਨ੍ਹਾਂ ਇਕ ਨੇਤਾ ਨੂੰ ਇੰਨੀਆਂ ਗਾਲਾਂ ਕੱਢੀਆਂ ਕਿ ਪੂਰੇ ਸੂਬੇ ਵਿਚ ਸਿਰਫ਼ ਸਮਰਾਟ ਚੌਧਰੀ ਹੀ ਦਿਖਾਈ ਦੇਣ ਲੱਗ ਗਿਆ। ਇਕ ਵਾਰ ਤਾਂ ਹਿਮਾਚਲ ਪ੍ਰਦੇਸ਼ ਦੇ ਭਾਜਪਾ ਪ੍ਰਧਾਨ ਨੇ ਰਾਹੁਲ ਗਾਂਧੀ ਨੂੰ ਸਟੇਜ ਤੋਂ ਮਾਂ ਦੀ ਗਾਲ ਕੱਢ ਦਿੱਤੀ ਸੀ ਕਿਉਂਕਿ ਰਾਹੁਲ ਨੇ ‘ਚੌਕੀਦਾਰ ਚੋਰ ਹੈ’ ਦਾ ਨਾਅਰਾ ਲਗਾਇਆ ਸੀ। ਦਰਅਸਲ ਭਾਜਪਾ ਦੇ ਕਈ ਨੇਤਾਵਾਂ ਨੇ ਗਾਲਾਂ ਕੱਢਣ ਦੀ ਆਪਣੀ ਸਮਰੱਥਾ ਦੇ ਚਲਦਿਆਂ ਹੀ ਰਾਜਨੀਤੀ ਵਿਚ ਤਰੱਕੀ ਕੀਤੀ ਹੈ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਭਾਜਪਾ ਵਿਚ ਵਿਸ਼ੇਸ਼ ਸਮਰੱਥਾ ਨਾਲ ‘ਜੈਂਡਰ ਇਫੈਕਟ’ ਜਾਂ ਮਹਿਲਾ ਪ੍ਰਭਾਵ ਪੈਦਾ ਕੀਤਾ ਹੈ। ਪਰ ਮੇਰੇ ਅਨੁਸਾਰ ਭਾਜਪਾ ਦੇ ਇਸ ਖ਼ਾਸ ਕਿਸਮ ਦੇ ਰਾਜਨੀਤਕ ਸਭਿਆਚਾਰ ਦੇ ਸਿਖਰ ’ਤੇ ਕੋਈ ਹੋਰ ਨਹੀਂ, ਸਗੋਂ ਖ਼ੁਦ ਮੋਦੀ ਜੀ ਬੈਠੇ ਹੋਏ ਹਨ। ਉਨ੍ਹਾਂ ਨੂੰ ਤਾਂ ‘ਗਾਲਾਂ ਦਾ ਕਲਾਕਾਰ’ ਕਿਹਾ ਜਾ ਸਕਦਾ ਹੈ। ਉਹ ਸੋਨੀਆ ਗਾਂਧੀ ਲਈ ਜਿਸ ਤਰ੍ਹਾਂ ਦੇ ਅਪਸ਼ਬਦ ਵਰਤ ਚੁੱਕੇ ਹਨ, ਉਨ੍ਹਾਂ ਦਾ ਕੋਈ ਜਵਾਬ ਨਹੀਂ। ਉਹ ਰਾਹੁਲ ਗਾਂਧੀ ਨੂੰ ‘ਮੂਰਖਾਂ ਦਾ ਸਰਦਾਰ’ ਤੱਕ ਬੋਲ ਚੁੱਕੇ ਹਨ। ਇਸ ਤੋਂ ਸਪੱਸ਼ਟ ਹੈ ਕਿ ਇਸ ਮਾਮਲੇ ਵਿਚ ਉਨ੍ਹਾਂ ਤੋਂ ਬਿਹਤਰ ਕੋਈ ਵੀ ਨਹੀਂ ਹੈ।

* * * * * * *

# ਪਹਿਲੀ ਤੇ ਨੌਵੀਂ ਪਾਤਿਸ਼ਾਹੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਧੁਬੜੀ ਸਾਹਿਬ

ਬੰਗਲਾਦੇਸ਼ ਅਤੇ ਭੁਟਾਨ ਦੀ ਸਰਹੱਦ ਨਾਲ ਲਗਦੇ ਭਾਰਤ ਦੇ ਉੱਤਰ-ਪੂਰਬੀ ਸੂਬੇ ਆਸਾਮ ਦੇ ਜ਼ਿਲ੍ਹਾ ਧੁਬੜੀ 'ਚ ਬ੍ਰਹਮਪੁੱਤਰ ਨਦੀ ਦੇ ਕਿਨਾਰੇ 'ਤੇ ਸੁਸ਼ੋਭਿਤ ਗੁਰਦੁਆਰਾ ਧੁਬੜੀ ਸਾਹਿਬ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਧਰਤੀ ਹੈ। ਇਸ ਮੁਕੱਦਸ ਅਸਥਾਨ 'ਤੇ 1505 ਈ: ਨੂੰ ਉਦਾਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਪਧਾਰੇ ਸਨ। ਗੁਰੂ ਸਾਹਿਬ ਲੋਕਾਈ ਦਾ ਭਲਾ ਕਰਦੇ ਹੋਏ ਜਦੋਂ ਬੰਗਲਾਦੇਸ਼ ਵਾਲੇ ਪਾਸਿਓਂ ਬ੍ਰਹਮਪੁੱਤਰ ਨਦੀ ਤੋਂ ਅੱਗੇ ਇਸ ਅਸਥਾਨ 'ਤੇ ਆ ਕੇ ਠਹਿਰੇ ਤਾਂ ਇੱਥੇ ਵੈਸ਼ਨਵ ਮਤ ਦੇ ਮੁਖੀ ਸ਼ੰਕਰ ਦੇਵ ਉਨ੍ਹਾਂ ਦੇ ਦਰਸ਼ਨਾਂ ਲਈ ਆਏ ਅਤੇ ਉਹ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਤੋਂ ਬੇਹੱਦ ਪ੍ਰਭਾਵਿਤ ਹੋਏ। ਪਹਿਲੀ ਪਾਤਿਸ਼ਾਹੀ ਤੋਂ ਲਗਭਗ 160 ਸਾਲ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਰਾਜਾ ਰਾਮ ਸਿੰਘ ਦੀ ਬੇਨਤੀ 'ਤੇ ਆਸਾਮ ਦੀ ਯਾਤਰਾ ਦੌਰਾਨ ਇੱਥੇ ਪਧਾਰੇ। ਨੌਵੇਂ ਪਾਤਿਸ਼ਾਹ ਨੇ ਗੁਰਤਾਗੱਦੀ ਸੰਭਾਲਣ ਤੋਂ ਬਾਅਦ ਪਟਨਾ ਸਾਹਿਬ (ਬਿਹਾਰ) 'ਚ ਆਪਣੇ ਪਰਿਵਾਰ ਨੂੰ ਛੱਡ ਕੇ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਹਿਤ ਪੂਰਬ ਦੀ ਯਾਤਰਾ ਕੀਤੀ ਤਾਂ ਉਸ ਦੌਰਾਨ ਆਸਾਮ ਦੇ ਰਾਜਾ ਚੱਕਰ ਧਵੱਜ ਅਤੇ ਰਾਜਾ ਰਾਮ ਸਿੰਘ ਦਰਮਿਆਨ ਚੱਲ ਰਹੀ ਜੰਗ ਨੂੰ ਰੋਕਿਆ ਅਤੇ ਸਮਝੌਤਾ ਕਰਵਾ ਕੇ ਇਲਾਕੇ 'ਚ ਸ਼ਾਂਤੀ ਬਹਾਲ ਕੀਤੀ। ਦੱਸਿਆ ਜਾਂਦਾ ਹੈ ਕਿ ਦਿੱਲੀ ਦਰਬਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੁਗ਼ਲ ਫ਼ੌਜ ਇਸ ਤੋਂ ਪਹਿਲਾਂ ਆਸਾਮ ਦੇ ਇਲਾਕੇ 'ਚ ਅਨੇਕਾਂ ਵਾਰ ਵੱਡੇ ਹਮਲੇ ਕਰ ਚੁੱਕੀ ਸੀ, ਪਰ ਉਨ੍ਹਾਂ ਨੂੰ ਹਮੇਸ਼ਾ ਹਾਰ ਦਾ ਸਾਹਮਣਾ ਕਰਨਾ ਪਿਆ। ਮੰਨਿਆ ਜਾਂਦਾ ਹੈ ਕਿ ਆਸਾਮ ਕਬੀਲੇ ਦੇ ਲੋਕ ਆਪਣੀਆਂ ਜਾਦੂਈ ਸ਼ਕਤੀਆਂ ਨਾਲ ਵਿਰੋਧੀਆਂ ਦੀ ਇਕ ਨਹੀਂ ਚੱਲਣ ਦਿੰਦੇ ਸਨ। ਮੁਗ਼ਲ ਸਮਰਾਟ ਔਰੰਗਜ਼ੇਬ ਨੇ ਅਹੋਮ ਮੁਖੀ ਰਾਜਾ ਚੱਕਰ ਧਵੱਜ ਦੁਆਰਾ ਕੀਤੀ ਗਈ ਬਗ਼ਾਵਤ ਨੂੰ ਦਬਾਉਣ ਲਈ ਰਾਜਾ ਰਾਮ ਸਿੰਘ ਨੂੰ ਆਸਾਮ ਭੇਜਿਆ ਸੀ।

ਰਾਜਾ ਰਾਮ ਸਿੰਘ ਜੈਪੁਰ ਦੇ ਰਾਜਾ ਜੈ ਸਿੰਘ ਦਾ ਪੁੱਤਰ ਸੀ ਜੋ ਗੁਰੂ ਘਰ ਦਾ ਵੱਡਾ ਉਪਾਸ਼ਕ ਸੀ। ਰਾਜਾ ਰਾਮ ਸਿੰਘ ਨੂੰ ਇਲਮ ਸੀ ਕਿ ਉਸ ਦੀ ਇਹ ਵਿਸ਼ੇਸ਼ ਮੁਹਿੰਮ ਗੁਰੂ ਸਾਹਿਬ ਤੋਂ ਬਿਨਾਂ ਸਫ਼ਲ ਨਹੀਂ ਹੋ ਸਕਦੀ ਹੈ। ਅਜਿਹੇ 'ਚ ਉਸ ਨੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਆਪਣੇ ਨਾਲ ਆਸਾਮ ਜਾਣ ਲਈ ਬੇਨਤੀ ਕੀਤੀ ਜਿਸ ਨੂੰ ਸਵੀਕਾਰ ਕਰਕੇ ਗੁਰੂ ਸਾਹਿਬ ਇੱਥੇ ਆਏ। ਗੁ: ਧੁਬੜੀ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਵਿਦਵਾਨਾਂ ਅਨੁਸਾਰ ਇਹ ਸਮਝੌਤਾ ਹੋਣ ਤੋਂ ਪਹਿਲਾਂ ਰਾਜਾ ਚੱਕਰ ਧਵੱਜ ਮੁਗ਼ਲ ਫ਼ੌਜ ਨਾਲ ਲੜਦਿਆਂ ਜਿੱਥੇ ਗੁਰੀਲਾ ਨੀਤੀਆਂ ਅਪਣਾ ਰਿਹਾ ਸੀ, ਉੱਥੇ ਹੀ ਮੁਗ਼ਲ ਫ਼ੌਜਾਂ ਨੂੰ ਪਟਖਣੀ ਦੇਣ ਲਈ ਅਹੋਮ ਦੇ ਸਮੂਹ ਜਾਦੂਗਰ ਆਪਣੀਆਂ ਜਾਦੂਈ ਸ਼ਕਤੀਆਂ ਦਾ ਪ੍ਰਦਰਸ਼ਨ



**ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੇ 350 ਸਾਲਾ ਮੌਕੇ ਪਹਿਲਾ ਇਤਿਹਾਸਕ ਨਗਰ ਕੀਰਤਨ ਆਸਾਮ ਤੋਂ ਆਰੰਭ ਕਰਨ ਦਾ ਫ਼ੈਸਲਾ ਸ਼ਲਾਘਾਯੋਗ ਹੈ ਤੇ ਆਸਾਮ ਸਮੇਤ ਹੋਰ ਨੇੜਲੇ ਸੂਬਿਆਂ 'ਚ ਵੀ ਅਜਿਹੇ ਵੱਡੇ ਸਮਾਗਮ ਕਰਵਾਉਣੇ ਲਾਜ਼ਮੀ ਹਨ ਤਾਂ ਜੋ ਸਿੱਖ ਧਰਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾ ਸਕੇ।**

ਕਰ ਰਹੇ ਸਨ। ਇਸ ਦੌਰਾਨ ਸਭ ਤੋਂ ਸ਼ਕਤੀਸ਼ਾਲੀ ਜਾਦੂਗਰਨੀ ਨੇਤਾਈ ਧੋਬਣ ਵਲੋਂ ਗੁਰੂ ਤੇਗ਼ ਬਹਾਦਰ ਸਾਹਿਬ 'ਤੇ ਮਿਜ਼ਾਈਲ ਨੁਮਾ ਪੱਥਰ ਦੀ ਸਿੱਲ੍ਹ ਅਤੇ ਪਿੱਪਲ ਦੇ ਰੁੱਖ ਨਾਲ ਹਮਲਾ ਕੀਤਾ, ਜਿਸ ਦਾ ਕੋਈ ਅਸਰ ਨਾ ਹੋਣ ਕਰਕੇ ਨੇਤਾਈ ਧੋਬਣ ਅਤੇ ਰਾਜਾ ਚੱਕਰ ਧਵੱਜ ਗੁਰੂ ਜੀ ਦੀ ਸ਼ਰਨ 'ਚ ਪਹੁੰਚੇ। ਵਾਅਦੇ ਅਨੁਸਾਰ ਗੁਰੂ ਜੀ ਨੇ ਆਪਸੀ ਸਤਿਕਾਰ ਤੇ ਸਹਿਹੋਂਦ ਦੀ ਵਕਾਲਤ ਕਰਦੇ ਹੋਏ ਦੋਵੇਂ ਪੱਖਾਂ ਵਿਚਕਾਰ ਸ਼ਾਂਤੀ ਵਾਰਤਾ ਤੇ ਵਿਚੋਲਗੀ ਕਰਦਿਆਂ ਇਕ ਸੰਧੀ ਸਥਾਪਤ ਕੀਤੀ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਯੁੱਧ ਤੋਂ ਪਹਿਲਾਂ ਦੀਆਂ ਖੇਤਰੀ ਸੀਮਾਵਾਂ ਬਰਕਰਾਰ ਰਹਿਣ ਅਤੇ ਹੋਰ ਖ਼ੂਨ-ਖ਼ਰਾਬੇ ਨੂੰ ਟਾਲਿਆ ਜਾਵੇ। ਗੁਰੂ ਜੀ ਦੇ ਸ਼ਾਂਤੀ ਯਤਨਾਂ ਦਾ ਸਨਮਾਨ ਕਰਨ ਲਈ ਦੋਵਾਂ ਫ਼ੌਜਾਂ ਦੇ ਸਿਪਾਹੀਆਂ ਨੇ ਆਪਣੀਆਂ ਢਾਲਾਂ 'ਚ ਲਾਲ ਮਿੱਟੀ ਭਰ ਕੇ ਨੇਤਾਈ ਧੋਬਣ ਵਲੋਂ ਸੁੱਟੇ ਗਏ ਪਿੱਪਲ ਦੇ ਰੁੱਖ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਥੜ੍ਹਾ ਬਣਾ ਦਿੱਤਾ, ਜਿਸ 'ਤੇ ਬੈਠ ਕੇ ਗੁਰੂ ਸਾਹਿਬ ਨੇ ਸੰਗਤ ਨੂੰ ਉਪਦੇਸ਼ ਦਿੱਤਾ। ਗੁਰਦੁਆਰਾ ਸਾਹਿਬ ਵਿਖੇ ਅੱਜ ਵੀ ਜ਼ਮੀਨ ਤੋਂ ਤਕਰੀਬਨ 30 ਫੁੱਟ ਉੱਚਾ ਪਿੱਪਲ ਰੁੱਖ ਅਤੇ 100 ਮੀਟਰ ਦੂਰੀ 'ਤੇ ਪੱਥਰ ਦੀ ਉਕਤ ਸਿੱਲ੍ਹ ਮੌਜੂਦ ਹੈ। ਉੱਤਰ-ਪੂਰਬੀ ਖਿੱਤੇ ਦੇ ਵਿਦਵਾਨਾਂ ਮੁਤਾਬਿਕ ਗੁਰੂ ਜੀ ਦੇ ਬਚਨਾਂ ਅਨੁਸਾਰ ਨੇਤਾਈ ਧੋਬਣ ਦੇ ਨਾਂਅ 'ਤੇ ਹੀ ਇਲਾਕੇ ਦਾ ਨਾਂਅ ਧੁਬੜੀ ਪਿਆ। ਹਰ ਸਾਲ ਹੀ ਗੁਰਦੁਆਰਾ ਧੁਬੜੀ ਸਾਹਿਬ ਵਿਖੇ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਇੱਥੇ ਸੰਗਤ ਲਈ ਰਿਹਾਇਸ਼ ਬਣੀ ਹੋਈ ਹੈ ਤੇ ਲੰਗਰ ਦਾ 24 ਘੰਟੇ ਪ੍ਰਬੰਧ ਹੈ।

ਧੁਬੜੀ 'ਚ ਸਿਰਫ਼ 2-3 ਸਿੱਖ ਪਰਿਵਾਰ-ਗੁਰਦੁਆਰਾ ਧੁਬੜੀ ਸਾਹਿਬ ਦਾ ਪ੍ਰਬੰਧ ਸਿੱਖ ਪ੍ਰਤੀਨਿਧੀ ਬੋਰਡ ਈਸਟਰਨ ਜ਼ੋਨ ਵਲੋਂ ਕੀਤਾ ਜਾਂਦਾ ਹੈ, ਜਿਸ 'ਚ ਦੇਸ਼ ਦੇ ਉੱਤਰ-ਪੂਰਬੀ ਖਿੱਤੇ ਨਾਲ ਸੰਬੰਧਿਤ 7 ਸੂਬਿਆਂ ਆਸਾਮ, ਮੇਘਾਲਿਆ, ਨਾਗਾਲੈਂਡ, ਮਣੀਪੁਰ, ਅਰੁਣਾਚਲ ਪ੍ਰਦੇਸ਼, ਸਿੱਕਮ ਤੇ ਪੱਛਮੀ ਬੰਗਾਲ (ਸਿਲੀਗੁੜੀ) ਨਾਲ ਸੰਬੰਧਿਤ ਸਿੱਖ ਭਾਈਚਾਰੇ ਦੇ ਲੋਕ ਸ਼ਾਮਿਲ ਹੁੰਦੇ ਹਨ। ਅੰਮ੍ਰਿਤਸਰ ਤੋਂ 2200 ਕਿੱਲੋਮੀਟਰ ਦੂਰ 126 ਵਿਧਾਨ ਸਭਾ ਹਲਕਿਆਂ ਵਾਲੇ ਆਸਾਮ ਸੂਬੇ 'ਚ ਭਾਵੇਂ ਕੁੱਲ 20 ਹਜ਼ਾਰ ਦੇ ਕਰੀਬ ਸਿੱਖ ਭਾਈਚਾਰੇ ਦੀ ਆਬਾਦੀ ਦੱਸੀ ਜਾਂਦੀ ਹੈ ਪਰ ਧੁਬੜੀ 'ਚ ਸਿੱਖ ਭਾਈਚਾਰੇ ਨਾਲ ਸੰਬੰਧਿਤ ਮਹਿਜ਼ 2-3 ਪਰਿਵਾਰ ਹੀ ਰਹਿੰਦੇ ਹਨ ਜਿਨ੍ਹਾਂ ਦਾ ਕਾਰੋਬਾਰ ਵੀ ਗੁਹਾਟੀ 'ਚ ਹੈ। ਬ੍ਰਹਮਪੁੱਤਰ ਨਦੀ ਦੇ ਕਿਨਾਰੇ 'ਤੇ ਘੁੱਗ ਵੱਸਦੇ ਸ਼ਹਿਰ ਧੁਬੜੀ 'ਚ 70 ਫ਼ੀਸਦੀ ਆਬਾਦੀ ਮੁਸਲਮਾਨਾਂ ਦੀ ਹੈ। ਧੁਬੜੀ ਤੋਂ ਬ੍ਰਹਮਪੁੱਤਰ ਨਦੀ ਦੇ ਦੂਜੇ ਕਿਨਾਰੇ 'ਤੇ ਬੰਗਲਾਦੇਸ਼ ਹੈ, ਜਿੱਥੋਂ ਵੱਖ-ਵੱਖ ਪਿੰਡਾਂ ਨਾਲ ਸੰਬੰਧਿਤ ਲੋਕ ਬੇੜਿਆਂ ਰਾਹੀਂ ਨਦੀ ਪਾਰ ਕੇ ਧੁਬੜੀ ਆਪਣੇ ਕੰਮਕਾਰ ਕਰਨ ਅਤੇ ਬੱਚੇ ਪੜ੍ਹਨ ਲਈ ਆਉਂਦੇ ਹਨ। ਸਿੱਖ ਪ੍ਰਤੀਨਿਧ ਬੋਰਡ ਈਸਟਰਨ ਜ਼ੋਨ ਦੇ ਪ੍ਰਧਾਨ ਦਿਲਜੀਤ ਸਿੰਘ ਸੇਠੀ ਦੱਸਦੇ ਹਨ ਕਿ ਭਾਵੇਂ ਉੱਤਰ-ਪੂਰਬ ਖਿੱਤੇ 'ਚ ਸਿੱਖ ਭਾਈਚਾਰੇ ਦੀ ਗਿਣਤੀ ਘੱਟ ਹੈ ਪਰ ਮਾਣ-ਸਤਿਕਾਰ ਬਹੁਤ ਜ਼ਿਆਦਾ ਹੈ। ਉਨ੍ਹਾਂ ਦੱਸਿਆ ਕਿ ਆਸਾਮੀ ਸਿੱਖਾਂ ਦੇ ਅਸੂਲ ਅਨੁਸਾਰ ਵਿਆਹ ਕਰਵਾਉਣ ਲਈ ਲੜਕੇ-ਲੜਕੀ ਦਾ ਅੰਮ੍ਰਿਤਧਾਰੀ ਹੋਣਾ ਬੇਹੱਦ ਲਾਜ਼ਮੀ ਹੈ। ਆਸਾਮ ਦੇ ਸਭ ਤੋਂ ਵੱਡੇ ਸ਼ਹਿਰ ਗੁਹਾਟੀ 'ਚ 175 ਸਾਲ ਪੁਰਾਣੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੈਂਸੀ ਬਾਜ਼ਾਰ ਗੁਹਾਟੀ ਦੀ ਪ੍ਰਬੰਧਕ ਕਮੇਟੀ ਔਰਤਾਂ ਨਾਲ ਸੰਬੰਧਿਤ ਹੈ, ਜਿਸ 'ਚ ਵੂਮੈਨ ਕਮੇਟੀ ਦੇ ਮੌਜੂਦਾ ਪ੍ਰਧਾਨ ਦਿਲਜੀਤ ਸਿੰਘ ਸੇਠੀ ਦੀ ਪਤਨੀ ਕੰਵਲ ਕੌਰ (ਨੀਰੂ) ਹਨ।

ਸਿੱਖ ਧਰਮ ਦੇ ਪ੍ਰਚਾਰ-ਪਸਾਰ ਦੀ ਘਾਟ-ਦਿਲਜੀਤ ਸਿੰਘ ਸੇਠੀ ਦਾ ਇਹ ਵੀ ਕਹਿਣਾ ਹੈ ਕਿ ਉੱਥੋਂ ਦੇ ਸਥਾਨਕ ਲੋਕਾਂ 'ਚ ਧਰਮ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਹੈ ਪਰ ਉਹ ਈਸਟਰਨ ਜ਼ੋਨ 'ਚ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਦੀ ਵੱਡੀ ਕਮੀ ਮਹਿਸੂਸ ਕਰਦੇ ਹਨ, ਜਿਸ ਲਈ ਹੁਣ ਬੋਰਡ ਵਲੋਂ ਧਰਮ ਪ੍ਰਚਾਰ ਕਮੇਟੀ ਦਾ ਗਠਨ ਕੀਤਾ ਜਾ ਰਿਹਾ ਹੈ ਤਾਂ ਜੋ ਵੱਖ-ਵੱਖ ਇਲਾਕਿਆਂ 'ਚ ਸਮੇਂ-ਸਮੇਂ ਅਨੁਸਾਰ ਗੁਰਮਤਿ ਸਮਾਗਮ ਕਰਵਾ ਕੇ ਲੋਕਾਈ ਨੂੰ ਗੁਰੂ ਸਾਹਿਬ ਦੇ ਸਿਧਾਂਤ ਅਤੇ ਫ਼ਲਸਫ਼ੇ ਨਾਲ ਜੋੜਿਆ ਜਾ ਸਕੇ। ਉਨ੍ਹਾਂ ਮੁਤਾਬਿਕ ਪ੍ਰਚਾਰ ਦੀ ਕਮੀ ਦੇ ਚੱਲਦਿਆਂ ਗੁਰੂ ਸਾਹਿਬ ਨਾਲ ਸੰਬੰਧਿਤ ਕੁਝ ਅਸਥਾਨਾਂ ਅਤੇ ਨਿਸ਼ਾਨੀਆਂ ਬਾਰੇ ਇਤਿਹਾਸ 'ਚ ਜ਼ਿਕਰ ਤਾਂ ਮਿਲਦਾ ਹੈ ਪਰ ਖੋਜ ਕਾਰਜ ਨਾ ਹੋਣ ਕਰਕੇ ਇਹ ਅਸਥਾਨ ਅਜੇ ਵੀ ਅਲੋਪ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੇ 350 ਸਾਲਾ ਮੌਕੇ ਪਹਿਲਾ ਇਤਿਹਾਸਕ ਨਗਰ ਕੀਰਤਨ ਆਸਾਮ ਤੋਂ ਆਰੰਭ ਕਰਨ ਦਾ ਫ਼ੈਸਲਾ ਸ਼ਲਾਘਾਯੋਗ ਹੈ ਤੇ ਆਸਾਮ ਸਮੇਤ ਹੋਰ ਨੇੜਲੇ ਸੂਬਿਆਂ 'ਚ ਵੀ ਅਜਿਹੇ ਵੱਡੇ ਸਮਾਗਮ ਕਰਵਾਉਣੇ ਲਾਜ਼ਮੀ ਹਨ ਤਾਂ ਜੋ ਸਿੱਖ ਧਰਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾ ਸਕੇ।

# ਭਾਜਪਾ ਹੁਣ ਮਥੁਰਾ ਦਾ ਮੁੱਦਾ ਕਿਉਂ ਉਠਾ ਰਹੀ ਹੈ ? ਇਸ ਵਿੱਚ ਉਸਦਾ ਰਾਜਨੀਤਕ ਫਾਇਦਾ ਕੀ ਹੈ ?

## ✪ ਕੀ ਹੋਵੇਗਾ ਯੂ.ਪੀ. ਚੋਣਾਂ 'ਤੇ ਅਸਰ, ਕੀ ਹੈ ਮੁੱਦੇ ਦੀ ਰਾਜਨੀਤਕ ਮਹੱਤਤਾ ✪ ਭਗਵੇਂ ਸਾਧ ਧੀਰੇਂਦਰ ਸ਼ਾਸਤਰੀ ਨੇ ਪੈਦਲ ਯਾਤਰਾ ਕੀਤੀ ਸ਼ੁਰੂ


**ਖਾਸ ਖਬਰ**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਹਿੰਦੂ ਧਾਰਮਿਕ ਮੁੱਦਿਆਂ ਨੂੰ ਆਪਣੀ ਰਾਜਨੀਤਕ ਰਣਨੀਤੀ ਦਾ ਅਹਿਮ ਹਿੱਸਾ ਬਣਾ ਰੱਖਿਆ ਹੈ। ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਨੇ ਪਾਰਟੀ ਨੂੰ ਵੱਡਾ ਸਮਰਥਨ ਦਿੱਤਾ ਸੀ, ਪਰ ਲੋਕ ਸਭਾ ਚੋਣਾਂ ਵਿੱਚ ਇਸ ਨਾਲ ਜਿੰਨਾ ਫਾਇਦਾ ਹੋਣਾ ਚਾਹੀਦਾ ਸੀ, ਓਨਾ ਨਹੀਂ ਹੋਇਆ। ਇਸ ਤੋਂ ਵੀ ਬਾਵਜੂਦ ਭਾਜਪਾ ਇਨ੍ਹਾਂ ਮੁੱਦਿਆਂ ਨੂੰ ਛੱਡਣ ਨੂੰ ਤਿਆਰ ਨਹੀਂ।

ਹੁਣ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪਾਰਟੀ ਮਥੁਰਾ ਦੇ ਸ਼੍ਰੀ ਕ੍ਰਿਸ਼ਨ ਜਨਮਭੂਮੀ ਅਤੇ ਸ਼ਾਹੀ ਈਦਗਾਹ ਮਸਜਿਦ ਵਿਵਾਦ ਨੂੰ ਜ਼ੋਰਾਂ-ਸ਼ੋਰਾਂ ਨਾਲ ਉਠਾ ਰਹੀ ਹੈ। ਇਹ ਮੁੱਦਾ ਨਾ ਸਿਰਫ਼ ਹਿੰਦੂ ਭਾਵਨਾਵਾਂ ਨੂੰ ਭੜਕਾਉਂਦਾ ਹੈ, ਸਗੋਂ ਭਾਜਪਾ ਲਈ ਰਾਜਨੀਤਕ ਤੌਰ ਤੇ ਵੀ ਲਾਭਕਾਰੀ ਸਾਬਤ ਹੋ ਸਕਦਾ ਹੈ।

ਮਥੁਰਾ ਵਿਵਾਦ ਦੀ ਸ਼ੁਰੂਆਤ ਹਿੰਦੂ ਪੱਖ ਨਾਲੋਂ ਹੋਈ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ 17ਵੀਂ ਸਦੀ ਵਿੱਚ ਕੇਸ਼ਵਦੇਵ ਮੰਦਰ ਨੂੰ ਤੋੜ ਕੇ ਉਸ ਜਗ੍ਹਾ ਤੇ ਸ਼ਾਹੀ ਈਦਗਾਹ ਮਸਜਿਦ ਬਣਵਾਈ ਸੀ। ਇਹ ਜਗ੍ਹਾ ਭਗਵਾਨ ਕ੍ਰਿਸ਼ਨ ਦੇ ਜਨਮ ਸਥਾਨ ਵਜੋਂ ਜਾਣੀ ਜਾਂਦੀ ਹੈ। ਹਿੰਦੂ ਸੰਗਠਨਾਂ ਨੇ ਅਦਾਲਤਾਂ ਵਿੱਚ ਅਪੀਲਾਂ ਦਾਇਰ ਕੀਤੀਆਂ ਸਨ, ਜਿਨ੍ਹਾਂ ਵਿੱਚ ਮਸਜਿਦ ਨੂੰ ਹਟਾਉਣ ਅਤੇ ਮੰਦਰ ਦਾ ਨਿਰਮਾਣ ਕਰਨ ਦੀ ਮੰਗ ਕੀਤੀ ਗਈ ਸੀ। ਇਲਾਹਾਬਾਦ ਹਾਈਕੋਰਟ ਨੇ 2024 ਵਿੱਚ 18 ਅਜਿਹੀਆਂ ਅਪੀਲਾਂ ਨੂੰ ਜੋੜ ਕੇ ਸੁਣਵਾਈ ਸ਼ੁਰੂ ਕੀਤੀ ਸੀ, ਜਿਸ ਨਾਲ ਵਿਵਾਦ ਨੂੰ ਨਵੀਂ ਜ਼ਿੰਦਗੀ ਮਿਲ ਗਈ ਹੈ। ਭਾਜਪਾ ਨੇ ਅਧਿਕਾਰਤ ਤੌਰ ਤੇ ਇਸ ਨੂੰ ਚੋਣ ਮੁੱਦਾ ਨਹੀਂ ਬਣਾਇਆ, ਪਰ ਪਾਰਟੀ ਨੇਤਾਵਾਂ ਜਿਵੇਂ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਟਵੀਟ ਕਰਕੇ ਇਸ ਬਾਰੇ ਇਸ਼ਾਰੇ ਕੀਤੇ ਹਨ। ਉਹ ਕਹਿੰਦੇ ਹਨ ਕਿ ਅਯੁੱਧਿਆ ਅਤੇ ਕਾਸ਼ੀ ਤੋਂ ਬਾਅਦ ਮਥੁਰਾ ਵੀ ਬਣੇਗਾ।

ਭਾਜਪਾ ਇਹ ਮੁੱਦਾ ਉਠਾ ਰਹੀ ਹੈ ਕਿਉਂਕਿ ਇਹ ਉੱਤਰ ਪ੍ਰਦੇਸ਼ ਵਰਗੀਆਂ ਸੂਬਿਆਂ ਵਿੱਚ ਹਿੰਦੂ ਵੋਟਰਾਂ ਨੂੰ ਇਕੱਠਾ ਕਰਨ ਦਾ ਮਜ਼ਬੂਤ ਹਥਿਆਰ ਹੈ। ਅਯੁੱਧਿਆ ਵਰਗਾ ਇਹ ਵੀ 'ਹਿੰਦੂਤਵਾ' ਦੀ ਵਿਚਾਰਧਾਰਾ ਨਾਲ ਜੁੜਿਆ ਹੈ, ਜਿਸ ਨਾਲ ਪਾਰਟੀ ਆਪਣੇ ਕੈਡਰ ਨੂੰ ਉਤਸ਼ਾਹਿਤ ਕਰਦੀ ਹੈ। ਰਾਸ਼ਟਰੀ ਸਵੈਮਸੇਵਕ ਸੰਘ ਵੀ ਚੁਪ ਨਹੀਂ ਹੈ; ਉਹ ਇਸ ਨੂੰ ਆਪਣੀ ਭਗਵੀਂ ਵਿਚਾਰਧਾਰਾ ਨਾਲ



ਜੋੜਦੀ ਹੈ। ਬਾਗੇਸ਼ਵਰ ਧਾਮ ਦੇ ਧੀਰੇਂਦਰ ਸ਼ਾਸਤਰੀ ਵਰਗੇ ਧਾਰਮਿਕ ਨੇਤਾਵਾਂ ਨੇ ਵੀ ਮਥੁਰਾ ਜਾ ਕੇ ਕਿਹਾ ਹੈ ਕਿ ਰਾਮ ਬਿਰਾਜਮਾਨ ਹੋ ਗਏ ਹਨ, ਹੁਣ ਕ੍ਰਿਸ਼ਨ ਦੀ ਵਾਰੀ ਹੈ। ਉਨ੍ਹਾਂ ਨੇ ਮੰਦਰਾਂ ਵਿੱਚ ਵੰਦੇ ਮਾਤਰਮ ਵਜਾਉਣ ਦੀ ਵੀ ਗੱਲ ਕੀਤੀ, ਜੋ ਰਾਸ਼ਟਰ ਭਗਤੀ ਨਾਲ ਜੋੜਦੀ ਹੈ।

ਭਾਜਪਾ ਨੇ ਉਨ੍ਹਾਂ ਦੇ ਇੰਟਰਵਿਊ ਨੂੰ ਆਪਣੇ ਸੋਸ਼ਲ ਮੀਡੀਆ ਤੇ ਸਾਂਝਾ ਕਰਕੇ ਇਸ ਨੂੰ ਅਪਨਾਇਆ ਹੈ। ਧੀਰੇਂਦਰ ਸ਼ਾਸਤਰੀ 7 ਨਵੰਬਰ ਤੋਂ 16 ਨਵੰਬਰ ਤੱਕ ਦਿੱਲੀ ਤੋਂ ਮਥੁਰਾ-ਵ੍ਰਿੰਦਾਵਨ ਤੱਕ ਪੈਦਲ ਯਾਤਰਾ ਕਰਨਗੇ, ਜਿਸ ਵਿੱਚ ਸਾਧੂ-ਸੰਤ ਵੀ ਸ਼ਾਮਲ ਹੋਣਗੇ। ਇਹ ਯਾਤਰਾ ਮੁੱਦੇ ਨੂੰ ਜ਼ਮੀਨੀ ਪੱਧਰ ਤੇ ਫੈਲਾਏਗੀ ਅਤੇ ਹਿੰਦੂ ਏਕਤਾ ਨੂੰ ਮਜ਼ਬੂਤ ਕਰੇਗੀ।

ਇਸ ਮੁੱਦੇ ਨਾਲ ਭਾਜਪਾ ਨੂੰ ਕਈ ਰਾਜਨੀਤਕ ਫਾਇਦੇ ਹੋਣਗੇ। ਪਹਿਲਾਂ ਤਾਂ ਇਹ ਵਿਰੋਧੀ ਪਾਰਟੀਆਂ ਜਿਵੇਂ ਸਮਾਜਵਾਦੀ ਪਾਰਟੀ (ਐੱਸਪੀ) ਅਤੇ ਬਸਪਾ ਨੂੰ ਘੇਰਨ ਵਾਲਾ ਹਥਿਆਰ ਬਣੇਗਾ, ਜੋ ਮੁਸਲਿਮ ਵੋਟ ਬੈਂਕ ਤੇ ਨਿਰਭਰ ਹਨ। ਭਾਜਪਾ ਹਿੰਦੂ ਵੋਟਾਂ ਨੂੰ ਪੋਲਰਾਈਜ਼ ਕਰਕੇ ਆਪਣੇ ਪੱਖ ਵਿੱਚ ਕਰੇਗੀ, ਖਾਸ ਕਰਕੇ ਯੂਪੀ ਵਿੱਚ ਜਿੱਥੇ 80 ਲੋਕ ਸਭਾ ਸੀਟਾਂ ਹਨ। ਦੂਜੇ, ਇਹ ਪਾਰਟੀ ਨੂੰ ਰਾਸ਼ਟਰੀ ਪੱਧਰ ਤੇ ਹਿੰਦੂ ਵੋਟਰਾਂ ਨਾਲ ਜੋੜੇਗਾ, ਜੋ 2024 ਚੋਣਾਂ ਵਿੱਚ ਘੱਟ ਹੋਏ ਸਨ। ਤੀਜਾ, ਧਾਰਮਿਕ ਨੇਤਾਵਾਂ ਨਾਲ ਜੁੜਾਅ ਨਾਲ ਭਾਜਪਾ ਨੂੰ ਨਵਾਂ ਸਮਰਥਨ ਮਿਲੇਗਾ, ਜਿਵੇਂ ਬਾਬਾ ਸ਼ਾਸਤਰੀ ਵਰਗੇ ਜੋ ਹਿੰਦੂ ਨੌਜਵਾਨਾਂ ਨੂੰ ਆਕਰਸ਼ਿਤ ਕਰਦੇ ਹਨ। ਚੌਥਾ, ਅਦਾਲਤੀ ਕੇਸਾਂ ਨਾਲ ਮੁੱਦਾ ਲੰਮਾ ਚੱਲੇਗਾ, ਜੋ ਚੋਣਾਂ ਤੱਕ ਭਾਵਨਾਵਾਂ ਨੂੰ ਜਿਉਂਦਾ ਰੱਖੇਗਾ। ਪਰ ਇਸ ਨਾਲ ਕਮਿਊਨਲ ਤਣਾਅ ਵਧੇਗਾ।

ਅੰਤ ਵਿੱਚ, ਭਾਜਪਾ ਲਈ ਇਹ ਰਣਨੀਤੀ ਯੂਪੀ ਵਿਧਾਨ ਸਭਾ ਚੋਣਾਂ ਵਿੱਚ ਵਾਪਸੀ ਦਾ ਰਾਹ ਬਣਾ ਸਕਦੀ ਹੈ। ਪਾਰਟੀ ਨੇਤਾ ਕਹਿੰਦੇ ਹਨ ਕਿ ਇਹ ਕੈਡਰ ਦੀ ਭਾਵਨਾ ਨਾਲ ਜੁੜਿਆ ਹੈ ਅਤੇ ਚੋਣਾਂ ਤੋਂ ਬਾਅਦ ਵੱਡੀ ਲਹਿਰ ਚਲੇਗੀ। ਪਰ ਇਹ ਵੀ ਸੱਚ ਹੈ ਕਿ ਅਜਿਹੇ ਮੁੱਦੇ ਲੋਕਾਂ ਵਿੱਚ ਵੰਡ ਪੈਦਾ ਕਰਦੇ ਹਨ, ਜੋ ਲੰਮੇ ਸਮੇਂ ਵਿੱਚ ਪਾਰਟੀ ਲਈ ਨੁਕਸਾਨਦੇਹ ਹੋ ਸਕਦੇ ਹਨ।

# ਅਖਲੇਸ਼ ਯਾਦਵ ਦਾ ਸਿੱਖ ਪੱਗ ਰੂਪ: ਸਿਆਸੀ ਰਣਨੀਤੀ ਦਾ ਨਵਾਂ ਰੰਗ

## ✪ ਵੋਟ ਚੋਰੀ ਦੇ ਦੋਸ਼: ਚੋਣ ਕਮਿਸ਼ਨ 'ਤੇ ਅਖਲੇਸ਼ ਦਾ ਸਿੱਧਾ ਹਮਲਾ

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਲੇਸ਼ ਯਾਦਵ ਨੇ 12 ਸਤੰਬਰ 2025 ਨੂੰ ਲਖਨਊ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਸਿੱਖ ਪੱਗ ਬੰਨ੍ਹ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਹ ਪਹਿਲੀ ਵਾਰ ਨਹੀਂ ਜਦੋਂ ਅਖਲੇਸ਼ ਨੇ ਸਿੱਖ ਭਾਈਚਾਰੇ ਨਾਲ ਜੁੜਨ ਲਈ ਉਸ ਦੀ ਸੱਭਿਆਚਾਰਕ ਪਛਾਣ ਨੂੰ ਅਪਣਾਇਆ ਹੋਵੇ, ਪਰ ਇਸ ਵਾਰ ਉਨ੍ਹਾਂ ਦਾ ਸਿੱਖ 'ਸਰਦਾਰ ਲੁੱਕ' ਸੋਸ਼ਲ ਮੀਡੀਆ 'ਤੇ ਛਾ ਗਿਆ। ਪ੍ਰੈਸ ਕਾਨਫਰੰਸ ਤੋਂ ਪਹਿਲਾਂ, ਸਿੱਖ ਭਾਈਚਾਰੇ ਦੇ ਇਕ ਵਫਦ ਨੇ ਅਖਲੇਸ਼ ਨੂੰ ਮਿਲਣ ਆਏ ਸਿੱਖ ਨੇਤਾਵਾਂ ਵਿੱਚੋਂ ਇਕ ਨੇ ਉਨ੍ਹਾਂ ਨੂੰ ਪੱਗ ਬੰਨ੍ਹੀ। ਇਸ ਦੌਰਾਨ ਦਾ ਵੀਡੀਓ ਵਾਇਰਲ ਹੋਇਆ ਅਤੇ ਸਿੱਖ ਭਾਈਚਾਰੇ ਨੇ ਅਖਲੇਸ਼ ਦੇ ਇਸ ਕਦਮ ਨੂੰ ਸਰਾਹਿਆ। ਇਹ ਸਮਾਜਵਾਦੀ ਪਾਰਟੀ ਦੀ ਸਿਆਸੀ ਰਣਨੀਤੀ ਦਾ ਹਿੱਸਾ ਵੀ ਮੰਨਿਆ ਜਾ ਰਿਹਾ ਹੈ। ਅਖਲੇਸ਼ ਦਾ ਇਹ ਕਦਮ 2027 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਸਿੱਖ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਮੰਨਿਆ ਜਾ ਸਕਦਾ ਹੈ।

ਅਖਲੇਸ਼ ਯਾਦਵ ਦੀ ਪ੍ਰੈਸ ਕਾਨਫਰੰਸ ਵਿਚ ਸਿੱਖ ਭਾਈਚਾਰੇ ਦੇ ਨੇਤਾਵਾਂ ਦੀ ਮੌਜੂਦਗੀ ਨੇ ਵੀ ਸੁਰਖੀਆਂ ਬਟੋਰੀਆਂ। ਸਿੱਖ ਵਫਦ ਨੇ ਅਖਲੇਸ਼ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਗੱਲਬਾਤ ਕੀਤੀ, ਜਿਨ੍ਹਾਂ ਵਿਚ ਸਿੱਖ ਭਾਈਚਾਰੇ ਦੇ ਸਿੱਖਿਆ, ਰੁਜ਼ਗਾਰ ਅਤੇ ਸੱਭਿਆਚਾਰਕ ਮੁੱਦਿਆਂ ਨੂੰ ਲੈ ਕੇ ਚਰਚਾ ਸ਼ਾਮਲ ਸੀ। ਅਖਲੇਸ਼ ਨੇ ਵਾਅਦਾ ਕੀਤਾ ਕਿ ਜੇਕਰ ਸਮਾਜਵਾਦੀ ਪਾਰਟੀ 2027 ਵਿਚ ਉੱਤਰ ਪ੍ਰਦੇਸ਼ ਵਿਚ ਸਰਕਾਰ ਬਣਾਉਂਦੀ ਹੈ, ਤਾਂ ਉਹ ਸਿੱਖ ਭਾਈਚਾਰੇ ਦੀਆਂ ਸਾਰੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਨਗੇ। ਇਹ ਮੁਲਾਕਾਤ ਸਿੱਖ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਇਕ ਸਿਆਸੀ ਰਣਨੀਤੀ ਦਾ ਹਿੱਸਾ ਸੀ, ਕਿਉਂਕਿ ਉੱਤਰ ਪ੍ਰਦੇਸ਼ ਵਿਚ ਸਿੱਖ ਭਾਈਚਾਰੇ ਦੀ ਇਕ ਮਹੱਤਵਪੂਰਨ ਆਬਾਦੀ ਹੈ।

ਅਖਲੇਸ਼ ਯਾਦਵ ਦੇ ਸਿੱਖ ਪੱਗ ਬੰਨ੍ਹਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋਇਆ। ਸਿੱਖ ਭਾਈਚਾਰੇ ਦੇ ਕਈ ਨੇਤਾਵਾਂ ਨੇ ਇਸ ਨੂੰ ਇਕ ਸਕਾਰਾਤਮਕ ਸੁਨੇਹਾ ਮੰਨਿਆ, ਜੋ ਸਮਾਜਵਾਦੀ ਪਾਰਟੀ ਦੀ ਸਰਵਪੱਖੀ ਸਿਆਸਤ ਨੂੰ ਦਰਸਾਉਂਦਾ ਹੈ। ਪਰ ਕੁਝ ਆਲੋਚਕਾਂ ਨੇ ਇਸ ਨੂੰ ਸਿਰਫ਼ ਸਿਆਸੀ ਸਟੰਟ ਵਜੋਂ ਵੀ ਵੇਖਿਆ, ਜਿਸ ਦਾ ਮਕਸਦ ਵੋਟ ਬੈਂਕ ਨੂੰ ਆਕਰਸ਼ਿਤ ਕਰਨਾ ਸੀ।

ਚੋਣ ਕਮਿਸ਼ਨ 'ਤੇ ਸਵਾਲ: ਵੋਟ ਚੋਰੀ ਦੇ ਦੋਸ਼ ਅਤੇ ਨੇਪਾਲ ਵਰਗੀ ਸਥਿਤੀ ਦੀ



ਚਿਤਾਵਨੀ-ਅਖਲੇਸ਼ ਯਾਦਵ ਨੇ ਪ੍ਰੈਸ ਕਾਨਫਰੰਸ ਵਿਚ ਚੋਣ ਕਮਿਸ਼ਨ 'ਤੇ ਗੰਭੀਰ ਸਵਾਲ ਉਠਾਏ। ਉਨ੍ਹਾਂ ਨੇ ਮੀਰਪੁਰ, ਰਾਮਪੁਰ ਅਤੇ ਹੋਰ ਮਹੱਤਵਪੂਰਨ ਚੋਣਾਂ ਵਿਚ ਵੋਟ ਚੋਰੀ ਦੇ ਦੋਸ਼ ਲਗਾਏ। ਅਖਲੇਸ਼ ਨੇ ਕਿਹਾ ਕਿ ਜਦੋਂ ਵੋਟ ਚੋਰੀ ਨਾਲ ਚੋਣਾਂ ਨਹੀਂ ਜਿੱਤੀਆਂ ਜਾ ਸਕੀਆਂ, ਤਾਂ ਸੱਤਾਧਾਰੀ ਪਾਰਟੀਆਂ ਨੇ ਰਿਵਾਲਵਰ ਅਤੇ ਜ਼ਬਰਦਸਤੀ ਦੀ ਵਰਤੋਂ ਕੀਤੀ। ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਚੇਤਾਵਨੀ ਦਿੱਤੀ ਕਿ ਉਸ ਦੀ ਜ਼ਿੰਮੇਵਾਰੀ ਹੈ ਕਿ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਅਤੇ ਸੁਤੰਤਰ ਹੋਵੇ। ਅਖਲੇਸ਼ ਨੇ ਇਹ ਵੀ ਕਿਹਾ ਕਿ ਜੇਕਰ ਅਜਿਹੀਆਂ ਘਟਨਾਵਾਂ ਜਾਰੀ ਰਹੀਆਂ, ਤਾਂ ਭਾਰਤ ਵਿਚ ਵੀ ਨੇਪਾਲ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ, ਜਿੱਥੇ ਲੋਕ ਸੜਕਾਂ 'ਤੇ ਉਤਰ ਆਉਣ। ਇਹ ਬਿਆਨ ਨੇਪਾਲ ਦੀਆਂ ਤਾਜ਼ਾ ਸਿਆਸੀ ਘਟਨਾਵਾਂ ਵੱਲ ਇਸ਼ਾਰਾ ਕਰਦਾ ਹੈ, ਜਿੱਥੇ ਸਰਕਾਰ ਅਤੇ ਸਿਆਸੀ ਪਾਰਟੀਆਂ ਦੇ ਵਿਰੁੱਧ ਪ੍ਰਦਰਸ਼ਨ ਹੋਏ ਸਨ। ਅਖਲੇਸ਼ ਦਾ ਇਹ ਬਿਆਨ ਸੱਤਾਧਾਰੀ ਪਾਰਟੀ 'ਤੇ ਸਿੱਧਾ ਹਮਲਾ ਸੀ ਅਤੇ ਇਹ ਸੁਨੇਹਾ ਸੀ ਕਿ ਉਹ ਅਜਿਹੀਆਂ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕਰਨਗੇ।

ਅਖਲੇਸ਼ ਯਾਦਵ ਦਾ ਸਿੱਖ ਪੱਗ ਬੰਨ੍ਹਣਾ ਅਤੇ ਚੋਣ ਕਮਿਸ਼ਨ 'ਤੇ ਸਵਾਲ ਉਠਾਉਣਾ ਸਮਾਜਵਾਦੀ ਪਾਰਟੀ ਦੀ 2027 ਦੀਆਂ ਚੋਣਾਂ ਲਈ ਤਿਆਰੀ ਦਾ ਹਿੱਸਾ ਜਾਪਦਾ ਹੈ। ਉਨ੍ਹਾਂ ਦਾ 'ਸਰਦਾਰ ਲੁੱਕ' ਅਤੇ ਸਿੱਖ ਭਾਈਚਾਰੇ ਨਾਲ ਮੁਲਾਕਾਤ ਸਿਆਸੀ ਅਤੇ ਸਮਾਜਿਕ ਤੌਰ 'ਤੇ ਮਹੱਤਵਪੂਰਨ ਹੈ। ਨੇਪਾਲ ਵਰਗੀ ਸਥਿਤੀ ਦੀ ਚਿਤਾਵਨੀ ਦੇ ਨਾਲ, ਅਖਲੇਸ਼ ਨੇ ਸੱਤਾਧਾਰੀ ਪਾਰਟੀ ਅਤੇ ਚੋਣ ਕਮਿਸ਼ਨ 'ਤੇ ਦਬਾਅ ਵਧਾਇਆ ਹੈ। ਇਹ ਸਾਰਾ ਘਟਨਾਕ੍ਰਮ ਸਮਾਜਵਾਦੀ ਪਾਰਟੀ ਦੀ ਸਿਆਸੀ ਰਣਨੀਤੀ ਅਤੇ ਅਖਲੇਸ਼ ਦੀ ਲੀਡਰਸ਼ਿਪ ਨੂੰ ਨਵਾਂ ਮੋੜ ਦੇ ਰਿਹਾ ਹੈ।

# ਜੀਦਾ ਧਮਾਕੇ ਮਾਮਲੇ ਵਿਚ ਐਨਆਈਏ ਦੀ ਐਂਟਰੀ, ਜੰਮੂ ਪੁਲਿਸ ਵੀ ਜਾਂਚ ਵਿਚ ਸ਼ਾਮਲ

**✪ ਬਠਿੰਡਾ ਵਿਚ ਬੰਬ ਬਣਾਉਣ ਦੌਰਾਨ ਹੋਇਆ ਸੀ ਧਮਾਕਾ, ਪਿਓ-ਪੁੱਤਰ ਹੋਏ ਸਨ ਜ਼ਖ਼ਮੀ ✪ ਧਮਾਕਾਖੇਜ਼ ਸਮੱਗਰੀ ਨਸ਼ਟ ਕਰਨ ਵਿਚ ਪੁਲਿਸ ਨੂੰ ਅੜਚਣ, ਰੋਬੋਟ ਖ਼ਰਾਬ ✪ ਕਠੂਆ ਨਾਲ ਜੁੜਿਆ ਜੀਦਾ ਧਮਾਕੇ ਦਾ ਲਿੰਕ, ਸੁਰੱਖਿਆ ਏਜੰਸੀਆਂ ਸਰਗਰਮ**

ਬਠਿੰਡਾ-ਪੰਜਾਬ ਦੇ ਬਠਿੰਡਾ ਜ਼ਿਲ੍ਹੇ ਵਿੱਚ ਪਿੰਡ ਜੀਦਾ ਨੇੜੇ ਹੋਏ ਧਮਾਕੇਖੇਜ਼ ਘਟਨਾ ਨੇ ਰਾਸ਼ਟਰੀ ਅਤੇ ਰਾਜ ਨੂੰ ਹਿਲ੍ਹਾ ਦਿੱਤਾ ਹੈ। ਇਸ ਮਾਮਲੇ ਦੀ ਜਾਂਚ ਹੁਣ ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੇ ਹੱਥ ਵਿੱਚ ਲੈ ਲਈ ਹੈ।

ਐੱਨਆਈਏ ਦੀ ਟੀਮ ਬਠਿੰਡਾ ਪਹੁੰਚ ਕੇ ਘਟਨਾ ਸਥਾਨ 'ਤੇ ਪਹਿਲਾਂ ਹੀ ਜਾਂਚ ਸ਼ੁਰੂ ਕਰ ਚੁੱਕੀ ਹੈ, ਜਦਕਿ ਜੰਮੂ ਤੇ ਕਸ਼ਮੀਰ ਪੁਲਿਸ ਵੀ ਇਸ ਨਾਲ ਜੁੜੇ ਕਠੂਆ ਲਿੰਕ ਕਾਰਨ ਮਾਮਲੇ ਦੀ ਡੂੰਘੀ ਜਾਂਚ ਕਰ ਰਹੀ ਹੈ। ਜ਼ਿਲ੍ਹਾ ਪੁਲਿਸ ਨੇ ਫੌਜ ਨੂੰ ਵੀ ਇਸ ਬਾਰੇ ਪੱਤਰ ਲਿਖ ਕੇ ਮੱਦਦ ਮੰਗੀ ਹੈ। ਘਟਨਾ ਦੇ ਪੂਰੇ ਖੁਲਾਸੇ ਅਨੁਸਾਰ, 10 ਸਤੰਬਰ ਨੂੰ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਪਿੰਡ ਜੀਦਾ ਵਿੱਚ ਨੌਜਵਾਨ ਗੁਰਪ੍ਰੀਤ ਸਿੰਘ (ਉਮਰ ਲਗਭਗ 25 ਸਾਲ) ਆਪਣੇ ਘਰ ਵਿੱਚ ਪੋਟਾਸ਼ ਰਸਾਇਣ ਨਾਲ ਬੰਬ ਤਿਆਰ ਕਰ ਰਿਹਾ ਸੀ।

ਅਚਾਨਕ ਹੋਏ ਜ਼ੋਰਦਾਰ ਧਮਾਕੇ ਵਿੱਚ ਉਹ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਿਆ। ਪਰਿਵਾਰ ਨੇ ਇਸ ਬਾਰੇ ਪੁਲਿਸ ਨੂੰ ਤੁਰੰਤ ਸੂਚਿਤ ਨਹੀਂ ਕੀਤਾ ਅਤੇ ਗੁਰਪ੍ਰੀਤ ਨੂੰ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ। ਪੁਲਿਸ ਨੂੰ ਖਬਰ ਤਾਂ ਬਾਅਦ ਵਿੱਚ ਹੀ ਹੋਈ, ਜਦੋਂ ਗੁਰਪ੍ਰੀਤ ਦੇ ਪਿਤਾ ਜਗਤਾਰ ਸਿੰਘ ਨੇ ਘਰ ਵਿੱਚ ਪਈ ਧਮਾਕਾਖੇਜ਼ ਸਮੱਗਰੀ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਦੁਪਹਿਰ ਲਗਭਗ 4 ਵਜੇ ਫਿਰ ਇੱਕ ਧਮਾਕਾ ਹੋ ਗਿਆ, ਜਿਸ ਵਿੱਚ ਜਗਤਾਰ ਸਿੰਘ ਵੀ ਜ਼ਖ਼ਮੀ ਹੋ ਗਿਆ।

ਪੁਲਿਸ ਨੇ ਤੁਰੰਤ ਕਾਰਵਾਈ ਸ਼ੁਰੂ ਕੀਤੀ ਅਤੇ ਜਲੰਧਰ ਤੋਂ ਪੰਜਾਬ ਪੁਲਿਸ ਦੀ ਬੰਬ ਵਿਰੋਧੀ ਵਿਸ਼ੇਸ਼ ਦਸਤਾ (ਪੀਏਪੀ) ਨੂੰ ਬੁਲਾਇਆ ਗਿਆ। ਦਸਤਾ ਨੇ ਰੋਬੋਟ ਦੀ ਮਦਦ ਨਾਲ ਘਰ ਵਿੱਚ ਮੌਜੂਦ ਧਮਾਕਾਖੇਜ਼ ਸਮੱਗਰੀ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਪ੍ਰਕਿਰਿਆ ਦੌਰਾਨ ਹੋਏ ਧਮਾਕਿਆਂ ਕਾਰਨ ਰੋਬੋਟ ਖ਼ਰਾਬ ਹੋ ਗਿਆ। ਹੁਣ ਇਸ ਰੋਬੋਟ ਨੂੰ ਮੁਰੰਮਤ ਲਈ ਭੇਜਿਆ ਗਿਆ ਹੈ, ਜਿਸ ਕਾਰਨ ਪਿਛਲੇ ਛੇ ਦਿਨਾਂ ਤੋਂ ਧਮਾਕਾਖੇਜ਼ ਸਮੱਗਰੀ ਨੂੰ ਪੂਰੀ ਤਰ੍ਹਾਂ ਨਸ਼ਟ ਨਹੀਂ ਕੀਤਾ ਜਾ ਸਕਿਆ।

ਬਠਿੰਡਾ ਪੁਲਿਸ ਤੋਂ ਇਲਾਵਾ ਬੰਬ ਵਿਰੋਧੀ ਦਸਤਾ, ਸੀਆਈਏ, ਆਈਬੀ ਅਤੇ ਕਾਊਂਟਰ ਇੰਟੈਲੀਜੈਂਸ ਵੀ ਜਾਂਚ ਵਿੱਚ ਜੁਟੀਆਂ ਹੋਈਆਂ ਹਨ, ਪਰ ਅਜੇ ਤੱਕ ਕੋਈ ਵੱਡਾ ਖੁਲਾਸਾ ਨਹੀਂ ਹੋਇਆ।

ਮਾਮਲੇ ਵਿੱਚ ਨਵਾਂ ਮੋੜ ਇਹ ਆਇਆ ਕਿ ਧਮਾਕਿਆਂ ਦਾ ਸਬੰਧ ਜੰਮੂ ਤੇ ਕਸ਼ਮੀਰ ਦੇ



ਕਠੂਆ ਨਾਲ ਜੁੜਿਆ ਹੋਇਆ ਹੈ। ਪੁਲਿਸ ਨੂੰ ਸ਼ੱਕ ਹੈ ਕਿ ਗੁਰਪ੍ਰੀਤ ਸਿੰਘ ਇੱਕ ਧਮਾਕਾਖੇਜ਼ ਬੈਲਟ ਤਿਆਰ ਕਰ ਰਿਹਾ ਸੀ, ਜਿਸ ਨੂੰ ਉਹ 10 ਸਤੰਬਰ ਨੂੰ ਸ਼ਾਮ ਨੂੰ ਕਠੂਆ ਲੈ ਕੇ ਜਾਣ ਵਾਲਾ ਸੀ।

ਇਸ ਖੁਲਾਸੇ ਤੋਂ ਬਾਅਦ ਜੰਮੂ ਪੁਲਿਸ ਦੀ ਟੀਮ ਵੀ ਬਠਿੰਡਾ ਪਹੁੰਚੀ ਹੈ। ਉਨ੍ਹਾਂ ਨੇ ਗੁਰਪ੍ਰੀਤ ਸਿੰਘ ਤੋਂ ਪੁੱਛਗਿੱਛ ਕੀਤੀ ਅਤੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨਾਲ ਪੂਰੇ ਮਾਮਲੇ 'ਤੇ ਵਿਸਥਾਰ ਨਾਲ ਗੱਲਬਾਤ ਕੀਤੀ। ਜੰਮੂ ਪੁਲਿਸ ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਮਾਮਲਾ ਮੰਨਦੇ ਹੋਏ ਡੂੰਘੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਐੱਨਆਈਏ ਨੂੰ ਮਾਮਲੇ ਵਿੱਚ ਐੱਲਟਰਨੇਟਿਵ ਨੋਟਿਸ ਜਾਰੀ ਕੀਤਾ ਗਿਆ ਹੈ, ਜੋ ਇਸ ਨੂੰ ਆਤੰਕੀ ਗਤੀਵਿਧੀਆਂ ਨਾਲ ਜੋੜਦਾ ਹੈ। ਜ਼ਿਲ੍ਹਾ ਅਧਿਕਾਰੀਆਂ ਨੇ ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਫੌਜ ਨੂੰ ਭਾਰੀ ਯੰਤਰਾਂ ਅਤੇ ਮਾਹਿਰਾਂ ਦੀ ਮਦਦ ਲਈ ਲਿਖਤੀ ਬੇਨਤੀ ਕੀਤੀ ਹੈ। ਪੁਲਿਸ ਨੇ ਘਰ ਨੂੰ ਘੇਰ ਲਿਆ ਹੈ ਅਤੇ ਆਲੇ-ਦੁਆਲੇ ਦੇ ਪਿੰਡ ਵਾਸੀਆਂ ਨੂੰ ਸੁਰੱਖਿਆ ਨਿਰਦੇਸ਼ ਜਾਰੀ ਕੀਤੇ ਹਨ।

ਇਸ ਘਟਨਾ ਨੇ ਪੰਜਾਬ ਵਿੱਚ ਸੁਰੱਖਿਆ ਏਜੰਸੀਆਂ ਨੂੰ ਚੌਕਸ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਬਾਰੇ ਉੱਚ ਪੱਧਰੀ ਬੈਠਕ ਬੁਲਾਈ ਹੈ ਅਤੇ ਪੁਲਿਸ ਨੂੰ ਤੇਜ਼ ਜਾਂਚ ਦੇ ਨਿਰਦੇਸ਼ ਦਿੱਤੇ ਹਨ। ਗੁਰਪ੍ਰੀਤ ਅਤੇ ਜਗਤਾਰ ਦੀ ਹਾਲਤ ਹੁਣ ਸਥਿਰ ਹੈ, ਪਰ ਉਨ੍ਹਾਂ ਦੀ ਪੁੱਛਗਿੱਛ ਜਾਰੀ ਹੈ। ਐੱਨਆਈਏ ਅਤੇ ਜੰਮੂ ਪੁਲਿਸ ਦੀ ਸਾਂਝੀ ਜਾਂਚ ਨਾਲ ਹੋਰ ਖੁਲਾਸੇ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।

# ਅਪੋਲੋ ਟਾਇਰਜ਼ ਬਣੀ ਭਾਰਤੀ ਕ੍ਰਿਕਟ ਟੀਮ ਦੀ ਨਵੀਂ ਸਪਾਂਸਰ

**✪ ਭਾਰਤੀ ਕ੍ਰਿਕਟ ਟੀਮ ਦੀ ਜਰਸੀ 'ਤੇ ਛਪੇਗਾ ਅਪੋਲੋ ਟਾਇਰਜ਼ ਦਾ ਨਾਂਅ: 2028 ਤੱਕ ਸਪਾਂਸਰਸ਼ਿਪ ✪ 20 ਹਜ਼ਾਰ ਕਰੋੜ ਦੀ ਕੰਪਨੀ ਦਾ ਗਲੋਬਲ ਸਫਰ ✪ ਓਂਕਾਰ ਕੰਵਰ ਸਿੰਘ ਦੀ ਅਗਵਾਈ ਵਿਚ ਅਪੋਲੋ ਦੀ ਮਜ਼ਬੂਤ ਪਹਿਚਾਣ**

### ਖਾਸ ਖਬਰ

ਭਾਰਤੀ ਕ੍ਰਿਕਟ ਟੀਮ ਦੀ ਜਰਸੀ 'ਤੇ ਹੁਣ ਅਪੋਲੋ ਟਾਇਰਜ਼ ਦਾ ਨਾਂਅ ਛਪੇਗਾ। 16 ਸਤੰਬਰ, 2025 ਨੂੰ ਬਿਊਰੋ ਰਿਪੋਰਟ ਅਨੁਸਾਰ, ਅਪੋਲੋ ਟਾਇਰਜ਼ ਨੇ 2028 ਤੱਕ ਭਾਰਤੀ ਕ੍ਰਿਕਟ ਟੀਮ ਦੀ ਅਧਿਕਾਰਕ ਸਪਾਂਸਰਸ਼ਿਪ ਹਾਸਲ ਕਰ ਲਈ ਹੈ। ਇਸ ਸਮਝੌਤੇ ਅਨੁਸਾਰ, ਕੰਪਨੀ ਹਰ ਮੈਚ ਲਈ ਲਗਭਗ 4.5 ਕਰੋੜ ਰੁਪਏ ਦਾ ਭੁਗਤਾਨ ਕਰੇਗੀ। ਇਹ ਕਾਂਟ੍ਰੈਕਟ 2028 ਤੱਕ ਜਾਰੀ ਰਹੇਗਾ, ਜਿਸ ਦੌਰਾਨ ਭਾਰਤੀ ਟੀਮ 130 ਮੈਚ ਖੇਡੇਗੀ। ਬੀਸੀਸੀਆਈ ਨੇ ਆਪਣੇ ਅਧਿਕਾਰਕ ਸੋਸ਼ਲ ਮੀਡੀਆ ਹੈਂਡਲ ਰਾਹੀਂ ਇਸ ਖ਼ਬਰ ਦੀ ਪੁਸ਼ਟੀ ਕੀਤੀ ਹੈ। ਬੀਸੀਸੀਆਈ ਦੇ ਇੱਕ ਅਧਿਕਾਰੀ ਨੇ ਵੀ ਕਿਹਾ ਕਿ ਅਪੋਲੋ ਟਾਇਰਜ਼ ਨਾਲ ਸਮਝੌਤਾ ਪੱਕਾ ਹੋ ਗਿਆ ਹੈ ਅਤੇ ਜਲਦੀ ਹੀ ਇਸ ਦੀ ਅਧਿਕਾਰਕ ਘੋਸ਼ਣਾ ਕੀਤੀ ਜਾਵੇਗੀ। ਇਸ ਸੌਦੇ ਨਾਲ ਅਪੋਲੋ ਟਾਇਰਜ਼ ਦੀ ਗਲੋਬਲ ਪਹੁੰਚ ਹੋਰ ਮਜ਼ਬੂਤ ਹੋਵੇਗੀ।

### ਪਿਛਲੇ ਸਪਾਂਸਰਸ਼ਿਪ ਅਤੇ ਨਵੇਂ ਨਿਯਮ

ਇਸ ਤੋਂ ਪਹਿਲਾਂ ਭਾਰਤੀ ਕ੍ਰਿਕਟ ਟੀਮ ਦੀ ਸਪਾਂਸਰਸ਼ਿਪ ਡ੍ਰੀਮ-11 ਕੋਲ ਸੀ, ਜੋ ਹਰ ਮੈਚ




ਲਈ 4 ਕਰੋੜ ਰੁਪਏ ਦਿੰਦੀ ਸੀ। ਪਰ 2025 ਵਿੱਚ ਆਨਲਾਈਨ ਗੇਮਿੰਗ ਐਕਟ ਲਾਗੂ ਹੋਣ ਤੋਂ ਬਾਅਦ ਬੀਸੀਸੀਆਈ ਨੇ ਡ੍ਰੀਮ-11 ਨਾਲ ਕੀਤਾ ਸਮਝੌਤਾ ਖਤਮ ਕਰ ਦਿੱਤਾ। ਨਤੀਜੇ ਵਜੋਂ, ਭਾਰਤੀ ਟੀਮ ਨੇ ਏਸ਼ੀਆ ਕੱਪ 2025 ਬਿਨਾਂ ਕਿਸੇ ਸਪਾਂਸਰ ਦੇ ਖੇਡਿਆ। ਬੀਸੀਸੀਆਈ ਨੇ 2 ਸਤੰਬਰ, 2025 ਨੂੰ ਨਵੀਂ ਸਪਾਂਸਰਸ਼ਿਪ ਲਈ ਟੈਂਡਰ ਜਾਰੀ ਕੀਤੇ ਸਨ। ਨਵੇਂ ਨਿਯਮਾਂ ਅਨੁਸਾਰ, ਸ਼ਰਾਬ, ਤਮਾਕੂ, ਸੱਟੇਬਾਜ਼ੀ, ਰੀਅਲ ਮਨੀ ਗੇਮਿੰਗ (ਫੈਂਟੇਸੀ ਸਪੋਰਟਸ ਤੋਂ ਇਲਾਵਾ), ਕ੍ਰਿਪਟੋਕਰੰਸੀ, ਅਤੇ ਅਸ਼ਲੀਲ ਸਮੱਗਰੀ ਨਾਲ ਜੁੜੀਆਂ ਕੰਪਨੀਆਂ ਨੂੰ ਬੋਲੀ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸੀ। ਇਸ ਤੋਂ ਪਹਿਲਾਂ, 2023 ਵਿੱਚ ਡ੍ਰੀਮ-11 ਨੇ 358 ਕਰੋੜ ਰੁਪਏ ਦਾ ਤਿੰਨ ਸਾਲਾ ਕਾਂਟ੍ਰੈਕਟ ਕੀਤਾ ਸੀ, ਪਰ ਰੀਅਲ ਮਨੀ ਗੇਮਿੰਗ 'ਤੇ ਪਾਬੰਦੀ ਲੱਗਣ ਕਾਰਨ ਇਹ ਸਮਝੌਤਾ ਵੀ ਖਤਮ ਹੋ ਗਿਆ। ਮਾਰਚ 2023 ਤੱਕ BYJU'S ਭਾਰਤੀ ਟੀਮ ਦਾ ਮੁੱਖ ਸਪਾਂਸਰ ਸੀ।

### ਅਪੋਲੋ ਟਾਇਰਜ਼ ਦੀ ਸਫਲਤਾ ਦੀ ਕਹਾਣੀ


1972 ਵਿੱਚ ਸਥਾਪਿਤ ਅਪੋਲੋ ਟਾਇਰਜ਼ ਅੱਜ ਦੁਨੀਆ ਦੀਆਂ ਚੋਟੀ ਦੀਆਂ 20 ਟਾਇਰ ਕੰਪਨੀਆਂ ਵਿੱਚ ਸ਼ੁਮਾਰ ਹੈ। ਕੰਪਨੀ ਦਾ ਪਹਿਲਾ ਪਲਾਂਟ 1975 ਵਿੱਚ ਕੇਰਲ ਦੇ ਤ੍ਰਿਸ਼ੂਰ ਵਿੱਚ ਸਥਾਪਿਤ ਹੋਇਆ ਸੀ। 53 ਸਾਲਾਂ ਦੇ ਸਫਰ ਵਿੱਚ ਅਪੋਲੋ ਨੇ ਆਪਣਾ ਕਾਰੋਬਾਰ 100 ਤੋਂ ਵੱਧ ਦੇਸ਼ਾਂ ਵਿੱਚ ਫੈਲਾ ਲਿਆ ਹੈ। ਕੰਪਨੀ ਦੇ ਸੱਤ ਨਿਰਮਾਣ ਪਲਾਂਟ ਹਨ, ਜਿਨ੍ਹਾਂ ਵਿੱਚੋਂ ਪੰਜ ਭਾਰਤ ਵਿੱਚ, ਇੱਕ ਨੀਦਰਲੈਂਡ ਵਿੱਚ, ਅਤੇ ਇੱਕ ਹੰਗਰੀ ਵਿੱਚ ਹੈ। ਅਪੋਲੋ ਦਾ ਟਰਨਓਵਰ 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ, ਜੋ ਇਸ ਦੀ ਮਜ਼ਬੂਤ ਵਿੱਤੀ ਸਥਿਤੀ ਨੂੰ ਦਰਸਾਉਂਦਾ ਹੈ। ਸ਼ੁਰੂਆਤ ਵਿੱਚ ਅਪੋਲੋ ਸਿਰਫ਼ ਟਰੱਕਾਂ ਦੇ ਟਾਇਰ ਬਣਾਉਂਦੀ ਸੀ, ਪਰ ਅੱਜ ਇਹ ਵੱਖ-ਵੱਖ ਕਿਸਮ ਦੇ ਵਾਹਨਾਂ ਲਈ ਟਾਇਰਾਂ ਦੀ ਨਿਰਮਾਤਾ ਹੈ।

### ਕੰਪਨੀ ਦੀ ਅਗਵਾਈ ਅਤੇ ਗਲੋਬਲ ਪ੍ਰਭਾਵ

ਅਪੋਲੋ ਟਾਇਰਜ਼ ਦੀ ਸਫਲਤਾ ਦਾ ਸਿਹਰਾ ਚੇਅਰਮੈਨ ਓਂਕਾਰ ਕੰਵਰ ਅਤੇ ਕੋ-ਫਾਊਂਡਰ ਰੌਣਕ ਸਿੰਘ ਦੀ ਅਗਵਾਈ ਨੂੰ ਜਾਂਦਾ ਹੈ। ਉਨ੍ਹਾਂ ਦੀ ਦੂਰਅੰਦੇਸ਼ੀ ਅਤੇ ਨਵੀਨਤਾਕਾਰੀ ਸੋਚ ਨੇ ਕੰਪਨੀ ਨੂੰ ਗਲੋਬਲ ਪੱਧਰ 'ਤੇ ਮਜ਼ਬੂਤ ਸਥਾਨ ਦਿਵਾਇਆ। ਭਾਰਤੀ ਕ੍ਰਿਕਟ ਟੀਮ ਦੀ ਸਪਾਂਸਰਸ਼ਿਪ ਦੇ ਨਾਲ ਅਪੋਲੋ ਟਾਇਰਜ਼ ਦੀ ਬ੍ਰਾਂਡ ਪਹਿਚਾਣ ਹੋਰ ਵਧੇਗੀ। ਇਹ ਸੌਦਾ ਨਾ ਸਿਰਫ਼ ਕੰਪਨੀ ਦੀ ਵਪਾਰਕ ਸਫਲਤਾ ਨੂੰ ਦਰਸਾਉਂਦਾ ਹੈ, ਸਗੋਂ ਭਾਰਤੀ ਕ੍ਰਿਕਟ ਦੀ ਵਧਦੀ ਪ੍ਰਸਿੱਧੀ ਵਿੱਚ ਵੀ ਯੋਗਦਾਨ ਪਾਵੇਗਾ।

## ਕਹਾਣੀ

ਧਰਮ ਪਾਲ ਚੁੰਬਰ



ਸ਼ਿਕਾਰੀ ਹਫ਼ਿਆ ਹੋਇਆ ਆਇਆ। ਉਸ ਨੇ ਆ ਕੇ ਫ਼ਕੀਰ ਦੀ ਕੁਟੀਆ ਦਾ ਸੱਭ ਕੁਝ ਹੇਠ-ਉਤੇ ਕਰ ਦਿਤਾ। ਸੱਭ ਚੀਜ਼ਾਂ ਫ਼ਰੋਲ ਸੁੱਟੀਆਂ। ਰਾਤ ਨੂੰ ਆਰਾਮ ਕਰਨ ਵਾਲਾ ਬਿਸਤਰਾ ਵੀ ਫ਼ਰੋਲ ਸੁੱਟਿਆ। ਉਸ ਦੇ ਕੁਤੇ ਨੇ ਉਸ ਦੇ ਬੀਜੇ ਹੋਏ ਫ਼ੁੱਲ ਬੂਟੇ ਪੁੱਟ-ਪੁੱਟ ਕੇ ਖਰਾਬ ਕਰ ਦਿਤੇ। ਸ਼ਿਕਾਰੀ ਅਤੇ ਉਸ ਦਾ ਕੁੱਤਾ ਇਧਰ-ਉਧਰ ਦੌੜੇ ਫਿਰ ਰਹੇ ਸਨ ਪਰ ਪਿੰਡ ਦੇ ਕੁਝ ਲੋਕਾਂ ਤੋਂ ਬਿਨਾਂ ਅਤੇ ਫ਼ਕੀਰ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਹੋਰ ਜੀਵ ਨਜ਼ਰ ਨਾ ਆਇਆ। ਕੋਈ ਪਸ਼ੂ ਜਾਂ ਪੰਛੀ ਵੀ ਨਜ਼ਰ ਨਾ ਆਇਆ। ਫ਼ਕੀਰ ਹੈਰਾਨ ਹੋਇਆ ਖੜ੍ਹਾ ਦੇਖ ਰਿਹਾ ਸੀ। ਪਿੰਡ ਵਲੋਂ ਆਏ ਹੋਏ ਲੋਕ ਵੀ ਦੇਖ ਕੇ ਹੈਰਾਨ ਹੋ ਰਹੇ ਸਨ। ਉਸ ਦੀ ਕੁਟੀਆ ਵਿਚ ਅਜਿਹੀ ਘਟਨਾ ਪਹਿਲੀ ਵਾਰ ਹੀ ਵਾਪਰੀ ਸੀ। ਪਹਿਲਾਂ ਜੇ ਕਦੇ ਕੋਈ ਸ਼ਿਕਾਰੀ ਉਸ ਦੀ ਕੁਟੀਆ ਵੱਲ ਨੂੰ ਆਉਂਦਾ ਸੀ ਤਾਂ ਸਿਰਫ ਪਾਣੀ-ਧਾਣੀ ਪੀਣ ਹੀ ਆਉਂਦਾ ਸੀ, ਪਰ ਉਸ ਦੇ ਨਿਵਾਸ ਦੀ ਸ਼ਾਂਤੀ ਨੂੰ ਕਦੇ ਵੀ ਕੋਈ ਭੰਗ ਨਹੀਂ ਕਰਦਾ ਸੀ।

ਫ਼ਕੀਰ ਜੰਗਲ ਵਿਚ ਬਹੁਤ ਚਿਰ ਤੋਂ ਰਹਿੰਦਾ ਸੀ। ਉਸ ਨੇ ਜੰਗਲ ਵਿਚ ਆਪਣੇ ਰਹਿਣ ਲਈ ਇਕ ਝੌਂਪੜੀ ਜਿਹੀ ਬਣਾਈ ਹੋਈ ਸੀ। ਉਸ ਫ਼ਕੀਰ ਨੇ ਝੌਂਪੜੀ ਦੇ ਦੋਹੀਂ ਪਾਸੀਂ ਕੁਝ ਕਿਆਰੀਆਂ ਜਿਹੀਆਂ ਬਣਾ ਕੇ ਭਾਂਤ-ਭਾਂਤ ਦੇ ਫ਼ੁੱਲ ਲਾਏ ਹੋਏ ਸਨ। ਅਤੇ ਨਾਲ ਹੀ ਆਪਣੇ ਖਾਣ ਲਈ ਵੀ ਕਈ ਚੀਜ਼ਾਂ ਬੀਜੀਆਂ ਹੋਈਆਂ ਸਨ। ਆਪਣੇ ਪੀਣ ਲਈ ਅਤੇ ਫ਼ੁੱਲ-ਬੂਟਿਆਂ ਲਈ ਪਾਣੀ ਉਹ ਝੌਂਪੜੀ ਦੇ ਨੇੜਿਓਂ ਦੀ ਵਗਦੇ ਇਕ ਚਸ਼ਮੇ ਵਿਚੋਂ ਲੈਂਦਾ ਸੀ। ਫ਼ਕੀਰ ਨੇ ਝੌਂਪੜੀ ਦੇ ਇਰਦ-ਗਿਰਦ ਬੈਠਣ-ਉਠਣ ਲਈ ਕੁਝ ਥਾਂ ਪੱਧਰੀ ਕੀਤੀ ਹੋਈ ਸੀ।

ਨੇੜੇ ਵਾਲੇ ਪਿੰਡ ਦੇ ਲੋਕ ਰੱਬ ਦੇ ਘਰ ਦੀਆਂ ਗੱਲਾਂ ਸੁਣਨ ਲਈ ਉਸ ਫ਼ਕੀਰ ਕੋਲ ਆ ਕੇ ਬੈਠ ਜਾਂਦੇ ਸਨ। ਬੁੱਢੇ ਲੋਕਾਂ ਲਈ ਗਰਮੀਆਂ ਦੀਆਂ ਦੁਪਹਿਰਾਂ ਕੱਟਣ ਲਈ ਫ਼ਕੀਰ ਦਾ ਡੇਰਾ ਬਹੁਤ ਸੋਹਣਾ ਟਿਕਾਣਾ ਸੀ। ਉਥੇ ਵਾਹਵਾ ਰੌਣਕ ਲੱਗੀ ਰਹਿੰਦੀ ਸੀ; ਜੰਗਲ ਵਿਚ ਮੰਗਲ! ਉਸ ਦੇ ਡੇਰੇ ਵਿਚ ਸਵਰਗ ਵਰਗੀ ਸ਼ਾਂਤੀ ਹੁੰਦੀ ਸੀ। ਲੋਕਾਂ ਨੇ ਉਸ ਦੇ ਡੇਰੇ ਦਾ ਨਾਂ 'ਫ਼ਕੀਰ ਦੀ ਕੁਟੀਆ' ਪਾਇਆ ਹੋਇਆ ਸੀ। ਤੇ ਕਈ ਲੋਕ ਉਸ ਨੂੰ 'ਫ਼ਕੀਰ ਦਾ ਆਸ਼ਰਮ' ਵੀ ਕਹਿੰਦੇ ਸਨ।

ਉਹ ਫ਼ਕੀਰ ਬਹੁਤਾ ਕਰਕੇ ਆਪਣੇ ਆਸ਼ਰਮ ਵਿਚ ਹੀ ਰਹਿੰਦਾ ਸੀ। ਉਹ ਨਾਲੇ ਰੱਬ-ਰੱਬ ਕਰਦਾ ਰਹਿੰਦਾ ਸੀ ਅਤੇ ਨਾਲੇ ਕੁਟੀਆ ਦੇ ਇਰਦ-ਗਿਰਦ ਬੀਜੇ ਹੋਏ ਪੌਦਿਆਂ ਦੀ ਦੇਖ-ਭਾਲ ਕਰਦਾ ਰਹਿੰਦਾ ਸੀ। ਉਸ ਦੇ ਡੇਰੇ ਕਈ ਪਸ਼ੂ-ਪੰਛੀ ਆ ਕੇ ਖੇਡਦੇ ਰਹਿੰਦੇ ਸਨ। ਡੇਰੇ ਆ ਕੇ ਖੇਡਦੇ ਜੀਵਾਂ ਦੀ ਵੀ ਉਹ ਦੇਖ-ਭਾਲ ਕਰਦਾ ਰਹਿੰਦਾ ਸੀ। ਜਦੋਂ ਉਹ ਜੀਵਾਂ ਨਾਲ ਗੱਲਾਂ ਕਰਦਾ ਸੀ ਤਾਂ ਸਾਰੇ ਪਸ਼ੂ-ਪੰਛੀ ਉਸ ਦੇ ਦੁਆਲੇ ਬੈਠ ਜਾਂਦੇ ਸਨ, ਜਿਵੇਂ ਉਨ੍ਹਾਂ ਨੂੰ ਫ਼ਕੀਰ ਦੀਆਂ ਗੱਲਾਂ ਦੀ ਸਮਝ ਲੱਗ ਰਹੀ ਹੋਵੇ!

# ਜੰਗਲੀ ਪਸ਼ੂ



ਉਹ ਹੋਰ ਸਾਧਾਂ-ਫ਼ਕੀਰਾਂ ਵਾਂਗ ਪਿੰਡਾਂ ਵਿਚ ਭੀਖ ਮੰਗਣ ਨਹੀਂ ਜਾਂਦਾ ਸੀ। ਉਹ ਕਿਸੇ ਕੋਲੋਂ ਪੈਸੇ ਕਦੀ ਨਹੀਂ ਸਵੀਕਾਰ ਕਰਦਾ ਸੀ। ਪਿੰਡ ਵਿਚ ਉਹ ਤਦ ਹੀ ਜਾਂਦਾ ਸੀ ਜਦੋਂ ਕਦੇ ਦਿਨ-ਸ਼ੁਧ ਤੇ ਕੋਈ ਉਸ ਨੂੰ ਭੋਜਨ ਛਕਾਉਣ ਲਈ ਬੁਲਾਇਆ ਕਰਦਾ ਸੀ। ਕਈ ਵਾਰੀ ਲੋਕ ਉਸ ਨੂੰ ਕੁਟੀਆ ਵਿਚ ਹੀ ਭੋਜਨ ਦੇ ਜਾਇਆ ਕਰਦੇ ਸਨ। ਜਦੋਂ ਪਿੰਡ ਦੇ ਲੋਕਾਂ ਵੱਲੋਂ ਉਸ ਨੂੰ ਭੋਜਨ ਨਹੀਂ ਆਉਂਦਾ ਸੀ ਤਾਂ ਉਹ ਆਪਣੀਆਂ ਬੀਜੀਆਂ ਹੋਈ ਚੀਜ਼ਾਂ ਜਾਂ ਜੰਗਲੀ ਜੜੀਆਂ-ਬੂਟੀਆਂ ਅਤੇ ਫ਼ਲ ਬਗੈਰਾ ਖਾ ਕੇ ਗੁਜ਼ਾਰਾ ਕਰ ਲੈਂਦਾ ਸੀ। ਕਦੀ-ਕਦੀ ਜਦੋਂ ਪਿੰਡ ਦੇ ਬਹੁਤ ਦਿਆਲੂ ਲੋਕ ਉਸ ਨੂੰ ਬਹੁਤਾ ਭੋਜਨ ਦੇ ਜਾਂਦੇ ਸਨ ਤਾਂ ਉਸ ਕੋਲ ਗੁਜ਼ਾਰੇ ਤੋਂ ਵਾਧੂ ਭੋਜਨ ਹੋ ਜਾਂਦਾ ਸੀ। ਵਾਧੂ ਭੋਜਨ ਨੂੰ ਉਹ ਕੁਟੀਆ ਵਿਚ ਪਿਆ ਨਹੀਂ ਰਹਿਣ ਦਿੰਦਾ ਸੀ। ਉਹ ਵਾਧੂ ਭੋਜਨ ਨਾਲੋ-ਨਾਲ ਹੀ ਜਾਨਵਰਾਂ ਨੂੰ ਖੁਆ ਦਿੰਦਾ ਸੀ। ਖੁਸ਼ੀ ਦੇ ਸਮੇਂ ਲੋਕ ਉਸ ਨੂੰ ਪਹਿਨਣ ਲਈ ਬਸਤਰ ਅਤੇ ਪੈਰਾਂ ਲਈ ਜੁਤੀ ਵੀ ਦੇ ਜਾਂਦੇ ਸਨ। ਇਸ ਤਰ੍ਹਾਂ ਉਸ ਦੇ ਜੀਉਣ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ ਤੇ ਉਹ ਮਨ ਲਾ ਕੇ ਰੱਬ ਦੀ ਬੰਦਗੀ ਕਰਦਾ ਰਹਿੰਦਾ ਸੀ।

ਆਸ਼ਰਮ ਵਿਚ ਆਏ ਹੋਏ ਲੋਕਾਂ ਦਾ ਉਹ ਬਹੁਤ ਸਤਿਕਾਰ ਕਰਦਾ ਸੀ ਅਤੇ ਉਨ੍ਹਾਂ ਨੂੰ ਬਹੁਤ ਪ੍ਰੇਮ ਨਾਲ ਰੱਬ ਦੇ ਘਰ ਦੀਆਂ ਗੱਲਾਂ ਸੁਣਾਇਆ ਕਰਦਾ ਸੀ। ਸੱਭ ਨੂੰ ਪ੍ਰੇਮ ਤੇ ਸੁਖ-ਸ਼ਾਂਤੀ ਨਾਲ ਰਲ-ਮਿਲ ਕੇ ਰਹਿਣ ਦਾ ਸੰਦੇਸ਼ ਦਿੰਦਾ ਹੋਣ ਕਰਕੇ ਉਹ ਲੋਕਾਂ ਦਾ ਹਰ-ਮਨ ਪਿਆਰਾ ਮਹਾਤਮਾ ਸੀ। ਲੋਕਾਂ ਨੇ ਉਸ ਦੇ ਕਈ ਨਾਂ ਰੱਖੇ ਹੋਏ ਸੀ। ਕੋਈ ਉਸ ਨੂੰ ਦਰਵੇਸ਼ ਕਹਿੰਦਾ ਸੀ, ਕੋਈ ਹਰ-ਮਨ ਪਿਆਰਾ ਸਾਧੂ ਕਹਿੰਦਾ ਸੀ, ਕੋਈ ਮਹਾਤਮਾ ਤੇ ਕਈ ਲੋਕ ਉਸ ਨੂੰ ਰੱਬ ਦਾ ਬੰਦਾ ਕਹਿੰਦੇ ਸਨ।

ਕਈ ਤਰ੍ਹਾਂ ਦੇ ਜਾਨਵਰ, ਮੋਰ, ਚਿੜੀਆਂ, ਘੁੱਗੀਆਂ, ਕਬੂਤਰ, ਖਰਗੋਸ਼, ਹਿਰਨ, ਲੂੰਬੜੀਆਂ, ਕੁੱਤੇ-ਬਿੱਲੀਆਂ ਆਦਿ ਫ਼ਕੀਰ ਦੀ ਕੁਟੀਆ ਵੱਲ ਆ ਜਾਂਦੇ ਸਨ। ਫ਼ਕੀਰ ਸਾਰੇ ਪਸ਼ੂ-ਪੰਛੀਆਂ ਨਾਲ ਬਹੁਤ ਪ੍ਰੇਮ ਕਰਦਾ ਸੀ। ਜਦੋਂ ਉਹ ਇਕ-ਮਨ ਹੋ ਕੇ ਰੱਬ ਦੀ ਭਗਤੀ ਵਿਚ ਲੀਨ ਹੋ ਜਾਂਦਾ ਸੀ ਤਾਂ ਜੰਗਲੀ ਪਸ਼ੂ-ਪੰਛੀ ਉਸ ਦੇ ਡੇਰੇ ਆ ਕੇ ਉਸ ਕੋਲ ਖੇਡਦੇ ਰਹਿੰਦੇ ਸਨ, ਜਿਵੇਂ ਸਾਰੇ ਇਕੋ ਪਰਿਵਾਰ ਦੇ ਜੀਵ ਹੋਣ! ਜਿਵੇਂ ਉਨ੍ਹਾਂ ਨੂੰ ਕੁਦਰਤ ਵਲੋਂ ਹੀ ਕੋਈ ਸੂਝ ਹੋਵੇ, ਉਸ ਦੀ ਕੁਟੀਆ ਵਿਚ ਆ ਕੇ ਕੋਈ ਪਸ਼ੂ-ਪੰਛੀ ਕਿਸੇ ਦੂਜੇ ਪਸ਼ੂ-ਪੰਛੀ ਨੂੰ ਮਾਰਦਾ ਨਹੀਂ ਸੀ!

ਜਦੋਂ ਕਦੇ ਕੋਈ ਸ਼ਿਕਾਰੀ ਜੰਗਲ ਵਿਚ ਸ਼ਿਕਾਰ ਕਰਨ ਆਉਂਦਾ ਸੀ ਤਾਂ ਕਈ ਵਾਰੀ ਆਪਣੀ ਜਾਨ ਬਚਾਉਣ ਲਈ ਦੌੜਦੇ-ਦੌੜਦੇ ਜੀਵ ਫ਼ਕੀਰ ਦੇ ਡੇਰੇ ਵੱਲ ਆ ਆਇਆ ਕਰਦੇ ਸੀ। ਸ਼ਿਕਾਰੀਆਂ ਨੂੰ ਫ਼ਕੀਰ ਦੇ ਡੇਰੇ ਦਾ ਪਤਾ ਸੀ। ਉਹ ਫ਼ਕੀਰ ਦੇ ਡੇਰੇ ਦੀ ਸ਼ਾਂਤੀ ਨੂੰ ਭੰਗ ਨਹੀਂ ਕਰਦੇ ਸਨ। ਸ਼ਿਕਾਰ ਨੂੰ ਫ਼ਕੀਰ ਦੀ ਕੁਟੀਆ ਵੱਲ ਜਾਂਦਿਆਂ ਦੇਖ ਕੇ ਉਹ ਸ਼ਿਕਾਰ ਦਾ ਪਿਛਾ ਕਰਨਾ ਛੱਡ ਦਿੰਦੇ ਸਨ। ਤੇ ਹੌਲੀ-ਹੌਲੀ ਉਨ੍ਹਾਂ ਸ਼ਿਕਾਰੀਆਂ ਨੂੰ ਵੀ ਪਤਾ ਲੱਗ ਗਿਆ ਸੀ ਕਿ ਜੀਵ ਆਪਣੀ ਜਾਨ ਬਚਾਉਣ ਲਈ ਫ਼ਕੀਰ ਦੀ ਕੁਟੀਆ ਵੱਲ ਦੌੜ ਜਾਂਦੇ ਹਨ।

ਇਸ ਕਰਕੇ ਉਹ ਚੁਪਕੇ-ਚੁਪਕੇ ਫ਼ਕੀਰ ਦੀ ਕੁਟੀਆ ਦੇ ਨੇੜਿਓਂ ਸ਼ਿਕਾਰ ਦਾ ਪਿੱਛਾ ਕਰਨਾ ਸ਼ੁਰੂ ਕਰਦੇ ਸਨ। ਉਹ ਸ਼ਿਕਾਰ ਨੂੰ ਸ਼ਿਸ਼ਕਾਰ ਕੇ ਕੁਟੀਆ ਤੋਂ ਦੂਰ ਲੈ ਜਾਂਦੇ ਸਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਸ਼ਿਕਾਰ ਫ਼ਕੀਰ ਦੀ ਕੁਟੀਆ ਵੱਲ ਨੂੰ ਦੌੜ ਕੇ ਨਹੀਂ ਜਾ ਸਕਦਾ ਸੀ।

ਉਸ ਦਿਨ ਕੋਈ ਸ਼ਿਕਾਰੀ ਦੂਰੋਂ ਕਿਤੋਂ ਸ਼ਿਕਾਰ ਕਰਦਾ ਆ ਰਿਹਾ ਸੀ। ਕਿਸੇ ਨਾ ਕਿਸੇ ਕਾਰਨ ਉਸ ਦਾ ਸ਼ਿਕਾਰ ਬਚ ਕੇ ਉਸ ਕੋਲੋਂ ਨਿਕਲ ਜਾਂਦਾ ਸੀ; ਸੱਭ ਜੀਵਾਂ ਨੂੰ ਆਪਣੀ-ਆਪਣੀ ਜਾਨ ਪਿਆਰੀ ਹੁੰਦੀ ਹੈ! ਕੌਣ ਮਰਨਾ ਚਾਹੁੰਦਾ ਹੈ? ਸ਼ਿਕਾਰੀ ਦੇ ਬਹੁਤ ਯਤਨ ਕੀਤਿਆਂ ਵੀ ਕੋਈ ਸ਼ਿਕਾਰ ਉਸ ਦੇ ਹੱਥ ਨਹੀਂ ਆ ਰਿਹਾ ਸੀ। ਸ਼ਿਕਾਰਾਂ ਦੇ ਮਗਰ ਦੌੜਾਂ ਲਾਉਂਦੇ ਉਹ ਤੇ ਉਸ ਦੇ ਕੁੱਤ ਥੱਕ ਵੀ ਗਏ ਸਨ ਤੇ ਅੱਕ ਵੀ ਗਏ ਸਨ। ਪਰ ਉਹ ਫਿਰ ਵੀ ਕਿਤੋਂ ਨਾ ਕਿਤੋਂ ਝਾੜੀਆਂ ਵਿਚੋਂ ਸ਼ਿਕਾਰ ਕੱਢ ਕੇ ਉਸ ਦਾ ਪਿਛਾ ਕਰਦੇ ਰਹੇ।

...ਤੇ ਫ਼ਕੀਰ ਦੀ ਕੁਟੀਆ ਵਿਚ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਸੁਣਾਈ ਦਿਤੀ। ਇਹ ਅਵਾਜ਼ ਉਸ ਸ਼ਿਕਾਰੀ ਦੇ ਕੁਤਿਆਂ ਦੀ ਹੀ ਸੀ। ਸ਼ਿਕਾਰੀ ਦੇ ਕੁੱਤੇ ਭੌਂਕਦੇ ਹੋਏ ਸ਼ਿਕਾਰ ਦਾ ਪਿੱਛਾ ਕਰ ਰਹੇ ਸੀ। ਫ਼ਕੀਰ ਦੀ ਕੁਟੀਆ ਦੇ ਨੇੜੇ ਕੁਤਿਆਂ ਦਾ ਅਜਿਹਾ ਭੌਂਕਣਾ ਕਿਸੇ ਨੇ ਕਦੀ ਨਹੀਂ ਸੁਣਿਆਂ ਸੀ। ਸੱਭ ਜੀਵਾਂ ਨੂੰ ਡਰ ਲੱਗਣ ਲੱਗ ਪਿਆ। ਕੁਤਿਆਂ ਦੇ ਭੌਂਕਣ ਦੀ ਆਵਾਜ਼ ਫ਼ਕੀਰ ਦੀ ਕੁਟੀਆ ਦੇ ਨੇੜੇ ਆਉਂਦੀ ਸੁਣ ਕੇ, ਉਸ ਦੀ ਕੁਟੀਆ ਆ ਕੇ ਖੇਡ ਰਹੇ ਸਾਰੇ ਜੀਵ ਦੌੜ ਗਏ ਤੇ ਝਾੜੀਆਂ ਵਿਚ ਜਾ ਲੁਕੇ। ਫ਼ਕੀਰ ਦੇ ਡੇਰੇ ਕੋਈ ਪਸ਼ੂ ਜਾਂ ਪੰਛੀ ਨਾ ਰਹਿ ਗਿਆ। ਨੇੜੇ ਵਾਲੇ ਦਰਖਤਾਂ ਉਤੇ ਬੈਠੇ ਪੰਛੀ ਵੀ

ਉਡ ਗਏ। ਫ਼ਕੀਰ ਦੇ ਡੇਰੇ ਅਜੀਬ ਅਤੇ ਭਿਆਨਕ ਜਿਹੀ ਚੁੱਪ ਛਾਅ ਗਈ। ਖੌਫ਼ ਜਿਹਾ ਆਉਣ ਲੱਗ ਪਿਆ।

ਫ਼ਕੀਰ ਦੇ ਡੇਰੇ ਕੁਤਿਆਂ ਦੇ ਭੌਂਕਣ ਦੀ ਅਵਾਜ਼ ਤੋਂ ਬਿਨਾਂ ਹੋਰ ਕੋਈ ਅਵਾਜ਼ ਨਹੀਂ ਸੁਣਾਈ ਦੇ ਰਹੀ ਸੀ। ਨੇੜੇ ਵਾਲੇ ਪਿੰਡ ਦੇ ਲੋਕਾਂ ਨੇ ਫ਼ਕੀਰ ਦੇ ਡੇਰੇ ਵਲ ਕੁੱਤਿਆਂ ਦਾ ਭੌਂਕਣਾ ਸੁਣਿਆਂ ਤਾਂ ਉਹ ਵੀ ਡੇਰੇ ਨੂੰ ਦੌੜੇ ਆਏ। ਫ਼ਕੀਰ ਨੂੰ ਸਹੀ ਸਲਾਮਤ ਦੇਖ ਕੇ ਉਨ੍ਹਾਂ ਦੇ ਮਨ ਨੂੰ ਚੈਨ ਆਈ। ਫ਼ਕੀਰ ਨੂੰ ਫਿਕਰਮੰਦ ਹੋਇਆਂ ਦੇਖ ਕੇ ਉਨ੍ਹਾਂ ਨੇ ਉਸ ਨੂੰ ਕਈ ਸਵਾਲ ਪੁੱਛੇ ਪਰ ਫ਼ਕੀਰ ਨੂੰ ਕੋਈ ਜਵਾਬ ਨਹੀਂ ਅਹੁੜ ਰਿਹਾ ਸੀ।

...ਤੇ ਉਨ੍ਹਾਂ ਦੇ ਦੇਖਦਿਆਂ-ਦੇਖਦਿਆਂ ਕੋਈ ਜੀਵ ਉਸ ਸ਼ਿਕਾਰੀ ਕੋਲੋਂ ਜਾਨ ਬਚਾ ਕੇ ਫ਼ਕੀਰ ਦੀ ਕੁਟੀਆ ਵੱਲ ਦੌੜਾ ਆਇਆ। ਸ਼ਿਕਾਰੀ ਤੇ ਉਸ ਦੇ ਕੁੱਤੇ ਉਸ ਸ਼ਿਕਾਰ ਦਾ ਹੀ ਪਿੱਛਾ ਕਰ ਰਹੇ ਸੀ। ਪਰ ਕੁਟੀਆ ਵਿਚ ਕੋਈ ਹੋਰ ਪਸ਼ੂ-ਪੰਛੀ ਨਾ ਦੇਖ ਕੇ ਤੇ ਲੋਕਾਂ ਦਾ ਬਹੁਤਾ ਇਕੱਠ ਦੇਖ ਕੇ ਉਹ ਜੀਵ ਵੀ ਮੁੜ ਝਾੜੀਆਂ ਵਿਚ ਜਾ ਲੁਕਿਆ। ਸਾਰੇ ਲੋਕ ਹੈਰਾਨ ਹੋਏ ਇਧਰ-ਉਧਰ ਦੇਖ ਰਹੇ ਸਨ। ਉਹ ਹਾਲੇ ਸੋਚ ਹੀ ਰਹੇ ਸੀ ਕਿ ਕੀ ਕੀਤਾ ਜਾਵੇ, ਪਰ ਛੇਤੀਂ ਹੀ ਸ਼ਿਕਾਰੀ ਤੇ ਉਸ ਦਾ ਇਕ ਕੁੱਤਾ ਫ਼ਕੀਰ ਦੇ ਡੇਰੇ ਵਿਚ ਆਣ ਵੜੇ।

ਸ਼ਿਕਾਰੀ ਦਾ ਇਕ ਕੁੱਤਾ ਤਾਂ ਉਸ ਜੀਵ ਕੋਲੋ ਢਿੱਡ ਪੜਵਾ ਕੇ ਕੁਟੀਆ ਦੇ ਨੇੜੇ ਜੰਗਲ ਵਿਚ ਪਿਆ ਸੀ। ਦੂਜੇ ਕੁੱਤੇ ਨੂੰ ਨਾਲ ਲੈ ਕੇ ਉਹ ਸ਼ਿਕਾਰੀ ਡੇਰੇ ਹਫ਼ਿਆ ਹੋਇਆ ਇਧਰ-ਉਧਰ ਦੌੜਾ ਫਿਰਦਾ ਸੀ। ਕੁਤੇ ਦੇ ਭੌਂਕਣ ਤੋਂ ਬਿਨਾਂ ਡੇਰੇ ਵਿਚ ਕੋਈ ਪਸ਼ੂ ਜਾ ਜਾਨਵਰ ਸਾਹ ਲੈਂਦਾ ਵੀ ਸੁਣਾਈ ਨਹੀਂ ਦੇ ਰਿਹਾ ਸੀ। ਫ਼ਕੀਰ ਅਤੇ ਨੇੜੇ ਦੇ ਪਿੰਡੋਂ ਆਏ ਹੋਏ ਸਾਰੇ ਲੋਕ ਹੈਰਾਨ ਹੋ ਕੇ ਦੇਖੀ ਜਾ ਰਹੇ ਸੀ। ਉਨ੍ਹਾਂ ਦੇ ਦੇਖਦਿਆਂ-ਦੇਖਦਿਆਂ ਸ਼ਿਕਾਰੀ ਤੇ ਉਸ ਦੇ ਕੁੱਤੇ ਨੇ ਫ਼ਕੀਰ ਦੇ ਡੇਰੇ ਦਾ ਸੱਭ ਕੁਝ ਉਲਟ-ਪੁਲਟ ਕਰ ਦਿਤਾ।

...ਤੇ ਜਦ ਸ਼ਿਕਾਰੀ ਨੂੰ ਕੋਈ ਜੰਗਲੀ ਜੀਵ ਨਜ਼ਰ ਨਾ ਆਇਆ ਤਾਂ ਉਸ ਨੇ ਗੁੱਸੇ ਵਿਚ ਆ ਕੇ ਫ਼ਕੀਰ ਨੂੰ ਪੁੱਛਿਆ:

"ਓਏ ਫ਼ਕੀਰਾ! ਮੇਰਾ ਕੁਤਾ ਇਕ ਜੰਗਲੀ ਪਸ਼ੂ ਦਾ ਪਿਛਾ ਕਰ ਰਿਹਾ ਸੀ। ਉਹ ਪਸ਼ੂ ਮੇਰੇ ਕੁੱਤੇ ਦਾ ਢਿੱਡ ਪਾੜ ਕੇ ਤੇਰੀ ਕੁਟੀਆ ਵੱਲ ਦੌੜ ਆਇਆ ਹੈ। ਤੂੰ ਉਹ ਜੰਗਲੀ ਪਸ਼ੂ ਇਧਰ ਆਇਆ ਕਿਤੇ ਦੇਖਿਆ?"

ਫ਼ਕੀਰ ਨੇ ਹੈਰਾਨ ਹੋ ਕੇ ਆਲੇ-ਦੁਆਲੇ ਦੇਖਿਆ। ਉਸ ਨੂੰ ਆਪਣੀ ਕੁਟੀਆ ਦੀਆਂ ਚੀਜ਼ਾਂ ਹੇਠ-ਉਤੇ ਕੀਤੀਆਂ ਅਤੇ ਫ਼ੁੱਲਾਂ-ਬੂਟਿਆਂ ਦੀਆਂ ਕਿਆਰੀਆਂ ਪੁੱਟ ਕੇ ਬਰਬਾਦ ਕੀਤੀਆਂ ਦੇਖ ਕੇ ਦੁੱਖ ਵੀ ਹੋ ਰਿਹਾ ਸੀ ਤੇ ਹੈਰਾਨੀ ਵੀ ਹੋ ਰਹੀ ਸੀ। ਸਾਰਾ ਕੁਝ ਦੇਖ ਕੇ ਫ਼ਕੀਰ ਨੇ ਸ਼ਾਂਤੀ ਨਾਲ ਜਵਾਬ ਦਿਤਾ:

"ਬਰਖ਼ੁਰਦਾਰ, ਇਸ ਵੇਲੇ ਤਾਂ ਮੈਨੂੰ ਤੇਰੇ ਅਤੇ ਤੇਰੇ ਕੁੱਤੇ ਤੋਂ ਬਿਨਾਂ ਹੋਰ ਕੋਈ ਜੰਗਲੀ ਪਸ਼ੂ ਨਜ਼ਰ ਨਹੀਂ ਆ ਰਿਹਾ!"

# ਕਿਵੇਂ ਲਿਖੀਏ...ਨਿਬੰਧ/ਲੇਖ ਤਿਆਰ ਕਰਨ ਦੀ ਵਿਹਾਰਿਕ ਵਿਧੀ

**ਵਿਕਰਮਜੀਤ ਸਿੰਘ ਤਿਹਾੜਾ**
ਖੋਜਾਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੰਪਰਕ : 98555-34961



ਕਿਸੇ ਵੀ ਲੇਖ ਜਾਂ ਨਿਬੰਧ ਨੂੰ ਲਿਖਣ ਤੋਂ ਸਾਨੂੰ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਕਿਉਂ ਨਿਬੰਧ ਲਿਖ ਰਹੇਗਾ; ਇਸ ਦਾ ਉਦੇਸ਼ ਕੀ ਹੈ ਅਤੇ ਇਸ ਰਾਹੀਂ ਪਾਠਕ ਨੂੰ ਅਸੀਂ ਕੀ ਮੁਹਈਆ ਕਰਵਾਉਣਾ ਚਾਹੁੰਦੇ ਹਾਂ।

ਨਿਬੰਧ ਲਈ ਵਿਸ਼ੇ ਦੀ ਭਾਲ ਕਰਨਾ ਅਤੇ ਉਸ ਬਾਰੇ ਸਪਸ਼ਟ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਬਹੁਤ ਵਾਰ ਇਹ ਹੁੰਦਾ ਹੈ ਕਿ ਸਾਨੂੰ ਆਪਣੇ ਵਿਸ਼ੇ ਸਪਸ਼ਟਤਾ ਨਹੀਂ ਹੁੰਦੀ ਅਤੇ ਪੂਰੇ ਨਿਬੰਧ ਦੌਰਾਨ ਹੀ ਦੁਬਿਧਾ ਵਿਚ ਰਹਿਣੇ ਹਾਂ ਅਤੇ ਪਾਠਕ ਦਾ ਦੁਬਿਧਾ ਵਿਚ ਪੈਣਾ 'ਤੇ ਫਿਰ ਸੁਭਾਵਿਕ ਹੋਵੇਗਾ।

ਨਿਬੰਧ ਦੇ ਵਿਸ਼ੇ ਬਾਰੇ ਜਾਣਕਾਰੀ ਇਕਤਰ ਕਰਨੀ ਬਹੁਤ ਜ਼ਰੂਰੀ ਹੁੰਦਾ ਹੈ ਅਤੇ ਇਸ ਲਈ ਵਿਸ਼ੇ ਨਾਲ ਸੰਬੰਧਿਤ ਸਗਮਰੀ ਜਿਵੇਂ ਕਿਤਾਬਾਂ, ਖੋਜ ਪਰਚੇ, ਅਖਬਾਰਾਂ, ਅੰਕੜੇ, ਤਸਵੀਰਾਂ, ਵਿਹਾਰਿਕ ਸਰਵੇਖਣ ਆਦਿ ਦੀ ਭਾਲ, ਅਧਿਐਨ ਕੀਤਾ ਜਾਵੇ ਤਾਂ ਜੋ ਆਪਣੇ ਵਿਸ਼ੇ ਬਾਰੇ ਅਸੀਂ ਹੋਰ ਸਪਸ਼ਟ ਹੋ ਸਕੀਏ।

ਖੋਜ ਕਰਤਾ/ਲੇਖਕ ਵਖ ਵਖ ਥਾਵਾਂ ਤੋਂ ਜਾਣਕਾਰੀ ਅਤੇ ਸਮਝ ਨੂੰ ਗ੍ਰਹਿਣ ਕਰਦਾ ਹੋਇਆ, ਆਪਣੇ ਖੋਜ ਨਿਬੰਧ ਦੇ ਉਦੇਸ਼ ਪ੍ਰਤੀ ਸਪਸ਼ਟ ਹੋਵੇ ਅਤੇ ਨਿਬੰਧ ਨਿਬੰਧ ਲਈ ਇਕ ਪਰਿਕਲਪਨਾ (ਹੇਪੋਟਹਇਸਿਸ) ਕਰੇ।

ਪਰਿਕਲਪਨਾ ਦੌਰਾਨ ਵਖ ਵਖ ਨੁਕਤਿਆਂ ਨੂੰ ਕਾਪੀ 'ਤੇ ਲਿਖ ਲਿਆ ਜਾਵੇ। ਇਨ੍ਹਾਂ ਨੂੰ ਤਰਤੀਬ ਦਾ ਧਿਆਨ ਰਖੇ, ਬਿਨ੍ਹਾਂ ਜੋ ਵੀ ਜ਼ਿਹਨ ਵਿਚ ਆਵੇ ਨੋਟ ਕਰਦੇ ਜਾਈਏ। ਇਸ ਤੋਂ ਬਾਅਦ ਪ੍ਰਾਪਤ ਨੁਕਤਿਆਂ ਦੀ ਜ਼ਿਹਨ ਵਿਚ ਖਿਆਲੀ ਰੂਪ ਰੇਖਾ ਬਣਾਉਣ ਤੋਂ ਬਾਅਦ ਲਿਖਤੀ ਰੂਪ ਰੇਖਾ ਤਿਆਰ ਕੀਤੀ ਜਾਵੇ ਭਾਵ ਜਿਸ ਤਰਤੀਬ ਵਿਚ ਅਸੀਂ ਆਪਣੇ ਨਿਬੰਧ/ਲੇਖ ਦੀ ਉਸਾਰੀ ਕਰਨੀ ਹੈ।

ਇਸ ਤਰ੍ਹਾਂ ਸਾਨੂੰ ਆਪਣੇ ਨਿਬੰਧ ਲਈ ਨਕਸ਼ਾ ਪ੍ਰਾਪਤ ਹੋ ਜਾਵੇਗਾ। ਜਿਸ ਅਨੁਸਾਰ ਅਸੀਂ ਤਰਤੀਬ ਵਾਰ ਨਿਬੰਧ ਨੂੰ ਲਿਖਣਾ ਆਰੰਭ ਕਰਾਂਗੇ।

ਨਿਬੰਧ ਦਾ ਆਰੰਭ ਆਪਣੇ ਵਿਸ਼ੇ ਬਾਰੇ ਭੂਮਿਕਾ ਦਿੰਦਿਆ ਹੋਇਆਂ ਕੀਤਾ ਜਾਵੇ ਅਤੇ ਆਰੰਭ ਵਿਚ ਆਪਣੇ ਨਿਬੰਧ ਦਾ ਉਦੇਸ਼ ਸਪਸ਼ਟ ਕਰਦੇ ਹੋਏ ਮੁਖ ਵਿਸ਼ਾ ਦੀ ਆਰੰਭਤਾ ਕੀਤੇ ਜਾਵੇ।

ਆਪਣੇ ਵਿਚਾਰਾਂ ਵਿਚਲੀ ਆਪਸੀ ਸਾਂਝ ਦਾ ਧਿਆਨ ਕਰਦੇ ਹੋਏ, ਉਨ੍ਹਾਂ ਨੂੰ ਤਰਤੀਬ ਵਾਰ ਵਿਉਂਤਿਆ ਜਾਵੇ, ਜਿਸ ਨਾਲ ਉਸ ਆਪਣੇ ਵਿਚਾਰ ਅਤੇ ਉਦੇਸ਼ ਨੂੰ ਸਪਸ਼ਟ ਬਣਾ ਕੇ ਸੁਖੈਨਤਾ ਨਾਲ ਗ੍ਰਹਿਣ ਕਰਨਯੋਗ ਬਣਾ ਸਕੋ।



ਵਿਚਾਰਾਂ ਅਤੇ ਲਿਖਤ ਦੀ ਸਪਸ਼ਟਤਾ ਦਾ ਧਿਆਨ ਰਖਿਆ ਜਾਣਾ ਚਾਹੀਦਾ ਹੈ ਕਿ ਪਾਠਕ ਇਸ ਵਿਚੋਂ ਕੋਈ ਹੋਰ ਅਰਥ ਗ੍ਰਹਿਣ ਨਾ ਕਰੇ, ਹਰ ਵਿਚਾਰ ਦੀ ਸਪਸ਼ਟਤਾ ਲਈ ਵੇਰਵੇ ਅਤੇ ਸੰਖਿਪਤ ਵਿਆਖਿਆ ਜ਼ਰੂਰ ਦਿਤੀ ਜਾਵੇ। ਜੇਕਰ ਕਿਸੇ ਵਿਦਵਾਨ ਜਾਂ ਲਿਖਤ ਵਿਚੋਂ ਹਵਾਲਾ ਜਾਂ ਟਿਪਣੀ ਪ੍ਰਾਪਤ ਕੀਤੀ ਹੈ ਤਾਂ ਉਸ ਦਾ ਵੇਰਵਾ/ਜਾਣਕਾਰੀ ਦੇ ਦਿਤੀ ਜਾਵੇ।

ਲਿਖਤ ਇਕ ਵਹਾਅ ਵਿਚ ਹੋਣੀ ਚਾਹੀਦਾ ਹੈ, ਜਿਸ ਨਾਲ ਪਾਠਕ ਲਿਖਤ ਨਾਲ ਜੁੜਿਆ ਰਹੇ। ਲਿਖਤ ਵਿਚ ਭਾਸ਼ਾ ਦਾ ਖਾਸ ਧਿਆਨ ਰਖਿਆ ਜਾਵੇ। ਭਾਸ਼ਾ ਸੌਖੀ, ਸਮਝਣਯੋਗ ਹੋਣੀ ਚਾਹੀਦੀ ਹੈ। ਲਿਖਤ ਦਾ ਸ਼ਿੰਗਾਰ ਮੁਹਾਵਰੇ, ਅਲੰਕਾਰ, ਰੂਪਕ, ਅਖਾਣਾਂ, ਲੋਕ ਉਕਤੀਆਂ, ਕਹਾਣੀਆਂ ਆਦਿ ਹੁੰਦੀਆਂ ਹਨ। ਜ਼ਰੂਰਤ ਅਨੁਸਾਰ ਇਨ੍ਹਾਂ ਨੂੰ ਲਿਖਤ ਵਿਚ ਸਥਾਨ ਦੇ ਕੇ ਲਿਖਤ ਨੂੰ ਸਵਾਦਲੀ ਬਣਾਇਆ ਜਾ ਸਕਦਾ ਹੈ।

ਲਿਖਤ ਦੇ ਮੁਕਾਅ ਸਮੇਂ ਸਿਖਰ 'ਤੇ ਪਹੁੰਚਦੀ ਹੋਵੇ ਅਤੇ ਆਪਣੇ ਉਦੇਸ਼ ਨੂੰ ਸਪਸ਼ਟ ਕਰਦੀ ਹੋਈ ਸਮਾਪਤ ਹੋਵੇ। ਇਸ ਤੋਂ ਇਲਾਵਾ ਲੇਖਕ ਦੁਆਰਾ ਨਿਸ਼ਕਰਸ਼ ਨੂੰ ਸਪਸ਼ਟ ਕੀਤਾ ਜਾਵੇ।

ਲਿਖਤ ਜਦੋਂ ਪੂਰੀ ਤਿਆਰ ਹੋ ਜਾਵੇ ਤਾਂ ਇਸ ਨੂੰ ਬੋਲ ਬੋਲ ਕੇ ਦੋ-ਤਿੰਨ ਵਾਰ ਪੜ੍ਹਿਆ ਜਾਵੇ ਤਾਂ ਜੋ ਸਬਦਾਂ, ਸਬਦ-ਜੋੜਾਂ, ਵਾਕਾਂ, ਆਇਨਮੈਂਟ ਆਦਿ ਦੀਆਂ ਉਕਾਈਆਂ ਦੂਰ ਕੀਤਾ ਜਾ ਸਕੇ।

ਅਖੀਰ ਵਿਚ ਲਿਖਤ ਨੂੰ ਕਿਤੇ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਆਪਣੇ ਸਾਥੀ, ਅਧਿਆਪਕ, ਮਾਹਿਰ ਆਦਿ ਨੂੰ ਪੜ੍ਹਾਇਆ ਜਾਵੇ ਅਤੇ ਉਸ ਪਾਸੋਂ ਸੁਝਾਅ ਆਦਿ ਪ੍ਰਾਪਤ ਕੀਤੇ ਜਾਣ। ਜੇਕਰ ਕੋਈਂ ਮਹਤਵਪੂਰਨ ਨੁਕਤਾ/ਸੁਝਾਅ ਆਦਿ ਪ੍ਰਾਪਤ ਹੁੰਦਾ ਹੈ ਤਾਂ ਉਸ ਵਲ ਧਿਆਨ ਦਿੰਦੇ ਹੋਏ ਸੋਧ ਕੀਤੀ ਜਾਵੇ।

ਸੋਧ ਤੋਂ ਬਾਅਦ ਫਿਰ ਖੁਦ ਲਿਖਤ ਨੂੰ ਪੜ੍ਹਨ ਤੋਂ ਬਾਅਦ ਤੁਹਾਡੀ ਲਿਖਤ ਤਿਆਰ ਹੋ ਜਾਵੇਗੀ, ਜਿਸ ਨੂੰ ਤੁਸੀਂ ਆਪਣੇ ਕਾਰਜ/ਮਨੋਰਥ ਆਦਿ ਹਿਤ ਭੇਜ ਸਕਦੇ ਹੋ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਲਾਸੀਓ ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਅਦਬ ਸਤਿਕਾਰ ਨਾਲ ਕਰਵਾਏ ਗਏ ਗੁਰਮਤਿ ਸਮਾਗਮ ਰੋਮ



ਗੁਰਦੁਆਰਾ ਗੋਬਿੰਦਸਰ ਸਾਹਿਬ ਲਵੀਨੀਓ, ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਦਰਬਾਰ ਵਿਲੇਂਤਰੀ ਤੇ ਗੁਰਦੁਆਰਾ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ ਦੀਆਂ ਯਾਦਗਾਰੀ ਤਸਵੀਰਾਂ

ਇਟਲੀ-(ਗੁਰਸ਼ਰਨ ਸਿੰਘ ਸੋਨੀ) ਜੁਗੋ ਜੁੱਗ ਅਟੱਲ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ 421 ਵਾਂ ਪਹਿਲਾ ਪ੍ਰਕਾਸ਼ ਦਿਹਾੜਾ ਜਿੱਥੇ ਦੁਨੀਆ ਭਰ ਵਿੱਚ ਵਸਦੀਆਂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਭਾਵਨਾ, ਅਦਬ ਤੇ ਸਤਿਕਾਰ ਨਾਲ ਮਨਾਇਆ ਗਿਆ ਉੱਥੇ ਹੀ ਇਟਲੀ ਦੇ ਤਿੰਨ ਵੱਖ-ਵੱਖ ਗੁਰਦੁਆਰਿਆਂ ਵਿੱਚ ਵੀ ਪ੍ਰਬੰਧਕ ਕਮੇਟੀਆਂ ਨੇ ਸਮੂਹ ਸੰਗਤਾਂ ਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਧਾਰਮਿਕ ਗੁਰਮਤਿ ਸਮਾਗਮ ਕਰਵਾਏ ਗਏ। ਜਿਲ੍ਹਾ ਰੋਮ ਦੇ ਅਧੀਨ ਪੈਂਦੇ ਗੁਰਦੁਆਰਾ ਗੋਬਿੰਦਸਰ ਸਾਹਿਬ ਲਵੀਨੀਓ ਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਦਰਬਾਰ ਵਿਲੇਂਤਰੀ ਤੇ ਜਿਲ੍ਹਾ ਲਾਤੀਨਾ ਦੇ ਸ਼ਹਿਰ ਅਪ੍ਰੀਲੀਆ ਵਿਖੇ ਸਥਿਤ ਗੁਰਦੁਆਰਾ ਬਾਬਾ ਦੀਪ ਸਿੰਘ ਸਭਾ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਇਹ ਸਮਾਗਮ ਆਯੋਜਿਤ ਕੀਤੇ ਗਏ। ਤਿਨੋ ਗੁਰਦੁਆਰਾ ਸਾਹਿਬਾਨਾਂ ਵਿੱਚ ਇਲਾਹੀ ਬਾਣੀ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਸੰਪੂਰਨਤਾ ਨਾਲ ਭੋਗ ਪਾਏ ਗਏ। ਭੋਗ ਉਪਰੰਤ ਗੁਰਦੁਆਰਾ ਗੋਬਿੰਦਸਰ ਸਾਹਿਬ ਵਿਖੇ ਭਾਈ ਸੁੱਖਵੀਰ ਸਿੰਘ ਭੌਰ ਦੇ ਢਾਡੀ ਜਥੇ ਵੱਲੋਂ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਗੁਰਬਾਣੀ ਸਰਵਣ ਕਰਵਾਈ।

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਦਰਬਾਰ ਵਿਲੇਂਤਰੀ ਵਿਖੇ ਹਜ਼ੂਰੀ ਰਾਗੀ ਜਥੇ ਸਮੇਤ ਭਾਈ ਤਰਲੋਚਨ ਸਿੰਘ ਦੇ ਕੀਰਤਨੀ ਜੱਥੇ ਵਲੋ ਕੀਰਤਨ ਦਰਬਾਰ ਸਜਾਇਆ ਗਿਆ। ਦੂਜੇ ਪਾਸੇ ਗੁਰਦੁਆਰਾ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੰਗਤਾਂ ਵਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਤੇ ਜੈਕਾਰਿਆਂ ਦੀ ਗੂੰਜ ਵਿੱਚ ਵੱਖ-ਵੱਖ ਪ੍ਰਕਾਰ ਦੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਹਜ਼ੂਰੀ ਰਾਗੀ ਸਿੰਘਾ ਸਮੇਤ ਬੱਚਿਆਂ ਵਲੋਂ ਵੀ ਕੀਰਤਨ ਦਰਬਾਰ ਸਜਾ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਗਿਆ। ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਇਨ੍ਹਾਂ ਸਮਾਗਮਾਂ ਵਿੱਚ ਸੰਗਤਾਂ ਤੇ ਸੇਵਾਦਾਰਾਂ ਵੱਲੋਂ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਇਨ੍ਹਾਂ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਵਾਲੀਆਂ ਸੰਗਤਾਂ ਨੂੰ ਜੀ ਆਇਆਂ ਆਖਿਆ ਗਿਆ ਤੇ ਧੰਨਵਾਦ ਕੀਤਾ ਗਿਆ। ਸੰਗਤਾਂ ਲਈ ਵੱਖ-ਵੱਖ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਗਏ।


# ਪੁਸਤਕ ਰਿਵਿਊ



## ਜਸਪਾਲ ਮਾਨਖੇੜਾ

ਰਿਵੀਊਕਾਰ :
ਬਲਵਿੰਦਰ ਸਿੰਘ ਭੁੱਲਰ
ਮੋਬਾ: 098882 75913

**ਨਾਵਲ ਦਾ ਵਿਸ਼ਾ ਬਹੁਤ ਦਿਲ ਕੰਬਾਊ, ਭਾਵਪੂਰਤ ਹੈ, ਪੇਸ਼ਕਾਰੀ ਤੇ ਨਿਭਾਅ ਪੱਖੋਂ ਨਾਵਲ ਇਕਾਗਰਤਾ ਨੂੰ ਟੁੱਟਣ ਨਹੀਂ ਦਿੰਦਾ। ਸਮੇਂ ਅਨੁਸਾਰ ਲੋਕ ਕਹਾਵਤਾਂ, ਕਾਵਿ ਟੋਟੇ ਅਤੇ ਠੇਠ ਪੰਜਾਬੀ ਸ਼ਬਦ ਪਾਠਕ ਦੇ ਮਨ ਨੂੰ ਟੁੰਬਦੇ ਹਨ ਅਤੇ ਪੇਸ਼ਕਾਰੀ ਦੀ ਖੂਬਸੂਰਤੀ ਵਿੱਚ ਵਾਧਾ ਵੀ ਕਰਦੇ ਹਨ। ਨਾਵਲ ਜਿੱਥੇ ਧਨਾਢ ਗੁੰਡਿਆਂ ਦੇ ਕਿਰਦਾਰ ਨੂੰ ਲੋਕਾਂ ਸਾਹਮਣੇ ਪਰਤੱਖ ਕਰਦਾ ਹੈ, ਉੱਥੇ ਲੋਕ ਏਕੇ ਤੇ ਸੰਘਰਸ਼ ਦੀ ਜਿੱਤ ਦੇ ਝੰਡੇ ਵੀ ਗੱਡਦਾ ਹੈ। ਸ੍ਰੀ ਮਾਨਖੇੜਾ ਦੇ ਇਸ ਤੋਂ ਪਹਿਲਾਂ ਤਿੰਨ ਕਹਾਣੀ ਸੰਗ੍ਰਹਿ, ਦੋ ਵਾਰਤਕ ਸੰਗ੍ਰਹਿ, ਇੱਕ ਹਿੰਦੀ ਅਨੁਵਾਦ, ਇੱਕ ਜੀਵਨੀ ਅਤੇ ਦੋ ਨਾਵਲ 'ਹੁਣ ਮੈਂ ਓਹ ਨਹੀਂ' ਅਤੇ 'ਹਰ ਮਿੱਟੀ ਦੀ ਆਪਣੀ ਖ਼ਸਲਤ' ਛਪੇ ਹਨ। ਇਹ ਤੀਜਾ ਨਾਵਲ ਹੈ, ਜੋ ਪੜ੍ਹਣਯੋਗ ਤੇ ਵਿਚਾਰਨਯੋਗ ਨਾਵਲ ਹੈ।**




ਪੰਜਾਬੀ ਦੇ ਉੱਘੇ ਨਾਵਲਕਾਰ ਤੇ ਕਹਾਣੀਕਾਰ ਸ੍ਰੀ ਜਸਪਾਲ ਮਾਨਖੇੜਾ ਦਾ ਨਵਾਂ ਪ੍ਰਕਾਸ਼ਿਤ ਨਾਵਲ 'ਹਵੇਲੀਆਲ਼ਾ' ਭਾਵੇ ਵੱਡਅਕਾਰੀ ਨਾਵਲ ਤਾਂ ਨਹੀਂ, ਪਰ ਇਸ ਵਿੱਚ ਜੋ ਸਮਾਜ ਦੀਆਂ ਪਰਤਾਂ ਖੋਹਲ ਕੇ ਪਾਠਕਾਂ ਦੇ ਪੇਸ਼ ਕੀਤੀਆਂ ਗਈਆਂ ਹਨ, ਉਹਨਾਂ ਅਨੁਸਾਰ ਇਹ ਵੱਡਅਕਾਰੀ ਨੂੰ ਵੀ ਮਾਤ ਪਾਉਂਦਾ ਵੱਡਵਿਚਾਰੀ ਨਾਵਲ ਹੈ। ਇਹ ਨਾਵਲ ਇੱਕ ਅਬਲਾ ਵਿਦਿਆਰਥਣ ਨਾਲ ਬਲਾਤਕਾਰ ਕਰਕੇ ਕਤਲ ਕਰ ਦੇਣ ਦੀ ਘਟਨਾ ਤੇ ਆਧਾਰਤ ਹੈ, ਪਰ ਇਸ ਵਿੱਚ ਜਿੱਥੇ ਗੁੰਡੇ ਪੁਲਿਸ ਸਿਆਸੀ ਗੱਠਜੋੜ, ਸਿਆਸਤਦਾਨਾਂ ਦੀ ਸੋਚ ਤੇ ਤਿਗੜਮਬਾਜੀਆਂ, ਮਿਲੀਭੁਗਤ ਵਾਲੀਆਂ ਪੁਲਸੀਆ ਪੜਤਾਲਾਂ, ਧਨਾਢਾਂ ਦੀਆਂ ਕਰਤੂਤਾਂ, ਜੱਜਾਂ ਵੱਲੋਂ ਨਾ-ਇਨਸਾਫ਼ੀ ਮਜਬੂਰੀਆਂ, ਵਕੀਲਾਂ ਦੀ ਕਾਰਗੁਜਾਰੀ ਅਤੇ ਜਾਇਦਾਦਾਂ ਕਾਰਨ ਹੁੰਦੇ ਝਗੜੇ ਤੇ ਕਤਲਾਂ ਨੂੰ ਪਰਤੱਖ ਕੀਤਾ ਗਿਆ ਹੈ, ਉੱਥੇ ਲੋਕਾਂ ਵੱਲੋਂ ਗੁੰਡਿਆਂ ਵਿਰੁੱਧ ਗੁੱਸਾ ਤੇ ਲਾਮਬੰਦੀ, ਸੱਚ ਤੇ ਪਹਿਰਾ ਦੇਣ ਵਾਲਿਆਂ ਦੀ ਸਿਆਣਪ ਤੇ ਦਲੇਰੀ, ਲੋਕ ਹੱਕਾਂ ਤੇ ਇਨਸਾਫ਼ ਲਈ ਜੂਝਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਅਤੇ ਲੋਕ ਏਕੇ ਦੀ ਜਿੱਤ ਦੀ ਵੀ ਖੂਬਸੂਰਤ ਪੇਸ਼ਕਾਰੀ ਕਰਕੇ ਪਾਠਕਾਂ ਦੇ ਰੂਬਰੂ ਕੀਤੀ ਗਈ ਹੈ।

ਨਾਵਲ ਦੀ ਸੁਰੂਆਤ ਪਿੰਡ ਹਵੇਲੀਆਲ਼ਾ ਦੇ ਦੋ ਪਰਿਵਾਰਾਂ ਤੋਂ ਹੁੰਦੀ ਹੈ, ਇੱਕ ਸੁਜਾਨ ਸਿੰਘ ਦਾ ਮਿਹਨਤੀ ਤੇ ਸਰੀਫ਼ ਪਰਿਵਾਰ ਹੈ। ਸੁਜਾਨ ਸਿੰਘ ਨੇ ਆਪਣੇ ਪੁੱਤਰਾਂ ਲਈ ਘਰੇਲੂ ਵੰਡ ਬੜੇ ਸੁਚੱਜੇ ਢੰਗ ਨਾਲ ਕੀਤੀ ਅਤੇ ਉਸਦੇ ਤਿੰਨੇ ਪੁੱਤਰ ਚੰਗੀ ਕਮਾਈ ਕਰਦੇ ਹਨ। ਉਹਨਾਂ ਦੇ ਬੱਚੇ ਪੜ੍ਹਦੇ ਹਨ। ਦੂਜਾ ਬਲਕਾਰੇ ਕਾ ਪਰਿਵਾਰ ਬਾਹਰੋਂ ਆ ਕੇ ਪਿੰਡ ਵਿੱਚ ਵਸਿਆ ਹੈ, ਉਹਨਾਂ ਦੇ ਵੱਡ ਵਡੇਰੇ ਨੇ ਆਪਣੀ ਬੱਚੀ ਨੂੰ ਇਉਂ ਪਾਲਿਆ ਸੀ ਜਿਵੇਂ ਝਟਕਾਉਣ ਲਈ ਬੱਕਰੇ ਨੂੰ ਪਾਲਿਆ ਜਾਂਦਾ ਹੈ। ਜਦ ਉਸਨੇ ਜਵਾਨੀ 'ਚ ਪੈਰ ਧਰਿਆ ਤਾਂ ਉਸਨੂੰ ਮਹਾਰਾਜੇ ਦੇ ਪੇਸ਼ ਕਰ ਦਿੱਤਾ ਸੀ। ਮਹਾਰਾਜੇ ਨੇ ਉਸਨੂੰ ਆਪਣੇ ਹਰਮ ਵਿੱਚ ਭੇਜ ਕੇ ਉਸਦੇ ਬਦਲੇ ਇਸ ਪਰਿਵਾਰ ਨੂੰ ਮੁਰੱਬੇ ਬਖ਼ਸ਼ ਦਿੱਤੇ ਸਨ। ਰਾਜੇ ਨਾਲ ਜੁੜੀ ਰਿਸ਼ਤੇਦਾਰੀ ਸਦਕਾ ਉਹਨਾਂ ਦਾ ਪਰਿਵਾਰ ਦੀ ਤੂਤੀ ਬੋਲਦੀ ਰਹੀ। ਉਹ ਪਰਿਵਾਰ ਦਹਾਕਿਆਂ ਤੋਂ ਕਬਜੇ, ਧੱਕੇਸ਼ਾਹੀਆਂ ਕਰਦਾ ਆ ਰਿਹਾ ਹੈ, ਰਾਜਿਆਂ ਦੇ ਖਾਤਮੇ ਤੋਂ ਬਾਅਦ ਵੀ ਭਾਵੇਂ ਕੋਈ ਸਰਕਾਰ ਆਈ ਚੰਗੀ ਚਲਦੀ ਰਹੀ।

ਬਲਕਾਰੇ ਦੇ ਪਰਿਵਾਰ ਦੇ ਲਫੰਗੇ ਕਿਸਮ ਦੇ ਮੁੰਡਿਆਂ ਦੀ ਨਿਗਾਹ ਬਾਪੂ ਸੁਜਾਨ ਸਿੰਘ ਦੀ ਸਕੂਲ ਪੜ੍ਹਦੀ ਪੋਤਰੀ ਤੇ ਪੈ ਜਾਂਦੀ ਹੈ, ਜੋ ਉਸਨੂੰ ਮੰਦਾ ਬੋਲਦੇ ਤੇ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਉਸਦੀ ਉਮਰ ਵੇਖ ਕੇ ਜਦ ਉਸਦੇ ਮਾਂ ਬਾਪ ਸਮਾਜ ਦੇ ਹਾਲਾਤਾਂ ਬਾਰੇ ਸਮਝਾਉਂਦੇ ਹਨ ਤਾਂ ਉਹ ਬੜੀ ਦਲੇਰੀ ਨਾਲ ਕਹਿੰਦੀ ਹੈ, "ਪਾਪਾ ਮੈ ਤੁਹਾਡੀਆਂ ਭਾਵਨਾਵਾਂ ਸਮਝਦੀ ਹਾਂ, ਮੈਂ ਭਮੱਕੜ ਵਾਂਗੂੰ ਮੱਚ ਜੂੰ, ਬੰਬ ਵਾਂਗੂੰ ਫਟ ਜੂੰ, ਮੈਲੀ ਅੱਖ ਤੇ ਮੈਲੇ ਹੱਥ ਨੀ ਲੱਗਣ ਦਿੰਦੀ ਪਿੰਡੇ ਨੂੰ, ਮੈਂ ਮੰਮੀ ਦੇ ਦੁੱਧ ਤੇ ਪਾਪਾ ਦੀ ਪੱਗ ਨੂੰ ਦਾਗ ਨੀ ਲੱਗਣ ਦਿੰਦੀ।"

ਉਹ ਇੱਜਤਦਾਰ ਪਰਿਵਾਰ ਦੀ ਅਣਖੀਲੀ ਲੜਕੀ ਤਾਂ ਸੀ, ਪਰ ਉਸਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਜਿਸ ਟੱਬਰ ਦੇ ਵਡੇਰਿਆਂ ਨੇ ਖ਼ੁਦ ਕੁੜੀ ਪਾਲ ਕੇ ਰਾਜੇ ਦੇ ਪੇਸ਼ ਕਰ ਦਿੱਤੀ ਸੀ, ਉਹ ਧੀਆਂ ਦੀ ਆਬਰੂ ਦੀ ਕਦਰ ਕਿੱਥੋ ਜਾਣਦੇ ਹਨ ਅਤੇ ਗੁੰਡਿਆਂ ਦੇ ਹੱਥ ਲੰਬੇ ਹੁੰਦੇ ਹਨ। ਆਖ਼ਰ ਇੱਕ ਦਿਨ ਸਕੂਲ ਤੋਂ ਵਾਪਸ ਆਉਂਦੀ ਉਸ ਅਣਖੀਲੀ ਵਿਦਿਆਰਥਣ ਰਿਸ਼ਮਦੀਪ ਨੂੰ ਗੁੰਡੇ ਅਗਵਾ ਕਰਕੇ ਲੈ ਜਾਂਦੇ ਹਨ, ਉਹ ਆਪਣੀ ਰੱਖਿਆ ਲਈ ਪੂਰੀ ਲੜਾਈ ਕਰਦੀ ਹੈ। ਪਰ ਗੁੰਡੇ ਉਸ ਨਾਲ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਕਤਲ ਕਰਕੇ ਜਮੀਨ ਵਿੱਚ ਦੱਬ ਦਿੰਦੇ ਹਨ। ਇੱਜਤ ਬਚਾਉਂਦੀ ਅਣਖੀਲੀ ਧੀ ਸ਼ਹੀਦ ਹੋ ਜਾਂਦੀ ਹੈ।

ਕਈ ਦਿਨਾਂ ਬਾਅਦ ਰਿਸ਼ਮ ਦੀ ਸੂਹ ਮਿਲਦੀ ਹੈ, ਪੁਲਿਸ ਉਸਦੀ ਲਾਸ਼ ਬਰਾਮਦ ਕਰ ਲੈਂਦੀ ਹੈ। ਉਸ ਵੇਲੇ ਤੱਕ ਗੁੰਡੇ ਆਪਣੇ ਦਹਾਕਿਆਂ ਤੋਂ ਬਣਾਏ ਬੇਅਣਖ਼ੇ ਜੋਰ ਸਦਕਾ ਪੁਲਿਸ ਤੇ ਸਿਆਸਤਦਾਨਾਂ ਨਾਲ ਗੱਠਜੋੜ ਕਾਇਮ ਕਰ ਲੈਂਦੇ ਹਨ। ਪੁਲਿਸ ਵਾਲੇ ਧਨਾਢ ਗੁੰਡਿਆਂ ਦੀ ਬੋਲੀ ਬੋਲਦੇ ਹੋਏ ਕਹਿੰਦੇ ਹਨ, "ਭੱਜ ਗੀ ਹੋਊ ਕਿਸੇ ਆਸ਼ਕ ਨਾਲ, ਚਾਰ ਦਿਨ ਝੁੱਲੇ ਲੁੱਟ ਕੇ ਮੁੜ ਆਊ।" ਬਲਾਤਕਾਰੀਆਂ ਨੂੰ ਬਚਾਉਣ ਲਈ ਸੱਤ੍ਹਾਧਾਰੀ ਲੀਡਰ, ਜਥੇਦਾਰਾਂ ਸਮੇਤ ਖੱਬੀ ਸੋਚ ਦਾ ਇਕ ਆਗੂ ਵੀ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਪੁਲਿਸ ਵਾਲੇ ਪੀੜ੍ਹਤ ਪਰਿਵਾਰ ਨੂੰ ਪੈਸੇ, ਇੱਕ ਜੀਅ ਨੂੰ ਨੌਕਰੀ ਜਾਂ ਹੋਰ ਕਿਸੇ ਪਿੰਡ ਜ਼ਮੀਨ ਦਿਵਾਉਣ ਦੇ ਲਾਲਚ ਅਧੀਨ ਵੀ ਰਾਜੀਨਾਮੇ ਲਈ ਜੋਰ ਪਾਉਂਦੇ ਹਨ, ਪਰ ਪੀੜ੍ਹਤ ਪਰਿਵਾਰ ਇਨਸਾਫ਼ ਲੈਣ ਲਈ ਬਜਿੱਦ ਰਹਿੰਦਾ ਹੈ। ਪੀੜ੍ਹਤ ਪਰਿਵਾਰ ਦੇ ਹੱਕ ਵਿੱਚ ਲੋਕ ਜੁੜਣ ਲਗਦੇ ਹਨ, ਕਈ ਜਥੇਬੰਦੀਆਂ ਸ਼ਾਮਲ ਹੁੰਦੀਆਂ ਹਨ, ਐਕਸਨ ਕਮੇਟੀ ਬਣਦੀ ਹੈ, ਧਰਨੇ ਮੁਜ਼ਾਹਰੇ ਹੁੰਦੇ ਹਨ, ਆਖ਼ਰ ਪ੍ਰਸ਼ਾਸ਼ਨ ਝੁਕਦਾ ਹੈ ਅਤੇ ਗੁੰਡੇ ਬਲਾਤਕਾਰੀਆਂ ਤੇ ਮੁਕੱਦਮਾ ਦਰਜ ਕਰਕੇ ਜੇਲ੍ਹ ਭੇਜਿਆ ਜਾਂਦਾ ਹੈ। ਐਕਸ਼ਨ ਕਮੇਟੀ ਦੀ ਅਗਵਾਈ ਵਿੱਚ ਲੋਕ ਹੀ ਪੀੜ੍ਹਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਨੂੰ ਪਰਚੰਡ ਕਰਦੇ ਹਨ ਤੇ ਕਾਨੂੰਨੀ ਲੜਾਈ ਲੜਦੇ ਹਨ। ਅਦਾਲਤ ਵਿੱਚ ਮੁਕੱਦਮਾ ਚਲਦਾ ਹੈ। ਇੱਕ ਪੇਸ਼ੀ ਵਾਲੇ ਦਿਨ ਬਲਾਤਕਾਰੀ ਗੁੰਡਿਆਂ ਦੇ ਬਾਪ ਦਾ ਕਚਿਹਿਰੀ ਵਿੱਚ ਰੋਹ 'ਚ ਆਏ ਲੋਕ ਕਤਲ ਕਰ ਦਿੰਦੇ ਹਨ। ਇਹ ਕਤਲ ਹੋਣ ਤੇ ਗੁੰਡਾ ਪੁਲਿਸ ਸਿਆਸੀ ਗੱਠਜੋੜ ਫੇਰ ਸਰਗਰਮ ਹੋ ਜਾਂਦਾ ਹੈ ਅਤੇ ਐਕਸ਼ਨ ਕਮੇਟੀ ਦੇ ਆਗੂਆਂ ਸਮੇਤ ਸੱਤ ਵਿਅਕਤੀਆਂ ਤੇ ਕਤਲ ਦਾ ਮੁਕੱਦਮਾ ਦਰਜ ਕਰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਬਲਾਤਕਾਰੀਆਂ ਨੂੰ ਕਤਲ ਤੇ ਬਲਾਤਕਾਰ ਦੋਸ਼ਾਂ ਵਿੱਚ ਸਜ਼ਾ ਹੋ ਜਾਂਦੀ ਹੈ, ਜਿਸ ਨਾਲ ਪੀੜ੍ਹਤ ਪਰਿਵਾਰ ਨੂੰ ਕੁੱਝ ਰਾਹਤ ਮਿਲ ਜਾਂਦੀ ਹੈ। ਪਰ ਹੁਣ ਸੰਘਰਸ਼ ਐਕਸ਼ਨ ਕਮੇਟੀ ਦੇ ਆਗੂਆਂ ਨੂੰ ਜੇਲ੍ਹ ਚੋਂ ਛੁਡਵਾਉਣ ਲਈ ਭਖ਼ਦਾ ਹੈ। ਅਦਾਲਤ ਉਸ ਕੇਸ ਵਿੱਚ ਵੀ ਤਿੰਨ ਬੇਦੋਸ਼ੇ ਆਗੂਆਂ ਸਮੇਤ ਸੱਤਾਂ ਨੂੰ ਉਮਰ ਕੈਦ ਸੁਣਾ ਦਿੰਦੀ ਹੈ।

ਲੋਕ ਲਾਮਬੰਦ ਹੋ ਕੇ ਸੰਘਰਸ਼ ਪ੍ਰਚੰਡ ਕਰਦੇ ਹਨ ਅਤੇ ਕਾਨੂੰਨੀ ਲੜਾਈ ਵੀ ਜਾਰੀ ਰਖਦੇ ਹਨ। ਆਖ਼ਰ ਤਿੰਨਾਂ ਆਗੂਆਂ ਦੀ ਰਿਹਾਈ ਲਈ ਫਾਈਲ ਮੁੱਖ ਮੰਤਰੀ ਰਾਹੀਂ ਗਵਰਨਰ ਕੋਲ ਜਾਂਦੀ ਹੈ ਤਾਂ ਉਹਨਾਂ ਚੋਂ ਦੋ ਦੀ ਰਿਹਾਈ ਕਰ ਦਿੱਤੀ ਜਾਂਦੀ ਹੈ, ਇੱਕ ਆਗੂ ਕਲੇਰ ਜੇਲ੍ਹ 'ਚ ਰਹਿ ਜਾਂਦਾ ਹੈ। ਕੁੱਝ ਸਮੇਂ ਬਾਅਦ ਉਹ ਜਮਾਨਤ ਤੇ ਜੇਲ੍ਹੋਂ ਬਾਹਰ ਆ ਜਾਂਦਾ ਹੈ, ਪਰ ਉਸਦੀ ਪੱਕੀ ਰਿਹਾਈ ਲਈ ਵੀ ਯਤਨ ਜਾਰੀ ਰੱਖੇ ਜਾਂਦੇ ਹਨ। ਉਸਨੂੰ ਰਾਹਤ ਨਾ ਮਿਲਣ ਕਾਰਨ ਮੁੜ ਪੇਸ਼ ਹੋਣ ਦੇ ਹੁਕਮ ਹੁੰਦੇ ਹਨ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਕਾਫ਼ਲਾ ਬਣਾ ਕੇ ਉਸਨੂੰ ਜੇਲ੍ਹ ਵਿੱਚ ਛੱਡ ਕੇ ਬਾਹਰ ਧਰਨੇ ਤੇ ਬੈਠ ਜਾਂਦੇ ਹਨ। ਕਈ ਮਹੀਨੇ ਇਹ ਧਰਨਾ ਲਗਾਤਾਰ ਚਲਦਾ ਹੈ ਅਤੇ ਆਪਣੇ ਏਕੇ ਦੇ ਜੋਰ ਨਾਲ ਉਹ ਇਸ ਆਗੂ ਨੂੰ ਵੀ ਰਿਹਾਅ ਕਰਵਾ ਕੇ ਕਾਫ਼ਲੇ ਦੇ ਰੂਪ ਵਿੱਚ ਉਸਦੇ ਘਰ ਛੱਡ ਕੇ ਆਉਂਦੇ ਹਨ। ਲੋਕਾਂ ਦੇ ਏਕੇ ਦੀ ਜਿੱਤ ਹੁੰਦੀ ਹੈ।

ਨਾਵਲ ਦਾ ਵਿਸ਼ਾ ਬਹੁਤ ਦਿਲ ਕੰਬਾਊ, ਭਾਵਪੂਰਤ ਹੈ, ਪੇਸ਼ਕਾਰੀ ਤੇ ਨਿਭਾਅ ਪੱਖੋਂ ਨਾਵਲ ਇਕਾਗਰਤਾ ਨੂੰ ਟੁੱਟਣ ਨਹੀਂ ਦਿੰਦਾ। ਸਮੇਂ ਅਨੁਸਾਰ ਲੋਕ ਕਹਾਵਤਾਂ, ਕਾਵਿ ਟੋਟੇ ਅਤੇ ਠੇਠ ਪੰਜਾਬੀ ਸ਼ਬਦ ਪਾਠਕ ਦੇ ਮਨ ਨੂੰ ਟੁੰਬਦੇ ਹਨ ਅਤੇ ਪੇਸ਼ਕਾਰੀ ਦੀ ਖੂਬਸੂਰਤੀ ਵਿੱਚ ਵਾਧਾ ਵੀ ਕਰਦੇ ਹਨ। ਨਾਵਲ ਜਿੱਥੇ ਧਨਾਢ ਗੁੰਡਿਆਂ ਦੇ ਕਿਰਦਾਰ ਨੂੰ ਲੋਕਾਂ ਸਾਹਮਣੇ ਪਰਤੱਖ ਕਰਦਾ ਹੈ, ਉੱਥੇ ਲੋਕ ਏਕੇ ਤੇ ਸੰਘਰਸ਼ ਦੀ ਜਿੱਤ ਦੇ ਝੰਡੇ ਵੀ ਗੱਡਦਾ ਹੈ। ਸ੍ਰੀ ਮਾਨਖੇੜਾ ਦੇ ਇਸ ਤੋਂ ਪਹਿਲਾਂ ਤਿੰਨ ਕਹਾਣੀ ਸੰਗ੍ਰਹਿ, ਦੋ ਵਾਰਤਕ ਸੰਗ੍ਰਹਿ, ਇੱਕ ਹਿੰਦੀ ਅਨੁਵਾਦ, ਇੱਕ ਜੀਵਨੀ ਅਤੇ ਦੋ ਨਾਵਲ 'ਹੁਣ ਮੈਂ ਓਹ ਨਹੀਂ' ਅਤੇ 'ਹਰ ਮਿੱਟੀ ਦੀ ਆਪਣੀ ਖ਼ਸਲਤ' ਛਪੇ ਹਨ। ਇਹ ਤੀਜਾ ਨਾਵਲ ਹੈ, ਜੋ ਪੜ੍ਹਣਯੋਗ ਤੇ ਵਿਚਾਰਨਯੋਗ ਨਾਵਲ ਹੈ। ਇਹ ਇਨਸਾਫ਼ ਅਤੇ ਹੱਕਾਂ ਦੀ ਪ੍ਰਾਪਤੀ ਲਈ ਜੂਝਣ ਵਾਲਿਆਂ ਨੂੰ ਰਾਹ ਵਿਖਾਉਂਦਾ ਹੈ। ਇਸ 152 ਪੰਨਿਆਂ ਦੇ ਨਾਵਲ ਦੀ ਕੀਮਤ 250 ਰੁਪਏ ਹੈ।

# ਇਟਲੀ ਦੇ ਸੂਬੇ ਬਜੀਲੀਕਾਟਾ ਦੀ 18 ਸਾਲਾ ਮੁਟਿਆਰ ਕਾਤੀਆ ਬੁਕੀਚਿਓ ਮਿਸ ਇਟਲੀ 2025 ਦੇ ਤਖ਼ਤ ਉੱਪਰ ਹੋਈ ਬਿਰਾਜਮਾਨ




ਰੋਮ-(ਗੁਰਸ਼ਰਨ ਸਿੰਘ ਸੋਨੀ)-ਸੰਨ 1939 ਤੋਂ ਸ਼ੁਰੂ ਹੋਇਆ ਇਤਾਲਵੀ ਮੁਟਿਆਰਾ ਦਾ ਸੁੰਦਰਤਾ ਮੁਕਾਬਲਾ ਸਿਰਫ਼ ਇੱਕ ਸੁੰਦਰਤਾ ਮੁਕਾਬਲਾ ਨਹੀਂ ਸਗੋਂ ਹੁਣ ਪਿਛਲੇ ਕਈ ਸਾਲਾਂ ਤੋਂ ਸੱਭਿਆਚਾਰਕ ਪ੍ਰੋਗਰਾਮ ਬਣ ਗਿਆ ਹੈ ਜਿਸ ਵਿੱਚ ਇਟਲੀ ਦੀ ਸਭ ਤੋਂ ਕਾਬਲ ਮੁਟਿਆਰ ਜਿਹੜੀ ਇੱਕ ਨਹੀਂ ਸਗੋਂ ਕਈ ਕਲਾਂਵਾਂ ਦੀ ਧਨੀ ਹੁੰਦੀ ਹੈ ਉਸ ਸਿਰ ਇਟਲੀ ਦੀ ਰਾਣੀ ਦਾ ਤਾਜ ਸਜਾਇਆ ਜਾਂਦਾ ਹੈ। ਸਾਲ 2025 ਦੇ ਇਤਾਲਵੀ ਸੁੰਦਰਤਾ ਮੁਕਾਬਲੇ ਦੇ 86ਵੇਂ ਐਡੀਸ਼ਨ ਵਿੱਚ 40 ਮੁਟਿਆਰਾਂ ਨੇ ਭਾਗ ਲਿਆ ਜਿਹਨਾਂ ਵਿਚੋਂ 39 ਮੁਟਿਆਰਾਂ ਨੂੰ ਪਛਾੜਦਿਆਂ 1458 ਵਸਨੀਕਾਂ ਵਾਲੇ ਕਸਬੇ ਅੰਸੀ ਜ਼ਿਲ੍ਹਾ ਪੋਤੇਂਸਾ ਸੂਬਾ ਬਜੀਲੀਕਾਟਾ ਦੀ ਲੂਸਾਨੀਅਨ ਮੁਟਿਆਰ ਕਾਤੀਆ ਬੁਕੀਚਿਓ ਇਟਲੀ ਦੀ ਸਭ ਤੋਂ ਸੋਹਣੀ ਕੁੜੀ ਦਾ ਖਿਤਾਬ ਜਿੱਤ ਕੇ ਸੂਬੇ ਦੀ ਪਹਿਲੀ ਅਜਿਹੀ ਮੁਟਿਆਰ ਬਣ ਗਈ ਹੈ ਜਿਸ ਨੇ ਸੂਬੇ ਦਾ ਨਾਮ ਪੂਰੇ ਦੇਸ਼ ਵਿੱਚ ਚਮਕਾ ਦਿੱਤਾ ।ਕਾਤੀਆ 1.75 ਮੀਟਰ ਲੰਬੀ ਕੁੜੀ ਹੈ ਜਿਸ ਨੇ ਗ੍ਰੈਜੂਏਟ ਕਰਨ ਤੋਂ ਬਾਅਦ ਦੰਦਾਂ ਦੇ ਡਾਕਟਰ ਦੀ ਡਿਗਰੀ ਕਰ ਰਹੀ ਹੈ।ਕਾਤੀਆ ਨੇ ਆਪਣੀ ਇਸ ਕਾਮਯਾਬੀ ਦਾ ਸਿਹਰਾ ਆਪਣੇ ਪਰਿਵਾਰ ਖਾਸਕਰ ਆਪਣੇ ਪਿਤਾ ਐਨਤੋਨਿਓ ਨੂੰ ਸਮਰਪਿਤ ਕੀਤਾ ਜਿਹੜੇ ਉਸ ਨਾਲ ਇਸ ਮੁਕਾਬਲੇ ਵਿੱਚ ਅਜਿਹੇ ਵਿਚਰੇ ਜਿਵੇਂ ਉਸ ਦੇ ਮੈਨੇਜਰ ਹੋਣ,ਇਸ ਦੇ ਨਾਲ ਹੀ ਉਸ ਦੀ ਮਾਂ ਰੋਸਾਨਾ, ਭੈਣ ਲੂਕ੍ਰੇਜ਼ੀਆ ਅਤੇ ਉਸ ਦੇ ਮੰਗੇਤਰ ਮਾਈਕਲ ਨੇ ਵੀ ਅਹਿਮ ਸਹਿਯੋਗ ਦਿੱਤਾ।ਇਟਲੀ ਦੀ ਰਾਣੀ ਬਣੀ ਕਾਤੀਆ ਨੂੰ ਆਪਣੇ ਪਰਿਵਾਰਕ ਪੁਰਾਤਨੀ ਤੇ ਸੱਭਿਆਚਾਰਕ ਹੁੰਨਰ ਕਢਾਈ ਅਤੇ ਸਿਲਾਈ ਦਾ ਜਨੂੰਨ ਹੈ ਜਿਹੜਾ ਉਸ ਨੂੰ ਵਿਰਾਸਤ ਉਸ ਦੀ ਦਾਦੀ ਤੇ ਮਾਸੀ ਤੋਂ ਮਿਲਿਆ।ਉਸ ਨੂੰ ਆਪਣੀ ਇਸ ਕਲਾ ਉੱਤੇ ਮਾਣ ਹੈਜਿਸ ਨਾਲ ਉਹ ਆਪਣੇ ਸੂਬੇ ਦੀ ਅਗਵਾਈ ਕਰ ਰਹੀ ਹੈ।ਕਾਤੀਆ ਦਾ ਕਹਿਣਾ ਹੈ ਕਿ ਉਸ ਨੂੰ ਨਹੀ ਪਤਾ ਸੀ ਕਿ ਉਸ ਅੰਦਰ ਭਾਸ਼ਣ ਦੇਣ ਦੀ ਪ੍ਰਤਿਭਾ ਵੀ ਹੈ ਜਿਸ ਨੂੰ ਉਸ ਦੀ ਮਾਸੀ ਨੇ ਬਾਹਰ ਲਿਆਂਦਾ।ਕਾਤੀਆ ਇੱਕ ਮਹਾਨ ਮਿਸ ਇਟਲੀ ਹੋਵੇਗੀ ਜਿਸ ਕੋਲ ਵੱਕਾਰੀ ਤਾਜ ਨੂੰ ਸਫ਼ਲਤਾਪੂਰਵਕ ਪਹਿਨਣ ਦੇ ਸਾਰੇ ਗੁਣ ਹਨ।

# ਵਿਸ਼ਵ ਓਜ਼ੋਨ ਦਿਵਸ ਤੇ ਵਿਸ਼ੇਸ਼


ਸੰਦੀਪ ਕੁਮਾਰ

7009807121




ਵਿਸ਼ਵ ਓਜ਼ੋਨ ਦਿਵਸ, ਜੋ ਹਰ ਸਾਲ 16 ਸਤੰਬਰ ਨੂੰ ਮਨਾਇਆ ਜਾਂਦਾ ਹੈ, ਓਜ਼ੋਨ ਪਰਤ ਦੀ ਸੁਰੱਖਿਆ ਅਤੇ ਇਸ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣ ਦਾ ਇੱਕ ਅਹਿਮ ਮੌਕਾ ਹੈ। ਇਹ ਦਿਨ ਸੰਯੁਕਤ ਰਾਸ਼ਟਰ ਵੱਲੋਂ 1994 ਵਿੱਚ ਸਥਾਪਿਤ ਕੀਤਾ ਗਿਆ ਸੀ, ਜਿਸ ਦਾ ਮੁੱਖ ਮਕਸਦ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਪਦਾਰਥਾਂ ਦੀ ਵਰਤੋਂ ਨੂੰ ਘਟਾਉਣ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਵਿਸ਼ਵਵਿਆਪੀ ਯਤਨਾਂ ਨੂੰ ਉਤਸ਼ਾਹਿਤ ਕਰਨਾ ਹੈ। ਓਜ਼ੋਨ ਪਰਤ, ਜੋ ਧਰਤੀ ਦੇ ਸਟ੍ਰੈਟੋਸਫੀਅਰ ਵਿੱਚ ਮੌਜੂਦ ਹੈ, ਸੂਰਜ ਦੀਆਂ ਹਾਨੀਕਾਰਕ ਅਲਟਰਾਵਾਇਲਟ ਕਿਰਨਾਂ ਤੋਂ ਸਾਨੂੰ ਬਚਾਉਂਦੀ ਹੈ। ਇਸ ਦੀ ਸੁਰੱਖਿਆ ਨਾ ਸਿਰਫ ਮਨੁੱਖੀ ਸਿਹਤ ਲਈ ਜ਼ਰੂਰੀ ਹੈ, ਸਗੋਂ ਸਮੁੱਚੇ ਵਾਤਾਵਰਣ ਅਤੇ ਜੀਵ-ਜੰਤੂਆਂ ਦੀ ਸੁਰੱਖਿਆ ਲਈ ਵੀ ਅਹਿਮ ਹੈ। ਓਜ਼ੋਨ ਪਰਤ ਧਰਤੀ ਦੇ ਵਾਯੂਮੰਡਲ ਵਿੱਚ ਲਗਭਗ 15 ਤੋਂ 35 ਕਿਲੋਮੀਟਰ ਦੀ ਉਚਾਈ 'ਤੇ ਸਥਿਤ ਹੈ। ਇਹ ਓਜ਼ੋਨ ਅਣੂਆਂ ਦੀ ਇੱਕ ਪਤਲੀ ਪਰਤ ਹੈ, ਜੋ ਸੂਰਜ ਦੀਆਂ ਅਲਟਰਾਵਾਇਲਟ-ਬੀ ਅਤੇ ਅਲਟਰਾਵਾਇਲਟ-ਸੀ ਕਿਰਨਾਂ ਨੂੰ ਸੋਖ ਲੈਂਦੀ ਹੈ। ਇਹ ਕਿਰਨਾਂ ਮਨੁੱਖੀ ਸਿਹਤ ਲਈ ਬਹੁਤ ਨੁਕਸਾਨਦੇਹ ਹਨ, ਕਿਉਂਕਿ ਇਹ ਚਮੜੀ ਦੇ ਕੈਂਸਰ, ਮੋਤੀਆਬਿੰਦ ਅਤੇ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਕਮਜ਼ੋਰ ਕਰਨ ਦਾ ਕਾਰਨ ਬਣ ਸਕਦੀਆਂ ਹਨ। ਇਸਦੇ ਨਾਲ ਹੀ, ਇਹ ਜੀਵ-ਜੰਤੂਆਂ, ਬੂਟਿਆਂ ਅਤੇ ਸਮੁੰਦਰੀ ਜੀਵਨ 'ਤੇ ਵੀ ਮਾੜਾ ਅਸਰ ਪਾਉਂਦੀਆਂ ਹਨ। ਓਜ਼ੋਨ ਪਰਤ ਦੀ ਮਹੱਤਤਾ ਨੂੰ ਸਮਝਣ ਲਈ ਸਾਨੂੰ ਇਸ ਦੀ ਖੋਜ ਅਤੇ ਇਸ ਨਾਲ ਹੋਣ ਵਾਲੇ ਨੁਕਸਾਨ ਦੇ ਇਤਿਹਾਸ ਵੱਲ ਧਿਆਨ ਦੇਣਾ ਜ਼ਰੂਰੀ ਹੈ।

20ਵੀਂ ਸਦੀ ਦੇ ਮੱਧ ਵਿੱਚ ਵਿਗਿਆਨੀਆਂ ਨੇ ਪਹਿਲੀ ਵਾਰ ਓਜ਼ੋਨ ਪਰਤ ਵਿੱਚ ਇੱਕ ਵੱਡੀ ਸਮੱਸਿਆ ਦੀ ਪਛਾਣ ਕੀਤੀ। ਸਾਲ 1970 ਦੇ ਦਸ਼ਕ ਵਿੱਚ, ਇਹ ਪਤਾ ਲੱਗਾ ਕਿ ਕੁਝ ਮਨੁੱਖ-ਨਿਰਮਿਤ ਰਸਾਇਣ, ਜਿਵੇਂ ਕਿ ਕਲੋਰੋਫਲੋਰੋਕਾਰਬਨ , ਜੋ ਰੈਫ੍ਰਿਜਰੇਟਰਾਂ, ਏਅਰ-ਕੰਡੀਸ਼ਨਰਾਂ ਅਤੇ ਏਅਰੋਸੋਲ ਸਪਰੇਅ ਵਿੱਚ ਵਰਤੇ ਜਾਂਦੇ ਸਨ, ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾ ਰਹੇ ਸਨ। ਸਾਲ 1985 ਵਿੱਚ, ਅੰਟਾਰਕਟਿਕਾ ਦੇ ਉੱਪਰ ਓਜ਼ੋਨ ਪਰਤ ਵਿੱਚ ਇੱਕ ਵੱਡੇ ਛੇਕ ਦੀ ਖੋਜ ਨੇ ਸਾਰੀ ਦੁਨੀਆਂ ਦਾ ਧਿਆਨ ਖਿੱਚਿਆ। ਇਸ ਨੂੰ "ਓਜ਼ੋਨ ਛੇਕ" ਦੇ ਨਾਂ ਨਾਲ ਜਾਣਿਆ ਗਿਆ। ਇਸ ਖੋਜ ਨੇ ਵਿਗਿਆਨੀਆਂ, ਨੀਤੀ-ਨਿਰਮਾਤਾਵਾਂ ਅਤੇ ਵਾਤਾਵਰਣਵਾਦੀਆਂ ਨੂੰ ਇੱਕਜੁਟ ਕਰਕੇ ਇਸ ਸਮੱਸਿਆ ਦੇ ਹੱਲ ਲਈ ਕਦਮ ਚੁੱਕਣ ਲਈ ਪ੍ਰੇਰਿਤ ਕੀਤਾ। ਇਸ ਸਮੱਸਿਆ ਦੇ ਹੱਲ ਲਈ ਸਭ ਤੋਂ ਮਹੱਤਵਪੂਰਨ ਕਦਮ 1987 ਵਿੱਚ ਮੌਂਟਰੀਅਲ ਪ੍ਰੋਟੋਕੋਲ ਦੇ ਰੂਪ ਵਿੱਚ ਸਾਹਮਣੇ ਆਇਆ। ਇਹ ਇੱਕ ਅੰਤਰਰਾਸ਼ਟਰੀ ਸੰਧੀ ਸੀ, ਜਿਸ ਦਾ ਉਦੇਸ਼ ਓਜ਼ੋਨ ਨੂੰ ਨੁਕਸਾਨ ਪਹੁੰਚਾਉਣ ਵਾਲੇ ਪਦਾਰਥਾਂ, ਜਿਵੇਂ ਕਿ ਕਲੋਰੋਫਲੋਰੋਕਾਰਬਨ, ਹੈਲੋਨਜ਼ ਅਤੇ ਹੋਰ ਸੰਬੰਧਿਤ ਰਸਾਇਣਾਂ ਦੀ ਵਰਤੋਂ ਨੂੰ ਘਟਾਉਣਾ ਅਤੇ ਅੰਤ ਵਿੱਚ ਖਤਮ ਕਰਨਾ ਸੀ। ਮੌਂਟਰੀਅਲ ਪ੍ਰੋਟੋਕੋਲ ਨੂੰ ਵਾਤਾਵਰਣ ਸੁਰੱਖਿਆ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਮੰਨਿਆ ਜਾਂਦਾ ਹੈ, ਕਿਉਂਕਿ ਇਹ ਪਹਿਲੀ ਅਜਿਹੀ ਸੰਧੀ ਸੀ ਜਿਸ ਨੂੰ ਸਾਰੇ ਸੰਯੁਕਤ ਰਾਸ਼ਟਰ ਮੈਂਬਰ ਦੇਸ਼ਾਂ ਨੇ ਸਵੀਕਾਰ ਕੀਤਾ। ਇਸ ਦੇ ਨਤੀਜੇ ਸਵਰੂਪ, ਕਲੋਰੋਫਲੋਰੋਕਾਰਬਨ ਅਤੇ ਹੋਰ ਹਾਨੀਕਾਰਕ ਪਦਾਰਥਾਂ ਦੀ ਵਰਤੋਂ ਵਿੱਚ ਕਾਫੀ ਕਮੀ ਆਈ ਅਤੇ ਓਜ਼ੋਨ ਪਰਤ ਦੀ ਮੁਰੰਮਤ ਦੀ ਪ੍ਰਕਿਰਿਆ ਸ਼ੁਰੂ ਹੋਈ।



ਵਿਸ਼ਵ ਓਜ਼ੋਨ ਦਿਵਸ ਦਾ ਮੁੱਖ ਉਦੇਸ਼ ਲੋਕਾਂ ਨੂੰ ਇਸ ਸਫਲਤਾ ਦੀ ਕਹਾਣੀ ਤੋਂ ਜਾਣੂ ਕਰਵਾਉਣਾ ਅਤੇ ਓਜ਼ੋਨ ਪਰਤ ਦੀ ਸੁਰੱਖਿਆ ਲਈ ਹੋਰ ਜਾਗਰੂਕਤਾ ਪੈਦਾ ਕਰਨਾ ਹੈ। ਹਰ ਸਾਲ ਇਸ ਦਿਨ ਨੂੰ ਇੱਕ ਖਾਸ ਥੀਮ ਦੇ ਨਾਲ ਮਨਾਇਆ ਜਾਂਦਾ ਹੈ, ਜੋ ਵਾਤਾਵਰਣ ਸੁਰੱਖਿਆ ਅਤੇ ਸਥਿਰਤਾ ਨਾਲ ਸੰਬੰਧਿਤ ਹੁੰਦੀ ਹੈ। ਉਦਾਹਰਣ ਵਜੋਂ, ਪਿਛਲੇ ਸਾਲਾਂ ਵਿੱਚ ਥੀਮਾਂ ਵਿੱਚ "ਓਜ਼ੋਨ ਫਾਰ ਲਾਈਫ" ਅਤੇ "ਮੌਂਟਰੀਅਲ ਪ੍ਰੋਟੋਕੋਲ-ਕੀਪਿੰਗ ਅਸ, ਫੂਡ ਐਂਡ ਵੈਕਸੀਨਜ਼ ਕੂਲ" ਵਰਗੇ ਵਿਸ਼ੇ ਸ਼ਾਮਲ ਰਹੇ ਹਨ। ਵਿਸ਼ਵ ਓਜ਼ੋਨ ਦਿਵਸ 2025 ਦਾ ਥੀਮ ਹੈ "ਵਿਗਿਆਨ ਤੋਂ ਵਿਸ਼ਵਵਿਆਪੀ ਕਾਰਵਾਈ" । ਇਹ ਥੀਮ ਓਜ਼ੋਨ ਪਰਤ ਦੀ ਸੁਰੱਖਿਆ ਦੀ ਯਾਤਰਾ ਨੂੰ ਦਰਸਾਉਂਦੀ ਹੈ, ਜਿਸ ਵਿੱਚ ਵਿਗਿਆਨ ਨੇ ਓਜ਼ੋਨ ਦੀ ਖੋਜ ਅਤੇ ਇਸ ਦੇ ਨੁਕਸਾਨ ਦੀ ਪਛਾਣ ਕਰਕੇ ਵਿਸ਼ਵਵਿਆਪੀ ਕਾਰਵਾਈ ਨੂੰ ਪ੍ਰੇਰਿਤ ਕੀਤਾ। ਇਹ ਵਿਗਿਆਨ ਅਤੇ ਸਹਿਯੋਗ ਦੁਆਰਾ ਵਾਤਾਵਰਣ ਸਮੱਸਿਆਵਾਂ ਦੇ ਹੱਲ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ। ਇਹ ਥੀਮਾਂ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਓਜ਼ੋਨ ਪਰਤ ਦੀ ਸੁਰੱਖਿਆ ਸਿਰਫ ਵਾਤਾਵਰਣ ਲਈ ਹੀ ਨਹੀਂ, ਸਗੋਂ ਖੇਤੀਬਾੜੀ, ਸਿਹਤ ਅਤੇ ਸਮੁੱਚੇ ਜੀਵਨ ਲਈ ਵੀ ਜ਼ਰੂਰੀ ਹੈ। ਓਜ਼ੋਨ ਪਰਤ ਦੀ ਸੁਰੱਖਿਆ ਦੇ ਯਤਨਾਂ ਨੇ ਕਈ ਸਕਾਰਾਤਮਕ ਨਤੀਜੇ ਦਿੱਤੇ ਹਨ। ਵਿਗਿਆਨੀਆਂ ਦੇ ਅਨੁਸਾਰ, ਮੌਂਟਰੀਅਲ ਪ੍ਰੋਟੋਕੋਲ ਦੀ ਸਫਲਤਾ ਕਾਰਨ ਅੰਟਾਰਕਟਿਕਾ ਦੇ ਉੱਪਰ ਮੌਜੂਦ ਓਜ਼ੋਨ ਛੇਕ ਦਾ ਆਕਾਰ ਹੌਲੀ-ਹੌਲੀ ਘਟ ਰਿਹਾ ਹੈ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਜੇਕਰ ਵਿਸ਼ਵਵਿਆਪੀ ਯਤਨ ਜਾਰੀ ਰਹੇ, ਤਾਂ 21ਵੀਂ ਸਦੀ ਦੇ ਅੰਤ ਤੱਕ ਓਜ਼ੋਨ ਪਰਤ ਆਪਣੀ ਅਸਲੀ ਹਾਲਤ ਵਿੱਚ ਵਾਪਸ ਆ ਸਕਦੀ ਹੈ। ਇਹ ਇੱਕ ਵੱਡੀ ਪ੍ਰਾਪਤੀ ਹੋਵੇਗੀ, ਜੋ ਮਨੁੱਖੀ ਸਹਿਯੋਗ ਅਤੇ ਸਮੂਹਿਕ ਜ਼ਿੰਮੇਵਾਰੀ ਦੀ ਮਿਸਾਲ ਪੇਸ਼ ਕਰਦੀ ਹੈ।

ਹਾਲਾਂਕਿ, ਓਜ਼ੋਨ ਪਰਤ ਦੀ ਸੁਰੱਖਿਆ ਦੀ ਲੜਾਈ ਅਜੇ ਪੂਰੀ ਤਰ੍ਹਾਂ ਜਿੱਤੀ ਨਹੀਂ ਗਈ। ਕੁਝ ਨਵੇਂ ਰਸਾਇਣ, ਜਿਵੇਂ ਕਿ ਹਾਈਡ੍ਰੋਫਲੋਰੋਕਾਰਬਨ, ਜੋ ਕਲੋਰੋਫਲੋਰੋਕਾਰਬਨ ਦੇ ਵਿਕਲਪ ਵਜੋਂ ਵਰਤੇ ਜਾ ਰਹੇ ਹਨ, ਵਾਤਾਵਰਣ ਲਈ ਨਵੀਆਂ ਚੁਣੌਤੀਆਂ ਪੈਦਾ ਕਰ ਰਹੇ ਹਨ। ਹਾਲਾਂਕਿ ਹਾਈਡ੍ਰੋਫਲੋਰੋਕਾਰਬਨ ਓਜ਼ੋਨ ਪਰਤ ਨੂੰ ਸਿੱਧੇ ਤੌਰ 'ਤੇ ਨੁਕਸਾਨ ਨਹੀਂ ਪਹੁੰਚਾਉਂਦੇ, ਪਰ ਇਹ ਗ੍ਰੀਨਹਾਊਸ ਗੈਸਾਂ ਹਨ, ਜੋ ਗਲੋਬਲ ਵਾਰਮਿੰਗ ਨੂੰ ਵਧਾਉਂਦੀਆਂ ਹਨ। ਇਸ ਸਮੱਸਿਆ ਨੂੰ ਹੱਲ ਕਰਨ ਲਈ 2016 ਵਿੱਚ ਮੌਂਟਰੀਅਲ ਪ੍ਰੋਟੋਕੋਲ ਦੀ ਸੋਧ ਨੂੰ ਅਪਣਾਇਆ ਗਿਆ, ਜਿਸ ਦਾ ਉਦੇਸ਼ ਹਾਈਡ੍ਰੋਫਲੋਰੋਕਾਰਬਨ ਦੀ ਵਰਤੋਂ ਨੂੰ ਘਟਾਉਣਾ ਹੈ। ਇਸ ਸੋਧ ਨੇ ਇਹ ਸਾਬਤ ਕੀਤਾ ਕਿ ਵਾਤਾਵਰਣ ਸੁਰੱਖਿਆ ਦੇ ਯਤਨ ਨਿਰੰਤਰ ਅਤੇ ਵਿਕਸਤ ਹੋਣ ਦੀ ਲੋੜ ਹੈ। ਵਿਸ਼ਵ ਓਜ਼ੋਨ ਦਿਵਸ ਨੂੰ ਮਨਾਉਣ ਦੇ ਪਿੱਛੇ ਮਕਸਦ ਸਿਰਫ ਜਾਗਰੂਕਤਾ ਫੈਲਾਉਣਾ ਹੀ ਨਹੀਂ, ਸਗੋਂ ਵਿਅਕਤੀਗਤ ਅਤੇ ਸਮੂਹਿਕ ਪੱਧਰ 'ਤੇ ਕਾਰਵਾਈ ਨੂੰ ਉਤਸ਼ਾਹਿਤ ਕਰਨਾ ਵੀ ਹੈ। ਵਿਅਕਤੀ ਵਜੋਂ, ਅਸੀਂ ਵਾਤਾਵਰਣ-ਅਨੁਕੂਲ ਉਤਪਾਦਾਂ ਦੀ ਵਰਤੋਂ ਕਰਕੇ, ਊਰਜਾ ਦੀ ਬੱਚਤ ਕਰਕੇ ਅਤੇ ਰੀਸਾਈਕਲਿੰਗ ਨੂੰ ਉਤਸ਼ਾਹਿਤ ਕਰਕੇ ਓਜ਼ੋਨ ਪਰਤ ਦੀ ਸੁਰੱਖਿਆ ਵਿੱਚ ਯੋਗਦਾਨ ਪਾ ਸਕਦੇ ਹਾਂ। ਸਕੂਲਾਂ, ਕਾਲਜਾਂ ਅਤੇ ਸਮਾਜਿਕ ਸੰਸਥਾਵਾਂ ਵਿੱਚ ਜਾਗਰੂਕਤਾ ਮੁਹਿੰਮਾਂ ਦਾ ਆਯੋਜਨ ਕਰਕੇ ਵੀ ਇਸ ਦਿਸ਼ਾ ਵਿੱਚ ਕਦਮ ਚੁੱਕੇ ਜਾ ਸਕਦੇ ਹਨ। ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਵੀ ਨਵੀਆਂ ਨੀਤੀਆਂ ਅਤੇ ਤਕਨੀਕਾਂ ਨੂੰ ਅਪਣਾਉਣ ਦੀ ਜ਼ਰੂਰਤ ਹੈ, ਜੋ ਵਾਤਾਵਰਣ ਨੂੰ ਬਚਾਉਣ ਵਿੱਚ ਮਦਦ ਕਰ ਸਕਣ।

ਅੰਤ ਵਿੱਚ, ਵਿਸ਼ਵ ਓਜ਼ੋਨ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਡੀ ਧਰਤੀ ਦੀ ਸੁਰੱਖਿਆ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਮੌਂਟਰੀਅਲ ਪ੍ਰੋਟੋਕੋਲ ਵਰਗੀਆਂ ਪਹਿਲਕਦਮੀਆਂ ਨੇ ਸਾਬਤ ਕੀਤਾ ਹੈ ਕਿ ਜੇਕਰ ਸਾਡੇ ਯਤਨ ਸਮੂਹਿਕ ਅਤੇ ਨਿਰੰਤਰ ਹੋਣ, ਤਾਂ ਅਸੀਂ ਵੱਡੀਆਂ ਵਾਤਾਵਰਣ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹਾਂ। ਇਸ ਦਿਨ ਦਾ ਸੁਨੇਹਾ ਸਾਫ ਹੈ, ਓਜ਼ੋਨ ਪਰਤ ਦੀ ਸੁਰੱਖਿਆ ਸਿਰਫ ਵਿਗਿਆਨੀਆਂ ਜਾਂ ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਪਰਤ ਨੂੰ ਬਚਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਅਤੇ ਸੁਰੱਖਿਅਤ ਧਰਤੀ ਛੱਡਣ ਦਾ ਵਾਅਦਾ ਕਰੀਏ।


ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ

liberalthinker1621@gmail.com


## Tail Piece

# Oath of Constitution means member believes in Unity of India

No winning candidate can become member of our Parliament till he takes oath of Constitution and once he takes oath of the Constitution, he turns an Ibndian National believing in Unity and Integrity of India. What he had been his call to win in election that was simply a tact to win because still most of the candidates win because of their religion, astes,colour and creed and we have noted that even contestinggroups from different religions had been choosing candidates from the lot only belonging to particular religion, castes and groups of the population because still people here try to choose candidates of their own religion, castes xcolour and creed.

We had noted that this tqact of religion, caste, colour and xcreet works here, but all elected had been taking oath of the Constitution and had been declaring that they believe in unity and integrity of India and even in hot days they kept themselves bound to the oath and remained India National and believed in unity and integrity of India.

India is one Nation and therefore, there is no provision in our Constitution for any further division of India and even our Parliament cannot part with any part of the country. Therefore, all talks of further division of India are futile exercises and let us take these tacts just to win in election exploiting religious beliefs of the people. India has already adopted belief in secularism. Even Pakistan which had been established only for the Muslims, in their Constitution, they had declared that Pakistan is a Secular country.


**Advocate Dalip Singh Wasan,**

Email dalipsinghwassan@yahoo.co.in

# ਅੱਸੂ ਮਾਨ ਨਿਰਾਲਾ, ਦਿਨੇ ਧੁੱਪ ਤੇ ਰਾਤੀਂ ਪਾਲਾ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਤਬਦੀਲੀ ਕੁਦਰਤ ਦਾ ਨਿਯਮ ਹੈ। ਇਸੇ ਪ੍ਰਸੰਗ ਵਿੱਚ ਦੇਖਿਆ ਜਾਵੇ ਤਾਂ ਰੁੱਤਾਂ ਤਿਥਾਂ ਦੇ ਚੱਕਰ ਵਿੱਚ 12 ਅੰਗਰੇਜ਼ੀ ਅਤੇ ਦੇਸੀ ਮਹੀਨੇ ਹੁੰਦੇ ਹਨ। ਜਿਨਾਂ ਵਿੱਚ ਦੇਸੀ ਮਹੀਨਿਆਂ ਦਾ ਸਾਡੀ ਸੱਭਿਅਤਾ ਅਤੇ ਸੱਭਿਆਚਾਰ ਵਿੱਚ ਖਾਸ ਅਸਥਾਨ ਹੈ ਦੇਸੀ ਮਹੀਨਿਆਂ ਵਿੱਚ ਸੱਤਵਾਂ ਮਹੀਨਾ ਅਖਵਾਉਂਦਾ ਅੱਸੂ ਤਰ੍ਹਾਂ ਤਰ੍ਹਾਂ ਦੀਆਂ ਸੁਨੇਹੇ ਦਿੰਦਾ ਹੈ। ਇਹ ਮਹੀਨਾ ਸਤੰਬਰ ਅਤੇ ਅਕਤੂਬਰ ਦੇ ਵਿੱਚ ਆਉਂਦਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਗਰਮੀ ਅਤੇ ਤਪਸ਼ ਤੋਂ ਝੰਬੀ ਮਾਨਵਤਾ ਅਤੇ ਪ੍ਰਕਿਰਤੀ ਇਸ ਮਹੀਨੇ ਕੁਝ ਕੁ ਰਾਹਤ ਮਹਿਸੂਸ ਕਰਦੀ ਹੈ। ਰਾਤ ਨੂੰ ਔਸ ਤਰੇਲ ਪੈ ਕੇ ਠੰਡਕ ਮਹਿਸੂਸ ਕਰਵਾਉਂਦੀ ਹੈ। ਇਸੇ ਲਈ ਕਿਹਾ ਵੀ ਗਿਆ ਹੈ ਕਿ "ਅੱਸੂ ਮਾਹ ਨਿਰਾਲਾ ਨਾ ਗਰਮੀ ਨਾ ਪਾਲਾ" ਇੱਕ ਹੋਰ ਵੀ ਵੰਨਗੀ ਜੁੜਦੀ ਹੈ। "ਅੱਸੂ ਮਾਹ ਨਿਰਾਲਾ ਦਿਨੇਂ ਧੁੱਪ ਤੇ ਰਾਤੀ ਪਾਲਾ" ਅਧਿਆਤਮਵਾਦ ਦੇ ਪੱਖ ਤੋਂ ਪਵਿੱਤਰ ਗੁਰਬਾਣੀ ਅਨੁਸਾਰ ਬਾਰਹ ਮਾਹਾਂ ਵਿੱਚ ਇਸ ਮਹੀਨੇ ਨੂੰ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ-"ਅਸੁਨਿ ਪ੍ਰੇਮ ਉਮਾਹੜਾ ਕਿਓ ਮਿਲੀਐ ਹਰਿ ਜਾਇ, ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣ ਮਿਲਾਵੈ ਪਾਇ, ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ,ਵਿਣ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ"

ਧਾਰਮਿਕ ਪੱਖ ਤੋਂ ਇਸ ਮਹੀਨੇ ਵਿੱਚ ਦੁਰਗਾ ਮਾਤਾ ਦੀ ਪੂਜਾ ਅਤੇ ਭਗਤੀ ਕਰਨ ਨਾਲ ਸਾਧਨਾ ਕਰਨ ਵਾਲੇ ਦੀ ਇੱਛਾ ਪੂਰਤੀ ਹੋਣ ਦਾ ਸੰਕਲਪ ਲਿਆ ਜਾਂਦਾ ਹੈ। ਇਹ ਵਰਤਾਰਾ ਅੱਸੂ ਦੇ ਨਰਾਤਿਆਂ ਚ ਸ਼ੁਰੂ ਹੁੰਦਾ ਹੈ। ਇਹ ਅੱਸੂ ਦੀ ਸ਼ੁਕਲ ਪੱਖ ਦੀ ਪ੍ਰਤੀਪਦਾ ਤਿਥੀ ਤੋਂ ਲੈ ਕੇ ਨੌਵੀਂ ਤਿਥੀ ਤੱਕ ਮਨਾਇਆ ਜਾਂਦਾ ਹੈ। ਅੱਸੂ ਦੇ ਨੌ ਨਰਾਤਿਆਂ ਵਿੱਚ ਵਰਤ ਵੀ ਰੱਖੇ ਜਾਂਦੇ ਹਨ। ਇਸ ਸਾਲ 22 ਸਤੰਬਰ ਨੂੰ ਨਰਾਤਿਆਂ ਦੀ ਸ਼ੁਰੂਆਤ ਹੋ ਰਹੀ ਹੈ। ਅੱਸੂ ਅਧਿਆਤਮਕ, ਕੁਦਰਤੀ, ਮੌਸਮੀ ਅਤੇ ਪ੍ਰਕਿਰਤੀ ਦੇ ਲਿਹਾਜ਼ ਤੋਂ ਪਿੰਡਾਂ ਦੇ ਜੀਵਨ ਨਾਲ ਖਾਸ ਲਗਾਓ ਰੱਖਦਾ ਹੈ।

ਕੱਤਕ ਤੋਂ ਪਹਿਲਾਂ ਅਤੇ ਭਾਦਰੋਂ ਤੋਂ ਪਿੱਛੋਂ ਆਉਣ ਵਾਲਾ ਮਹੀਨਾ ਅੱਸੂ ਕਿਸਾਨਾਂ ਲਈ ਖਾਸ ਮਹੱਤਵ ਰੱਖਦਾ ਹੈ। ਇਸ ਮਹੀਨੇ ਕਿਸਾਨਾਂ ਦੀ ਫਸਲ ਝੋਨਾ ਤਿਆਰ ਹੋ ਕੇ ਹਰੇ ਤੋਂ ਸੁਨਹਿਰੀ ਰੰਗ ਵਿੱਚ ਚਲਾ ਜਾਂਦਾ ਹੈ। ਅਤੇ ਕਟਾਈ ਲਈ ਤਿਆਰ ਹੋ ਜਾਂਦਾ ਹੈ। ਮਜ਼ਦੂਰ ਵਰਗ ਵੀ ਗਰਮੀ ਵਿੱਚੋਂ ਰਾਹਤ ਮਹਿਸੂਸ ਕਰਦਾ ਹੋਇਆ ਅਸੂ ਵਿੱਚ ਝੋਨੇ ਦੀ ਕਟਾਈ ਕਰਦਾ ਹੈ। ਇਸ ਤੋਂ ਇਲਾਵਾ ਮੱਕੀ ਵਗੈਰਾ ਦੀ ਫਸਲ ਵੀ ਅੱਸੂ ਮਹੀਨੇ ਵਿੱਚ ਕੱਟ ਵੱਢ ਕੇ ਅਤੇ ਕਢਾ ਕੇ ਘਰ ਲਿਆਂਦੀ ਜਾਂਦੀ ਹੈ। ਇਸ ਤੋਂ ਇਲਾਵਾ ਸਰਦੀ ਦੀ ਰੁੱਤ ਦਾ ਪਹਿਲਾ ਵਰਕਾ ਅੱਸੂ ਮਹੀਨੇ ਸ਼ੁਰੂ ਹੁੰਦਾ ਹੈ। ਮੌਸਮ ਤਬਦੀਲੀ ਨਾਲ ਸਿਹਤ ਦੇ ਇਸ਼ੂ ਵੀ ਇਸ ਮਹੀਨੇ ਆਉਂਦੇ ਹਨ ਨਜ਼ਲਾ, ਜ਼ੁਕਾਮ,ਖਾਂਸੀ ਅਤੇ ਕੁਝ ਉਦਾਸੀ ਦਾ ਆਲਮ ਇਸ ਮਹੀਨੇ ਤਸ਼ਰੀਫ ਲੈ ਕੇ ਆਉਂਦਾ ਹੈ। ਬਾਜ਼ਾਰਾਂ ਵਿੱਚ ਸਿਆਲ ਨਾਲ ਸੰਬੰਧਿਤ ਮੂੰਗਫਲੀ ਅਤੇ ਹੋਰ ਚੀਜ਼ਾਂ ਦਿਖਾਈ ਦੇਣ ਲੱਗਦੀਆਂ ਹਨ। ਸਰਦੀ ਰੁੱਤ ਦੀਆਂ ਚੀਜ਼ਾਂ ਦੀ ਆਮਦ ਅਤੇ ਗਰਮੀ ਰੁੱਤ ਦੀਆਂ ਚੀਜ਼ਾਂ ਦੀ ਸੇਲ ਬਾਜ਼ਾਰਾਂ ਵਿੱਚ ਇਸੀ ਮਹੀਨੇ ਦੇਖੀ ਜਾਂਦੀ ਹੈ।

ਅਸੀਂ ਬਦਲਦੇ ਹਾਂ ਪਰ ਹਰ ਦੇਸੀ ਮਹੀਨਾ ਨਹੀਂ ਬਦਲਦਾ। ਹਰ ਸਾਲ ਉਹੀ ਰੰਗ ਢੰਗ ਲੈ ਕੇ ਆਉਂਦਾ ਹੈ। ਸਿਆਲ ਵਿੱਚ ਅੱਸੂ ਦੀਆਂ ਝੜੀਆਂ ਦੀ ਖਾਸ ਚਰਚਾ ਹੁੰਦੀ ਹੈ। ਕੁਦਰਤ ਵੀ ਇਸ ਮਹੀਨੇ ਆਪਣੀ ਝਾਤ ਪਾਉਂਦੀ ਰਹਿੰਦੀ ਹੈ। 1988 ਵਿੱਚ ਅੱਜ ਤੋਂ 37 ਸਾਲ ਪਹਿਲਾਂ ਅੱਸੂ ਦੀਆਂ ਝੜੀਆਂ ਵਿੱਚ ਹੀ ਪੰਜਾਬ ਵਿੱਚ ਭਿਆਨਕ ਹੜ੍ਹ ਆਏ ਸਨ। ਜਿਨਾਂ ਦੀ ਬਰਬਾਦੀ ਦੀਆਂ ਪੈੜਾਂ ਅੱਜ ਤੱਕ ਦਿਖਦੀਆਂ ਹਨ। ਉਦੋਂ ਦਾ ਅੱਸੂ ਮਹੀਨੇ ਦਾ ਰੰਗ ਹੋਰ ਗੂੜ੍ਹਾ ਹੋ ਗਿਆ ਹੈ। ਅੱਸੂ ਮਹੀਨੇ ਦੀ ਖਾਸੀਅਤ ਇਹ ਵੀ ਹੈ ਕਿ ਸਾਡਾ ਸੱਭਿਆਚਾਰ ਸਾਡੀ ਵਿਰਾਸਤ ਜੋ ਤਿਉਹਾਰਾਂ ਦੇ ਰੂਪ ਵਿੱਚ ਹੁੰਦੀ ਹੈ ਇਸ ਮਹੀਨੇ ਸ਼ੁਰੂ ਹੋ ਜਾਂਦੀ ਹੈ। ਬਾਬਾ ਸ਼ੇਖ ਫਰੀਦ ਜੀ ਦਾ ਮੇਲਾ ਫਰੀਦਕੋਟ ਵਿਖੇ ਇਸੇ ਮਹੀਨੇ ਲੱਗਦਾ ਹੈ। ਇਸ ਤੋਂ ਇਲਾਵਾ ਭੈਣੀ ਸਾਹਿਬ ਅਤੇ ਛਪਾਰ ਦਾ ਮੇਲਾ ਵੀ ਲੱਗਦਾ ਹੈ। ਸਿੱਖ ਧਰਮ ਅਤੇ ਇਤਿਹਾਸ ਵਿੱਚ ਇਸ ਮਹੀਨੇ ਦੀ ਖਾਸੀਅਤ ਇਹ ਹੈ ਕਿ ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਤਾ ਗੱਦੀ ਦਿਵਸ ਖਡੂਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਮਹੀਨੇ ਹੋਰ ਮੇਲੇ ਤਿਉਹਾਰ ਵੀ ਸ਼ੁਰੂ ਹੋ ਜਾਂਦੇ ਹਨ। ਸੱਭਿਆਚਾਰਕ ਪੱਖ ਤੋਂ ਅੱਸੂ ਮਹੀਨੇ ਇਕ ਸੱਜੀ ਮੁਟਿਆਰ ਆਪਣੀ ਸੱਸ ਨੂੰ ਆਪਣੇ ਮਨ ਦੇ ਖਿਆਲਾਤ ਅਤੇ ਜਜ਼ਬਾਤ ਦੱਸ ਕੇ ਵਿਰਸੇ ਦੀ ਬਾਤ ਸੁਣਾਉਂਦੀ ਹੈ, "ਚੜ੍ਹਿਆ ਮਹੀਨਾ ਅੱਸੂ, ਸੁਣ ਭੋਲੀਏ ਨੀ ਸਸੂ, ਸੁਣ ਮਨ ਦੀਏ ਭੋਲੀਏ, ਪੀਆ ਵਸੇ ਪਰਦੇਸ ਕਿਹਦੇ ਨਾਲ ਬੋਲੀਏ"

ਭਾਵੇਂ ਸਿਹਤ, ਕੁਦਰਤੀ ਖਿਲਵਾੜ ਨਾਲ ਜੁੜੇ ਕੁਝ ਪਹਿਲੂ ਇਸ ਮਹੀਨੇ ਘੇਰਦੇ ਹਨ, ਪਰ ਫਿਰ ਵੀ ਇਹ ਮਹੀਨਾ ਅਗਲੀ ਰੁੱਤ ਵਿੱਚ ਯਕੀਨ ਰੱਖਦਾ ਹੈ। ਪਰਕਿਰਤੀ ਨੂੰ ਹੁਲਾਰਾ ਦੇ ਕੇ ਭਵਿੱਖੀ ਅਸਰ ਹੇਠ ਸੁਹਾਵਣਾ ਕਰਦਾ ਹੈ। ਪਿਓ ਨਾਲ ਧੀ ਦੇ ਪਿਆਰ ਸੱਭਿਆਚਾਰ ਦੀ ਸਿਰੇ ਦੀ ਵੰਨਗੀ ਵੀ ਪੇਸ਼ ਕਰਦਾ ਹੈ। ਇਸ ਅੱਸੂ ਮਹੀਨੇ ਵਿੱਚ ਪਿਓ ਦੀ ਧੀ ਆਪਣੇ ਮਨ ਦੀ ਖੁਸ਼ੀ ਵਾਲੇ ਬਲਬਲੇ ਇਉਂ ਸਾਂਝੇ ਕਰਦੀ ਹੈ, ਵੇ ਮੈਂ ਤੈਨੂੰ ਆਖਦੀ ਬਾਬਲਾ, ਮੇਰਾ ਅੱਸੂ ਦਾ ਕਾਜ ਰਚਾ ਵੇ ਬਾਬਲਾ, ਤੇਰਾ ਅੰਨ ਨਾ ਤਰੱਕੇ ਕੋਠੜੀ, ਤੇਰਾ ਦਹੀਂ ਨਾ ਅਮਲਾ ਜਾਵੇ, ਬਾਬਲ ਮੈਂ ਹਾਂ ਬੇਟੀ ਮੁਟਿਆਰ ਵੇ ਬਾਬਲ ਧਰਮੀ ਬਾਬਲਾ ਮੈਂ ਹਾਂ ਬੇਟੀ ਮੁਟਿਆਰ" ਪ੍ਰਕਿਰਤੀ ਦੀ ਸੱਭਿਆਚਾਰ ਉੱਪਰ ਝਾਤ ਅਤੇ ਸਾਂਝ ਪੁਆਉਂਦੇ ਦੇਸੀ ਮਹੀਨੇ ਆਪਣਾ ਆਪਣਾ ਰੁੱਤਬਾ ਰੱਖਦੇ ਹਨ। ਪਰ ਅੱਸੂ ਮਹੀਨਾ ਸੱਚਮੁੱਚ ਹੀ ਪ੍ਰਕਿਰਤੀ ਦਾ ਨਿਰਾਲਾ ਮਹੀਨਾ ਹੈ।




# 'ਕੂੜ ਨਾ ਪਹੁੰਚੇ ਸੱਚ ਨੂੰ' ਪੁਸਤਕ ਲੋਕ ਅਰਪਨ

ਪਟਿਆਲਾ-ਡਾ.ਗੁਰਸ਼ਰਨ ਕੌਰ ਜੱਗੀ ਸਾਬਕਾ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪ੍ਰਿੰਸੀਪਲ ਗਰਲਜ਼ ਕਾਲਜ ਪਟਿਆਲਾ ਨੇ ਇੱਕ ਸਮਾਗਮ ਵਿੱਚ ਭਾਈ ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਿਤ ਕੀਤੀ 'ਕੂੜ ਨ ਪਹੁੰਚੇ ਸੱਚ ਨੂੰ' ਪੰਜਾਬੀ ਤੇ ਅੰਗਰੇਜ਼ੀ ਦੀ ਦੋਭਾਸ਼ੀ ਪੁਸਤਕ ਲੋਕ ਅਰਪਨ ਕੀਤੀ। ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪੁਸਤਕ ਰਾਗਮਾਲਾ ਬਾਰੇ ਸਾਰੇ ਭਰਮ ਭੁਲੇਖੇ ਦੂਰ ਕਰਨ ਦਾ ਉਪਰਾਲਾ ਹੈ। ਉਨ੍ਹਾਂ ਅੱਗੋਂ ਕਿਹਾ ਕਿ 'ਕੂੜ ਨਾ ਪਹੁੰਚੇ ਸੱਚ ਨੂੰ' ਪੁਸਤਕ ਗਿਆਨੀ ਗੁਰਦਿਤ ਸਿੰਘ ਦੀ ਖੋਜ ਦਾ ਤੱਥਾਂ ਸਹਿਤ ਸਮਰਥਨ ਕਰਦੀ ਹੈ।

ਇਸ ਪੁਸਤਕ ਵਿੱਚ 27 ਪੰਜਾਬੀ ਅਤੇ ਅੰਗਰੇਜ਼ੀ ਦੇ ਵਿਦਵਾਨ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਡਾ.ਰਤਨ ਸਿੰਘ ਜੱਗੀ, ਪ੍ਰੋ.ਪਿਆਰਾ ਸਿੰਘ ਪਦਮ, ਪ੍ਰੋ.ਪ੍ਰੀਤਮ ਸਿੰਘ, ਡਾ.ਮਾਨ ਸਿੰਘ ਨਿਰੰਕਾਰੀ, ਡਾ.ਤਰਲੋਚਨ ਸਿੰਘ ਤਰਸੀ, ਡਾ.ਗੁਰਦੇਵ ਸਿੰਘ, ਡਾ.ਹਰਿੰਦਰ ਸਿੰਘ, ਡਾ.ਪੂਰਨ ਸਿੰਘ, ਭਾਈ ਮੋਹਨ ਸਿੰਘ ਗਾਰਡ, ਨਿਰੰਜਨ ਸਿੰਘ ਸਾਥੀ, ਬੀਬੀ ਹਰਬੰਸ ਕੌਰ ਅਤੇ ਜੁਝਾਰ ਸਿੰਘ ਵੱਲੋਂ ਲਿਖੇ ਲੇਖ ਤੱਥਾਂ ਸਮੇਤ ਸ਼ਾਮਲ ਕੀਤੇ ਗਏ ਹਨ। ਇਹ ਪੁਸਤਕ ਭਾਈ ਸਾਹਿਬ ਭਾਈ ਰਣਧੀਰ ਟਰੱਸਟ ਯੂ.ਕੇ.ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ। ਇਸ ਮੌਕੇ ਤੇ ਪਰਿਚਰਚਾ ਵਿੱਚ ਪ੍ਰਿੰਸੀਪਲ ਡਾ. ਐਸ. ਐਸ. ਰੇਖੀ, ਪ੍ਰੋ.ਹਰਿੰਦਰ ਕੌਰ, ਦਲਜੀਤ ਸਿੰਘ ਸਾਬਕਾ ਆਈ.ਜੀ. ਸੀ.ਆਰ.ਪੀ.ਐਫ ਅਤੇ ਹਰਪਾਲ ਕੌਰ ਨੇ ਹਿੱਸਾ ਲਿਆ। ਇਸ ਸਮਾਗਮ ਵਿੱਚ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਪੰਜਾਬ ਚੈਪਟਰ ਦੇ ਇਨਚਾਰਜ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਉਜਾਗਰ ਸਿੰਘ ਅਤੇ ਜੋਤਿੰਦਰ ਸਿੰਘ ਸਾਬਕਾ ਇੰਜਿਨੀਅਰ ਇਨ ਚੀਫ ਨੇ ਆਏ ਮਹਿਮਾਨਾਂ ਦਾ ਕਰਮਵਾਰ ਸਵਾਗਤ ਅਤੇ ਧੰਨਵਾਦ ਕੀਤਾ। ਇਹ ਪੁਸਤਕ ਡਾ.ਰਤਨ ਸਿੰਘ ਜੱਗੀ ਨੇ ਲੋਕ ਅਰਪਨ ਕਰਨੀ ਸੀ, ਪ੍ਰੰਤੂ ਉਨ੍ਹਾਂ ਦੇ ਅਚਾਨਕ ਸਵਰਗਵਾਸ ਹੋਣ ਕਰਕੇ ਸੰਭਵ ਨਹੀਂ ਹੋਇਆ। ਇਸ ਕਰਕੇ ਇਹ ਪੁਸਤਕ ਉਨ੍ਹਾਂ ਦੇ ਗ੍ਰਹਿ ਅਰਬਨ ਅਸਟੇਟ ਪਟਿਆਲਾ ਵਿਖੇ ਲੋਕ ਅਰਪਨ ਕੀਤੀ ਗਈ ਹੈ।




*ਡਾ. ਹਰਸ਼ਰਨ ਕੌਰ ਜੱਗੀ ਪੁਸਤਕ ਲੋਕ ਅਰਪਨ ਕਰਦੇ ਹੋਏ। ਉਨ੍ਹਾਂ ਪ੍ਰਿੰਸੀਪਲ ਡਾ. ਐਸ. ਐਸ. ਰੇਖੀ, ਉਜਾਗਰ ਸਿੰਘ ਤੇ ਹੋਰ ਵਿਦਵਾਨ ਖੜ੍ਹੇ ਹਨ।*

## ਬਹਾਦਰਾਂ ਦੀ ਬਹਾਦਰੀ

ਕਈ ਵਾਰ ਇਤਿਹਾਸ ਨੇ 'ਦੇਖਿਆ' ਹੈ
ਖੂਨੀ ਬਾਜ ਵੀ ਚਿੜੀਆਂ ਤੋਂ ਮਾਰ ਹੁੰਦੇ।
ਮੂੰਹ ਭੰਨਣ ਲਈ 'ਆਫਰੇ' ਹਾਕਮਾਂ ਦੇ
ਨੌਜਵਾਨ ਹੀ ਆਖਰ ਨੂੰ ਤਿਆਰ ਹੁੰਦੇ।
ਦੁਖੀਏ ਲੋਕ ਜਦ 'ਲੋਹੇ ਦੀ ਲੱਠ' ਬਣਦੇ
ਛੱਡ ਕੇ ਮੁਲਕ ਫਿਰ ਰਾਜੇ 'ਫਰਾਰ' ਹੁੰਦੇ।
ਜਿਨ੍ਹਾਂ ਤਾਈਂ 'ਰਸੋਈਏ' ਹੀ ਸਮਝਦੇ ਸੀ
ਜਾਂ ਫਿਰ ਜਾਣੀਏਂ ਕਿ 'ਚੌਕੀਦਾਰ' ਹੁੰਦੇ।
ਨਾਵਾਂ ਵਿਚ 'ਬਹਾਦਰ' ਨਹੀਂ ਸ਼ਬਦ ਐਵੇਂ
ਨਹੀਂ ਬਹਾਦਰੀ ਖਾਮ-ਖਿਆਲੀਆਂ ਨੇ।
'ਸਿੱਧੇ' ਕਿਸ ਤਰਾਂ ਕਰੀ ਦਾ ਰਾਜਿਆਂ ਨੂੰ
ਦਿੱਤਾ ਦੁਨੀਆਂ ਨੂੰ ਦੱਸ ਨਿਪਾਲੀਆਂ ਨੇ।

ਤਰਲੋਚਨ ਸਿੰਘ
ਦੁਪਾਲ ਪੁਰ
78146-92724



## ‘‘ਸ਼ੋਲੇ’ ਦੇ ਡਾਇਰੈਕਟਰ ਰਮੇਸ਼ ਸਿੱਪੀ ਤੇ ਕਬੀਰ ਬੇਦੀ ਨੂੰ ਮਿਲੇ ਬੰਨੀ ਸ਼ਰਮਾ



ਬੰਨੀ ਸ਼ਰਮਾ ਨਾਮ ਪੰਜਾਬੀ ਮਿਊਜ਼ਿਕ ਪ੍ਰਮੋਟਰ ਤੇ ਪੰਜਾਬੀ ਟੀਵੀ ਦੇ ਇਤਿਹਾਸ ਵਿੱਚ ਸਖਸ਼ੀਅਤਾਂ ਪੰਜਾਬ ਦੀਆਂ ਨੂੰ ਸਭ ਤੋਂ ਪਹਿਲੇ “ਮਾਣ ਪੰਜਾਬ ਦੇ” ਵਿੱਚ ਪੇਸ਼ ਕਰਦੇ ਰਹੇ ਉਸ ਸਕਸ਼ ਦਾ ਹੈ ਜਿਹੜਾ ਅੱਜ ਵੀ ਜਰਨੈਲ ਘੁਮਾਣ ਨਾਲ ਮਿਲ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਸਰਗਰਮ ਹੈ। ਟੋਰਾਂਟੋ ਵਿਖੇ ਬੰਨੀ ਸ਼ਰਮਾ ਦੀ ਮੁਲਾਕਾਤ ਉਸ ਰਮੇਸ਼ ਸਿੱਪੀ ਨਾਲ ਹੋਈ ਜਿਹੜੇ “ਸ਼ੋਲੇ” ਜਿਹੀ ਲਗਾਤਾਰ ਪੰਜ ਸਾਲ ਮੁੰਬਈ ਦੇ ਇੱਕ ਸਿਨੇਮਾ ਵਿੱਚ ਚਲਦੀ ਰਹੇ ਦੇ ਡਾਇਰੈਕਟਰ ਹਨ। ਰਮੇਸ਼ ਸਿੱਪੀ ਨੇ ਕਿਹਾ ਤੁਸੀਂ ਮੇਰੇ ਕਾਲਜ ਵਕਤ ਦੇ ਫੈਨ ਹੋ ਤੇ ਮੈਂ ਅੱਜ ਤੁਹਾਡੀਆਂ ਪ੍ਰਾਪਤੀਆਂ ਦੇਖ ਤੁਹਾਡਾ ਫੈਨ ਹਾਂ। ਬੰਨੀ ਸ਼ਰਮਾ ਨਾਲ ਰਮੇਸ਼ ਸਿੱਪੀ ਨੇ ਪੰਜਾਬ ਆਓਣ ਦਾ ਵਾਅਦਾ ਕੀਤਾ।ਨਾਲ ਹੀ ਬੰਨੀ ਸ਼ਰਮਾ ਨੇ ਉਸ ਕਬੀਰ ਬੇਦੀ ਨਾਲ ਮੁਲਾਕਾਤ ਕੀਤੀ ਜਿਹੜੇ ਬਾਲੀਵੁੱਡ ਦੇ ਦਿੱਗਜ ਐਕਟਰ ਰਹੇ ਨੇ ਤੇ ਪੂਜਾ ਬੇਦੀ ਓਹਨਾਂ ਦੀ ਬੇਟੀ ਹਿੱਟ ਹੀਰੋਇਨ ਰਹੀ ਹੈ। ਰਮੇਸ਼ ਸਿੱਪੀ ਤੇ ਕਬੀਰ ਬੇਦੀ ਨੂੰ ਮਿਲ ਬਹੁਤ ਜਿਆਦਾ ਖੁਸ਼ ਨਜ਼ਰ ਆਏ ਬੰਨੀ ਸ਼ਰਮਾ ਜਿਹੜੇ ਜਰਨੈਲ ਘੁਮਾਣ ਨਾਲ ਸ਼ੋ “ਪੰਜਾਬੀ ਜ਼ਿੰਦਾਬਾਦ” ਕਰ ਰਹੇ ਹਨ।

## ਮਨਜਿੰਦਰ ਗੁਲਸ਼ਨ ਫਿੱਟਨੈੱਸ ਵਿੱਚ ਹੀਰੋਇਨਾਂ ਨੂੰ ਮਾਤ ਕਰ ਰਹੀ ਹੈ ਫਿਲਮਾਂ



ਜ਼ੁਲਫ਼ਾਂ ਘਣੀਆਂ ਤੇ ਕਾਲੀਆਂ, ਮੁੱਖ ਚੰਨ ਦੀ ਚਾਨਣੀ, ਅੱਖਾਂ ਗਹਿਰਾਈ ਸਮੁੰਦਰ ਦੀ ਤੇ ਹੋਂਠ ਸੁਰਖ਼ ਗੁਲਾਬੀ ਜਦ ਕਿ ਰੰਗ ਦੇਖ ਲੱਥ ਜਾਏ ਭੁੱਖ ਇਹ ਸਾਰਾ ਕੁੱਝ ਮਨਜਿੰਦਰ ਗੁਲਸ਼ਨ ਦੀ ਆਪਣੀ ਸਰੀਰਕ ਪ੍ਰਾਪਰਟੀ ਹੈ। ਮਨਜਿੰਦਰ ਗੁਲਸ਼ਨ ਜੇਕਰ ਦੋਗਾਣਿਆਂ ਦੀ ਗੱਲ ਤਾਂ ਬਲਕਾਰ ਅਣਖੀਲਾ ਨਾਲ ਜੋੜੀ ਜਿਹੜੀ ਧੁਰ ਤੋਂ ਜਨਮ ਜਨਮ ਲਈ ਬਣਾ ਭੇਜੀ ਰੱਬ ਸੋਹਣੇ ਨੇ ਤੇ ਸੋਲੋ ਗੀਤ ਗਾਏ “ਬਾਬੇ ਨਾਨਕ ਦਾ” ਤਾਂ ਸ਼ਰਧਾ ਵਾਸ ਕਰੇ ਤੇ “ਸੰਦਾਂ ਵਾਂਗੂੰ ਯਾਰ ਵਰਤ ਕੇ ਕਦੇ ਨਹੀਂ ਛੱਡੀ ਦੇ,” ਲੋਕ ਤੱਥ ਨਾਲ ਦੁਨੀਆਂ ਲੁੱਟ ਲੈਂਦੀ ਹੈ। ਮਨਜਿੰਦਰ ਗੁਲਸ਼ਨ ਦੀ ਫਿੱਟਨੈੱਸ ਦੇਖ ਲੱਗਦਾ ਜੀਕਣ ਓਹ ਕਾਲਜ ਪੜ੍ਹਦੀ ਹੋਏ ਤੇ ਫਿੱਟਨੈੱਸ ਨਾਲ ਓਹ ਹੀਰੋਇਨਾਂ ਨੂੰ ਪਿੱਛੇ ਛੱਡ ਰਹੀ ਹੈ। ਮਨਜਿੰਦਰ ਗੁਲਸ਼ਨ ਨੇ ਬਲਕਾਰ ਅਣਖੀਲਾ ਨਾਲ “ਹਾਏ ਬੀਬੀ ਏ ਫਸ ਗਏ ਕਿੱਥੇ” ਫ਼ਿਲਮ ਕੀਤੀ ਤੇ ਓਸ ਨੂੰ ਅੱਗੇ ਜਿਹੜਾ ਫ਼ਿਲਮਾਂ ਦੇਵੇ ਓਸ ਦਾ ਲਾਟਰੀ।ਮਨਜਿੰਦਰ ਗੁਲਸ਼ਨ ਆਖਦੀ ਓਸ ਦੀ ਕਾਮਯਾਬੀ ਪਹਿਲਾ ਰਾਜ ਬਲਕਾਰ ਅਣਖੀਲਾ ਦਾ ਪਿਆਰ, ਦੂਜਾ ਰੱਬ ਜਿਹੇ ਸਰੋਤੇ ਤੇ ਤੀਜਾ ਖ਼ੁਦਾ ਦੀ ਬਰਕਤ। ਮਨਜਿੰਦਰ ਗੁਲਸ਼ਨ ਨੇ ਹੜ੍ਹਾਂ ਦੌਰਾਨ ਪਾਣੀ ਵਿੱਚ ਨੰਗੇ ਪੈਰੀਂ ਜਾ ਕਿ ਅਣਥੱਕ ਸੇਵਾ ਕੀਤੀ ਹੈ,ਜ਼ਾਰੀ ਹੈ। ਮਨਜਿੰਦਰ ਗੁਲਸ਼ਨ ਦੀ ਇੱਕੋ ਚਾਹਤ ਰੱਬ ਪੁੱਛੇ ਕੀ ਚਾਹੀਦਾ ਜਵਾਬ ਦੇਵੇ ਸਿਰ ਦਾ ਸਾਈਂ ਬਲਕਾਰ ਅਣਖੀਲਾ ਸਦਾ ਓਸ ਦੀ ਬਾਂਹ ਫੜ੍ਹੀ ਰੱਖੇ ਯੁੱਗ ਕਲਯੁਗ ਹੋਏ ਜਾਂ ਸਤਯੁੱਗ ਜਾਂ ਤ੍ਰੇਤਾ ਤੇ ਦੋਆਪਰ।

# • ਪੰਜਾਬੀ ਫ਼ਿਲਮ ਦਰਪਣ •

## ਵਾਰਿਸ ਭਰਾਵਾਂ ਤੇ ਦੀਪਕ ਬਾਲੀ ਨੂੰ ਪਰਦੇ ਪਿੱਛੇ ਮੈਨੇਜਮੈਂਟ ਨਾਲ ਉਤਸ਼ਾਹਿਤ ਗੁਰਮੀਤ ਸਿੰਘ



ਜਲੰਧਰ ਦੇ ਜਯੋਤੀ ਚੌਂਕ ਪੰਝੀ ਸਾਲ ਤੋਂ ਗੁਰਮੀਤ ਸਿੰਘ ਵਾਰਿਸ ਭਰਾਵਾਂ ਮਨਮੋਹਨ ਵਾਰਿਸ, ਕਮਲ ਹੀਰ ਤੇ ਸੰਗਤਾਰ ਦਾ ਸਾਰਾ ਸੰਗੀਤ ਪ੍ਰਬੰਧ ਦੇਖਦੇ ਆ ਰਹੇ ਹਨ ਤੇ ਟੀਵੀ ਤੇ ਪ੍ਰਦਾਨ ਓਹਨਾਂ ਦੇ ਐਲਬਮ ਪ੍ਰਸਾਰਨ ਲਈ ਆਪ ਦੇਣ ਜਾਂਦੇ ਰਹੇ ਹਨ। ਅੱਜ ਕਲ ਪੰਜਾਬ ਆਪ ਦੇ ਜਨਰਲ ਸਕੱਤਰ, ਸੱਭਿਆਚਾਰ ਵਿਭਾਗ ਪੰਜਾਬ ਸਰਕਾਰ ਦੇ ਸਲਾਹਕਾਰ ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਦੀਪਕ ਬਾਲੀ ਉੱਪ ਪ੍ਰਧਾਨ ਲਈ ਵੀ ਗੁਰਮੀਤ ਸਿੰਘ ਦੀ ਮਿਹਨਤ ਕਾਬਿਲ ਏ ਗੌਰ ਹੈ। ਗੁਰਮੀਤ ਸਿੰਘ ਨੂੰ ਸੰਗੀਤ ਦੇ ਨਾਲ ਧਰਮ ਵਿਰਸੇ ਦੇ ਖੇਤਰ ਵਿੱਚ ਵੀ ਮੁਹਾਰਿਤ ਹੈ ਤੇ ਸਮਾਜ ਭਲਾਈ ਲਈ ਵੀ ਓਸ ਦੇ ਕੰਮ ਸ਼ਲਾਘਾ ਯੋਗ ਹਨ। ਗੁਰਮੀਤ ਸਿੰਘ ਨੂੰ ਇਸ ਵਾਰ ਓਸ ਦੀ ਵਿਆਹ ਵਰ੍ਹੇਗੰਢ ਤੇ ਵਧਾਈਆਂ ਦਾ ਤਾਂਤਾ ਲੱਗਿਆ ਰਿਹਾ। ਸਾਡੇ ਵੱਲੋਂ ਵੀ ਯੁੱਗ ਯੁੱਗ ਜੀਵੇ ਜੋੜੀ ਦੀਆਂ ਸ਼ੁੱਭ ਕਾਮਨਾਵਾਂ। ਗੁਰਮੀਤ ਸਿੰਘ “ਕੱਲੀ ਬਹਿ ਕੇ ਸੋਚੀਂ ਨੀ” ਗੀਤ ਤੋਂ “ਸੱਜਰੇ ਚਲੇ ਮੁਕਲਾਵੇ” ਤੇ ਪੰਜਾਬੀ ਵਿਰਸਾ ਲਈ ਮਾਡਲ ਦੀ ਚੋਣ ਵਿੱਚ ਵੀ ਵਾਰਿਸ ਭਰਾਵਾਂ ਦੇ ਸਲਾਹਕਾਰ ਰਹੇ ਨੇ ਤੇ ਦੀਪਕ ਬਾਲੀ ਲਈ ਓਹ ਛੋਟੇ ਵੀਰੇ ਦੀ ਤਰਾਂ ਹੈ।


## ਰੇਸ਼ਮ ਛੀਨਾ ਮੁੰਬਈ ਹੁੰਦੇ ਤਾਂ ਸਾਊਥ ਤੱਕ ਕੰਮ ਕਰਦੇ ਸ਼ਗਨ ਜੈਸਵਾਲ

ਸ਼ਗਨ ਜੈਸਵਾਲ ਫ਼ਿਲਮ ਖੇਤਰ ਦੀ ਮੰਨੀ ਹੋਈ ਅਦਾਕਾਰਾ ਹੈ ਤੇ ਓਸ ਦੀ ਮਾਡਲਿੰਗ ਦੇ ਚਰਚੇ ਗਲੀ ਗਲੀ ਵਾਲੀ ਗੱਲ ਹੈ। ਸ਼ਗਨ ਅਦਾਕਾਰ ਤੇ ਗਾਇਕ



ਰੇਸ਼ਮ ਛੀਨਾ ਦੀ ਸਿਫਤ ਬਹੁਤ ਕਰਦੀ ਹੈ ਤੇ ਆਖਦੀ ਹੈ ਕਿ ਸੁਭਾਅ ਤੇ ਐਕਟਿੰਗ ਰੇਸ਼ਮ ਦਾ ਜਵਾਬ ਨਹੀਂ ਹੈ। ਫ਼ਿਲਮ “ਜੁਦਾਈਆਂ” ਵੇਲੇ ਓਸ ਨੇ ਧੀਰਜ ਤੇ ਸਬਰ ਦੀ ਮਿਸਾਲ ਕਾਇਮ ਕੀਤੀ। ਰੇਸ਼ਮ ਦੀ ਆਵਾਜ਼ ਵੀ ਪੰਜਾਬ ਦੀ ਹਰਮਨ ਪਿਆਰੀ ਆਵਾਜ਼ ਹੈ। ਸ਼ਗਨ ਬੋਲੀ ਕਿ ਕਿਤੇ ਮੁੰਬਈ ਹੋਣ ਛੀਨਾ ਜੀ ਤਾਂ ਫ਼ਿਲਮਾਂ ਟੀਵੀ ਸੀਰੀਅਲ ਤੇ ਐਡ ਫ਼ਿਲਮਜ਼ ਦੇ ਰਾਜਾ ਹੋਣ। ਹੋਏ ਨਾ ਓਹਨਾਂ ਦਾ ਕੰਮ ਦੇਖ ਸਾਊਥ ਮੇਕਰ ਆਪਣੀਆਂ ਫ਼ਿਲਮਾਂ ਵਿੱਚ ਰੇਸ਼ਮ ਛੀਨਾ ਨੂੰ ਜ਼ਰੂਰ ਲੈਣ। ਇਸ ਸਭ ਤੇ ਰੇਸ਼ਮ ਛੀਨਾ ਨੇ ਸ਼ਗਨ ਨੂੰ ਧੰਨਵਾਦ ਦਿੱਤਾ ਤੇ ਕਿਹਾ ਘਰੇਲੂ ਕਾਰਨ ਓਹ ਪੰਜਾਬ ਹੈ ਤੇ ਇਥੇ ਵੀ ਓਸ ਤੇ ਰੱਬ ਸੋਹਣੇ ਦੀ ਪੂਰੀ ਕਿਰਪਾ ਹੈ। ਅੱਜ ਕਲ ਰੇਸ਼ਮ ਛੀਨਾ ਨਿਰਮਾਤਾ ਵੀ ਹਨ ਤੇ ਸ਼ਾਈਨ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਓਹ “ਖਾਤਿਰਦਾਰੀ” ਫ਼ਿਲਮ ਕਰ ਚੁੱਕੇ ਨੇ ਤੇ “ਬੀਜ” ਫਿਲਮ ਨੂੰ ਐਵਾਰਡ ਮਿਲਿਆ ਹੈ।

## ‘‘ਫੜ ਲੈ ਵਾਹਿਗੁਰੂ ਜੀ ਦਾ ਪੱਲਾ’’ ਸ਼ਰਧਾ ਭਾਵਨਾ ਵਾਲੀ ਫ਼ਿਲਮ ਹੋਊ




ਅਪਣਾ ਪੰਜਾਬ ਈਂਟਰਟੇਨਮੇਂਟ ਦੇ ਬੈਨਰ ਹੇਠ ਦਰਬਾਰਾ ਸਿੰਘ ਨੇ ਜਿਹੜੀ ਫ਼ਿਲਮ ਬਣਾਈ ਹੈ ਓਹ ਸ਼ਰਧਾ ਭਾਵਨਾ ਨਾਲ ਭਰੀ ਹੋਈ ਮਨੋਰੰਜਕ ਵੀ ਹੈ।ਇਸ ਫ਼ਿਲਮ ਨਾਲ ਡੀ ਐਸ ਖੁੰਡੀ ਹੀਰੋ ਬਣ ਪਾਲੀਵੁੱਡ ਵਿੱਚ ਆ ਰਹੇ ਨੇ ਤੇ ਬਬਲੀ ਸਿੰਘ ਮਿਊਜ਼ਿਕ ਡਰੈਕਟਰ ਬਣ ਪੰਜਾਬੀ ਫ਼ਿਲਮਾਂ ਵਿੱਚ ਆਗਾਜ਼ ਕਰ ਰਹੇ ਹਨ। ਡੀ ਐਸ ਖੁੰਡੀ ਨਾਲ ਫ਼ਿਲਮ ਵਿੱਚ ਰੌਸ਼ਨੀ ਸਹੋਤਾ ਨਾਇਕਾ ਹੈ ਜਦ ਕਿ ਵਿਕਟਰ ਜੋਹਨ, ਗੁਰਮੀਤ ਸਾਜਨ, ਅਸਿਸ਼ ਦੁੱਗਲ ਤੇ ਮਲਕੀਤ ਰੌਣੀ ਦੇ ਨਾਲ ਅੰਮ੍ਰਿਤਪਾਲ ਸਿੰਘ ਬਿੱਲਾ ਵੀ ਅਹਿਮ ਕਲਾਕਾਰ ਹਨ। ਤਜਿੰਦਰ ਕੌਰ ਹੀਰ,ਸਵਿਤਾ ਧੀਮਾਨ ਦੇ ਇਲਾਵਾ ਹੌਬੀ ਧਾਲੀਵਾਲ ਵੀ ਫ਼ਿਲਮ ਦਾ ਹਿੱਸਾ ਹਨ। ਇਸ ਫ਼ਿਲਮ ਨੂੰ ਸੰਦੀਪ ਸੋਲੰਕੀ ਨੇ ਨਿਰਦੇਸ਼ਤ ਕੀਤਾ ਹੈ। ਡੀ ਐਸ ਖੁੰਡੀ ਬਹੁਤ ਦੇਰ ਤੋਂ ਬਾਲੀਵੁੱਡ ਹਨ ਤੇ ਓਹਨਾਂ ਇਥੇ ਖ਼ੂਬ ਤਜ਼ਰਬਾ ਲਿਆ ਹੈ । ਹੀਰੋ ਬਣ ਐਸਾ ਸਬਜੈਕਟ ਕਰਾਂ ਜਿਹੜਾ ਪੰਜਾਬੀ ਦਰਸ਼ਕਾਂ ਦੀ ਪਸੰਦ ਹੋਏ ਤੇ ਇਹ ਸਬਜੈਕਟ ਹੈ ਵੀ ਮਨੋਰੰਜਕ ਤੇ ਇਸ ਵਿੱਚ ਵਾਹਿਗੁਰੂ ਸਰਬ ਉੱਚ ਹੈ ਤੇ ਓਸ ਦਾ ਪੱਲਾ ਫੜ੍ਹ ਲੈਣ ਵਾਲੇ ਤਰ ਜਾਂਦੇ ਨੇ ਇਹ ਫ਼ਿਲਮ ਸਿਤੰਬਰ ਦੇ ਆਖ਼ਰੀ ਹਫਤੇ ਆਏਗੀ।

## ਗੁਰਦੇਵ ਪੱਧਰੀ ਢਿੱਲੋਂ ਤੇ ਆਲੀਆ ਅਨਜਾਣ ਨਵੀਂ ਲੁੱਕ ਤੇ ਅੰਦਾਜ਼ ਨਾਲ ਆਉਣਗੇ



ਸਟਾਰ ਗਾਇਕ ਗੁਰਦੇਵ ਪੱਧਰੀ ਢਿੱਲੋਂ ਦਾ ਨਾਮ ਕਨੇਡਾ ਤੱਕ ਪ੍ਰਸਿੱਧ ਹੈ ਤੇ ਓਸ ਦੀ ਬੁਲੰਦ ਗਾਇਕੀ ਨੇ ਓਸਨੂੰ ਕਨੇਡਾ ਤੱਕ ਸਫਲਤਾ ਦਿਵਾਈ ਹੈ। ਮੀਂਹ ਜਾਏ ਨ੍ਹੇਰੀ ਜਾਏ ਪ੍ਰੋਗਰਾਮ ਤੇ ਹੋਣ ਪ੍ਰਵਾਹ ਨਹੀਂ। ਗੁਰਦੇਵ ਦੀ ਸਾਥਣ ਗਾਇਕਾ ਆਲੀਆ ਅਨਜਾਣ ਨੇ ਐਸਾ ਰੰਗ ਬੰਨਦੀ ਹੈ ਕਿ ਗਾਇਕੀ ਦਾ ਕਿ ਲੋਕ ਮੀਂਹ ਜਾਂ ਗਰਮੀ ਓਹਨਾਂ ਦੇ ਗੀਤਾਂ ਤੇ ਝੂਮਦੇ ਰਹੇ ਹਨ। ਗੁਰਦੇਵ ਪੱਧਰੀ ਤੇ ਆਲੀਆ ਅਨਜਾਣ ਸਟਾਰ ਬਣ ਛਾ ਗਏ ਹਨ। ਗੁਰਦੇਵ ਪੱਧਰੀ ਢਿੱਲੋਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸੇਵਾ ਜ਼ਾਰੀ ਰੱਖੀ ਹੋਈ ਹੈ। ਗੁਰਦੇਵ ਪੱਧਰੀ ਢਿੱਲੋਂ ਆਖਦੇ ਨੇ ਕਿ ਹਲਾਤ ਠੀਕ ਹੋਣ ਤੇ ਓਹ ਆਲੀਆ ਨਾਲ ਵੱਡੇ ਪੱਧਰ ਤੇ ਟਰੈਕ ਕਰਨਗੇ ਤੇ ਓਹ ਹਾਈ ਫਾਈ ਟਰੈਕ ਹੋਏਗਾ। ਪੱਧਰੀ ਕਹਿੰਦੇ ਹਨ ਕਿ ਅੱਜ ਅੰਤਰ ਰਾਸ਼ਟਰੀ ਪੱਧਰ ਤੇ ਗਾਇਕੀ ਲਈ ਮਿਊਜ਼ਿਕ ਤੇ ਵਿਸ਼ਾਲ ਵੀਡੀਓ ਲਾਜ਼ਮੀ ਹੈ। ਪੈਸਾ ਖਰਚ ਹੀ ਪੈਸਾ ਕਮਾਈ ਇਹ ਹਰ ਖੇਤਰ ਦੀ ਲੋੜ ਹੈ। ਗੁਰਦੇਵ ਪੱਧਰੀ ਆਖਦੇ ਨੇ ਕਿ ਸਾਡੇ ਕਲਾਕਾਰ ਆਪਣੀ ਸੇਵਾ ਨਾਲ ਲੋਕਾਂ ਦੇ ਨਜ਼ਦੀਕ ਹੋਏ ਹਨ। ਗੁਰਦੇਵ ਪੱਧਰੀ ਨੇ ਕਿਹਾ ਕਿ ਆਲੀਆ ਸੋਹਣੇ ਅੰਦਾਜ਼ ਨਾਲ ਵੀਡੀਓ ਵਿੱਚ ਆਏਗੀ ਤੇ ਓਹ ਵੀ ਨਵੀਂ ਲੁੱਕ ਨਾਲ ਨਜ਼ਰ ਆ ਸਕਦੇ ਹਨ। ਬਾਕੀ ਕੋਈ ਵੀ ਜਿੰਨੇ ਜੋਗਾ ਏ ਇਸ ਵੇਲੇ ਡਟ ਕਿ ਹੜ੍ਹ ਪੀੜਤਾਂ ਦੀ ਮਦਦ ਕਰੇ। ਪੰਜਾਬ ਦਾ ਹਾਲ ਚੰਗਾ ਹੋਏਗਾ ਭਾਵਨਾ ਅੱਜ ਹਰ ਪੰਜਾਬੀ ਦੇ ਦਿਲ ਦਿਮਾਗ ਵਿੱਚ ਹੈ।ਗੁਰਦੇਵ ਪੱਧਰੀ ਢਿੱਲੋਂ ਨੇ ਇਹ ਵੀ ਕਿਹਾ ਕਿ ਮੇਰੀ ਦੋਗਾਣਾ ਗਾਇਕਾ ਆਲੀਆ ਅਨਜਾਣ ਵੀ ਕਹਿੰਦੀ ਹੈ ਕਿ ਇੱਕ ਸੁਪਰ ਹਿੱਟ ਟਰੈਕ ਓਹਨਾਂ ਦੀ ਜ਼ਿੰਦਗੀ ਬਦਲ ਦੇਵੇਗਾ। ਗੁਰਦੇਵ ਪੱਧਰੀ ਢਿੱਲੋਂ ਦੇ ਆਲੀਆ ਨਾਲ ਟਰੈਕ ਦੀ ਤਿਆਰੀ ਕੁੱਝ ਚਿਰ ਬਾਅਦ ਹੋਏਗੀ ਤੇ ਇਸ ਵਾਰ ਸਭ ਕੁੱਝ ਵਿਸ਼ਾਲ ਪੱਧਰ ਤੇ ਹੋਏਗਾ। -ਅੰਮ੍ਰਿਤ ਪਵਾਰ